ਸਾਂਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ ||

# ਚੋਣਵੇਂ ਫੁੱਲ

ਪ੍ਰਕਾਸ਼ਕ
ਨਾਜ਼ਿਰ ਨਸ਼ਰੋ ਇਸ਼ਾਅਤ
ਕਾਦੀਆਂ (ਭਾਰਤ)

Name : **CHONVEN PHUL**

Author : Giani Abadulla Amritsari

Edition : 2nd December 2005

Copies : 2000

ISBN — 81-7912-080-5

Publishers :
**Nazarat Nahsr-o-Ishaat**
Qadian-143516
Punjab (INDIA)

Printer :
**Fazle Umar Printing Press**
Qadian

# ਤਤਕਰਾ


| | ਸਿਰਲੇਖ | ਪੰਨਾ |
|---|---|---|
| 1. | ਮੁਖ ਬੰਦ | 1 |
| 2. | ਮੁਢਲੀ ਗੱਲ | 11 |
| 3. | ਜਮਾਤ ਅਹਿਮਦੀਆ ਤੇ ਏਕਤਾ | 13 |
| 4. | ਇਤਿਹਾਸ ਤੇ ਏਕਤਾ | 17 |
| 5. | ਮੁਸਲਮਾਨ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 26 |
| 6. | ਰਾਇ ਬੁਲਾਰ ਤੇ ਸ੍ਰੀ ਬਾਬਾ ਨਾਨਕ ਜੀ | 30 |
| 7. | ਗੁਰਦੁਆਰਾ ਜਨਮ ਅਸਥਾਨ ਨਾਲ ਜਾਗੀਰ | 35 |
| 8. | ਗੁਰਦੁਆਰਾ ਬਾਲ ਲੀਲ੍ਹਾ ਨਾਲ ਜਾਗੀਰ | 36 |
| 9. | ਗੁਰਦੁਆਰਾ ਮਾਲ ਜੀ ਸਾਹਿਬ ਨਾਲ ਜਾਗੀਰ | 36 |
| 10. | ਗੁਰਦੁਆਰਾ ਕਿਆਰਾ ਸਾਹਿਬ ਨਾਲ ਜਾਗੀਰ | 36 |
| 11. | ਨਵਾਬ ਦੌਲਤ ਖਾਨ ਲੋਧੀ ਤੇ ਸ੍ਰੀ ਬਾਬਾ ਨਾਨਕ ਜੀ | 39 |
| 12. | ਨਵਾਬ ਫ਼ੈਜ਼ ਤਲਬ ਖ਼ਾਨ ਤੇ ਸ੍ਰੀ ਬਾਬਾ ਨਾਨਕ ਜੀ | 42 |
| 13. | ਅਫ਼ਗਾਨਿਸਤਾਨ ਦਾ ਹਾਕਮ ਤੇ ਸ੍ਰੀ ਬਾਬਾ ਨਾਨਕ ਜੀ | 42 |
| 14. | ਬਾਬਰ ਬਾਦਸ਼ਾਹ ਤੇ ਸ੍ਰੀ ਬਾਬਾ ਨਾਨਕ ਜੀ | 43 |
| 15. | ਸ਼ੇਖ਼ ਫ਼ਰੀਦ (ਸਾਨੀ) ਜੀ ਤੇ ਸ੍ਰੀ ਬਾਬਾ ਜੀ | 48 |
| 16. | ਪੀਰ ਜਲਾਲਦੀਨ ਤੇ ਸ੍ਰੀ ਬਾਬਾ ਨਾਨਕ ਜੀ | 49 |
| 17. | ਸਾਈਂ ਅੱਲਾਹ ਦਿੱਤਾ ਤੇ ਸ੍ਰੀ ਬਾਬਾ ਨਾਨਕ ਜੀ | 50 |
| 18. | ਮੀਆਂ ਮਿੱਠਾ ਤੇ ਸ੍ਰੀ ਬਾਬਾ ਨਾਨਕ ਜੀ | 50 |
| 19. | ਪੀਰ ਅਬਦੁਲ ਰਹਿਮਾਨ ਤੇ ਸ੍ਰੀ ਬਾਬਾ ਜੀ | 51 |
| 20. | ਦਾਊਦ ਜੁਲਾਹਾ | 51 |
| 21. | ਉਬਾਰੇ ਖ਼ਾਂ ਤੇ ਸ੍ਰੀ ਬਾਬਾ ਜੀ | 52 |
| 22. | ਸ਼ਾਹ ਸ਼ਰਫ਼ ਤੇ ਸ੍ਰੀ ਬਾਬਾ ਜੀ | 52 |
| 23. | ਬਾਬਾ ਬੁਢਣ ਸ਼ਾਹ ਤੇ ਸ੍ਰੀ ਬਾਬਾ ਜੀ | 53 |
| 24. | ਮੀਰ ਸੱਯਦ ਹਸਨ ਤੇ ਸ੍ਰੀ ਬਾਬਾ ਜੀ | 53 |
| 25. | ਵਲੀ ਕੰਧਾਰੀ ਤੇ ਸ੍ਰੀ ਬਾਬਾ ਨਾਨਕ ਜੀ | 54 |
| 26. | ਮਾਲਕ ਨਾਨਕ ਪ੍ਰੇਮੀ ਲੜਕਾ | 54 |
| 27. | ਮੁਲਤਾਨ ਦੇ ਫ਼ਕੀਰ ਤੇ ਸ੍ਰੀ ਬਾਬਾ ਜੀ | 55 |
| 28. | ਭਾਈ ਮਰਦਾਨਾ ਤੇ ਸ੍ਰੀ ਬਾਬਾ ਨਾਨਕ ਜੀ | 56 |

| ਸਿਰਲੇਖ | | ਪੰਨਾ |
|---|---|---|
| 29. | ਮੁਰਾਦ ਤੇ ਸ੍ਰੀ ਬਾਬਾ ਨਾਨਕ ਜੀ | 59 |
| 30. | ਸ੍ਰੀ ਬਾਬਾ ਜੀ ਦਾ ਦੇਹਾਂਤ | 61 |
| 31. | ਸ੍ਰੀ ਬਾਬਾ ਨਾਨਕ ਜੀ ਦੀਆਂ ਯਾਦਗਾਰਾਂ | 63 |
| 32. | (ੳ) ਗੁਰਦੁਆਰਾ ਨਾਨਕ ਮਤਾ (ਪੀਲੀਭੀਤ) | 67 |
| 33. | (ਅ) ਚੰਨਣ ਦਾ ਰਵਰ | 67 |
| 34. | (ਸ) ਜਮਾਤ ਅਹਿਮਦੀਆ ਵੱਲੋਂ ਗੁਰਦੁਆਰਿਆਂ ਦੀ ਸੇਵਾ | 68 |
| 35. | ਹਮਾਯੂੰ ਤੇ ਗੁਰੂ ਅੰਗਦ ਜੀ | 72 |
| 36. | ਅਕਬਰ ਬਾਦਸ਼ਾਹ ਤੇ ਸਿੱਖ ਗੁਰੂ ਸਾਹਿਬਾਨ | 73 |
| 37. | ਅਕਬਰ ਤੇ ਗੁਰੂ ਅਮਰਦਾਸ ਜੀ | 74 |
| 38. | ਅਕਬਰ ਵੱਲੋਂ ਜਾਗੀਰ | 78 |
| 39. | ਅਕਬਰ ਤੇ ਗੁਰੂ ਰਾਮਦਾਸ ਜੀ | 84 |
| 40. | ਅਕਬਰ ਬਾਦਸ਼ਾਹ ਤੇ ਗੁਰੂ ਅਰਜਨ ਦੇਵ ਜੀ | 87 |
| 41. | ਅਕਬਰ ਦੇ ਦਰਬਾਰ ਵਿੱਚ ਗੁਰੂ ਗ੍ਰੰਥ ਸਾਹਿਬ | 92 |
| 42. | ਰਾਗ ਸੂਹੀ : 5 | 94 |
| 43. | ਜਹਾਂਗੀਰ ਬਾਦਸ਼ਾਹ ਤੇ ਸਿੱਖ ਗੁਰੂ ਸਾਹਿਬਾਨ | 98 |
| 44. | ਜਹਾਂਗੀਰ ਤੇ ਗੁਰੂ ਅਰਜਨ ਦੇਵ ਜੀ | 100 |
| 45. | ਸਾਈਂ ਮੀਆਂ ਮੀਰ ਜੀ ਤੇ ਗੁਰੂ ਅਰਜਨ ਦੇਵ ਜੀ | 115 |
| 46. | ਜ਼ਹਾਂਗੀਰ ਬਾਦਸ਼ਾਹ ਤੇ ਗੁਰੂ ਹਰਿ ਗੋਬਿੰਦ ਜੀ | 121 |
| 47. | ਸ਼ਾਹ ਜਹਾਨ ਬਾਦਸ਼ਾਹ ਤੇ ਸਿੱਖ ਗੁਰੂ ਸਾਹਿਬਾਨ | 131 |
| 48. | ਸ਼ਾਹ ਜਹਾਨ ਤੇ ਗੁਰੂ ਹਰਿਗੋਬਿੰਦ ਜੀ | 132 |
| 49. | ਔਰੰਗਜ਼ੇਬ ਬਾਦਸ਼ਾਹ ਤੇਂ ਸਿੱਖ ਗੁਰੂ ਸਾਹਿਬਾਨ | 138 |
| 50. | ਔਰੰਗਜ਼ੇਬ ਤੇ ਗੁਰੂ ਹਰਿਰਾਇ ਜੀ | 144 |
| 51. | ਔਰੰਗਜ਼ੇਬ ਤੇ ਗੁਰੂ ਹਰਿਕ੍ਰਿਸ਼ਨ ਜੀ | 149 |
| 52. | ਔਰੰਗਜ਼ੇਬ ਤੇ ਗੁਰੂ ਤੇਗ ਬਹਾਦੁਰ ਜੀ | 152 |
| 53. | ਔਰੰਗਜ਼ੇਬ ਤੇ ਗੁਰੂ ਗੋਬਿੰਦ ਸਿੰਘ ਜੀ | 166 |
| 54. | ਬਹਾਦੁਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ | 179 |
| 55. | ਜ਼ਰੂਰੀ ਸੂਚਨਾ | 194 |

# ਮੁਖ ਬੰਦ

ਇਸ ਪੁਸਤਕ ਦਾ ਪਹਿਲਾ ਐਡੀਸ਼ਨ ਪੰਜਾਬੀ ਭਾਸ਼ਾ ਵਿੱਚ 1957 ਦੇ ਅਰੰਭ ਵਿਚ ਪ੍ਰਕਾਸ਼ਤ ਹੋਇਆ ਸੀ, ਤੇ ਇਸ ਦਾ ਦੂਜਾ ਐਡੀਸ਼ਨ 1962 ਈ: ਵਿੱਚ ਛਪਿਆ ਸੀ। ਜਿਸ ਨੂੰ ਪੜ੍ਹ ਕੇ ਦੇਸ਼ ਦੇ ਉੱਘੇ ਵਿਦਵਾਨਾਂ ਤੇ ਪ੍ਰਸਿੱਧ ਅਖ਼ਬਾਰਾਂ ਨੇ ਆਪਣੇ ਬਹੁ-ਮੁੱਲੇ ਵਿਚਾਰ ਪਰਗਟ ਕੀਤੇ ਅਤੇ ਇਸ ਪੁਸਤਕ ਨੂੰ ਦੇਸ਼ ਦੀਆਂ ਦੋ ਵੱਡੀਆਂ ਕੌਮਾਂ ਸਿੱਖਾਂ ਤੇ ਮੁਸਲਮਾਨਾਂ ਵਿੱਚ ਪ੍ਰੇਮ, ਏਕਤਾ ਅਤੇ ਇਤਹਾਦ ਪੈਦਾ ਕਰਨ ਲਈ ਅਤਿ ਲਾਭਦਾਇਕ ਕਰਾਰ ਦਿੱਤਾ। ਇਨ੍ਹਾਂ ਹੀ ਗੱਲਾਂ ਦੇ ਕਾਰਨ ਸਿੱਖ ਜਾਤੀ ਦੇ ਪ੍ਰਸਿੱਧ ਨੇਤਾ ਗਿਆਨੀ ਕਰਤਾਰ ਸਿੰਘ ਜੀ ਵਜ਼ੀਰਿ-ਪੰਜਾਬ ਨੇ, ਵਿਸ਼ੇਸ਼ ਤੌਰ ਤੇ ਇਹ ਇੱਛਾ ਪਰਗਟ ਕੀਤੀ ਕਿ ਜੇ ਇਸ ਪੁਸਤਕ ਦਾ ਉਰਦੂ ਉਲਥਾ ਹੋ ਜਾਏ, ਤਾਂ ਸਧਾਰਨ ਜਨਤਾ ਜੋ ਉਰਦੂ ਭਾਸ਼ਾ ਵਿੱਚ ਮਹਾਰਤ ਰਖੱਦੀ ਹੈ, ਇਸ ਪੁਸਤਕ ਦੇ ਬਹੁ ਮੁੱਲੇ ਵਿਸ਼ਿਆਂ ਤੋਂ ਲਾਭ ਪ੍ਰਾਪਤ ਕਰ ਸਕੇਗੀ; ਇਸ ਲਈ ਉਨ੍ਹਾਂ ਅਤੇ ਉਨ੍ਹਾਂ ਜੇਹੇ ਹੋਰ ਕਈ ਪ੍ਰਸਿੱਧ ਸਜੱਣਾਂ ਦੀ ਮੰਗ ਦਾ ਸਤਿਕਾਰ ਕਰਦਿਆਂ ਹੋਇਆਂ ਇਸ ਪੁਸਤਕ ਦਾ ਉਰਦੂ ਉਲਥਾ "ਸਿੱਖ ਮੁਸਲਿਮ ਇਤਹਾਦ ਕਾ ਗੁਲਦਸਤਾ" ਦੇ ਨਾਂ ਨਾਲ 1958 ਵਿੱਚ ਪ੍ਰਕਾਸ਼ਤ ਕੀਤਾ ਗਿਆ, ਜਿਸ ਨੂੰ ਨਾ ਕੇਵਲ ਪੰਜਾਬ ਵਾਸੀਆਂ ਨੇ ਹੀ ਸਗੋਂ ਭਾਰਤ ਦੇ ਦੂਜੇ ਪ੍ਰਾਂਤਾਂ ਦੇ ਉਘੇ ਸੱਜਣਾਂ ਨੇ ਵੀ ਬਹੁਤ ਸਲਾਹਿਆ। ਇਸ ਦੇ ਨਾਲ ਹੀ ਭਾਰਤ ਤੋਂ ਬਾਹਰ ਪੂਰਬੀ ਅਫ਼ਰੀਕਾ ਵਿੱਚ ਵੀ ਇਸ ਪੁਸਤਕ ਦੀ ਬਹੁਤ ਮੰਗ ਹੋਈ, ਜਿਸ ਨੇ ਵੀ ਇਸ ਨੂੰ ਪੜ੍ਹਿਆ ਪ੍ਰਸ਼ੰਸਾ ਕੀਤੇ ਬਿਨਾ ਨ ਰਹਿ ਸਕਿਆ।

ਇੱਥੇ ਅਸੀਂ ਨਮੂਨੇ ਦੇ ਤੌਰ ਤੇ ਕੁਝ ਕੁ ਵਿਦਵਾਨਾਂ ਤੇ ਸਮਾਚਾਰ ਪੱਤਰਾਂ ਦੇ ਵਿਚਾਰ ਅੰਕਿਤ ਰਕਦੇ ਹਾਂ। ਇਹਨਾਂ ਤੋਂ ਪੁਸਤਕ ਦੀ ਮਕਬੂਲੀਅਤ ਦਾ ਕੁਝ ਕੁ ਅਨੁਮਾਨ ਲਾਇਆ ਜਾ ਸਕੇਗਾ।

(1) ਸ਼੍ਰੀ ਮਾਨ ਮਾਸਟਰ ਜਗਤ ਸਿੰਘ ਜੀ ਆਪਣੇ ਮਾਸਕ ਪੱਤਰ ਰਹਿਨੁਮਾਇ ਤਾਲੀਮ 1 ਸਤੰਬਰ 1957 ਵਿੱਚ ਲਿਖਦੇ ਹਨ :-

ਗੁਰੂਵਾਕ – 'ਸਾਂਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ ॥'

*ਅਨੁਸਾਰ ਸਾਡੇ ਅਹਿਮਦੀ ਸੱਜਣਾਂ ਦੇ ਪ੍ਰਚਾਰਕ ਵਿਭਾਗ (ਦਾਅਵਤੋ- ਤਬਲੀਗ) ਕਾਦੀਆਂ ਨੇ ਉਪਰੋਕਤ ਸਿਰਲੇਖ ਦੀ 164 ਪੰਨਿਆਂ ਦੀ ਇਕ ਪੁਸਤਕ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਵਿੱਚ ਪ੍ਰਕਾਸ਼ਤ ਕੀਤੀ ਹੈ, ਜਿਸ ਦਾ ਮਕਸਦ ਇਹ ਹੈ ਕਿ ਅਸਾਂ ਸਾਰੇ ਭਾਰਤੀ ਭਰਾਵਾਂ ਨੂੰ ਬਿਨਾਂ ਕਿਸੇ ਮਜ਼ਹਬ ਅਤੇ ਜਾਤੀ ਦੇ ਵਿਤਕਰੇ ਦੇ, ਮਿਲ ਕੇ ਤੇ ਇਕ ਜਾਨ ਹੋ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਪਰੋਕਤ ਮਹਾਵਾਕ ਦਾ ਵੀ ਇਹੋ ਹੀ ਭਾਵ ਹੈ ਕਿ ਸਾਨੂੰ ਇਕ ਦੂਜੇ ਦੇ ਔਗੁਣਾਂ ਨੂੰ ਵਿਸਾਰ ਓਹਨਾਂ ਦੀਆਂ ਚੰਗਿਆਈਆਂ ਅਤੇ ਸ਼ੁਭ ਕਰਮਾਂ ਨਾਲ ਸਾਂਝ ਅਤੇ ਸੰਬੰਧ ਪੈਦਾ ਕਰਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਪੁਸਤਕ ਵਿੱਚ ਥਾਂ ਥਾਂ ਅਜੇਹੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ, ਜੋ ਠੀਕ ਹਵਾਲਿਆਂ ਨਾਲ ਢੁਕਦੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਨਾਲ ਏਕਤਾ ਦੀਆਂ ਬਰਕਤਾਂ ਪਰਗਟ ਹੁੰਦੀਆਂ ਹਨ ਅਤੇ ਪ੍ਰੇਮ ਤੇ ਏਕਤਾ ਦਾ ਸਬਕ ਮਿਲਦਾ ਹੈ। ਇਨ੍ਹਾਂ ਦਾ ਨਚੋੜ ਕੇਵਲ ਇਹੀ ਹੈ ਕਿ ਅਸੀਂ ਸਾਰੇ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਆਦਿ ਏਕਤਾ ਨਾਲ ਭਰਾ ਭਰਾ ਬਣ ਕੇ ਜੀਵਨ ਬਤੀਤ ਕਰੀਏ, ਕਿਉਂਕਿ ਦੇਸ਼ ਦੀ ਉੱਨਤੀ ਕੇਵਲ ਜਨਤਾ ਦੇ ਪਿਆਰ ਅਤੇ ਪ੍ਰੇਮ ਨਾਲ ਰਹਿਣ ਤੇ ਹੀ ਨਿਰਭਰ ਹੈ। ਪੁਸਤਕ ਦੇ ਲੇਖਕ ਨੇ ਕਿਆ ਹੀ ਸੋਹਣਾ ਲਿਖਿਆ ਹੈ :-*

*ਅਸੀਂ ਉਹ ਦਿਨ ਛੇਤੀ ਵੇਖਣ ਦੇ ਚਾਹਵਾਨ ਹਾਂ ਜਦ ਕਿ – "ਅਸੀਂ ਸਾਰੇ ਭਾਰਤੀ ਆਪਣੇ ਮਨਾਂ ਦੇ ਸਾਰੇ ਵੈਰ ਵਿਰੋਧ ਭੁਲਾ ਕੇ ਆਪਣੇ ਦੇਸ਼ ਨੂੰ ਉੱਨਤ ਕਰਨ ਵਿੱਚ ਜੁੱਟ ਜਾਈਏ।"*

ਸ਼੍ਰੀ ਮਾਨ ਧਰਮਾਨੰਤ ਸਿੰਘ ਸਾਹਿਬ ਰੀਟਾਇਰਡ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਲਿਖਦੇ ਹਨ :-

*"ਮੈਨੂੰ ਅਤਿ ਹੈਰਾਨੀ ਹੋਈ ਕਿ ਇਸ ਪੁਸਤਕ ਦੇ ਲਿਖਾਰੀਆਂ ਨੂੰ ਇਸ ਦੇ ਪ੍ਰਕਾਸ਼ਤ ਕਰਨ ਦਾ ਖ਼ਿਆਲ ਕਿਸ ਤਰ੍ਹਾਂ ਪੈਦਾ ਹੋਇਆ। ਮੈਂ ਉਸ ਹੌਸਲੇ ਤੇ ਯੋਗਤਾ ਦਾ ਜਿਸ ਨਾਲ ਇਸ ਪੁਸਤਕ ਨੂੰ ਤਰਤੀਬ ਦਿੱਤੀ ਗਈ ਹੈ, ਹਾਰਦਿਕ ਧੰਨਵਾਦੀ ਹਾਂ। ਇਸ ਪੁਸਤਕ ਵਿੱਚ ਖੋਜ ਦਾ ਇਕ ਭੰਡਾਰ ਹੈ। ਬਹੁਤ ਸਾਰੇ ਰੋਚਕ ਤੇ ਲਾਭਵੰਦ ਹਵਾਲੇ ਜੇਹੜੇ ਇਸ*

*ਵਿੱਚ ਦਿੱਤੇ ਗਏ ਹਨ, ਮੈਨੂੰ ਅਟੱਲ ਵਿਸ਼ਵਾਸ ਹੈ ਕਿ ਏਹਨਾਂ ਰਾਹੀਂ ਤੌਹੀਦ ਨੂੰ ਮੰਨਣ ਵਾਲੀਆਂ ਦੋ ਕੌਮਾਂ ਵਿੱਚ ਏਕਤਾ ਪੈਦਾ ਹੋਵੇਗੀ ਅਤੇ ਆਪਸੀ ਗਲਤ-ਫ਼ਹਿਮੀਆਂ ਜੇਹੜੀਆਂ ਭੈੜੇ ਲੋਕਾਂ ਨੇ, ਜੋ ਸਾਡੇ ਵੈਰੀ ਹਨ ਫ਼ੈਲਾਈਆਂ ਹਨ, ਦੂਰ ਹੋ ਜਾਣਗੀਆਂ।"*

(2) ਸ਼੍ਰੀ ਮਾਨ ਸਰਦਾਰ ਬਲਵੰਤ ਸਿੰਘ ਸਾਹਿਬ ਗਰੇਵਾਲ ਹੈਦਰ ਨਗਰ ਮਾਲੇਰ ਕੋਟਲਾ ਤੋਂ ਲਿਖਦੇ ਹਨ :-

*"ਮੈਂ ਚੰਗੀ ਤਰ੍ਹਾਂ ਇਸ ਪੁਸਤਕ ਨੂੰ ਪੜ੍ਹਿਆ ਹੈ। ਮੇਰੀ ਰਾਏ ਵਿੱਚ ਇਹ ਪੁਸਤਕ ਕੇਵਲ ਪੰਜਾਬੀ ਸਾਹਿਤ ਵਿੱਚ ਵਾਧਾ ਹੀ ਨਹੀਂ, ਸਗੋਂ ਇਸ ਨਾਲ ਓਹ ਗ਼ਲਤ-ਫ਼ਹਿਮੀਆਂ ਵੀ ਬੜੀ ਹੱਦ ਤਕ ਦੂਰ ਹੋ ਜਾਣਗੀਆਂ ਜੋ ਦੋ ਜਾਤੀਆਂ ਦੇ ਦਿਲਾਂ ਵਿੱਚ ਪਾਈਆਂ ਜਾਂਦੀਆਂ ਹਨ।... ਇਸ ਨਾਲ ਦੋ ਪ੍ਰਸਿੱਧ ਭਾਰਤੀ ਕੌਮਾਂ ਦੇ ਸੰਬੰਧ ਮਜ਼ਬੂਤ ਹੋਣ ਵਿੱਚ ਸਹਾਇਤਾ ਮਿਲੇਗੀ, ਅਰਥਾਤ ਓਹ ਦੋਵੇਂ ਕੌਮਾਂ ਜੋ ਧਾਰਮਿਕ ਸਿੱਖਿਆ ਵਿੱਚ ਇੱਕੋ ਜੇਹੀਆਂ ਹਨ। ਮੈਂ ਇਸ ਗੱਲ ਦਾ ਚਾਹਵਾਨ ਹਾਂ ਕਿ ਇਸ ਦੇਸ਼ ਵਿੱਚ ਇਸ ਕਿਸਮ ਦੀਆਂ ਸੁਸਾਇਟੀਆਂ ਵੀ ਹੋਣ ਅਤੇ ਓਹਨਾਂ ਦੇ ਅਜੇਹੇ ਮਕਸਦ ਹੋਣ, ਜਿਨ੍ਹਾਂ ਨਾਲ ਸਾਡੇ ਵਿਸ਼ਾਲ ਦੇਸ ਦੀਆਂ ਭਿੰਨ ਭਿੰਨ ਕ਼ੌਮਾਂ ਵਿੱਚ ਮੇਲ ਮਿਲਾਪ ਅਤੇ ਏਕਤਾ ਪੈਦਾ ਹੋ ਸਕੇ। ਪ੍ਰਭੂ ਆਪ ਨੂੰ ਬਰਕਤ ਬਖ਼ਸ਼ੇ।"*

(3) ਸ਼੍ਰੀ ਮਾਨ ਸਰਦਾਰ ਹੁਕਮ ਸਿੰਘ ਸਾਹਿਬ ਸਪੀਕਰ ਲੋਕ ਸਭਾ ਨਵੀਂ ਦਿੱਲੀ ਤੋਂ ਲਿਖਦੇ ਹਨ :-

*"ਮੈਨੂੰ ਆਪ ਦਾ ਪੰਜਾਬੀ ਰਸਾਲਾ 'ਚੋਣਵੇਂ ਫੁੱਲ"ਮਿਲ ਗਿਆ ਹੈ। ਵਰਤਮਾਨ ਸਮੇਂ ਵਿਚ, ਹਰ ਉਸ ਜਤਨ ਨੂੰ ਕੌਮ ਅਤੇ ਦੇਸ਼ ਦੀ ਵੱਡੀ ਸੇਵਾ ਸਮਝਣਾ ਚਾਹੀਦਾ ਹੈ, ਜੋ ਮੁਸਲਮਾਨਾਂ ਅਤੇ ਸਿੱਖਾਂ ਨੂੰ ਇਕੱਠਾ ਕਰ ਸਕੇ। ਇਹ ਗੱਲ ਵੀ ਸ਼ਲਾਘਾਯੋਗ ਹੈ ਕਿ ਇਸ ਰਸਾਲੇ ਨਾਲ ਪੰਜਾਬੀ ਭਾਸ਼ਾ ਵਿੱਚ ਇੱਕ ਬੜਾ ਕੀਮਤੀ ਵਾਧਾ ਹੋਇਆ ਹੈ, ਜੋ ਇਸ ਸਮੇਂ ਬੜੀ ਭਾਰੀ ਲੋੜ ਹੈ।"*

(4) ਸ਼੍ਰੀ ਮਾਨ ਸਰਦਾਰ ਗੁਰਦਿਆਲ ਸਿੰਘ ਜੀ ਢਿੱਲੋਂ ਸਪੀਕਰ ਪੰਜਾਬ ਅਸੈਂਬਲੀ ਲਿਖਦੇ ਹਨ :-

*"ਕਿਤਾਬ 'ਚੋਣਵੇਂ ਫੁੱਲ' ਮਿਲੀ। ਮੈਂ ਉਸ ਨਿਸ਼ਾਨੇ ਨੂੰ ਬੜੀ ਕਦਰ ਨਾਲ ਦੇਖਦਾ ਹਾਂ, ਜਿਸ ਨੂੰ ਮੁੱਖ ਰੱਖ ਕੇ ਇਹ ਕਿਤਾਬ ਲਿਖੀ*

*ਗਈ ਹੈ।"*

(5) ਸ਼੍ਰੀ ਮਾਨ ਡਾਕਟਰ ਜ਼ਾਕਿਰ ਹੁਸੈਨ ਸਾਹਿਬ ਗਵਰਨਰ ਬਿਹਾਰ ਲਿਖਦੇ ਹਨ :-

*"ਸਿੱਖ ਮੁਸਲਿਮ ਅਤੇ ਹਿੰਦੂ ਮੁਸਲਿਮ ਏਕਤਾ ਪੈਦਾ ਕਰਨ ਵਿੱਚ ਆਪ ਦੀ ਕੋਸ਼ਿਸ਼ ਸ਼ਲਾਘਾ ਯੋਗ ਹੈ।"*

(6) ਸ਼੍ਰੀ ਮਾਨ ਸਰਦਾਰ ਗੁਰਦੀਪ ਸਿੰਘ ਜੀ ਵਿਰਕ ਖਮੇੜੀ ਕਰਨਾਲ ਤੋਂ ਲਿਖਦੇ ਹਨ :-

*"ਆਪ ਦੇ ਵਿਭਾਗ ਦੀ ਪ੍ਰਕਾਸ਼ਤ ਪੁਸਤਕ 'ਚੋਣਵੇਂ ਫੁੱਲ' ਪੜ੍ਹੀ, ਜਿਸ ਦ੍ਰਿਸ਼ਟੀਕੋਣ ਨੂੰ ਲੈ ਕੇ ਆਪ ਮੈਦਾਨ ਵਿਚ ਆਏ ਹੋ, ਉਹ ਸੱਚਮੁੱਚ ਹੀ ਪ੍ਰਸ਼ੰਸਾ ਯੋਗ ਹੈ। 'ਚੋਣਵੇਂ ਫੁੱਲ' ਵਿੱਚ ਅੰਕਤ ਇਤਿਹਾਸਕ ਘਟਨਾਵਾਂ ਬਹੁਤ ਸਾਰੀਆਂ ਗ਼ਲਤ-ਫ਼ਹਿਮੀਆਂ ਨੂੰ ਦੂਰ ਕਰਨ ਵਿੱਚ ਸਹਾਇਕ ਹਨ। ਜਿਸ ਨੇ ਵੀ ਇਹ ਪੁਸਤਕ ਪੜ੍ਹੀ ਹੈ ਇਸ ਦੀ ਤਾਰੀਫ਼ ਕੀਤੀ ਹੈ।"*

(7) ਸ਼੍ਰੀ ਮਾਨ ਸਰਦਾਰ ਅਜਮੇਰ ਸਿੰਘ ਸਾਹਿਬ ਬੀ.ਏ., ਐਲ. ਐਲ. ਬੀ., ਐਮ. ਐਲ. ਏ. ਲੁਧਿਆਣਾ ਲਿਖਦੇ ਹਨ :-

*"ਆਪ ਦੀ ਪੁਸਤਕ 'ਚੋਣਵੇਂ ਫੁੱਲ' ਮਿਲੀ। ਮੈਂ ਇਸ ਨੂੰ ਦਿਲਚਸਪੀ ਨਾਲ ਪੜ੍ਹ ਕੇ ਲਾਭ ਪ੍ਰਾਪਤ ਕਰ ਰਿਹਾ ਹਾਂ। ਇਸ ਪੁਸਤਕ ਰਾਹੀਂ ਇੱਕ ਵਿਸ਼ੇਸ਼ ਢੰਗ ਨਾਲ ਕੀਤਾ ਜਤਨ ਬਹੁਤ ਹੀ ਉੱਤਮ ਹੈ। ਇਸ ਨਾਲ ਉਹ ਮਕਸਦ ਜ਼ਰੂਰ ਹਾਸਲ ਹੋਵੇਗਾ, ਜੋ ਭਾਰਤ ਦੀਆਂ ਦੋ ਵੱਡੀਆਂ ਕੌਮਾਂ ਦੇ ਵਿਚਕਾਰ ਪ੍ਰੇਮ ਭਰੇ ਸੰਬੰਧ ਕਾਇਮ ਕਰਨ ਲਈ ਸਾਹਮਣੇ ਰੱਖਿਆ ਗਿਆ ਹੈ।"*

(8) ਸ਼੍ਰੀ ਮਾਨ ਸੰਤ ਇੰਦਰ ਸਿੰਘ ਜੀ ਚਕਰਵਰਤੀ ਪੰਜਾਬੀ ਵਿਭਾਗ ਪਟਿਆਲਾ ਲਿਖਦੇ ਹਨ :-

*"ਆਪ ਜੀ ਦੀ ਪੰਜਾਬੀ ਪੁਸਤਕ ਪੜ੍ਹ ਕੇ ਬੜੀ ਖ਼ੁਸ਼ੀ ਹੋਈ। ਵਰਤਮਾਨ ਸਮੇਂ ਵਿਚ ਅਜਿਹੇ ਇਤਿਹਾਸ ਦੀ ਬੜੀ ਲੋੜ ਹੈ ਜੋ ਆਪਸ ਵਿਚ ਏਕਤਾ ਅਤੇ ਮਿਲਾਪ ਦੀ ਸਿੱਖਿਆ ਦੇਵੇ। ਇਸ ਬਾਰੇ ਵਿੱਚ ਆਪ ਦਾ ਜਤਨ ਬਹੁਤ ਹੀ ਸਫ਼ਲ ਹੈ। ਮੈਂ ਆਪ ਨੂੰ ਵਧਾਈ ਦਿੰਦਾ ਹਾਂ।"*

(9) ਸ਼੍ਰੀ ਮਾਨ ਐਡੀਟਰ ਸਾਹਿਬ ਆਪਣੇ ਰੋਜ਼ਾਨਾ ਪੱਤਰ 'ਹਕੀਕਤ' ਲਖਨਊ ਅਕਤੂਬਰ 1958 ਵਿਚ ਲਿਖਦੇ ਹਨ :-

*"ਇਸ ਪੁਸਤਕ ਵਿਚ ਸਿੱਖ ਮੁਸਲਿਮ ਏਕਤਾ ਦੀਆਂ ਓਹ ਝਾਕੀਆਂ ਵਿਖਾਈਆਂ ਗਈਆਂ ਹਨ, ਜੋ 1947 ਦੇ ਭਿਆਨਕ ਸਮੇਂ ਸਿੱਖਾਂ ਮੁਸਲਮਾਨਾਂ ਅੱਗੇ ਰੱਖੀਆਂ ਜਾਣੀਆਂ ਚਾਹੀਦੀਆਂ ਸਨ। ਇਹ ਪੁਸਤਕ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਅਤੇ ਓਹਨਾਂ ਦੇ ਧਾਰਮਕ ਵਿਚਾਰ ਪੇਸ਼ ਕਰਦੀ ਹੈ। ਇਹ ਇੱਕ ਛੋਟੀ ਜਿਹੀ ਲਾਇਬਰੇਰੀ ਵਾਂਗ ਹੈ।"*

(10) ਸ਼੍ਰੀ ਮਾਨ ਸਰਦਾਰ ਗਿਆਨ ਸਿੰਘ ਰਾੜੇਵਾਲਾ ਵਜ਼ੀਰ ਪੰਜਾਬ ਲਿਖਦੇ ਹਨ :-

*"ਆਪ ਦੀ ਭੇਜੀ ਹੋਈ ਕਿਤਾਬ ਦਾ ਧੰਨਵਾਦੀ ਹਾਂ। ਦੇਸ਼ ਦੀਆਂ ਜਾਤੀਆਂ ਵਿੱਚ ਪ੍ਰੇਮ ਅਤੇ ਰਵਾਦਾਰੀ ਪੈਦਾ ਕਰਨਾ ਹਰੇਕ ਪ੍ਰਾਣੀ ਦਾ ਕਰਤਵ ਹੋਣਾ ਚਾਹੀਦਾ ਹੈ। ਇਸ ਬਾਰੇ ਆਪ ਦੇ ਜਤਨ ਦਾ ਧੰਨਾਵਾਦੀ ਹਾਂ।"*

(11) ਸ਼੍ਰੀ ਮਾਨ ਐਡੀਟਰ ਸਾਹਿਬ ਰੋਜ਼ਾਨਾ ਪੱਤਰ 'ਸਾਥੀ' ਪਟਨਾ 13 ਸਤੰਬਰ 1958 ਵਿਚ ਲਿਖਦੇ ਹਨ :-

*"ਅੰਗਰੇਜ਼ਾਂ ਨੇ ਆਪਣੇ ਭਾਰਤੀ ਇਤਿਹਾਸ ਵਿੱਚ ਸਦਾ ਇਸ ਗੱਲ ਨੂੰ ਮੁੱਖ ਰੱਖਿਆ ਹੈ ਕਿ ਉਹ ਭਾਰਤ ਦੀਆਂ ਕੌਮਾਂ ਨੂੰ ਆਪਸ ਵਿਚ ਲੜਾਉਣ, ਤਾਂ ਜੁ ਭਾਰਤ ਵਾਸੀਆਂ ਵਿਚ ਏਕਤਾ ਪੈਦਾ ਨਾ ਹੋ ਸਕੇ, ਜੋ ਉਹਨਾਂ ਦੇ ਰਾਜ ਲਈ ਹਾਨੀਕਾਰਕ ਸੀ। ਮੁਸਲਮਾਨਾਂ ਨੂੰ ਹਿੰਦੂਆਂ ਦੇ ਵਿਰੁੱਧ ਇਹ ਕਹਿ ਕੇ ਚੁੱਕਿਆ ਕਿ ਸ਼ਿਵਾ ਜੀ ਨੇ ਮੁਸਲਮਾਨਾਂ ਤੇ ਅਤਿਆਚਾਰ ਕੀਤੇ ਅਤੇ ਮਸੀਤਾਂ ਢਾਹੀਆਂ। ਹਿੰਦੂਆਂ ਨੂੰ ਸੁਲਤਾਨ ਮਹਿਮੂਦ ਯਾਦ ਕਰਵਾਇਆ। ਸਿੱਖਾਂ ਨੂੰ ਔਰੰਗਜ਼ੇਬ ਦੇ ਵਿਰੁੱਧ ਚੁੱਕਿਆ। ਓਹਨਾਂ ਇੱਥੋਂ ਤਕ ਲਿਖਿਆ ਕਿ ਗੁਰੂ ਨਾਨਕ ਅਤੇ ਦੂਜੇ ਗੁਰੂ ਮੁਸਲਮਾਨਾਂ ਨੂੰ ਦੁਸ਼ਮਣ ਸਮਝ ਕੇ ਘ੍ਰਿਣਾ ਕਰਦੇ ਸਨ। ਇਸ ਇਤਿਹਾਸ ਨਾਲ ਸਿੱਖਾਂ ਅਤੇ ਮੁਸਲਮਾਨਾਂ ਵਿਚ ਘ੍ਰਿਣਾ ਫੈਲ ਗਈ। ਜਦ ਤਕ ਉਹਨਾਂ ਦੀਆਂ ਬਣਾਉਟੀ ਕਹਾਣੀਆਂ ਦਾ ਸੱਚਾ ਢਾਂਚਾ ਪੇਸ਼ ਨ ਕੀਤਾ ਜਾਵੇ, ਉਹ ਕੁੜਤਣ ਨਹੀਂ ਜਾ ਸਕਦੀ ਇਸ ਲੜੀ ਵਿਚ ਮਿਰਜ਼ਾ ਸਾਹਿਬ ਨੇ ਇੱਕ ਪੁਸਤਕ (ਚੋਣਵੇਂ ਫੁੱਲ) ਲਿਖੀ ਹੈ। ਇਸ ਪੁਸਤਕ ਵਿਚ ਵਿਸਥਾਰ ਨਾਲ ਗੁਰੂ ਸਾਹਿਬਾਨ ਦੇ ਵਾਕ ਅਤੇ ਓਹਨਾਂ ਦੇ ਮੁਸਲਮਾਨਾਂ ਨਾਲ ਸੰਬੰਧਾਂ ਬਾਰੇ ਲਿਖਿਆ ਹੈ। ਸ਼੍ਰੀ ਗੁਰੂ ਨਾਨਕ ਦੇਵ*

ਜੀ ਦੇ ਬਾਰੇ ਕਥਨ ਹੈ ਕਿ ਉਹਨਾਂ ਨੇ ਮੁਸਲਿਮ ਤੀਰਥ ਸਥਾਨਾਂ ਦੀ ਯਾਤਰਾ ਕੀਤੀ ਸੀ ਅਤੇ ਉਹਨਾਂ ਦੇ ਆਪਣੇ ਚੋਲੇ ਤੇ ਕੁਰਾਨ ਸ਼ਰੀਫ ਦੀਆਂ ਆਇਤਾਂ ਲਿਖੀਆਂ ਹਨ, ਜੋ ਅਜੇ ਤਕ ਮਹਿਫੂਜ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਇਸਲਾਮੀ ਪ੍ਰਭਾਵ ਏਨਾ ਡੂੰਘਾ ਸੀ ਕਿ ਅਜੇ ਤਕ ਇਹ ਨਿਰਨਾ ਨਹੀਂ ਹੋ ਸਕਿਆ ਕਿ ਉਹਨਾਂ ਦਾ ਕਿਸ ਧਰਮ ਨਾਲ ਸੰਬੰਧ ਸੀ। ਇਹ ਪੁਸਤਕ ਦੋਹਾਂ ਜਾਤੀਆਂ ਦੀਆਂ ਆਪਸ ਦੀਆਂ ਗ਼ਲਤ-ਫ਼ਹਿਮੀਆਂ ਦੂਰ ਕਰਨ ਵਿੱਚ ਸਹਾਇਕ ਹੋਵੇਗੀ। ਅਹਿਮਦੀਆ ਜਮਾਤ ਕਾਦੀਆਂ ਨੇ ਸਮੇਂ ਦੀ ਇੱਕ ਵੱਡੀ ਲੋੜ ਨੂੰ ਪੂਰਾ ਕੀਤਾ ਹੈ। ਇਸ ਲੜੀ ਵਿਚ ਅਹਿਮਦੀਆ ਜਮਾਤ ਦਾ ਜਤਨ ਤਾਰੀਫ਼ ਦੇ ਯੋਗ ਹੈ।''

(12) ਸ੍ਰੀ ਮਾਨ ਐਡੀਟਰ ਸਾਹਿਬ 'ਦੇਸ਼ ਦਰਪਨ' ਆਪਣੇ ਫ਼ਰਵਰੀ 1959 ਦੇ ਅੰਕ ਵਿਚ ਲਿਖਦੇ ਹਨ :-

''ਇਹ ਪੁਸਤਕ ਜਿਸ ਦੀ ਭਾਸ਼ਾ ਬੜੀ ਸਰਲ ਤੇ ਠੇਠ ਹੈ, ਨਾਜ਼ਿਰ ਦਾਅਵਤੋ-ਤਬਲੀਗ਼ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਜਿੰਨੇ ਮੁਸਲਮਾਨ ਫ਼ਕੀਰ ਅਤੇ ਅਨੁਯਾਈਆਂ ਦਾ ਗੁਰੂ ਘਰਾਂ ਨਾਲ ਸੰਬੰਧ ਰਿਹਾ ਹੈ ਓਹਨਾਂ ਤੇ ਸੁਚੱਜੇ ਢੰਗ ਨਾਲ ਚਾਨਣਾ ਪਾਇਆ ਗਿਆ ਹੈ। ਗੁਰਬਾਣੀ ਦੇ ਹਵਾਲੇ ਢੁਕਵੀਆਂ ਥਾਵਾਂ ਤੇ ਦਿੱਤੇ ਗਏ ਹਨ। ਲੇਖਕ ਨੇ ਇਸ ਪੁਸਤਕ ਵਿਚ ਇਹ ਦੱਸਣ ਦਾ ਜਤਨ ਕੀਤਾ ਹੈ ਕਿ ਅਹਿਮਦੀ ਮੁਸਲਮਾਨਾਂ ਦੇ ਸਿੱਧਾਂਤ ਸਿੱਖ ਧਰਮ ਨਾਲ ਮਿਲਦੇ-ਜੁਲਦੇ ਹਨ, ਜੋ ਸੰਸਾਰ ਵਿਚ ਭਾਈਚਾਰਕ, ਪ੍ਰੇਮ ਅਤੇ ਏਕਤਾ ਤੇ ਜ਼ੋਰ ਦਿੰਦੇ ਹੋਏ ਮਨੁੱਖ ਜਾਤੀ ਦਾ ਭਲਾ ਚਾਹੁੰਦੇ ਹਨ। ਦੁਨੀਆਂ ਦੇ ਸਾਰੇ ਧਰਮਾਂ ਦਾ ਨਿਸ਼ਾਨਾ ਇੱਕ ਹੈ। ਹਰ ਧਰਮ ਦੇ ਸਿੱਧਾਂਤਾਂ ਤੇ ਚੱਲਣ ਨਾਲ ਮਨੁੱਖ ਨੂੰ ਸ਼ਾਂਤੀ ਅਤੇ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਸਕਦਾ ਹੈ। ਲੇਖਕ ਨੇ ਇਹ ਸਿੱਧ ਕਰਨ ਦਾ ਜਤਨ ਕੀਤਾ ਹੈ ਕਿ ਮੁਗਲ ਬਾਦਸ਼ਾਹਾਂ ਨੂੰ ਗੁਰੂ ਘਰਾਂ ਨਾਲ ਡੂੰਘਾ ਪਿਆਰ ਸੀ। ਸਮਰਾਟ ਜਹਾਂਗੀਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸਮਰਾਟ ਔਰੰਗਜ਼ੇਬ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦ ਕੀਤੇ ਜਾਣ ਦੀ ਸਿੱਧੀ ਜ਼ਿੰਮੇਵਾਰੀ ਓਹਨਾਂ ਤੇ ਨਹੀਂ ਆਉਂਦੀ। ਗੁਰੂ ਸਾਹਿਬਾਨ ਦੇ ਆਪਣੇ ਸਾਕਾਂ ਅਤੇ ਧੋਖੇਬਾਜ਼ਾਂ ਨੇ ਸਾੜੇ ਅਤੇ ਦੁਸ਼ਮਨੀ ਨਾਲ ਹਾਕਮਾਂ ਕੋਲ ਝੂਠੀਆਂ ਸ਼ਕਾਇਤਾਂ ਕੀਤੀਆਂ, ਜਿਨ੍ਹਾਂ

*ਕਰਕੇ ਇਹ ਦੁਰਘਟਨਾਵਾਂ ਹੋਈਆਂ । ਇਹ ਸਭ ਕੁਝ ਇਤਿਹਾਸਕ ਉਦਾਹਰਣਾਂ ਤੋਂ ਸਿੱਧ ਕੀਤਾ ਗਿਆ ਹੈ । ਸਿੱਖ ਸਾਧਾਰਨ ਜਨਤਾ ਨੂੰ ਆਮ ਤੌਰ ਤੇ ਅਤੇ ਪ੍ਰਚਾਰਕਾਂ ਨੂੰ ਵਿਸ਼ੇਸ਼ ਤੌਰ ਤੇ ਇਸ ਪੁਸਤਕ ਨੂੰ ਪੜ੍ਹਨਾ ਚਾਹੀਦਾ ਹੈ ।''*

(13) ਦਿੱਲੀ ਦੇ ਪ੍ਰਸਿੱਧ ਰੋਜ਼ਾਨਾ ਉਰਦੂ ਅਖ਼ਬਾਰ 'ਅਲਜਮੀਅਤ' ਨੇ 'ਚੋਣਵੇਂ ਫੁੱਲ' ਤੇ ਰੀਵੀਊ ਕਰਦਿਆਂ ਲਿਖਿਆ ਹੈ ਕਿ :-

*''ਇਸ ਕਿਤਾਬ ਦਾ ਵਿਸ਼ਾ ਇਸ ਦੇ ਨਾਂ ਤੋਂ ਹੀ ਪਰਗਟ ਹੈ । ਸਿੱਖ-ਮੁਸਲਿਮ ਏਕਤਾ ਦੇ ਸੰਬੰਧ ਵਿਚ ਹੁਣ ਤਕ ਜਿੰਨੀ ਵੀ ਕੋਸ਼ਿਸ਼ ਕੀਤੀ ਗਈ ਉਸ ਵਿੱਚੋਂ ਸਭ ਤੋਂ ਚੰਗੀ ਕੋਸ਼ਿਸ਼ ਇਸ ਪੁਸਥਕ ਦੇ ਰੂਪ ਵਿੱਚ ਸਾਡੇ ਸਾਹਮਣੇ ਆਈ ਹੈ । ਅਤਿ ਕਥਨੀ ਤੋਂ ਬਿਨਾਂ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਤਕ ਸਿੱਖ-ਮੁਸਲਿਮ ਏਕਤਾ ਦੇ ਸੰਬੰਧ ਵਿਚ ਇਸ ਤੋਂ ਚੰਗੀ ਕੋਈ ਪੁਸਤਕ ਨਹੀਂ ਲਿਖੀ ਗਈ । ਪਹਿਲਾਂ ਇਹ ਪੁਸਤਕ ਗੁਰਮੁਖੀ ਵਿਚ 'ਚੋਣਵੇਂ ਫੁੱਲ' ਦੇ ਨਾਂ ਹੇਠ ਛਾਪੀ ਗਈ ਸੀ । ਫਿਰ ਇੱਕ ਬਹੁਤ ਵੱਡੇ ਸਿੱਖ ਲੀਡਰ ਦੀ ਮੰਗ ਅਨੁਸਾਰ ਇਸ ਦਾ ਅਨੁਵਾਦ ਉਰਦੂ ਵਿੱਚ ਪ੍ਰਕਾਸ਼ਤ ਕੀਤਾ ਗਿਆ । ਇਸ ਪੁਸਤਕ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਵਿਚ ਥਾਂ-ਥਾਂ ਸਿੱਖ ਗ੍ਰੰਥਾਂ, ਸਿੱਖ ਇਤਿਹਾਸ ਤੇ ਸਿੱਖ ਸਾਹਿਤ ਦੇ ਹਵਾਲੇ ਦਿੱਤੇ ਗਏ ਹਨ । ਜਾਣੋ, ਆਪਣੇ ਕੋਲੋਂ ਕੁਝ ਵੀ ਨਹੀਂ ਕਿਹਾ ਗਿਆ; ਸਗੋਂ ਸਿੱਖ ਸਾਹਿਤ ਨੂੰ ਹੀ ਆਪਣੀ ਗਵਾਹੀ ਵਿਚ ਪੇਸ਼ ਕੀਤਾ ਗਿਆ ਹੈ । ਪੁਸਤਕ ਦਾ ਆਰੰਭ ਗੁਰੂ ਨਾਨਕ ਜੀ ਤੇ ਮੁਸਲਮਾਨ ਤੋਂ ਕੀਤਾ ਗਿਆ ਹੈ ਤੇ ਮਗਰੋਂ ਸਾਰੇ ਸਿੱਖ ਗੁਰੂਆਂ ਤੇ ਓਹਨਾਂ ਦੇ ਮੁਸਲਮਾਨ ਸਾਥੀਆਂ ਦਾ ਵਰਨਣ ਹੈ । ਇਸ ਪੁਸਤਕ ਤੋਂ ਵਿਦਤ ਹੁੰਦਾ ਹੈ ਕਿ ਮੁਸਲਮਾਨਾਂ ਦਾ ਸਿੱਖ ਗੁਰੂਆਂ ਨਾਲ ਤੇ ਸਿੱਖ ਗੁਰੂਆਂ ਦਾ ਮੁਸਲਮਾਨਾਂ ਨਾਲ ਵੱਡਾ ਪ੍ਰੇਮ ਰਿਹਾ ਹੈ ਅਤੇ ਹਰ ਯੁਗ ਦੇ ਮੁਸਲਮਾਨਾਂ, ਰਈਸਾਂ ਤੇ ਬਾਦਸ਼ਾਹਾਂ ਨੇ ਗੁਰਦੁਆਰਿਆਂ ਨੂੰ ਕਿੰਨੀ ਮਾਇਕ ਸਹਾਇਤਾ ਦਿੱਤੀ, ਅਰਥਾਤ ਉਹਨਾਂ ਦੇ ਨਾਂ ਆਪਣੀਆਂ ਜ਼ਮੀਨਾਂ ਭੇਟ ਕੀਤੀਆਂ । ਇਸ ਤੋਂ ਛੁੱਟ ਹਰ ਗੱਲ ਦਾ ਸਬੂਤ ਸਿੱਖਾਂ ਦੀਆਂ ਪ੍ਰਮਾਣਿਕ ਪੁਸਤਕਾਂ ਵਿੱਚੋਂ ਦਿੱਤਾ ਗਿਆ ਹੈ ਤੇ ਸਿੱਖ ਲੀਡਰਾਂ ਨੇ ਇਸ ਦੀ ਵੱਡੀ ਸਰਾਹਨਾ ਕੀਤੀ ਹੈ । ਆਸ ਹੈ ਕਿ ਇਸ ਪੁਸਤਕ ਦੇ ਚਾਨਣੇ ਵਿਚ ਸਿੱਖ ਵਿਦਵਾਨ, ਸਿੱਖ-ਮੁਸਲਿਮ ਏਕਤਾ ਬਾਰੇ ਨਵੇਂ ਸਿਰੇ ਤੋਂ*

ਵਿਚਾਰ ਕਰਨ ਦਾ ਜਤਨ ਕਰਨਗੇ ਅਤੇ ਓਹਨਾਂ ਦਾ ਇਹ ਜਤਨ ਜ਼ਰੂਰ ਸਫ਼ਲ ਹੋਵੇਗਾ।" (ਅਲਜਮੀਅਤ ਦਿੱਲੀ, 7 ਸਤੰਬਰ 1958)

(14) ਰਸਾਲਾ ਖਾਲਸਾ ਪਾਰਲੀਮੈਂਟ ਗਜ਼ਟ ਪੰਚਖੰਡ ਭਸੌੜ ਨੇ ਲਿਖਿਆ ਹੈ :-

"ਇਹ ਪੁਸਤਕ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿਚ ਏਕਤਾ ਪੈਦਾ ਕਰਨ ਲਈ ਲਿਖੀ ਗਈ ਹੈ।... ਇਸ ਪੁਸਥਕ ਦੇ ਵਿਦਵਾਨ ਲੇਖਕ ਨੇ ਜਿਸ ਦੇ ਦਿਲ ਵਿਚ ਸਿੱਖ ਮੁਸਲਿਮ ਏਕਤਾ ਦੀ ਸੱਚੀ ਲਗਨ ਹੈ, ਇਹ ਸਿੱਧ ਕਰਨ ਲਈ ਲਿਖੀ ਹੈ ਕਿ ਗੁਰੂ ਤੇਗ਼ ਬਹਾਦੁਰ ਜੀ ਨੂੰ ਸ਼ਹੀਦ ਕਰਨ ਦਾ ਇਲਜ਼ਾਮ ਔਰੰਗਜ਼ੇਬ ਤੇ ਨਹੀਂ ਲਾਇਆ ਜਾ ਸਕਦਾ। ਪ੍ਰਾਚੀਨ ਸਿੱਖ ਪੁਸਤਕਾਂ ਦੇ ਹਵਾਲੇ ਪੇਸ਼ ਕਰਕੇ ਇਹ ਸਿੱਧ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਔਰੰਗਜ਼ੇਬ ਬਾਦਸ਼ਾਹ ਦੇ ਦਿਲ ਵਿੱਚ ਗੁਰੂ ਤੇਗ਼ ਬਹਾਦੁਰ ਜੀ ਦਾ ਵੱਡਾ ਸਤਿਕਾਰ ਸੀ।... ਮੁਸਲਮਾਨਾਂ ਦੇ ਵਿਰੁੱਧ ਸਿੱਖਾਂ ਦੀ ਘਿਰਣਾਂ ਦਾ ਇਹ ਕਾਰਨ ਵੀ ਹੈ ਤੇ ਇਸੇ ਘਿਰਣਾ ਦੇ ਕਾਰਨ ਅਨਜਾਣ ਤੇ ਅਨਪੜ੍ਹ ਸਿੱਖ ਹੁਣ ਤਕ ਜੋਸ਼ ਵਿਚ ਆ ਕੇ ਮੁਸਲਮਾਨਾਂ ਨੂੰ "ਮੁਸਲੇ" ਤੇ "ਤੁਰਕੜੇ" ਤਕ ਕਹਿਣ ਤੋਂ ਸੰਕੋਚ ਨਹੀਂ ਕਰਦੇ। ਮੁਸਲਮਾਨਾਂ ਦੇ ਵਿਰੁੱਧ ਬੇਸਮਝ ਪ੍ਰਚਾਰਕ ਸਦਾ ਹੀ ਘਿਰਣਾਂ ਭਰਿਆ ਪ੍ਰਚਾਰ ਕਰਦੇ ਹਨ। ਕਈ ਪ੍ਰਕਾਰ ਦੀਆਂ ਸੱਚੀਆ-ਝੂਠੀਆਂ ਕਹਾਣੀਆਂ ਸੁਣਾ ਸੁਣਾ ਕੇ ਬਲਦੀ ਤੇ ਤੇਲ ਪਾਉਣ ਦਾ ਕੰਮ ਕਰਦੇ ਹਨ।

ਲੋੜ ਇਸ ਗੱਲ ਦੀ ਹੈ ਕਿ ਇਸ ਘਿਰਣਾਂ ਨੂੰ ਦੂਰ ਕੀਤਾ ਜਾਵੇ। ਜੇ ਪਲ ਦੀ ਪਲ ਇਹ ਮੰਨ ਵੀ ਲਿਆ ਜਾਵੇ ਕਿ ਗੁਰੂ ਅਰਜਨ ਜੀ ਤੇ ਗੁਰੂ ਤੇਗ ਬਹਾਦਰ ਜੀ ਨੂੰ ਜ਼ਾਲਮ ਮੁਗ਼ਲ ਬਾਦਸ਼ਾਹਾਂ ਨੇ ਸ਼ਹੀਦ ਕੀਤਾ ਸੀ, ਤਾਂ ਇਸ ਦਾ ਇਹ ਭਾਵ ਨਹੀਂ ਕਿ ਸਾਰੇ ਹੀ ਮੁਸਲਮਾਨ ਜ਼ਾਲਮ ਹਨ।

ਅਸਾਂ ਸਾਰਿਆਂ ਨੂੰ ਮਾਨਵ ਜਾਤੀ ਨਾਲ ਪ੍ਰੇਮ ਕਰਨਾ ਚਾਹੀਦਾ ਹੈ, ਸਿੱਖ ਮੁਸਲਮਾਨ ਦਾ ਵੈਰ ਭਾਵ ਦੂਰ ਕੀਤੇ ਬਿਨਾਂ ਅਸੀਂ ਪੂਰਨ ਸਿੱਖ ਨਹੀਂ ਬਣ ਸਕਦੇ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ - ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥ (ਦਸਮ ਗ੍ਰੰਥ, ਪੰਨਾ 17) ਤੇ ਇਸ ਦੇ ਨਾਲ ਹੀ ਦਸਮ ਗੁਰੂ ਜੀ ਦਾ ਫ਼ਰਮਾਨ ਹੈ -

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

*'ਚੌਣਵੇਂ ਫੁੱਲ' ਕਿਤਾਬ ਮਨੁੱਖ ਜਾਤੀ ਵਿਚ ਪ੍ਰੇਮ ਭਾਵ ਪੈਦਾ ਕਰਨ ਵਾਲੀ ਹੈ। ਇਸ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਅਨਜਾਣ ਲੋਕਾਂ ਦੇ ਹੱਥਾਂ ਵਿੱਚ ਦੇਣਾ ਚਾਹੀਦਾ ਹੈ।*

*ਇਹ ਕਿੰਨੀ ਬੇਇਨਸਾਫ਼ੀ ਹੈ ਕਿ ਐਵੇਂ ਝੂਠੀਆਂ ਗੱਲਾਂ ਨੂੰ ਸੁਣ ਕੇ ਅਸੀਂ ਸਦੀਆਂ ਤੋਂ ਇਕ ਦੂਜੇ ਦੇ ਵੈਰੀ ਬਣੇ ਹੋਏ ਹਾਂ। ਜੇ ਅੱਜ ਵੀ ਸਾਨੂੰ ਯਕੀਨ ਹੋ ਜਾਏ ਕਿ ਅਸੀਂ ਸਾਰੇ ਇੱਕੋ ਹੀ ਰੱਤ ਤੋਂ ਪੈਦਾ ਹੋਏ ਹਾਂ, ਸਾਡਾ ਦੇਸ਼ ਇੱਕ ਹੈ, ਸਾਡਾ ਨਿਸ਼ਾਨਾ ਇੱਕ ਹੈ; ਤਾਂ ਸੱਚਮੁਚ ਸਾਨੂੰ ਇਕ ਨਵਾਂ ਚਾਨਣਾ ਪ੍ਰਾਪਤ ਹੋ ਜਾਏ ਤੇ ਸਾਡਾ ਜੀਵਨ ਉੱਕਾ ਹੀ ਬਦਲ ਜਾਏ। ਅਸੀਂ ਗ਼ੈਰ-ਸਿੱਖਾਂ ਨੂੰ ਵੀ ਆਪਣੇ ਭਰਾ ਸਮਝਣ ਲਗ ਪਈਏ।"*

*(ਖ਼ਾਲਸਾ ਪਾਰਲੀਮੈਂਟ ਗ਼ਜ਼ਟ, ਸਤੰਬਰ 1962)*

(15) ਰਸਾਲਾ 'ਜੀਵਨ ਪ੍ਰੀਤੀ' ਨੇ ਇਸ ਪੁਸਤਕ ਤੇ ਇਹ ਰੀਵੀਊ ਕੀਤਾ ਹੈ :-

*'ਚੌਣਵੇਂ ਫੁੱਲ' ਨਾਮ ਦੀ ਪੁਸਤਕ, ਜੋ ਨਾਜ਼ਿਰ ਦਾਅਵਤੋ-ਤਬਲੀਗ਼ ਕਾਦੀਆਂ ਭਾਰਤ ਨੇ ਪ੍ਰਕਾਸ਼ਤ ਕੀਤੀ ਹੈ, ਸਾਡੇ ਪਾਸ ਰੀਵੀਊ ਲਈ ਆਈ ਹੈ।*

*ਇਹ ਪੁਸਤਕ ਪਹਿਲਾਂ 1957 ਵਿਚ 5000 ਛਪ ਚੁਕੀ ਹੈ ਅਤੇ ਹੁਣ ਫੇਰ 1962 ਵਿਚ 5000 ਛਪੀ ਹੈ। ਇਹ ਪੰਜਾਬ ਦੇ ਅਹਿਮਦੀ ਮੁਸਲਮਾਨਾਂ ਨੇ ਇਸ ਆਸ਼ੇ ਨਾਲ ਛਪਾਈ ਹੈ ਕਿ ਇਸ ਦੁਆਰਾ ਸਾਰੇ ਦੇਸ਼ ਵਿਚ ਪ੍ਰੇਮ ਤੇ ਏਕਤਾ ਦੇ ਸੋਮੇ ਫੁਟ ਪੈਣ ਅਤੇ ਅਸੀਂ ਸੁਤੰਤਰ ਦੇਸਾਂ ਦੇ ਕੌਮਾਂ ਦੀ ਪ੍ਰਥਮ ਲਾਈਨ ਵਿਚ ਸਤਿਕਾਰ ਤੇ ਮਾਣ ਨਾਲ ਖਲੋ ਸਕੀਏ।*

*ਕਿਤਾਬ ਦੇ ਟਾਵੇਂ-ਟਾਵੇਂ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਸ ਦੇ ਕਰਤਾ ਨੇ ਸਾਡੇ ਦੇਸ਼ ਦੇ ਵੱਖ-ਵੱਖ ਮਤਾਂ ਦੇ ਮਨੋਰਥਾਂ ਨੂੰ ਦੱਸ ਕੇ ਦੇਸ਼-ਵਾਸੀਆਂ ਵਿੱਚ ਏਕਤਾ ਪੈਦਾ ਕਰਨ ਦਾ ਜਤਨ ਕੀਤਾ ਹੈ। ਅਹਿਮਦੀਆਂ ਦੇ ਮੋਢੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਜੀ ਮਹਾਰਾਜ ਦੇ ਵਿਚਾਰਾਂ ਦਾ ਵਰਨਣ ਕਰਕੇ ਇਹ ਸਿੱਧ ਕੀਤਾ ਗਿਆ ਹੈ ਕਿ ਸਾਡੇ ਦੁਫੇੜ ਦਾ ਕਾਰਨ ਮਜ਼ਹਬ ਹਨ, ਇਸ ਲਈ ਸਾਨੂੰ ਸਾਰੇ ਮਜ਼ਹਬਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਓਹਨਾਂ ਦੇ ਮੁੱਖ ਅਸੂਲਾਂ ਤੇ ਚੱਲ ਕੇ*

*ਮਿਲਵਰਤਣ ਪੈਦਾ ਕਰਨਾ ਚਾਹੀਦਾ ਹੈ। ਕੋਈ ਵੀ ਮਤ ਐਸਾ ਨਹੀਂ ਜੋ ਬੰਦੇ ਨੂੰ ਬੁਰਾਈ ਕਰਨ ਲਈ ਉਕਸਾਉਂਦਾ ਹੋਵੇ। ਦਰਅਸਲ ਇਹ ਸਾਡੀਆਂ ਮਜ਼ਹਬਾਂ ਬਾਰੇ ਭੁੱਲਾਂ ਹਨ ਜੋ ਝਗੜੇ ਝੇੜੇ ਪਾਉਂਦੀਆਂ ਹਨ। ਇਸ ਪੁਸਤਕ ਵਿੱਚ ਵੱਖ-ਵੱਖ ਮਤਾਂ ਦੇ ਹਵਾਲੇ ਦੇ ਕੇ ਸਾਰਿਆਂ ਵਿੱਚ ਏਕਤਾ ਸਥਾਪਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।*

*ਪੁਸਤਕ ਵਿਚ ਇਤਿਹਾਸਕ ਘਟਨਾਵਾਂ ਦੇ ਕੇ ਵੀ ਸਿੱਧ ਕੀਤਾ ਗਿਆ ਹੈ ਕਿ ਮਜ਼ਹਬ ਵੱਖਰੇ ਹੋਣ ਨਾਲ ਨਿਫ਼ਾਕ ਨਹੀਂ ਹੋ ਸਕਦਾ, ਬਲਕਿ ਨੇਕੀ ਕਿਸੇ ਮਤ ਵਾਲੇ ਵਿੱਚ ਵੀ ਹੋਵੇ, ਉਸ ਦੀ ਸਾਰੇ ਇੱਜ਼ਤ ਤੇ ਮਾਨ ਕਰਦੇ ਹਨ। ਮੁਸਲਮਾਨ ਬਾਦਸ਼ਾਹਾਂ ਦਾ ਸਿੱਖ ਗੁਰੂਆਂ ਕੋਲ ਆਉਣਾ ਅਤੇ ਓਹਨਾਂ ਨੂੰ ਜਾਗੀਰਾਂ ਬਖਸ਼ਣੀਆਂ ਦੇ ਵਰਨਣ ਨਾਲ ਉਹਨਾਂ ਮਿਲਵਰਤਨ ਪੈਦਾ ਕਰਨ ਦਾ ਵਾਤਾਵਰਨ ਬੰਨ੍ਹਿਆ ਹੈ।*

*ਗੁਰਮੁਖੀ ਅੱਖਰਾਂ ਵਿਚ ਅਹਿਮਦੀ ਭਰਾਵਾਂ ਵੱਲੋਂ ਇਹ ਪੁਸਤਕ ਪੰਜਾਬੀ ਸਾਹਿਤ ਵਿਚ ਪੂਰੀ ਤਰ੍ਹਾਂ ਸਤਿਕਾਰੀ ਗਈ ਜਾਪਦੀ ਹੈ, ਨਹੀਂ ਤਾਂ, ਐਨੀ ਛੇਤੀ 5000 ਦੀ ਦੂਜੀ ਐਡੀਸ਼ਨ ਛਪਣੀ ਸੰਭਵ ਨਹੀਂ ਹੋ ਸਕਦੀ ਸੀ।*

*ਅਸੀਂ ਵੀ ਆਪਣੇ ਪਾਠਕਾਂ ਪ੍ਰਤੀ ਇਸ ਪੁਸਤਕ ਤੋਂ ਲਾਭ ਲੈਣ ਲਈ ਸਿਫ਼ਾਰਸ਼ ਕਰਦੇ ਹਾਂ, ਤਾਂ ਜੁ ਐਸੇ ਵਿਚਾਰਾਂ ਦਾ ਵੱਧ ਤੋਂ ਵੱਧ ਪ੍ਰਚਾਰ ਹੋ ਸਕੇ ਅਤੇ ਦੇਸ਼ ਵਿਚ ਚਲਾਈ ਜਾ ਰਹੀ ਕੌਮੀ ਮਿਲਵਰਤਣ ਦੀ ਲਹਿਰ ਵੱਧ ਫੁੱਲ ਸਕੇ। ਪੁਸਤਕ ਦਾ ਤੱਤ ਇਹ ਦਿੱਤਾ ਗਿਆ ਹੈ :*

ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥

*ਪੁਸਤਕ ਨਾਜ਼ਿਰ ਦਾਅਵਤੋ-ਤਬਲੀਗ਼ ਕਾਦੀਆਂ, ਪੰਜਾਬ (ਭਾਰਤ) ਤੋਂ ਮੰਗਵਾਈ ਜਾ ਸਕਦੀ ਹੈ।"*

*(ਜੀਵਨ ਪ੍ਰੀਤੀ, ਸਤੰਬਰ 1962)*

ਅੰਤ ਵਿਚ ਸਾਡੀ ਇਹ ਅਰਦਾਸ ਹੈ ਕਿ ਪ੍ਰਭੂ ਇਸ ਪੁਸਤਕ ਨੂੰ ਵੱਧ ਤੋਂ ਵੱਧ ਲਾਭਦਾਇਕ ਬਣਾਏ ਤੇ ਇਸ ਦੁਆਰਾ ਸਾਡੇ ਦੇਸ਼ ਵਿਚ ਪ੍ਰੇਮ ਤੇ ਏਕਦਾ ਦੇ ਸੋਮੇਂ ਫੁੱਟ ਪੈਣ ਅਤੇ ਅਸੀਂ ਸੁਤੰਤਰ ਦੇਸ਼ਾਂ ਤੇ ਕੌਮਾਂ ਦੀ ਪ੍ਰਥਮ ਲਾਇਨ ਵਿਚ ਸਤਿਕਾਰ ਤੇ ਮਾਨ ਨਾਲ ਖਲੋ ਸਕੀਏ। ਪ੍ਰਭੂ ਸਾਨੂੰ ਇਸ ਦੀ ਸ਼ਕਤੀ ਬਖਸ਼ੇ।

ਦੇਸ਼ ਤੇ ਕੌਮ ਦਾ ਸ਼ੁਭ-ਚਿੰਤਕ

**ਮਿਰਜ਼ਾ ਵਸੀਮ ਅਹਿਮਦ**

# ਮੁਢਲੀ ਗੱਲ

ਇਹ ਇਕ ਮੰਨੀ ਪ੍ਰਮੰਨੀ ਗੱਲ ਹੈ ਕਿ ਹਰੇਕ ਦੇਸ਼ ਤੇ ਜਾਤੀ ਦੀ ਆਰਥਕ ਤੇ ਪ੍ਰਮਾਰਥਕ ਉੱਨਤੀ ਵਿੱਚ ਏਕਤਾ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ। ਸੱਚ ਤਾਂ ਇਹ ਹੈ ਕਿ ਏਕਤਾ ਤੋਂ ਬਿਨਾਂ ਕੋਈ ਜਾਤੀ ਇੱਕ ਕਦਮ ਵੀ ਅੱਗੇ ਨਹੀਂ ਵਧ ਸਕਦੀ। ਸੰਸਾਰ ਦਾ ਇਤਿਹਾਸ ਸਾਖੀ ਹੈ ਕਿ ਜਿਨ੍ਹਾਂ ਜਾਤੀਆਂ ਨੇ ਅਨੇਕਤਾ ਨੂੰ ਆਪਣਾਇਆ ਤੇ ਫੁਟ ਨੂੰ ਪਿਆਰਿਆ, ਓਹ ਸੰਸਾਰ ਦੀ ਦੌੜ ਵਿਚ ਪਿੱਛੇ ਹੀ ਰਹੀਆਂ। ਇਸੇ ਕਰਕੇ ਇਸਲਾਮ ਧਰਮ ਤੇ ਗੁਰਮਤਿ ਨੇ ਏਕਤਾ ਤੇ ਵੱਡਾ ਜ਼ੋਰ ਦਿੱਤਾ ਹੈ ਅਤੇ ਅਨੇਕਤਾ ਦੇ ਹਾਨ ਵੀ ਦੱਸੇ ਹਨ ਤੇ ਉਸ ਨੂੰ ਵੱਡਾ ਨਿੰਦਿਆ ਹੈ, ਜਿਹਾ ਕਿ :-

ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥

(ਗੁਜਰੀ, ਮ: 5)

ਅਰਥਾਤ :- ਮੈਂ ਮਿਲ ਬੈਠਣ ਤੇ ਏਕਤਾ ਦੀ ਮਹਿਮਾ ਵਰਨਣ ਨਹੀਂ ਕਰ ਸਕਦਾ। ਇਹ ਪਰੇ ਤੋਂ ਪਰੇ ਤੇ ਉੱਚੀ ਤੋਂ ਉੱਚੀ ਹੈ।

ਇਸੇ ਤਰ੍ਹਾਂ ਪਰਸਪਰ ਝਗੜਿਆਂ ਦੇ ਹਾਣ ਵੀ ਗੁਰੂ ਗ੍ਰੰਥ ਸਾਹਿਬ ਵਿਚ ਵੱਡੇ ਸੋਹਣੇ ਢੰਗ ਨਾਲ ਵਰਨਣ ਕੀਤੇ ਗਏ ਹਨ; ਜਿਹਾ ਕਿ ਲਿਖਿਆ ਹੈ ਕਿ :-

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥

(ਵਾਰ ਬਿਹਾਗੜਾ, ਸ: ਮ: 3, ਪੰ: 549)

ਅਰਥਾਤ :- ਜਿਨ੍ਹਾਂ ਜਾਤੀਆਂ ਦਾ ਦਿਨ-ਰਾਤ ਝਗੜਿਆਂ, ਬਖੇੜਿਆਂ ਵਿੱਚ ਬੀਤਦਾ ਹੈ, ਓਹ ਰੱਬ ਜਾਂ ਰੱਬ ਦੀਆਂ ਗੱਲਾਂ ਤੇ ਵਿਚਾਰ ਨਹੀਂ ਕਰ ਸਕਦੀਆਂ, ਓਹਨਾਂ ਦੀ ਸੁਧ ਮਤਿ ਕਰਤਾ ਖਸ ਲੈਂਦਾ ਹੈ ਤੇ ਓਹਨਾਂ ਦਾ ਸਾਰਾ ਪ੍ਰੋਗਰਾਮ ਫਾਹੂ ਤੇ ਮਾਰੂ ਹੋ ਜਾਂਦਾ ਹੈ ਅਤੇ ਦੇਸ ਵਿੱਚ ਅਸ਼ਾਂਤੀ ਫੈਲਾਉਣਾ ਓਹਨਾਂ ਦਾ ਕਰਤਵ ਹੋ ਜਾਂਦਾ ਹੈ।

ਸਾਡੇ ਕੁਰਾਨ ਸ਼ਰੀਫ਼ ਵਿਚ ਏਕਤਾ ਬਾਰੇ ਇਹ ਸਿਖਿਆ ਦਿੱਤੀ ਗਈ ਹੈ ਕਿ :-

*"ਸੁਲਹ (ਏਕਤਾ) ਸਭ ਤੋਂ ਚੰਗੀ ਗੱਲ ਹੈ।"*

ਇਸ ਤਰ੍ਹਾਂ ਅਨੇਕਤਾ ਬਾਰੇ ਇਹ ਕਿਹਾ ਗਿਆ ਹੈ :-

*"ਝਗੜੇ-ਬਖੇੜੇ ਤੇ ਫੁੱਟ ਤੋਂ ਸਦਾ ਬਚਦੇ ਰਹੋ, ਨਹੀਂ ਤਾਂ ਤੁਹਾਡੀ ਹਵਾ ਉਖੜ ਜਾਵੇਗੀ ਤੇ ਤੁਸੀਂ ਸੁਸਤ ਹੋ ਜਾਉਗੇ; ਇਸ ਲਈ ਸਬਰ ਤੋਂ ਕੰਮ ਲੈਂਦੇ ਰਹੋ। ਬੇਸ਼ੱਕ ਅੱਲਾਹ ਸਬਰ ਕਰਨ ਵਾਲਿਆਂ ਦੇ ਹੀ ਅੰਗ ਸੰਗ ਹੈ।"*

# ਜਮਾਤ ਅਹਿਮਦੀਆ ਤੇ ਏਕਤਾ

ਜਮਾਤ ਅਹਿਮਦੀਆ ਕੋਈ ਸਿਆਸੀ ਸੰਸਥਾ ਨਹੀਂ ਹੈ, ਨਾ ਇਸ ਦਾ ਕੋਈ ਅੱਡਰਾ ਸਿਆਸੀ ਪ੍ਰੋਗਰਾਮ ਹੈ। ਇਹ ਇੱਕ ਨਿਰੋਲ ਧਾਰਮਿਕ ਜਮਾਤ ਹੈ। ਇਸ ਦਾ ਮੁੱਖ ਮੰਤਵ ਸਾਰੇ ਜੱਗ ਵਿਚ ਪ੍ਰੇਮ-ਭਾਵਨਾ ਨਾਲ ਇਸਲਾਮ ਧਰਮ ਦਾ ਪ੍ਰਚਾਰ ਕਰਨਾ ਤੇ ਲੋਕਾਈ ਨੂੰ ਪਰਸਪਰ ਪ੍ਰੇਮ ਦੀ ਪ੍ਰੇਰਨਾ ਦੇਣਾ ਹੈ। ਇਸ ਜਮਾਤ ਦਾ ਪਿਛਲਾ ਸਾਰਾ ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਸ ਨੇ ਇਸਲਾਮ ਦੇ ਪ੍ਰਚਾਰ ਦੇ ਨਾਲ-ਨਾਲ ਏਕਤਾ ਨੂੰ ਪ੍ਰਚਾਰਨਾ ਵੀ ਆਪਣਾ ਪ੍ਰੋਗਰਾਮ ਬਣਾਈ ਰੱਖਿਆ। ਰਾਜਨੀਤੀ ਤੋਂ ਇਹ ਜਮਾਤ ਸਦਾ ਹੀ ਦੂਰ ਰਹੀ।

ਸਾਡੇ ਵਿਚਾਰਾਂ ਅਨੁਸਾਰ ਹੁਣ ਤਕ ਭਾਰਤ ਦੀਆਂ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਆਦਿ ਜਾਤੀਆਂ ਵਿਚ ਜਿੰਨੇ ਵੀ ਝਗੜੇ-ਬਖੇੜੇ ਤੇ ਖ਼ੂਨ-ਖ਼ਰਾਬੇ ਸਮੇਂ ਸਮੇਂ ਹੁੰਦੇ ਰਹੇ ਹਨ, ਓਹਨਾਂ ਦੀ ਨੀਂਹ ਵਾਸਤਵ ਵਿਚ ਧਾਰਮਿਕ ਭੇਦਤਾ ਤੇ ਮਜ਼ਹਬੀ ਮਤਿਭੇਦ ਤੇ ਹੀ ਸੀ। ਜਮਾਤ ਅਹਿਮਦੀਆ ਦੇ ਮੋਢੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਜੀ ਮਹਾਰਾਜ ਨੇ ਇਸ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਇਹ ਫ਼ਰਮਾਇਆ ਹੈ ਕਿ :-

> *"ਮੁਝੇ ਉਨ ਸਾਹਿਬੋਂ ਸੇ ਇਤਫ਼ਾਕ ਰਾਇ ਨਹੀਂ, ਜੋ ਕਹਿਤੇ ਹੈਂ ਕਿ ਹਿੰਦੂ ਔਰ ਮੁਸਲਮਾਨੋਂ ਕੀ ਬਾਹਮੀ ਅਦਾਵਤ ਔਰ ਨਿਫ਼ਾਕ ਕਾ ਬਾਇਸ ਮਜ਼ਹਬੀ ਤਨਾਜ਼ਾਤ ਨਹੀਂ ਹੈਂ, ਅਸਲ ਤਨਾਜ਼ਾਤ ਪੋਲੀਟੀਕਲ ਹੈਂ... ਇਸ ਕਾ ਅਸਲ ਬਾਇਸ ਦਰ ਅਸਲ ਮਜ਼ਹਬ ਹੀ ਹੈ; ਇਸ ਕੇ ਸਿਵਾ ਕੁਛ ਨਹੀਂ।* (ਪੈਗ਼ਾਮਿ ਸੁਲਹ, ਪੰਨਾ 28)

ਸੰ: 1947 ਵਿਚ ਭਾਰਤ ਤੇ ਪਾਕਿਸਤਾਨ ਵਿੱਚ ਜੋ ਕੁਝ ਹੋਇਆ ਤੇ ਜਿਸ ਤਰ੍ਹਾਂ ਇਕ ਦੂਜੇ ਨੇ ਇਸਤ੍ਰੀਆਂ, ਬੱਚਿਆਂ, ਬੁੱਢਿਆਂ ਤੇ ਜੁਆਨਾਂ ਦਾ ਅੰਨ੍ਹੇਵਾਹ ਘਾਤ ਕੀਤਾ, ਉਸ ਦੀ ਉਦਾਹਰਣ ਸਾਰੇ ਜੱਗ ਦੇ ਇਤਿਹਾਸ ਵਿਚ ਨਹੀਂ ਮਿਲਦੀ। ਇਸ

ਖ਼ੂਨ-ਖ਼ਰਾਬੇ ਵਿੱਚ ਇੱਕ ਦੂਜੇ ਦੇ ਹੱਥੋਂ ਬੇਅੰਤ ਅਜੇਹੇ ਬੰਦੇ ਵੀ ਮਾਰੇ ਗਏ, ਜਿਨ੍ਹਾਂ ਦਾ ਆਪਸ ਵਿਚ ਨੀਤੀ ਦਾ ਕੋਈ ਵਿਰੋਧ ਨਹੀਂ ਸੀ ਤੇ ਓਹਨਾਂ ਦੇ ਸਿਆਸੀ ਵਿਚਾਰ ਇੱਕੋ ਹੀ ਸਨ, ਪਰ ਧਾਰਮਿਕ ਵਿਚਾਰਾਂ ਵਿਚ ਭੇਦਤਾ ਸੀ । ਇਹ ਖ਼ੂਨ-ਖ਼ਰਾਬਾ ਇਸ ਗੱਲ ਦਾ ਸੂਚਕ ਹੈ ਕਿ ਭਾਰਤ ਦੇ ਭਿੰਨ-ਭਿੰਨ ਲੋਕਾਂ ਤੇ ਅੱਡ-ਅੱਡ ਜਾਤੀਆਂ ਦੇ ਸਾਰੇ ਝਗੜੇ ਅਸਲ ਵਿੱਚ ਧਾਰਮਿਕ ਭੇਦਤਾ ਦੇ ਕਾਰਨ ਹੀ ਸਨ । ਇਹ ਠੀਕ ਹੈ ਕਿ ਸੰਸਾਰ ਦਾ ਕੋਈ ਸੱਚਾ ਧਰਮ ਲੜਾਈ-ਝਗੜੇ ਤੇ ਖ਼ੂਨ-ਖ਼ਰਾਬੇ ਦੀ ਸਿੱਖਿਆ ਨਹੀਂ ਦਿੰਦਾ ਇਹ ਫ਼ਸਾਦ ਅਸਲ ਵਿਚ ਧਰਮ ਦੀ ਗ਼ਲਤ ਵਰਤੋਂ ਦਾ ਸਿੱਟਾ ਹੈ, ਪਰ ਇਹ ਵੀ ਸੱਚ ਹੈ ਕਿ ਇਸ ਦਾ ਨਿਰਭਰ ਧਰਮ ਦੇ ਮਤਿਭੇਦ ਤੇ ਹੀ ਹੈ ।

ਇੱਥੇ ਅਸੀਂ ਇਹ ਵੀ ਦੱਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਜਿੱਥੇ ਉਸ ਸਮੇਂ ਵੱਡੇ-ਵੱਡੇ ਸਿਆਣਿਆਂ, ਧਰਮੀਆਂ, ਦੇਸ਼ ਸੇਵਕਾਂ, ਗੁਰਮੁਖਾਂ ਤੇ ਮੋਮਨਾਂ ਦੀ ਵੀ ਮਤਿ ਮਾਰੀ ਗਈ ਸੀ ਤੇ ਓਹਨਾਂ ਨੇ 'ਹਰਿ ਹਰਿ ਮਹਾਂਦੇਵ', 'ਬੰਦੇ ਮਾਤ੍ਰਮ', 'ਸਤਿ ਸ਼੍ਰੀ ਅਕਾਲ' ਤੇ 'ਅੱਲਾਹੁ ਅਕਬਰ' ਦੇ ਨਾਅਰੇ ਮਾਰ ਮਾਰ ਕੇ ਇਕ ਦੂਜੇ ਦਾ ਅੰਨ੍ਹੇਵਾਹ ਘਾਤ ਕੀਤਾ ਸੀ ਤੇ ਇਸ ਨੂੰ ਦੇਸ਼, ਧਰਮ ਤੇ ਕੌਮ ਦੀ ਸੇਵਾ ਸਮਝਿਆ ਸੀ, ਉੱਥੇ ਜਮਾਤ ਅਹਿਮਦੀਆ ਦੇ ਲੋਕਾਂ ਨੇ ਇਸ ਭਿਆਨਕ ਫ਼ਸਾਦ ਸਮੇਂ ਕਿਸੇ ਵੀ ਪ੍ਰਾਣੀ ਦੇ ਲਹੂ ਨਾਲ ਆਪਣੇ ਹੱਥ ਨਹੀਂ ਰੰਗੇ ਸਨ । ਭਾਰਤ ਦੇ ਇਕ ਪ੍ਰਸਿੱਧ ਅਖ਼ਬਾਰ 'ਸਟੇਟਸਮੈਨ' ਨੇ ਆਪਣੇ ਇਕ ਪਰਚੇ ਵਿਚ ਇਹ ਪ੍ਰਕਾਸ਼ਿਆ ਸੀ ਕਿ :-

> *"Non-Muslims testify that the Ahmadiyyas did not soil their, hands by taking part in the disturbances."*

ਅਰਥਾਤ :- ਗ਼ੈਰ-ਮੁਸਲਿਮ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਅਹਿਮਦੀਆਂ ਨੇ 1947 ਦੇ ਖ਼ੂਨ-ਖ਼ਰਾਬੇ ਵਿਚ ਆਪਣੇ ਹੱਥ ਦੂਜਿਆ ਦੀ ਰਤ ਨਾਲ ਨਹੀਂ ਰੰਗੇ ।

ਜੇ ਕਦੇ ਫ਼ਸਾਦ ਦਾ ਭਾਂਬੜ ਮਚ ਜਾਏ ਤੇ ਲੋਕ ਇਕ ਦੂਜੇ ਦਾ ਘਾਤ ਕਰਨ ਤੇ ਅੱਗਾਂ ਲਾਉਣ ਵਿਚ ਰੁਝੇ ਹੋਣ, ਤਾਂ ਉਸ ਲਈ ਸ਼੍ਰੀ ਮਿਰਜ਼ਾ ਸਾਹਿਬ ਜੀ ਮਹਾਰਾਜ ਦੀ ਇਹ ਸਿੱਖਿਆ ਹੈ :-

> *''ਹਮਾਰਾ ਯਿਹ ਅਸੂਲ ਹੈ ਕਿ ਕੁਲ ਬਨੀ ਨੌਅ ਕੀ ਹਮਦਰਦੀ ਕਰੋ, ਅਗਰ ਏਕ ਸ਼ਖ਼ਸ਼ ਏਕ ਹਮਸਾਇਆ ਹਿੰਦੂ ਕੋ ਦੇਖਤਾ ਹੈ ਕਿ ਉਸ ਕੇ ਘਰ ਮੇਂ ਆਗ ਲੱਗ ਗਈ ਹੈ, ਔਰ ਯਿਹ ਨਹੀਂ ਉਠਤਾ ਕਿ ਆਗ ਬੁਝਾਨੇ ਮੇਂ ਮਦਦ ਦੇ, ਤੋ ਮੈਂ ਸੱਚ-ਸੱਚ ਕਹਿਤਾ ਹੂੰ ਕਿ ਵੋਹ ਮੁਝ ਸੇ*

*ਨਹੀਂ ਹੈ। ਅਗਰ ਏਕ ਸ਼ਖ਼ਸ਼ ਹਮਾਰੇ ਮੁਰੀਦੋਂ ਮੇਂ ਸੇ ਦੇਖਤਾ ਹੈ ਕਿ ਏਕ ਈਸਾਈ ਕੋ ਕੋਈ ਕਤਲ ਕਰਤਾ ਹੈ ਔਰ ਵੋਹ ਉਸ ਕੋ ਛੁੜਾਨੇ ਕੇ ਲੀਏ ਮਦਦ ਨਹੀਂ ਕਰਤਾ, ਤੋ ਮੈਂ ਤੁਮ੍ਹੇਂ ਬਿਲਕੁਲ ਦਰੁਸਤ ਕਹਿਤਾ ਹੂੰ ਕਿ ਵੋਹ ਹਮ ਮੇਂ ਸੇ ਨਹੀਂ ਹੈ।" (ਸਿਰਾਜਿ ਮੁਨੀਰ, ਪੰਨਾ 24)*

ਸ਼੍ਰੀ ਮਿਰਜ਼ਾ ਸਾਹਿਬ ਜੀ ਦੀ ਇਸ ਸ਼ੁਭ-ਸਿੱਖਿਆ ਦੇ ਅਧਾਰ ਤੇ ਹੀ 1947 ਦੀ ਗੜਬੜ ਸਮੇਂ ਅਹਿਮਦੀਆਂ ਨੇ ਕਈ ਥਾਈਂ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਵੀ ਦੂਜਿਆਂ ਦੀ ਸਹਾਇਤਾ ਕੀਤੀ ਸੀ ਤੇ ਓਹਨਾਂ ਦੇ ਜਾਨ-ਮਾਲ ਨੂੰ ਬਚਾਇਆ ਸੀ।

ਸੋ ਜਮਾਤ ਅਹਿਮਦੀਆ ਦੇ ਇਹ ਵਿਚਾਰ ਹਨ ਕਿ ਸਾਡੇ ਦੇਸ਼ ਵਾਸੀਆਂ ਦੇ ਸਾਰੇ ਮਤਿਭੇਦ ਅਸਲ ਵਿਚ ਧਾਰਮਿਕ ਭੇਦਤਾ ਦੇ ਆਧਾਰ ਤੇ ਹਨ; ਇਸ ਲਈ ਏਸ ਨੇ ਏਕਤਾ ਦੀ ਨੀਂਹ ਵੀ ਧਰਮ ਦੀ ਸ਼ੁਭ-ਸਿੱਖਿਆ ਤੇ ਰੱਖੀ ਹੈ ਅਤੇ ਇਸ ਸੰਬੰਧ ਵਿਚ ਸਾਰੇ ਧਰਮਾਂ ਦੇ ਅਵਤਾਰਾਂ, ਨਬੀਆਂ ਤੇ ਗੁਰੂਆਂ ਆਦਿ ਨੂੰ ਸਤਿਕਾਰਨਾ ਧਰਮ ਦਾ ਇੱਕ ਮੁੱਖ ਅੰਗ ਪਰਗਟ ਕੀਤਾ ਹੈ, ਇਸ ਬਾਰੇ ਸ਼੍ਰੀ ਮਿਰਜ਼ਾ ਸਾਹਿਬ ਜੀ ਦਾ ਇਹ ਫ਼ਰਮਾਨ ਹੈ :-

ਹਰ ਰਸੂਲਿ ਆਫ਼ਤਾਬਿ ਸਿਦਕ ਬੂਦ,
ਹਰ ਰਸੂਲਿ ਬੂਦ ਮਿਹਰਿ ਅਨਵਰੇ ॥

ਗੁਰ਼ਮਤਿ ਨੇ ਇਸ ਬਾਰੇ ਇਹ ਸਿੱਖਿਆ ਦਿੱਤੀ ਹੈ :-

ਕਬੀਰ ਪੂੰਗਰਾ ਰਾਮ ਅਲਹ ਕਾ
ਸਭ ਗੁਰ ਪੀਰ ਹਮਾਰੇ ॥

(ਸ਼ਲੋਕ, ਕਬੀਰ)

ਜਮਾਤ ਅਹਿਮਦੀਆ ਸਾਰੇ ਅਵਤਾਰਾਂ, ਨਬੀਆਂ ਤੇ ਗੁਰੂਆਂ ਆਦਿ ਮਹਾਪੁਰਖਾਂ ਦਾ ਸਤਿਕਾਰਨਾ ਕੇਵਲ ਇਕ ਸਿੱਧਾਂਤ ਹੀ ਨਹੀਂ ਸਮਝਦੀ; ਸਗੋਂ ਇਸ ਤੇ ਵਰਤੋਂ ਵੀ ਕਰਦੀ ਹੈ ਤੇ ਇਸ ਦੇ ਸਬੂਤ ਵਜੋਂ ਹਰ ਸਾਲ ਇਕ ਦਿਨ 'ਯੌਮਿ ਪੇਸ਼ਵਾਯਾਨਿ ਮਜ਼ਾਹਬ' ਦੇ ਨਾਂ ਤੇ ਵੀ ਮਨਾਉਦੀ ਹੈ। ਉਸ ਦਿਨ ਸਾਰੇ ਦੇਸ਼ ਵਿਚ ਥਾਂ-ਥਾਂ ਜਲਸੇ ਕਰ ਕੇ ਸਾਰੇ ਗੁਰੂਆਂ, ਅਵਤਾਰਾਂ ਤੇ ਨਬੀਆਂ ਆਦਿ ਮਹਾਂ ਪੁਰਖਾਂ ਦੀਆਂ ਜੀਵਨੀਆਂ ਤੇ ਚਾਨਣਾ ਪਾਇਆ ਜਾਂਦਾ ਹੈ ਤੇ ਓਹਨਾਂ ਦੀ ਸ਼ੁਭ-ਸਿੱਖਿਆ ਨੂੰ ਲੋਕਾਂ ਦੇ ਸਾਹਮਣੇ ਰੱਖਿਆ ਜਾਂਦਾ ਹੈ।

ਇਸ ਤੋਂ ਛੁੱਟ ਸਾਰੇ ਸੰਸਾਰ ਵਿਚ ਵਸ ਰਹੇ ਅਹਿਮਦੀ ਮੁਸਲਮਾਨ ਆਪਣੀਆਂ ਪ੍ਰਾਈਵੇਟ ਮਜਲਿਸਾਂ ਵਿਚ ਵੀ ਭਿੰਨ-ਭਿੰਨ ਮਤਾਂ ਦੇ ਅਵਤਾਰਾਂ ਤੇ ਨਬੀਆਂ ਆਦਿ

ਸ਼੍ਰੀ ਕ੍ਰਿਸ਼ਨ ਸਾਡਾ ਤੇ ਹੈ ਰਾਮ ਸਾਡਾ ।
ਮੁਸਲਿਮ ਅਸੀਂ ਹਾਂ ਤੇ ਇਸਲਾਮ ਸਾਡਾ ॥
ਨਾਨਕ ਤੋਂ ਸਦਕੇ ਤੇ ਈਸਾ ਤੋਂ ਵਾਰੀ ।
ਏਹੋ ਅਹਿਮਦੀਅਤ ਦਾ ਪੈਗ਼ਾਮ ਸਾਡਾ ॥
ਪਿੰਡ ਪਿੰਡ ਤੇ ਘਰ ਘਰ ਏਹ ਡੁੱਗੀ ਪਿਟਾ ਦੇ ।
ਸਿੱਖ ਹਿੰਦੂ ਮੁਸਲਿਮ ਨੂੰ ਪ੍ਰੇਮੀ ਬਣਾ ਦੇ ॥

# ਇਤਿਹਾਸ ਤੇ ਏਕਤਾ

ਇਤਿਹਾਸ ਕੌਮਾਂ ਦੀ ਜਿੰਦ-ਜਾਨ ਹੈ। ਇਹ ਇੱਕ ਅਟੱਲ ਸੱਚਾਈ ਹੈ। ਇਸ ਨੂੰ ਕਿਸੇ ਸਮੇਂ ਵੀ ਝੁਠਲਾਇਆ ਨਹੀਂ ਜਾ ਸਕਦਾ। ਓਹ ਜਾਤੀਆਂ ਜੋਂ ਆਪਣੇ ਇਤਿਹਾਸ ਦੀ ਸੰਭਾਲ ਨਹੀਂ ਕਰਦੀਆਂ, ਆਪਣਾ ਅੱਗਾ ਸੁਆਰਨ ਤੇ ਸਮਰੱਥ ਨਹੀਂ ਹੋ ਸਕਦੀਆਂ, ਕਿਉਂ ਜੁ ਅੱਗਾ ਸੁਆਰਨ ਵਾਸਤੇ ਭੂਤਕਾਲ ਦੀਆਂ ਘਟਨਾਵਾਂ ਤੋਂ ਜਾਣੂ ਹੋਣਾ ਅਤਿ ਜ਼ਰੂਰੀ ਹੈ, ਅਰਥਾਤ ਆਪਣੇ ਬੀਤ ਚੁੱਕੇ ਬਜ਼ੁਰਗਾਂ ਦੀਆਂ ਜੀਵਨ-ਘਟਨਾਵਾਂ ਤੇ ਉਹਨਾਂ ਨਾਲ ਵਾਪਰੀਆਂ ਗੱਲਾਂ ਕੌਮ ਦੇ ਜੀਵਨ-ਪੰਧ ਨੂੰ ਵੱਡਾ ਸੌਖਾ ਕਰ ਦਿੰਦੀਆਂ ਹਨ। ਸੋ ਗੱਲ ਕੀ, ਇਤਿਹਾਸ ਇਕ ਚਾਨਣ-ਮੁਨਾਰਾ ਹੈ। ਇਸ ਰਾਹੀਂ ਮਨੁੱਖ ਜਾਤੀ ਵੱਡੀ ਵਾਕਫ਼ੀ ਪ੍ਰਾਪਤ ਕਰਦੀ ਹੈ। ਇਸੇ ਹੀ ਭਾਵ ਨੂੰ ਮੁੱਖ ਰੱਖ ਕੇ ਗੁਰਬਾਣੀ ਇਹ ਆਖਦੀ ਹੈ :-

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥*

*(ਵਾਰ ਰਾਮਕਲੀ, ਮ: 3)*

ਇਸ ਦੇ ਨਾਲ ਹੀ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਜਿੱਥੇ ਇਤਿਹਾਸ ਇੱਕ ਚਾਨਣ-ਮੁਨਾਰਾ ਹੈ ਅਤੇ ਇਸ ਰਾਹੀਂ ਮਨੁੱਖ ਸਦੀਆਂ ਪਹਿਲਾਂ ਬੀਤ ਚੁੱਕੇ ਲੋਕਾਂ ਦੇ ਹਾਲ-ਚਾਲ ਦਾ ਸਹਿਜੇ ਹੀ ਪਤਾ ਲਾ ਲੈਂਦਾ ਹੈ ਅਤੇ ਆਪਣਾ ਅੱਗਾ ਸੁਆਰਨ ਤੇ ਸਮਰੱਥ ਹੋ ਜਾਂਦਾ ਹੈ, ਉੱਥੇ ਇਸ ਦਾ ਵਿਗੜਿਆ ਹੋਇਆ ਰੂਪ, ਅਰਥਾਤ ਅਸ਼ੁੱਧ ਅਤੇ ਮਿਥਿਹਾਸਿਕ ਘਟਨਾਵਾਂ ਭਰਿਆ ਇਤਿਹਾਸ ਪੁੱਤਾਂ ਨੂੰ ਵੀ ਕਪੁੱਤ ਬਣਾ ਦਿੰਦਾ ਹੈ। ਸਾਡੇ ਦੇਸ਼ ਭਾਰਤ ਵਿਚ ਹਿੰਦੂ, ਮੁਸਲਿਮ ਤੇ ਸਿੱਖ ਅਨੇਕਤਾ ਦਾ ਜੋ ਝੱਖੜ ਸਮੇਂ-ਸਮੇਂ ਝੁਲਦਾ ਰਿਹਾ ਹੈ ਅਤੇ ਅਜੇ ਵੀ ਕਦੇ ਕਦੇ ਝੁਲ ਪੈਂਦਾ ਹੈ, ਉਸ ਦਾ ਇੱਕ ਕਾਰਨ ਇਹ ਅਸ਼ੁੱਧ ਇਤਿਹਾਸ ਹੀ ਹੈ। ਅੰਗਰੇਜ਼ੀ ਰਾਜ ਸਮੇਂ ਭਾਰਤ ਵਾਸੀਆਂ ਨੂੰ ਜੋ ਇਤਿਹਾਸ ਪੜ੍ਹਾਇਆ ਗਿਆ, ਉਸ ਵਿੱਚ ਜਾਣ ਬੁਝ ਕੇ ਬੇਅੰਤ ਮਿਥਿਹਾਸਿਕ ਘਟਨਾਵਾਂ ਅਜੇਹੀਆਂ ਸ਼ਾਮਲ ਕੀਤੀਆਂ ਗਈਆਂ, ਜੋ ਸਾਨੂੰ ਇਕ ਦੂਜੇ

ਤੋਂ ਦੂਰ ਲੈ ਜਾਣ ਦਾ ਵੱਡਾ ਕਾਰਨ ਬਣੀਆਂ।

ਜਿਨ੍ਹੀਂ ਦਿਨੀਂ ਵਲਾਇਤ ਵਿਚ ਗੋਲਮੇਜ਼ ਕਾਨਫ਼੍ਰੰਸ ਹੋ ਰਹੀ ਸੀ, ਉਦੋਂ ਇੱਕ ਪ੍ਰਸਿੱਧ ਨੇਤਾ ਮੌਲਾਨਾ ਮੁਹੰਮਦ ਅਲੀ ਜੀ ਨੇ (ਜੋ ਮੌਲਾਨਾ ਸ਼ੌਕਤ ਅਲੀ ਜੀ ਦੇ ਭਰਾਤਾ ਸਨ) ਇੱਕ ਸਮਾਗਮ ਵਿੱਚ ਇਹ ਕਿਹਾ ਸੀ ਕਿ ਸਾਡੇ ਦੇਸ਼ – ਭਾਰਤ ਦੀ ਅਨੇਕਤਾ ਤੇ ਫੁਟ ਉਸ ਇਤਿਹਾਸ ਦੀ ਪੈਦਾਵਾਰ ਹੈ, ਜੋ ਅੰਗਰੇਜ਼ਾਂ ਨੇ ਆਪਣੀ ਨੀਤੀ ਦੇ ਅਧਾਰ ਤੇ ਤਿਆਰ ਕਰਵਾਇਆ ਹੈ ਤੇ ਭਾਰਤੀ ਬਾਲਕਾਂ ਨੂੰ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਾਇਆ ਜਾਂਦਾ ਹੈ। ਇਸ ਨੇ ਦੇਸ ਵਾਸੀਆਂ ਦੀਆਂ ਅੱਡ-ਅੱਡ ਜਾਤੀਆਂ ਵਿਚ ਵੈਰ ਵਿਰੋਧ ਦਾ ਵੱਡਾ ਵਾਧਾ ਕੀਤਾ ਹੈ। ਜੇ ਇਸ ਅਸ਼ੁੱਧ ਤੇ ਮਿਥਿਹਾਸਿਕ ਘਟਨਾਵਾਂ ਭਰੇ ਇਤਿਹਾਸ ਨੂੰ ਪੜ੍ਹਨਾ ਛੱਡ ਦਿੱਤਾ ਜਾਵੇ, ਤਾਂ ਭਾਰਤ ਦੀ ਅਨੇਕਤਾ ਬਹੁਤ ਛੇਤੀ ਏਕਤਾ ਵਿਚ ਬਦਲ ਸਕਦੀ ਹੈ।

ਇਸ ਗੱਲ ਤੋਂ ਕਿਸੇ ਵੀ ਸਿਆਣੇ ਤੇ ਜਾਣਕਾਰ ਨੂੰ ਨਾਂਹ ਨਹੀਂ ਹੋ ਸਕਦੀ ਕਿ ਅੰਗਰੇਜ਼ਾਂ ਨੇ ਆਪਣੇ ਸਮੇਂ ਜੋ ਇਤਿਹਾਸ ਤਿਆਰ ਕਰਵਾਇਆ, ਉਸ ਵਿੱਚ ਇਤਿਹਾਸਿਕ ਸੱਚਾਈਆਂ ਨੂੰ ਅੰਕਿਤ ਕਰਵਾਉਣ ਦੀ ਥਾਂ ਆਪਣੀਆਂ ਸਿਆਸੀ ਲੋੜਾਂ ਨੂੰ ਹੀ ਵਧੇਰੇ ਮੁਖ ਰੱਖਿਆ ਤੇ ਮਿਥਿਹਾਸਿਕ ਘਟਨਾਵਾਂ ਭਰਿਆਂ ਇਤਿਹਾਸ ਤਿਆਰ ਕਰਵਾਇਆ, ਇਸ ਦਾ ਮੂਲ ਕਾਰਨ ਇਹ ਸੀ ਕਿ ਓਹ ਭਾਰਤੀਆਂ ਦੇ ਮਨਾਂ ਵਿਚ ਭਾਰਤੀ ਰਾਜਿਆਂ-ਮਹਾਰਾਜਿਆਂ ਤੇ ਬਾਦਸ਼ਾਹਾਂ ਬਾਰੇ ਘ੍ਰਿਣਾ ਤੇ ਅੰਗਰੇਜ਼ੀ ਹੁਕਮਰਾਨਾ ਬਾਰੇ ਪ੍ਰੇਮ-ਭਗਤੀ ਪੈਦਾ ਕਰਨ ਦੇ ਚਾਹਵਾਨ ਸਨ ਤੇ ਇਹ ਰਾਹ ਓਹਨਾਂ ਨੇ ਇਸੇ ਲਈ ਹੀ ਚੁਣਿਆ ਸੀ। ਇੱਕ ਸਿੱਖ ਵਿਦਵਾਨ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

*"ਅੰਗਰੇਜ਼ ਲਿਖਾਰੀਆਂ ਦੀ ਇਹ ਨੀਤਕ ਚਾਲ ਰਹੀ ਹੈ ਕਿ ਹਿੰਦੁਸਤਾਨੀ ਬਾਦਸ਼ਾਹਾਂ, ਰਾਜਿਆਂ ਜਾਂ ਨਵਾਬਾਂ ਨੂੰ ਭੈੜੇ ਰੂਪ ਵਿਚ ਪੇਸ਼ ਕੀਤਾ ਜਾਵੇ, ਤਾਕਿ ਲੋਕ ਓਹਨਾਂ ਤੋਂ ਘ੍ਰਿਣਾ ਕਰਨ ਤੇ ਅੰਗਰੇਜ਼ੀ ਰਾਜ ਨੂੰ ਤਰਜੀਹ ਦੇਣ।" (ਇਤਿਹਾਸਕ ਲੈਕਚਰ, ਪੰਨਾ 316)*

ਸਿੱਖ ਇਤਿਹਾਸ ਦੇ ਖੋਜੀ ਜਾਣਦੇ ਹਨ ਕਿ ਅੰਗਰੇਜ਼ਾਂ ਨੇ ਸਿੱਖ ਇਤਿਹਾਸ ਤੇ ਆਪਣਾ ਪ੍ਰਭਾਵ ਪਾਉਣ ਦਾ ਵਧੇਰੇ ਟਿਲ ਲਾਇਆ ਹੈ। ਇੱਕ ਵਿਦਵਾਨ ਨੇ ਇਸ ਬਾਰੇ ਇਹ ਲਿਖਿਆ ਹੈ :-

*"ਈਸਟ ਇੰਡੀਆ ਕੰਪਨੀ ਤੇ ਸਬ-ਸੀਡੀਅਰ ਸਿੱਖ ਸਰਦਾਰਾਂ ਨੇ ਸਿਆਸੀ ਸਮੇਂ ਦੀ ਲੋੜ ਅਨੁਸਾਰ ਸਿੱਖ ਇਤਿਹਾਸ ਤਿਆਰ ਕਰਵਾਇਆ, ਜੋ ਸਿੱਖਾਂ ਵਿਚ ਪ੍ਰਚਲਤ ਹੋ ਗਿਆ। ਅਨਪੜ੍ਹ ਸਿੱਖਾਂ ਨੇ*

*ਉਸ ਇਤਿਹਾਸ ਨੂੰ ਪ੍ਰਮਾਣੀਕ ਮੰਨ ਲਿਆ।"*

*(ਸਿੱਖ ਇਤਿਹਾਸ ਦਾ ਨਸ਼ਟ ਕਿਵੇਂ ਹੋਇਆ ? ਪੰਨਾ 44)*

ਹੋਰ ਵੀ ਕਈ ਵਿਦਵਾਨਾਂ ਨੇ ਅੰਗਰੇਜ਼ਾਂ ਦਾ ਸਿੱਖ ਇਤਿਹਾਸ ਨੂੰ ਵਿਗਾੜਨਾ ਤੇ ਆਪਣੀ ਮਨ-ਮਰਜ਼ੀ ਦੇ ਸਾਂਚੇ ਵਿਚ ਢਾਲਣਾ ਦਰਸਾਇਆ ਹੈ; ਜਿਹਾ ਕਿ ਵਰਨਣ ਹੈ ਕਿ :-

*"ਬ੍ਰਿਟਿਸ਼ ਸਰਕਾਰ ਦੀ ਖੁਸ਼ਨੂਦੀ ਹਾਸਲ ਕਰਨ ਲਈ ਸਿੱਖ ਇਤਿਹਾਸ ਨੂੰ ਤਰੋੜਿਆ ਮਰੋੜਿਆ ਗਿਆ।"*

*(ਪ੍ਰੀਤ ਲੜੀ, ਮਾਰਚ 1945)*

ਸਿੱਖ ਤੇ ਮੁਸਲਮਾਨ ਭਾਰਤ ਦੀਆਂ ਦੋ ਦਲੇਰ ਤੇ ਪ੍ਰਸਿੱਧ ਜਾਤੀਆਂ ਸਨ। ਏਹਨਾਂ ਦੋਹਾਂ ਜਾਤੀਆਂ ਦੀ ਏਕਤਾ ਤੇ ਮਿਲਾਪ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਨੂੰ ਛੇਤੀ ਖੋਖਲਿਆਂ ਕਰਨ ਦਾ ਕਾਰਨ ਬਣ ਸਕਦਾ ਸੀ। ਇਸ ਰੋਕ ਨੂੰ ਦੂਰ ਕਰਨ ਲਈ ਅੰਗਰੇਜ਼ੀ ਦਿਮਾਗ਼ ਨੇ ਸਿੱਖ ਲਿਟਰੇਚਰ ਵਿੱਚ ਸਿੱਖ-ਮੁਸਲਿਮ ਅਨੇਕਤਾ ਨੂੰ ਪ੍ਰਚਾਰਨਾ ਖ਼ਾਸ ਤੌਰ ਤੇ ਮੁੱਖ ਰੱਖਿਆ। ਅਜੇਹੀਆਂ ਸਾਖੀਆਂ ਤੇ ਮਿਥਿਹਾਸਕ ਘਟਨਾਵਾਂ ਸਿੱਖਾਂ ਤੇ ਮੁਸਲਮਾਨਾਂ ਦੇ ਇਤਿਹਾਸ ਵਿਚ ਦਰਜ ਕਰਵਾਈਆਂ, ਜੋ ਏਹਨਾਂ ਦੋਹਾਂ ਜਾਤੀਆਂ ਨੂੰ ਕਦੇ ਵੀ ਇਕ ਦੂਜੇ ਦੇ ਨੇੜੇ ਨਾ ਹੋਣ ਦੇਣ। ਅਸੀਂ ਇਸ ਵੇਲੇ ਉਹਨਾਂ ਮਿਥਿਹਾਸਕ ਘਟਨਾਵਾਂ ਜਾਂ ਸਾਖੀਆਂ ਬਾਰੇ ਕੋਈ ਵਿਚਾਰ ਨਹੀਂ ਕਰਨਾ ਚਾਹੁੰਦੇ; ਸਗੋਂ ਕੇਵਲ ਇੰਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਪਾਠਕ ਆਪ ਹੀ ਵਿਚਾਰ ਕਰ ਲੈਣ ਕਿ ਜੋ ਇਤਿਹਾਸ ਅੰਗਰੇਜ਼ਾਂ ਨੇ ਆਪਣੀ ਸਿਆਸੀ ਸਮੇਂ ਦੀ ਲੋੜ ਅਨੁਸਾਰ ਤਿਆਰ ਕਰਵਾਏ, ਓਹ ਕੇਹੋ ਜੇਹੇ ਹੋਣੇ ਚਾਹੀਦੇ ਸਨ। ਜੇ ਸਿੱਖਾਂ ਤੇ ਮੁਸਲਮਾਨਾਂ ਦੇ ਇਤਿਹਾਸ ਵਿਚ ਅਜੇਹੀਆਂ ਘਟਨਾਵਾਂ ਦਰਜ ਨਾ ਹੁੰਦੀਆਂ, ਜੋ ਏਹਨਾਂ ਦੋਹਾਂ ਜਾਤੀਆਂ ਨੂੰ ਇਕ ਦੂਜੇ ਤੋਂ ਦੂਰ ਲੈ ਜਾਣ ਦਾ ਕਾਰਨ ਬਣੀਆਂ, ਤਾਂ ਸਿੱਖ-ਮੁਸਲਿਮ ਏਕਤਾ ਨੂੰ ਕੋਈ ਵੀ ਅਨੇਕਤਾ ਵਿਚ ਬਦਲਣ ਤੇ ਸਮਰੱਥ ਨਹੀਂ ਹੋ ਸਕਦਾ ਸੀ।

ਅੰਗਰੇਜ਼ਾਂ ਨੇ ਸਿੱਖ ਲਿਟਰੇਚਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਸਲਮਾਨਾਂ ਦਾ ਵੈਰੀ ਸਿੱਧ ਕਰਨ ਲਈ ਉਹਨਾਂ ਦੇ ਮੂੰਹੋਂ ਇੱਥੋਂ ਤਕ ਅਖਵਾ ਦਿੱਤਾ ਕਿ :-

*"Mohammadans are may enemies I have lifted up my Sword to kill them. Those who are their not mine and those who are not their."*

*(Sakhi book P. 85 by S. Attar Singh)*

*ਅਰਥਾਤ :- "ਸਾਡੇ ਵੈਰੀ ਤੁਰਕ ਮਾਰਨੇ, ਅਸਾਂ ਖੰਡਾ ਚੁੱਕਿਆ ਹੈ, ਜੋ ਓਹਨਾਂ ਦਾ ਹੈ, ਮੇਰਾ ਨਹੀਂ, ਜੋ ਮੇਰਾ ਹੈ, ਸੋ ਓਹਨਾਂ ਦਾ ਨਹੀਂ।" (ਸੌ ਸਾਖੀ, ਸਾਖੀ ਨੰ: 44)*

ਵਿਚਾਰਵਾਨ ਵਿਚਾਰ ਕਰ ਸਕਦੇ ਹਨ ਕਿ ਉਹ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦਾ ਉਪਦੇਸ਼ ਇਹ ਸੀ ਕਿ :-

ਜਾਂ ਕੋ ਛੂਟਿ ਗਯੋ ਭ੍ਰਮ ਉਰ ਕਾ ।
ਤਿਹ ਆਗੈ ਹਿੰਦੂ ਕਿਆ ਤੁਰਕਾ ।
(ਦਸਮ ਗ੍ਰੰਥ, ਚਉਬੀਸ ਅਵਤਾਰ, ਪੰਨਾ 141)

ਅਰਥਾਤ :-

ਹਿੰਦੂ ਔ ਤੁਰਕ ਕੋਊ ਰਾਫ਼ਜੀ ਇਮਾਮ ਸਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।
(ਦਸਮ ਗ੍ਰੰਥ, ਅਕਾਲ ਉਸਤਤ, ਪੰਨਾ 17)

ਉਹ ਆਪਣੇ ਸ਼ਰਧਾਲੂਆਂ ਤੇ ਸੰਚਾਲੀਆਂ ਨੂੰ ਸਾਰੇ ਹੀ ਮੁਸਲਮਾਨਾਂ ਦੇ ਵਿਰੁੱਧ ਅਜਿਹੀ ਘ੍ਰਿਣਤ ਸਿੱਖਿਆ ਕਿਵੇਂ ਦੇ ਸਕਦੇ ਸਨ ? ਸਾਫ਼ ਦਿੱਸ ਪੈਂਦਾ ਹੈ ਕਿ ਇਹ ਸਭ ਕੁਝ ਸਿਆਸੀ ਸਮੇਂ ਦੀ ਲੋੜ ਦੇ ਅਧਾਰ ਤੇ ਸਿੱਖ ਮੁਸਲਿਮ ਦੁਫ਼ੇੜ ਨੂੰ ਵਧਾਉਣ ਲਈ ਕੀਤਾ ਗਿਆ ਹੈ।

ਸਿੱਖ ਵਿਦਵਾਨ ਇਹ ਸੱਚਾਈ ਪਰਗਟ ਕਰਦੇ ਹਨ ਕਿ ਸਿੱਖ ਮਤਿ ਤੇ ਇਸਲਾਮ ਵਿਚ ਵੱਡੀ ਸਿੱਧਾਂਤਿਕ ਸਾਂਝ ਹੈ ਤੇ ਇਸ ਸਾਂਝ ਦੇ ਅਧਾਰ ਤੇ ਹੀ ਸਿਆਣੇ ਮੁਸਲਮਾਨ ਸਦਾ ਹੀ ਸਿੱਖ ਲਹਿਰ ਨੂੰ ਸਹਿਯੋਗ ਦਿੰਦੇ ਰਹੇ; ਜਿਹਾ ਕਿ ਇਕ ਸਿੱਖ ਵਿਦਵਾਨ ਦਾ ਕਥਨ ਹੈ :-

*"ਸਿੱਖ ਲਹਿਰ ਨੂੰ ਸਦਾ ਹੀ ਮੁਸਲਮਾਨਾਂ ਦਾ ਸਹਿਯੋਗ ਪ੍ਰਾਪਤ ਰਿਹਾ ਹੈ। ਬਾਬਾ ਫ਼ਰੀਦ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਹੋਣਾ, ਹਜ਼ਰਤ ਮੀਆਂ ਮੀਰ ਦਾ ਗੁਰੂ ਅਰਜਨ ਦਾ ਸਾਥ ਦੇਣਾ ਤੇ ਗੁਰੂ ਗੋਬਿੰਦ ਸਿੰਘ ਜੀ ਲਈ ਮੁਸਲਮਾਨਾਂ ਦਾ ਕੁਰਬਾਨੀਆਂ ਕਰਨਾ, ਇਸੇ ਗੱਲ ਦਾ ਪ੍ਰਤੀਕ ਹੈ।" (ਅਜੀਤ ਜਲੰਧਰ, 27 ਦਸੰਬਰ 1962)*

ਅਰਥਾਤ :-

*"ਮੁਸਲਮਾਨਾਂ ਦੇ ਕੀਤੇ ਇਹਸਾਨ ਸਾਡੀ ਸਿੱਖ ਕੌਮ ਤੇ ਇਤਨੇ ਹਨ ਕਿ ਕਦੇ ਲਹਿਣੇ ਨਹੀਂ।"*

*(ਜੀਵਨ ਪ੍ਰੀਤੀ ਚੰਡੀਗੜ੍ਹ, ਫ਼ਰਵਰੀ 1972)*

ਅੱਜ ਸਾਡਾ ਪਿਆਰਾ ਦੇਸ – ਭਾਰਤ ਆਜ਼ਾਦ ਹੋ ਚੁੱਕਾ ਹੈ ਅਤੇ ਸਾਡੇ ਦੇਸ਼ ਤੇ ਸਾਡੇ ਆਪਣੇ ਆਗੂ ਤੇ ਲੀਡਰ ਰਾਜ ਕਮਾ ਰਹੇ ਹਨ। ਅੱਜ ਸਾਡੇ ਦੇਸ਼ ਦੀ ਵੱਡੀ ਲੋੜ ਇਹ ਹੈ ਕਿ ਅਸੀਂ ਆਪਣੇ ਇਤਿਹਾਸ ਦਾ ਸੁਧਾਰ ਕਰੀਏ ਤੇ ਓਹ ਸਾਰੀਆਂ ਘਟਨਾਵਾਂ ਤੇ ਸਾਖੀਆਂ ਆਪਣੇ ਇਤਿਹਾਸ ਤੋਂ ਬਾਹਰ ਕਰ ਦਈਏ, ਜੋ ਸਾਡੇ ਮਨਾਂ ਵਿੱਚ ਇੱਕ ਦੂਜੇ ਦੇ ਵਿਰੁੱਧ ਘ੍ਰਿਣਾ ਤੇ ਨਫ਼ਰਤ ਪੈਦਾ ਕਰਨ ਦਾ ਕਾਰਨ ਬਣ ਰਹੀਆਂ ਹਨ। ਜੇ ਅੱਜ ਤੋਂ ਸਦੀਆਂ ਪਹਿਲਾਂ ਕਿਸੇ ਜ਼ਾਲਮ ਨੇ ਜ਼ੁਲਮ ਕਮਾਇਆਂ ਸੀ, ਤਾਂ ਅੱਜ ਜ਼ਾਲਮ ਤੇ ਮਜ਼ਲੂਮ ਦੋਵੇਂ ਹੀ ਇਸ ਜੱਗ ਤੇ ਨਹੀਂ ਹਨ। ਅਸੀਂ ਓਹਨਾਂ ਇਤਿਹਾਸਕ ਜਾਂ ਮਿਥਿਹਾਸਿਕ ਘਟਨਾਵਾਂ ਨੂੰ ਕਿਉ ਦੁਹਾਰਾਈਏ ? ਇਕ ਭਾਰਤੀ ਵਿਦਵਾਨ ਨੇ ਇਸ ਬਾਰੇ ਕੇਹੇ ਸੋਹਣੇ ਵਿਚਾਰ ਪਰਗਟ ਕੀਤੇ ਹਨ :-

*"ਉਹ ਇਤਿਹਾਸ ਨਾ ਪੜ੍ਹੋ, ਜਿਹੜਾ ਤੁਹਾਡੇ ਦਿਲਾਂ ਵਿਚ ਦੂਜਿਆਂ ਲਈ ਘ੍ਰਿਣਾ ਪਾਂਦਾ ਹੈ, ਓਹ ਯਾਦਾਂ ਭੁਲਾ ਦਿਓ, ਓਹ ਕਹਾਣੀਆਂ ਵਿਸਾਰ ਦਿਓ ਜੇਹੜੀਆਂ ਦੁਸ਼ਮਣੀਆਂ ਨੂੰ ਸਜਰੀਆਂ ਰੱਖਦੀਆਂ ਹਨ। ਜੇਹੜੀਆਂ ਤੁਹਾਡੇ ਗਵਾਂਢੀਆਂ ਨੂੰ ਤੁਹਾਡਾ ਦੁਸ਼ਮਣ ਬਣਾਉਦੀਆਂ ਹਨ।"* *(ਪ੍ਰੀਤ ਲੜੀ, ਅਗਸਤ 1937)*

ਇਤਿਹਾਸ ਸਾਖੀ ਹੈ ਕਿ ਹਰੇਕ ਜਾਤੀ ਵਿਚ ਚੰਗੇ-ਮੰਦੇ ਬੰਦੇ ਹੋਏ ਹਨ। ਜੇ ਹਿੰਦੂ ਭਰਾ ਮਰਿਆਦਾ ਪੁਰਸ਼ੋਤਮ ਸ਼੍ਰੀ ਰਾਮ ਚੰਦਰ ਜੀ ਤੇ ਯੋਗੀਰਾਜ ਸ਼੍ਰੀ ਕ੍ਰਿਸ਼ਨ ਜੀ ਤੇ ਵੱਡਾ ਮਾਣ ਕਰਦੇ ਹਨ, ਤਾਂ ਰਾਵਣ ਤੇ ਕੰਸ ਆਦਿ ਦੁਸ਼ਟ ਵੀ ਇਸੇ ਹੀ ਜਾਤੀ ਦਾ ਅੰਗ ਸਨ। ਜੇ ਸਿੱਖਾਂ ਨੂੰ ਗੁਰੂ ਅਰਜਨ ਜੀ ਤੇ ਗੁਰੂ ਤੇਗ ਬਹਾਦੁਰ ਜੀ ਦੀ ਸਹਿਨਸ਼ੀਲਤਾ ਦਾ ਫ਼ਖਰ ਹੈ, ਤਾਂ ਪ੍ਰਿਥੀਚੰਦ ਤੇ ਧੀਰਮਲ ਆਦਿ ਵੀ ਗੁਰੂ ਘਰ ਦੇ ਹੀ ਨੌ-ਨਿਹਾਲ ਸਨ। ਇਸੇ ਤਰ੍ਹਾਂ ਮੁਸਲਮਾਨਾਂ ਵਿਚ ਵੀ ਭਲੇ-ਬੁਰੇ ਲੋਕ ਹੋਏ ਹਨ। ਜੇ ਹਜ਼ਰਤ ਹੁਸੈਨ ਜੀ ਜਿਹੇ ਕੁਰਬਾਨੀ ਦੇ ਪੁੰਜ ਮੁਸਲਮਾਨ ਜਾਤੀ ਵਿੱਚੋਂ ਹੋਏ ਹਨ, ਤਾਂ ਯਜ਼ੀਦ ਜਿਹੇ ਕਠੋਰਚਿਤ ਤੇ ਪਾਪੀ ਵੀ ਮੁਸਲਮਾਨਾਂ ਵਿੱਚੋਂ ਹੀ ਸਨ। ਸੋ ਸਾਡੇ ਕੰਮ ਕਿਸੇ ਦੀ ਭਲਾਈ ਜਾਂ ਬੁਰਾਈ ਨਹੀਂ ਆ ਸਕਦੀ। ਸਾਡਾ ਆਪਣਾ ਕੀਤਾ ਹੀ ਸਾਡੇ ਕੰਮ ਆਵੇਗਾ। ਅਸੀਂ ਬੀਤ ਚੁੱਕੀਆਂ ਘਟਨਾਵਾਂ ਤੋਂ ਚੰਗੀਆਂ ਮੰਦੀਆਂ ਪ੍ਰੇਰਣਾਵਾਂ ਜ਼ਰੂਰ ਲੈ ਸਕਦੇ ਹਾਂ।

ਸੱਚ ਹੈ :-

*"ਕੋਈ ਜਾਤੀ ਸਾਰੀ ਦੀ ਸਾਰੀ ਬੁਰੀ ਨਹੀਂ, ਸਾਰੀ ਦੀ ਸਾਰੀ ਚੰਗੀ ਨਹੀਂ। ਹਰ ਇੱਕ ਜਾਤੀ ਵਿੱਚ ਚੰਗੇ-ਮੰਦੇ, ਸਿਆਣੇ-ਮੂਰਖ, ਵਿਦਵਾਨ ਤੇ ਅਨਪੜ੍ਹ, ਗ਼ਰੀਬ ਤੇ ਅਮੀਰ, ਨੇਕ ਤੇ ਬੁਰੇ ਆਦਮੀ ਹੁੰਦੇ*

*ਹਨ। ਇੱਕ ਮਨੁੱਖ ਦੀ ਨੇਕੀ ਤੋਂ ਸਾਰੀ ਜਾਤੀ ਨੇਕ ਨਹੀਂ ਬਣ ਜਾਂਦੀ ਤੇ ਇੱਕ ਆਦਮੀ ਦੀ ਬੁਰਾਈ ਤੋਂ ਸਾਰੀ ਜਾਤੀ ਬੁਰੀ ਨਹੀਂ ਹੋ ਸਕਦੀ।"*

*(ਫੁਲਵਾੜੀ, ਜਨਵਰੀ 1935)*

ਸਾਡੀ ਸਿਆਣਪ ਇਸੇ ਵਿੱਚ ਹੀ ਹੈ ਕਿ ਅਸੀਂ ਆਪਣੇ ਆਜ਼ਾਦ ਭਾਰਤ ਵਿੱਚ ਇਤਿਹਾਸ ਨੂੰ ਨਵੇਂ ਸਿਰਿਓਂ ਵਿਚਾਰੀਏ ਅਤੇ ਸ਼੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਰਣਨ ਕੀਤੇ ਇਸ ਸੁਨਹਿਰੀ ਅਸੂਲ ਨੂੰ ਆਪਣਾ ਮਾਟੋ ਬਣਾਈਏ ਕਿ :-

ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥

(ਸੂਹੀ ਮ: 1, ਪੰਨਾ 766)

ਸ਼੍ਰੀ ਬਾਬਾ ਜੀ ਦੇ ਵਰਣਨ ਕੀਤੇ ਇਸ ਉਕਤ ਸੋਹਣੇ ਅਸੂਲ ਨੂੰ ਅਪਣਾਇਆਂ ਅਸੀਂ ਇੱਕ ਦੂਜੇ ਦੇ ਨੇੜੇ ਹੋ ਸਕਦੇ ਹਾਂ, ਕਿਉ ਜੁ ਔਗੁਣਾ ਤੋਂ ਪਾਕ ਤਾਂ ਸੰਸਾਰ ਦਾ ਕੋਈ ਵੀ ਵਿਕਅਤੀ ਜਾਂ ਜਾਤੀ ਨਹੀਂ ਹੋ ਸਕਦੀ। ਅੱਜ ਸਾਨੂੰ ਅਜਿਹੇ ਪ੍ਰੋਗਰਾਮ ਦੀ ਲੋੜ ਹੈ, ਜਿਸ ਨਾਲ ਅਸੀਂ ਆਪ ਵੀ ਸ਼ਾਂਤੀ ਨਾਲ ਰਹਿ ਸਕੀਏ ਤੇ ਆਪਣੇ ਦੂਜੇ ਭਰਾਵਾਂ ਨੂੰ ਵੀ ਅਮਨ ਨਾਲ ਰਹਿਣ ਦਾ ਸਮਾਂ ਦੇ ਸਕੀਏ। ਵਰਤਮਾਨ ਅਸ਼ੁੱਧ ਇਤਿਹਾਸ ਸਾਡੇ ਦੇਸ਼ ਦੀ ਉੱਨਤੀ ਵਿੱਚ ਵੱਡੀ ਰੋਕ ਪਾਉਣ ਦਾ ਕਾਰਨ ਬਣਿਆ ਹੋਇਆ ਹੈ। ਸਾਡੇ ਦਿਲਾਂ ਤੋਂ ਨਫ਼ਰਤ ਦੂਰ ਕਰਨ ਲਈ ਅਸ਼ੁੱਧ ਤੇ ਮਿਥਿਹਾਸਕ ਘਟਨਾਵਾਂ ਤੋਂ ਰਹਿਤ ਇਤਿਹਾਸ ਦੀ ਵੱਡੀ ਲੋੜ ਹੈ। ਇਕ ਵਿਦਵਾਨ ਦਾ ਕਥਨ ਹੈ :-

*"ਲੋਕਾਂ ਨੂੰ ਸਵਰਾਜ ਮਿਲ ਰਿਹਾ ਹੈ, ਓਹ ਪਾਲਸੀਆਂ ਮੰਗ ਰਹੇ ਹਨ, ਪ੍ਰੋਗਰਾਮ ਚਾਹੁੰਦੇ ਹਨ, ਓਹ ਪੰਜ ਸੌ ਵਰ੍ਹੇ ਹੋਏ ਕਿਸੇ ਮੁਸਲਿਮ ਪਾਤਸ਼ਾਹ ਦੇ ਜ਼ੁਲਮਾਂ ਨੂੰ ਯਾਦ ਕਰ ਕੇ ਆਪਣੇ ਮੁਸਲਮਾਨ ਸਾਥੀਆਂ ਨਾਲ ਮੂੰਹ ਨਹੀਂ ਵਟ ਸਕਦੇ।" (ਪ੍ਰੀਤ ਲੜੀ, ਦਸੰਬਰ 1945)*

ਅਰਥਾਤ :-

*"ਜਿਹੜੀ ਚੀਜ਼, ਜਿਹੜੀ ਇਮਾਰਤ, ਜਿਹੜਾ ਅਕੀਦਾ ਸਾਨੂੰ ਆਪਸ ਵਿਚ ਲੜਾਂਦਾ ਤੇ ਇਕ ਦੂਜੇ ਲਈ ਮੰਦਭਾਵਨਾ ਪੈਦਾ ਕਰਦਾ ਹੈ, ਉਹ ਸਾਡੇ ਭਲੇ ਦਾ ਅੰਗ ਨਹੀਂ ਹੋ ਸਕਦਾ।"*

*(ਪ੍ਰੀਤ ਲੜੀ ਸਤੰਬਰ 1937)*

ਗੱਲ ਕੀ, ਸਾਨੂੰ ਆਪਣੇ ਅਸ਼ੁੱਧ ਤੇ ਮਿਥਿਹਾਸਿਕ ਘਟਨਾਵਾਂ ਭਰੇ ਇਤਿਹਾਸ ਤੋਂ ਛੁਟਕਾਰਾ ਪਾਉਣ ਵਾਸਤੇ ਅਜਿਹੇ ਇਤਿਹਾਸ ਦੀ ਲੋੜ ਹੈ, ਜਿਸ ਦੀ ਨੀਂਹ 'ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।' ਦੇ ਸੁਨਹਿਰੀ ਅਸੂਲ ਤੇ ਹੋਵੇ।

ਜਮਾਤ ਅਹਿਮਦੀਆ ਦੇ ਮੋਢੀ ਸ੍ਰੀ ਮਿਰਜ਼ਾ ਸਾਹਿਬ ਜੀ ਮਹਾਰਾਜ ਦਾ ਇਸ ਸੰਬੰਧ ਵਿਚ ਇਹ ਫ਼ਰਮਾਨ ਵੀ ਸਾਡੇ ਕੰਮ ਆ ਸਕਦਾ ਹੈ :-

*"ਹਮ ਇਸ ਬਾਤ ਕੋ ਭੀ ਅਫ਼ਸੋਸ ਸੇ ਲਿਖਨਾ ਚਾਹਤੇ ਹੈਂ ਕਿ ਜੋ ਇਸਲਾਮੀ ਬਾਦਸ਼ਾਹੋਂ ਕੇ ਵਕਤ ਮੇਂ ਸਿੱਖ ਸਾਹਿਬੋਂ ਸੇ ਇਸਲਾਮੀ ਹਕੂਮਤ ਨੇ ਕੁਛ ਨਜ਼ਾਏ ਕੀਂ, ਯਾ ਲੜਾਈਆਂ ਕੀਂ। ਯਿਹ ਤਮਾਮ ਬਾਤੇਂ ਦਰ ਹਕੀਕਤ ਦੁਨਯਾਵੀ ਅਮੂਰ ਥੇ, ਔਰ ਨਫ਼ਸਾਨੀਅਤ ਕੇ ਤਕਾਜ਼ੇ ਸੇ ਉਨ ਕੀ ਤਰੱਕੀ ਹੁਈ ਥੀ, ਔਰ ਦੁਨੀਆ ਪ੍ਰਸਤੀ ਨੇ ਐਸੀ ਨਜ਼ਾਓਂ ਕੋ ਬਾਹਮ ਬਹੁਤ ਬੜ੍ਹਾ ਦੀਆ ਥਾ, ਮਗਰ ਦੁਨੀਆ ਪ੍ਰਸਤੋਂ ਪਰ ਅਫ਼ਸੋਸ ਕਾ ਮੁਕਾਮ ਨਹੀਂ ਹੋਤਾ, ਬਲਕਿ ਤਾਰੀਖ਼ ਬਹੁਤ ਸੀ ਸ਼ਹਾਦਤੇਂ ਪੇਸ਼ ਕਰਤੀ ਹੈ ਕਿ ਹਰੇਕ ਮਜ਼ਹਬ ਕੇ ਲੋਗੋਂ ਮੇਂ ਯਿਹ ਨਮੂਨੇ ਮੌਜੂਦ ਹੈਂ ਕਿ ਰਾਜ ਔਰ ਬਾਦਸ਼ਾਹਤ ਕੀ ਹਲਾਤ ਮੇਂ ਭਾਈ ਕੋ ਭਾਈ ਨੇ ਔਰ ਬੇਟੇ ਨੇ ਬਾਪ ਕੋ ਔਰ ਬਾਪ ਨੇ ਬੇਟੇ ਕੋ ਕਤਲ ਕਰ ਦੀਆ। ਐਸੇ ਲੋਗੋਂ ਕੋ ਮਜ਼ਹਬ ਔਰ ਦਿਆਨਤ ਔਰ ਆਖ਼ਰਤ ਕੀ ਪ੍ਰਵਾਹ ਨਹੀਂ ਹੋਤੀ।... ਹਰੇਕ ਕੌਮ ਕੇ ਨੇਕ ਔਰ ਸ਼ਰੀਫ਼ ਆਦਮੀ ਕੋ ਚਾਹੀਏ ਕਿ ਖ਼ੁਦਗਰਜ਼ ਬਾਦਸ਼ਾਹੋਂ ਔਰ ਰਾਜਾਓਂ ਕੇ ਕਿੱਸੋਂ ਕੋ ਦਰਮਿਆਨ ਮੇਂ ਲਾ ਕਰ ਖ਼ਾਹਮਖ਼ਾਹ ਉਨ ਕੇ ਬੇਜਾ ਕੰਨਿੰ ਸੇ, ਜੋ ਮਹਿਜ਼ ਨਫ਼ਸਾਨੀ ਇਗਰਾਜ਼ ਪਰ ਮੁਸ਼ਤਮਿਲ ਥੇ, ਆਪ ਹਿੱਸਾ ਨਾ ਲੇ। ਵੋਹ ਏਕ ਕੌਮ ਥੀ, ਜੋ ਗੁਜ਼ਰ ਗਈ, ਉਸ ਕੇ ਅਇਮਾਲ ਉਨ ਕੇ ਲੀਏ, ਔਰ ਹਮਾਰੇ ਅਇਮਾਲ ਹਮਾਰੇ ਲੀਏ। ਹਮੇਂ ਚਾਹੀਏ ਕਿ ਅਪਨੀ ਖੇਤੀ ਮੇਂ ਉਨ ਕੇ ਕਾਂਟੋਂ ਕੋ ਨਾ ਬੋਏਂ, ਔਰ ਅਪਨੇ ਦਿਲੋਂ ਕੋ ਮਹਿਜ਼ ਇਸ ਵਜਹਿ ਸੇ ਖ਼ਰਾਬ ਨ ਕਰੇਂ ਕਿ ਹਮ ਸੇ ਪਹਿਲੇ ਬਾਜ਼ ਹਮਾਰੀ ਕੌਮ ਮੇਂ ਸੇ ਐਸਾ ਕਰ ਚੁੱਕੇ ਹੈਂ।"*

*(ਸਤਿ ਬਚਨ, ਪੰਨਾ 106)*

ਗੱਲ ਕੀ, ਜੇ ਬੀਤ ਚੁੱਕੇ ਸਮੇਂ ਵਿਚ ਕਿਸੇ ਜ਼ਾਲਮ ਨੇ ਕਿਸੇ ਤੇ ਕੋਈ ਜ਼ੁਲਮ ਕੀਤਾ ਹੈ, ਤਾਂ ਉਸ ਜ਼ੁਲਮ ਨੂੰ ਮੁੱਖ ਰੱਖ ਕੇ ਇਕ ਦੂਜੇ ਨੂੰ ਕੋਸਣਾ ਕੋਈ ਸ਼ੋਭਨੀਕ ਗੱਲ ਨਹੀਂ। ਇਸੇ ਹੀ ਅਧਾਰ ਤੇ ਗੁਰਬਾਣੀ ਇਹ ਆਖਦੀ ਹੈ ਕਿ :-

ਅਹਿਕਰੁ ਕਰੇ ਸੁ ਅਹਿਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ ॥

(ਆਸਾ ਮ: 5, ਪੰਨਾ 407)

ਜਾਂ :-

ਅਹਿਕਰੁ ਕਰੇ ਸੁ ਅਹਿਕਰੁ ਪਾਏ
ਇਕ ਘੜੀ ਮੁਹਤ ਨ ਲਗੈ ॥
(ਵਾਰ ਮਾਰੂ ਡਖਣੇ, ਮ: 5, ਪੰਨਾ 1098)

ਅਰਥਾਤ :- ਕਿਸੇ ਇੱਕ ਦੇ ਦੋਸ਼ ਵਿੱਚ ਦੂਜੇ ਨੂੰ ਫੜਨਾ ਯੋਗ ਨਹੀਂ, ਜਿਸ ਦਾ ਦੋਸ਼ ਹੈ ਉਸੇ ਨੂੰ ਹੀ ਦੰਡ ਦਿੱਤਾ ਜਾਵੇ ।

ਇਕ ਸਿੱਖ ਵਿਦਵਾਨ ਦਾ ਕਥਨ ਹੈ :-

*"ਇਸਲਾਮ ਦੇ ਦੋ ਰੂਪ ਹਨ । ਇਕ ਹੈ, ਹਜ਼ਰਤ ਮੀਆਂ ਮੀਰ ਪੀਰ ਬੁਧੂਸ਼ਾਹ ਤੇ ਬਾਬਾ ਫਰੀਦ ਦਾ, ਜਿਹਨੂੰ ਅਸੀਂ ਨਮਸਕਾਰ ਕਰਦੇ ਹਾਂ । ਦੂਜਾ ਉਹ ਹੈ, ਜਿਸ ਦਾ ਦਿਖਾਵਾ ਹਾਕਮ ਸ਼ਰੇਣੀ ਨੇ ਕੀਤਾ । ਇਸਲਾਮ ਜ਼ੁਲਮ ਦੀ ਆਗਿਆ ਨਹੀਂ ਦਿੰਦਾ । ਰਸੂਲੇ-ਖੁਦਾ ਜ਼ੁਲਮ ਲਈ ਖੁਦ ਤਲਵਾਰ ਸਨ ।"*

*(ਅਕਾਲੀ ਪਤ੍ਰਿਕਾ ਜਲੰਧਰ, ਕਲਗੀਧਰ ਐਡੀਸ਼ਨ 1963)*

ਧਰਮ ਦੇ ਇਹ ਦੋ ਸਰੂਪ ਕੇਵਲ ਇਸਲਾਮ ਦੇ ਹੀ ਨਹੀਂ; ਸਗੋਂ ਜਗ ਦੇ ਸਾਰੇ ਧਰਮਾਂ ਦੇ ਹਨ ਤੇ ਸਿੱਖ ਧਰਮ ਵਿਚ ਵੀ ਹਨ । ਇਕ ਹੈ, ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਦਾ ਤੇ ਦੂਜਾ ਹੈ, ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦਾ ।

ਸੋ ਸਾਡੇ ਲਈ ਚੰਗੀ ਗੱਲ ਏਹੋ ਹੈ ਕਿ ਅਸੀਂ ਇਤਿਹਾਸ ਵਿੱਚੋਂ ਚੰਗੀਆਂ ਚੰਗੀਆਂ ਤੇ ਸੋਹਣੀਆਂ ਸੋਹਣੀਆਂ ਗੱਲਾਂ ਇਕੱਤਰ ਕਰ ਕੇ ਅਜਿਹਾ ਇਤਿਹਾਸ ਤਿਆਰ ਕਰੀਏ, ਜੋ ਸਾਡੇ ਦਿਲਾਂ ਵਿਚ ਪ੍ਰੇਮ-ਭਾਵਨਾ ਪੈਦਾ ਕਰਕੇ ਸਾਨੂੰ ਵੱਧ ਤੋਂ ਵੱਧ ਇਕ ਦੂਜੇ ਦੇ ਨੇੜੇ ਕਰ ਸਕੇ । ਸਿੱਖ ਇਤਿਹਾਸ ਵਿਚ ਅਜੇਹੀਆਂ ਬੇਅੰਤ ਘਟਨਾਵਾਂ ਦਰਜ ਹਨ ਜੋ ਵੱਡੀਆਂ ਪ੍ਰੇਮ-ਮਈ ਹਨ ਤੇ ਓਹਨਾਂ ਨੂੰ ਅੰਕਿਤ ਕੀਤਿਆਂ ਸਾਡੇ ਮਨਾਂ ਵਿੱਚ ਇੱਕ ਦੂਜੇ ਬਾਰੇ ਵੱਡਾ ਪਿਆਰ ਪੈਦਾ ਹੋ ਸਕਦਾ ਹੈ । ਸਿੱਖ ਇਤਿਹਾਸ ਦੀਆਂ ਇਹ ਪ੍ਰੇਮ-ਘਟਨਾਵਾਂ ਦਸਦੀਆਂ ਹਨ ਕਿ ਸਿੱਖ ਗੁਰੂਆਂ ਤੇ ਮੁਸਲਮਾਨ ਬਜ਼ੁਰਗਾਂ ਦੇ ਆਪਸ ਵਿਚ ਵੱਡੇ ਪ੍ਰੇਮ-ਭਰੇ ਸੰਬੰਧ ਸਨ ਤੇ ਓਹ ਇਕ ਦੂਜੇ ਨੂੰ ਦਿਲੋਂ ਪਿਆਰਦੇ ਤੇ ਸਤਿਕਾਰਦੇ ਸਨ । ਅਸੀਂ ਇਸ ਛੋਟੀ ਜਿਹੀ ਪੁਸਤਕ ਵਿੱਚ ਓਹਨਾਂ ਪ੍ਰੇਮ-ਭਰੀਆਂ ਘਟਨਾਵਾਂ ਨੂੰ ਇਕੱਤਰ ਕਰਨ ਦਾ ਜਤਨ ਕੀਤਾ ਹੈ ਤੇ ਇਸੇ ਵਾਸਤੇ ਇਸ ਦਾ ਨਾਂ 'ਚੋਣਵੇਂ ਫੁਲ' ਰੱਖਿਆ ਹੈ ।

ਇੱਥੇ ਅਸੀਂ ਇਹ ਗੱਲ ਵੀ ਸਪੱਸ਼ਟ ਕਰ ਦੇਣੀ ਜ਼ਰੂਰੀ ਸਮਝਦੇ ਹਾਂ ਕਿ ਅਸੀਂ ਭਾਰਤ ਵਾਸੀ ਅਹਿਮਦੀ ਮੁਸਲਮਾਨ ਸੱਚੇ ਦਿਲੋਂ ਭਾਰਤ ਦੀਆਂ ਸਾਰੀਆਂ ਜਾਤੀਆਂ - ਹਿੰਦੂਆ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਆਦਿ - ਦੀ ਏਕਤਾ ਦੇ ਚਾਹਵਾਨ

ਹਾਂ ਅਤੇ ਸਮੇਂ ਸਮੇਂ ਅਜਿਹਾ ਲਿਟਰੇਚਰ ਪ੍ਰਕਾਸ਼ਤ ਕਰਦੇ ਰਹਿੰਦੇ ਹਾਂ, ਜੋ ਏਹਨਾਂ ਸਭਨਾਂ ਜਾਤੀਆਂ ਨੂੰ ਇੱਕ-ਮਿਕ ਕਰ ਸਕੇ। ਇਹ ਪੁਸਤਕ ਚੂੰਕਿ ਕੇਵਲ ਸਿੱਖ ਜਨਤਾ ਲਈ ਪੰਜਾਬੀ ਵਿਚ ਪ੍ਰਕਾਸ਼ੀ ਜਾ ਰਹੀ ਹੈ; ਇਸ ਲਈ ਇਸ ਵਿਚ ਕੇਵਲ ਸਿੱਖ-ਮੁਸਲਿਮ ਏਕਤਾ ਦੇ ਵਿਸ਼ੇ ਤੇ ਹੀ ਵਿਚਾਰ ਕੀਤਾ ਗਿਆ ਹੈ।

ਅਸੀਂ ਇਹ ਜਾਣਦੇ ਹਾਂ ਕਿ ਸਾਡੇ ਪਿਆਰੇ ਦੇਸ਼ - ਭਾਰਤ ਦੀ ਉੱਨਤੀ ਸਾਰੇ ਦੇਸ-ਵਾਸੀਆਂ ਦੀ ਏਕਤਾ ਤੇ ਹੀ ਨਿਰਭਰ ਹੈ, ਅਰਥਾਤ ਅਸੀਂ ਸਾਰੇ ਹੀ ਭਾਰਤੀ ਮਿਲਜੁਲ ਕੇ ਆਪਣੀ ਕ਼ੌਮੀ ਸਰਕਾਰ ਦੀ ਆਗਿਆਕਾਰੀ ਕੀਤਿਆਂ ਤੇ ਉਸ ਨੂੰ ਆਪਣਾ ਪੂਰਾ ਪੂਰਾ ਮਿਲਵਰਤਣ ਦਿੱਤਿਆ ਹੀ ਆਪਣੇ ਦੇਸ- ਭਾਰਤ ਦਾ ਭਵਿੱਖਤ ਸ਼ਾਨਦਾਰ ਬਣਾ ਸਕਦੇ ਹਾਂ। ਇਸ ਤੋਂ ਬਿਨਾਂ ਨਾ ਤਾਂ ਸਾਡੇ ਦੇਸ਼ ਦਾ ਭਵਿੱਖਤ ਉਜਲਾ ਹੋ ਸਕਦਾ ਹੈ ਤੇ ਨਾ ਸਾਡਾ ਅੱਗਾ ਸੰਵਰ ਸਕਦਾ ਹੈ।

ਦਾਸ
ਨਾਜ਼ਰ ਦਾਅਵਤੋ-ਤਬਲੀਗ਼
ਕਾਦੀਆਨ

# ਚੋਣਵੇਂ ਫੁੱਲ

## ਮੁਸਲਮਾਨ ਤੇ ਸ਼੍ਰੀ ਗੁਰੂ ਨਾਨਕ ਜੀ ਮਹਾਰਾਜ

ਸਿੱਖ ਜਨਤਾ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੂੰ ਆਪਣਾ ਆਦਿ ਗੁਰੂ ਤੇ ਸਿੱਖ ਧਰਮ ਦਾ ਬਾਨੀ ਸਮਝ ਕੇ ਸਤਿਕਾਰਦੀ ਹੈ। ਅਸੀਂ ਮੁਸਲਮਾਨ ਤੇ ਖ਼ਾਸ ਕਰਕੇ ਅਹਿਮਦੀ ਫ਼ਿਰਕੇ ਦੇ ਮੁਸਲਮਾਨ ਸ਼੍ਰੀ ਬਾਬਾ ਨਾਨਕ ਜੀ ਨੂੰ ਆਪਣਾ ਇੱਕ ਬਜ਼ੁਰਗ ਤੇ ਰੱਬ ਦਾ ਪਿਆਰਾ ਸਮਝ ਕੇ ਪਿਆਰਨਾ ਤੇ ਸਤਿਕਾਰਨਾ ਆਪਣਾ ਇਕ ਧਾਰਮਿਕ ਫ਼ਰਜ਼ ਸਮਝਦੇ ਹਾਂ। ਇਕ ਸਿੱਖ ਵਿਦਵਾਨ ਦਾ ਕਥਨ ਹੈ :-

*"ਮੁਸਲਮਾਨ ਤੇ ਖਾਸ ਕਰ ਅਹਿਮਦੀ ਮੁਸਲਮਾਨ ਗੁਰੂ ਨਾਨਕ ਨੂੰ ਕਾਮਲ ਮੁਰਸ਼ਦ ਮੰਨਦੇ ਹਨ।" (ਸੰਤ ਸਿਪਾਹੀ, ਮਾਰਚ 1950)*

ਇਕ ਹੋਰ ਸੱਜਣ ਲਿਖਦੇ ਹਨ :-

*"ਅਹਿਮਦੀ ਫ਼ਿਰਕੇ ਵਿਚ ਓਹ ਮੁਸਲਮਾਨ ਹਨ, ਜਿਨ੍ਹਾਂ ਦਾ ਕੇਂਦਰ ਕਾਦੀਆਨ (ਪੂਰਬੀ ਪੰਜਾਬ) ਹੈ। ਏਹ ਮੁਸਲਮਾਨ ਜਿੱਥੇ ਹਜ਼ਰਤ ਮੁਹੰਮਦ ਸਾਹਿਬ ਤੇ ਕੁਰਾਨ ਸ਼ਰੀਫ਼ ਦੀ ਤਾਲੀਮ ਨੂੰ ਮੰਨਦੇ ਹਨ, ਉੱਥੇ ਦੂਜੇ ਮਜ਼ਹਬਾਂ, ਫ਼ਿਰਕਿਆਂ ਦੇ ਬੰਦਿਆਂ ਨੂੰ ਵੀ ਰੱਬ ਦਾ ਹੀ ਰੂਪ ਸਮਝਦੇ ਹਨ ਅਤੇ ਓਹਨਾਂ ਦੇ ਧਾਰਮਿਕ ਆਗੂਆਂ ਦਾ ਸਤਿਕਾਰ ਕਰਦੇ ਹਨ। ਏਹਨਾਂ ਵਿੱਚ ਗੁਰੂ ਨਾਨਕ ਸਾਹਿਬ ਤੇ ਗੁਰੂ ਗ੍ਰੰਥ ਦੀ ਵੀ ਬੜੀ ਮਹਾਨਤਾ ਹੈ।" (ਕੌਮੀ ਸੰਦੇਸ਼, ਫਗਵਾੜਾ 12 ਅਗਸਤ 1952)*

ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਵਾਲਿਆਂ ਨੇ ਅੱਜ ਤੋਂ ਸੱਠ ਸਾਲ ਪਹਿਲਾਂ ਸ਼੍ਰੀ ਮਿਰਜ਼ਾ ਸਾਹਿਬ ਦੀ ਪੁਸਤਕ 'ਸਤਿ ਬਚਨ' ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਸੀ ਕਿ :-

*"(ਸ੍ਰੀ) ਮਿਰਜ਼ਾ ਕਾਦੀਆਨੀ (ਜੀ) ਨੇ ਇਕ 'ਸਤਿ ਬਚਨ' ਕਿਤਾਬ ਭੀ ਪਿੱਛੇ ਬਣਾਈ ਸੀ, ਜਿਸ ਵਿੱਚ ਉਸ ਨੇ ਸ਼੍ਰੀ ਗੁਰੂ ਨਾਨਕ*

*ਸਾਹਿਬ ਨੂੰ ਪੀਰਾਂ ਵਿੱਚੋਂ ਪੀਰ, ਔਲੀਆਵਾਂ ਵਿੱਚੋਂ ਔਲੀਆ..... ਦੱਸ ਕੇ ਬਹੁਤ ਤਾਰੀਫ਼ ਕੀਤੀ ਸੀ।" (ਮਨਮਤ ਪ੍ਰਹਾਰ, ਨੰ: 4, ਪੰਨਾ 15)*

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ੍ਰੀ ਮਿਰਜ਼ਾ ਸਾਹਿਬ ਨੇ ਅਸਾਂ ਅਹਿਮਦੀ ਮੁਸਲਮਾਨੰ ਦੇ ਦਿਲਾਂ ਵਿੱਚ ਸ੍ਰੀ ਬਾਬਾ ਨਾਨਕ ਜੀ ਦਾ ਪਿਆਰ ਤੇ ਸਤਿਕਾਰ ਕੁੱਟ ਕੁੱਟ ਕੇ ਭਰ ਦਿੱਤਾ ਹੈ। ਅੱਜ ਸਾਰੇ ਜਗ ਦੇ ਅਹਿਮਦੀ ਮੁਸਲਮਾਨ ਸ਼੍ਰੀ ਬਾਬਾ ਜੀ ਨੂੰ ਸਤਿਕਾਰਨਾ ਆਪਣੇ ਧਰਮ ਦਾ ਇਕ ਮੁੱਖ ਅੰਗ ਸਮਝਦੇ ਹਨ। ਸ਼੍ਰੀ ਮਿਰਜ਼ਾ ਸਾਹਿਬ ਨੇ ਬਾਬਾ ਜੀ ਦੇ ਸਤਿਕਾਰ ਬਾਰੇ ਅਸਾਂ ਅਹਿਮਦੀ ਮੁਸਲਮਾਨਾਂ ਨੂੰ ਇਹ ਸਿੱਖਿਆ ਦਿੱਤੀ ਹੈ :-

ਬੂਦ ਨਾਨਕ ਆਰਫ਼ੋ ਮਰਦਿ ਖ਼ੁਦਾ ॥
ਰਾਜ਼ਹਾਏ ਮਾਰਫ਼ਤ ਰਾ ਰਹ ਕੁਸ਼ਾ ॥

(ਸਤਿ ਬਚਨ, ਪੰਨਾ 3)

ਅਰਥਾਤ :- ਬਾਬਾ ਨਾਨਕ ਜੀ ਗਿਆਨ ਦਾ ਭੰਡਾਰ ਸਨ ਅਤੇ ਆਤਮਕ ਮੰਡਲ ਦੇ ਸਾਰੇ ਭੇਤਾ ਤੋਂ ਜਾਣੂੰ ਸਨ।

ਇਕ ਹੋਰ ਥਾਂ ਆਪ ਨੇ ਇਹ ਫ਼ਰਮਾਇਆ ਹੈ :-

ਯਕੀਂ ਹੈ ਕਿ ਨਾਨਕ ਥਾ ਮੁਲਹਮ ਜ਼ਰੂਰ ॥

(ਸਤਿ ਬਚਨ, ਪੰਨਾ 23)

ਅਰਥਾਤ :- ਇਹ ਇੱਕ ਯਕੀਨੀ ਗੱਲ ਹੈ ਕਿ ਪ੍ਰਭੂ ਨੇ ਸ਼੍ਰੀ ਬਾਬਾ ਨਾਨਕ ਜੀ ਨੂੰ ਅਕਾਸ਼-ਬਾਣੀ ਨਾਲ ਨਵਾਜ਼ਿਆ ਜੀ।

ਇੱਥੇ ਅਸੀਂ ਇਹ ਦੱਸ ਦੇਣਾ ਵੀ ਯੋਗ ਸਮਝਦੇ ਹਾਂ ਕਿ ਸ਼੍ਰੀ ਬਾਬਾ ਜੀ ਨੇ ਆਪ ਵੀ ਆਪਣੇ ਬਾਰੇ ਇਹ ਦੱਸਿਆ ਹੈ ਕਿ ਆਪ ਨੂੰ ਪ੍ਰਭੂ ਨੇ ਅਕਾਸ਼-ਬਾਣੀ ਨਾਲ ਨਵਾਜ਼ਿਆ ਸੀ; ਜਿਹਾ ਕਿ ਆਪ ਦਾ ਕਥਨ ਹੈ :-

"ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਤਿਲੰਗ ਮ: 1, ਪੰਨਾ 720)

ਇੱਕ ਹੋਰ ਥਾਂ ਆਪ ਨੇ ਇਹ ਫ਼ਰਮਾਇਆ ਹੈ :-

*"ਹਮੇਂ ਬਾਵਾ ਸਾਹਿਬ ਕੀ ਬੁਜ਼ੁਰਗੀਓਂ ਔਰ ਇੱਜ਼ਤੋਂ ਮੇਂ ਕੁਛ ਕਲਾਮ ਨਹੀਂ, ਔਰ ਐਸੇ ਆਦਮੀ ਕੋ ਹਮ ਦਰ ਹਕੀਕਤ ਖ਼ਬੀਸ ਔਰ ਨਾਪਾਕ ਤਬਾ ਸਮਝਤੇ ਹੈਂ, ਜੋ ਉਨ ਕੀ ਸ਼ਾਨ ਮੇਂ ਕੋਈ ਨਾਲਾਇਕ ਲਫ਼ਜ਼ ਮੂੰਹ ਪਰ ਲਾਵੇ, ਯਾ ਤੌਹੀਨ ਕਾ ਮੁਰਤਕਿਬ ਹੋ।" (ਸਤਿ ਬਚਨ, ਪੰਨਾ 109)*

ਇਸੇ ਤਰ੍ਹਾਂ ਆਪ ਨੇ ਆਪਣੀ ਇੱਕ ਹੋਰ ਪੁਸਤਕ ਵਿਚ ਬਾਬਾ ਜੀ ਬਾਰੇ ਆਪਣੇ ਵਿਚਾਰ ਇਉਂ ਪਰਗਟ ਕੀਤੇ ਹਨ :-

*"ਇਸ ਮੇਂ ਕੁਛ ਸ਼ੱਕ ਨਹੀਂ ਹੋ ਸਕਤਾ ਕਿ ਬਾਬਾ ਨਾਨਕ ਨੇਕ ਔਰ ਬਰਗੁਜ਼ੀਦਾ ਇਨਸਾਨ ਥਾ, ਔਰ ਉਨ ਲੋਗੋਂ ਮੇਂ ਸੇ ਥਾ, ਜਿਨ ਕੋ ਖ਼ੁਦਾਇ ਅੱਜ਼ੋ ਜਲ ਅਪਨੀ ਮੁਹੱਬਤ ਕਾ ਸ਼ਰਬਤ ਪਿਲਾਤਾ ਹੈ।"*

*(ਪੈਗ਼ਾਮਿ ਸੁਲਹ, ਪੰਨਾ 7)*

ਇਕ ਹੋਰ ਥਾਂ ਆਪ ਫ਼ਰਮਾਉਂਦੇ ਹਨ :-

*"ਮੈਂ ਸਿੱਖ ਸਾਹਿਬੋਂ ਸੇ ਇਸ ਬਾਤ ਮੇਂ ਇਤਫ਼ਾਕ ਰਖਤਾ ਹੂੰ ਕਿ ਬਾਬਾ ਨਾਨਕ ਸਾਹਿਬ ਦਰ ਹਕੀਕਤ ਖ਼ੁਦਾ ਤਆਲਾ ਕੇ ਮਕਬੂਲ ਬੰਦੋਂ ਮੇਂ ਸੇ ਥੇ ਔਰ ਉਨ ਲੋਗੋਂ ਮੇਂ ਸੇ ਥੇ, ਜਿਨ ਪਰ ਇਲਾਹੀ ਬਰਕਤੇਂ ਨਾਜ਼ਲ ਹੋਤੀ ਹੈਂ ਔਰ ਖ਼ੁਦਾ ਤਆਲਾ ਕੇ ਹਾਥ ਸੇ ਸਾਫ਼ ਕੀਏ ਜਾਤੇ ਹੈਂ। ਮੈਂ ਉਨ ਲੋਗੋਂ ਕੋ ਸ਼ਰੀਰ ਔਰ ਕਮੀਨਾ ਤਬਾ ਸਮਝਤਾ ਹੂੰ ਜੋ ਐਸੇ ਬਾਬਰਕਤ ਲੋਗੋਂ ਕੋ ਤੌਹੀਨ ਔਰ ਨਾਪਾਕੀ ਕੇ ਅਲਫ਼ਾਜ਼ ਸੇ ਯਾਦ ਕਰੇ।"* *(ਤਬਲੀਗ਼ਿ ਰਸਾਲਤ, ਜਿਲਦ 4)*

ਏਹਨਾਂ ਉਕਤ ਹਵਾਲਿਆਂ ਤੋਂ ਸਾਫ਼ ਪਤਾ ਲਗਦਾ ਹੈ ਕਿ ਸ਼੍ਰੀ ਮਿਰਜ਼ਾ ਸਾਹਿਬ ਨੇ ਬਾਬਾ ਨਾਨਕ ਜੀ ਨੂੰ ਵੀ ਸਤਿਕਾਰਨ ਦਾ ਉਪਦੇਸ਼ ਦਿੱਤਾ ਹੈ।

ਸਿੱਖ ਇਤਿਹਾਸ ਦੱਸਦਾ ਹੈ ਕਿ ਸ਼੍ਰੀ ਬਾਬਾ ਜੀ ਦੇ ਸਮੇਂ ਦੇ ਮੁਸਲਮਾਨ ਵੀ ਆਪ ਨੂੰ ਰੱਬ ਦਾ ਪਿਆਰਾ ਸਮਝ ਕੇ ਸਤਿਕਾਰਦੇ ਸਨ। (ਜਨਮਸਾਖੀ ਭਾ: ਬਾਲਾ ਪੰਨਾ 36, ਪੰਨਾ 373, ਪੰਨਾ 411 ਆਦਿ, ਗੁਰਦੁਆਰੇ ਦਰਸ਼ਨ ਪੰਨਾ 13, ਜਨਮਸਾਖੀ ਭਾਈ ਮਨੀ ਸਿੰਘ ਪੰਨਾ 106, ਤਵਾਰੀਖ਼ ਗੁਰੂ ਖ਼ਾਲਸਾ ਪੰਨਾ 16, ਪੰਨਾ 39, ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਇ 9, ਤਵਾਰੀਖ਼ ਗੁਰੂ ਖ਼ਾਲਸਾ ਪੰਥ ਪੰਨਾ 169, ਤੇ ਇਤਿਹਾਸ ਸਿੱਖ ਗੁਰੂ ਸਾਹਿਬਾਨ ਪੰਨਾ 98 ਆਦਿ)।

ਸੋ ਗੱਲ ਕੀ, ਮੁਸਲਮਾਨ ਸ੍ਰੀ ਬਾਬਾ ਜੀ ਨੂੰ ਮੁੱਢ ਤੋਂ ਹੀ ਸਤਿਕਾਰਦੇ ਤੇ ਪਿਆਰਦੇ ਚਲੇ ਆ ਰਹੇ ਹਨ। ਮੁਸਲਮਾਨਾਂ ਦੇ ਦਿਲਾਂ ਵਿੱਚ ਸ੍ਰੀ ਬਾਬਾ ਜੀ ਦਾ ਇਹ ਪਿਆਰ ਤੇ ਸਤਿਕਾਰ ਕਿਉ ਪੈਦਾ ਹੋਇਆ ? ਇਸ ਦਾ ਮੂਲ ਕਾਰਨ ਉਹ ਪ੍ਰੇਮ ਸੀ, ਜੋ ਬਾਬਾ ਜੀ ਦੇ ਕੋਮਲ ਹਿਰਦੇ ਵਿਚ ਇਸਲਾਮ ਤੇ ਮੁਸਲਮਾਨਾਂ ਬਾਰੇ ਸੀ। ਸ੍ਰੀ ਬਾਬਾ ਜੀ ਦਾ ਆਪਣਾ ਹੀ ਇਕ ਵਾਕ ਹੈ :-

ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥

(ਤਿਲੰਗ ਮ: 1, ਪੰਨਾ 725)

ਅਰਥਾਤ :- ਪਿਆਰ ਦੇ ਸਿੱਟੇ ਵਿੱਚ ਹੀ ਪ੍ਰੇਮ ਪੈਦਾ ਹੋਇਆ ਕਰਦਾ ਹੈ।

ਸੋ ਇਸ ਕੁਦਰਤੀ ਨੇਮ ਅਨੁਸਾਰ ਹੀ ਸ੍ਰੀ ਬਾਬਾ ਨਾਨਕ ਜੀ ਬਾਰੇ ਮੁਸਲਮਾਨਾਂ ਦੇ ਦਿਲਾਂ ਵਿੱਚ ਪਿਆਰ ਤੇ ਸਤਿਕਾਰ ਉਤਪੰਨ ਹੋਇਆ। ਇੱਕ ਵਿਦਵਾਨ ਸ: ਗੁਰਮੀਤ ਸਿੰਘ ਜੀ ਲਿਖਦੇ ਹਨ ਕਿ :-

*"Sheikn farid beneftted sprituality by keeping company with Siri Guru Sahib for ten years."*

*(Islam & Sikhism, P. 126 The wersatile Guru Nanak P. 114)*

*"ਮੈਂ ਸਮਝਦਾ ਹਾਂ ਕਿ ਗੁਰੂ ਨਾਨਕ ਸਾਹਿਬ ਦਾ ਮਜ਼ਹਬ ਮਿਲਾਪ ਤੇ ਏਕਤਾ ਦਾ ਮਜ਼ਹਬ ਸੀ; ਇਸ ਲਈ ਉਹਨਾਂ ਨੇ ਇਸਲਾਮ ਦੀ ਤਾਲੀਮ ਵਿੱਚ ਉਹ ਕੁਝ ਵੇਖਿਆ, ਜੋ ਹੋਰ ਹਿੰਦੂਆਂ ਨੂੰ ਬਹੁਤ ਘੱਟ ਦਿੱਸਦਾ ਸੀ। ਗੁਰੂ ਨੂੰ ਮੁਸਲਮਾਨਾਂ ਨਾਲ ਮਿਲਾਪ ਕਰਨ ਵਿਚ ਸੁਆਦ ਆਉਂਦਾ ਸੀ। ਸ਼ੇਖ਼ ਫ਼ਰੀਦ (ਸਾਨੀ) ਦੱਸ ਵਰ੍ਹੇ ਗੁਰੂ ਸਾਹਿਬ ਨਾਲ ਰਲ਼ ਕੇ ਲੋਕਾਂ ਨੂੰ ਅੱਲਾਹ ਦਾ ਰਾਹ ਦੱਸਦਾ ਰਿਹਾ। ਕਈ ਥਾਵਾਂ ਦੇ ਹਿੰਦੂਆਂ ਨੇ ਗੁਰੂ ਸਾਹਿਬ ਦੇ ਮੁਸਲਮਾਨਾ ਨਾਲ ਗੂੜ੍ਹੇ ਮੇਲ-ਜੋਲ ਨੂੰ ਬੁਰਾ ਵੀ ਜਾਤਾ, ਪਰ ਏਕਤਾ ਦੇ ਅਵਤਾਰ ਨੇ ਇਸ ਦੀ ਜ਼ਰਾ ਪਰਵਾਹ ਨਾ ਕੀਤੀ।" (ਮੌਜੀ, ਅੰਮ੍ਰਿਤਸਰ, 18 ਜਨਵਰੀ 1939)*

ਸੋ ਜਦ ਸ੍ਰੀ ਬਾਬਾ ਜੀ ਨੇ ਮੁਸਲਮਾਨਾਂ ਨਾਲ ਪਿਆਰ ਕਰਨ ਵਿੱਚ ਸੁਆਦ ਮਾਣਿਆ, ਤੇ ਇਸਲਾਮ ਦੀ ਸਿੱਖਿਆ ਵਿੱਚ ਉਹ ਕੁਝ ਵੇਖਿਆ, ਜੋ ਦੂਜੇ ਹਿੰਦੂਆਂ ਨੂੰ ਘੱਟ ਦਿੱਸਦਾ ਸੀ, ਤਾਂ ਇਹ ਜ਼ਰੂਰੀ ਸੀ ਕਿ 'ਲਿਵ ਲਿਵੈ ਕਉ ਧਾਵੈ' ਦੇ ਅਟੱਲ ਨੇਮ ਅਨੁਸਾਰ ਮੁਸਲਮਾਨ ਵੀ ਬਾਬਾ ਜੀ ਨੂੰ ਦਿਲੋਂ ਪਿਆਰਦੇ ਤੇ ਸਤਿਕਾਰਦੇ। ਸੋ ਇਤਿਹਾਸ ਸਾਖੀ ਹੈ ਕਿ ਮੁਸਲਮਾਨਾਂ ਨੇ ਆਪ ਨੂੰ ਤਨੋਂ ਮਨੋਂ ਸਤਿਕਾਰਿਆ ਤੇ ਇਹ ਸਤਿਕਾਰ ਦੇਸ-ਕਾਲ ਦੀਆਂ ਹੱਦਾਂ ਟੱਪ ਕੇ ਸਾਰੇ ਜੱਗ ਦੇ ਇਸਲਾਮੀ ਦੇਸਾਂ ਦੇ ਮੁਸਲਮਾਨਾਂ ਵਿੱਚ ਹੁਣ ਤੱਕ ਬਰਾਬਰ ਚਲਾ ਆ ਰਿਹਾ ਹੈ। ਹੁਣ ਵੀ ਹਰੇਕ ਸਮਝਦਾਰ ਮੁਸਲਮਾਨ ਆਪ ਦਾ ਸਤਿਕਾਰ ਕਰਨ ਵਿਚ ਇਕ ਖੁਸ਼ੀ ਮਾਣਦਾ ਹੈ। ਇੱਕ ਅਹਿਮਦੀ ਮੁਸਲਮਾਨ ਆਪ ਦਾ ਸਤਿਕਾਰ ਕਰਨ ਵਿੱਚ ਇੱਕ ਖੁਸ਼ੀ ਮਾਣਦਾ ਹੈ। ਅਸੀਂ ਅਹਿਮਦੀ ਮੁਸਲਮਾਨ ਤਾਂ ਬਾਬਾ ਜੀ ਨੂੰ ਸਤਿਕਾਰਨਾ ਆਪਣੇ ਧਰਮ ਦਾ ਇਕ ਅੰਗ ਸਮਝਦੇ ਹਾਂ; ਕਿਉਂਕਿ ਸਾਡੇ ਵਿਚਾਰ ਅਨੁਸਾਰ ਸ੍ਰੀ ਬਾਬਾ ਜੀ ਰੱਬ ਦੇ ਪਿਆਰੇ ਸਨ ਤੇ ਹਰੇਕ ਰੱਬ ਦੇ ਪਿਆਰੇ ਦਾ ਸਤਿਕਾਰ ਕਰਨਾ ਇਸਲਾਮ ਧਰਮ ਦਾ

ਇਕ ਜ਼ਰੂਰੀ ਅੰਗ ਹੈ। ਸੱਚ ਹੈ :-

ਪਾਕੋਂ ਕੋ ਪਾਕ ਫ਼ਿਤਰਤ ਦੇਤੇ ਨਹੀਂ ਹੈਂ ਗਾਲੀ ।
ਨੇਕੋਂ ਕੀ ਹੈ ਯਿਹ ਖ਼ਸਲਤ ਰਾਹਿ ਹਯਾ ਯਿਹੀ ਹੈ ।

# ਦਉਲਤਾਂ ਦਾਈ

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਜਦ ਗੁਰੂ ਨਾਨਕ ਜੀ ਦਾ ਜਨਮ ਹੋਇਆ ਸੀ, ਤਾਂ ਸਭ ਤੋਂ ਪਹਿਲਾਂ ਜਿਸ ਨੇ ਆਪ ਨੂੰ ਗੋਦੀ ਵਿਚ ਚੁੱਕਣ ਦਾ ਮਾਣ ਪ੍ਰਾਪਤ ਕੀਤਾ ਸੀ, ਉਹ ਮੁਸਲਮਾਨ ਦਾਈ ਦਉਲਤਾਂ ਸੀ; ਜਿਹਾ ਕਿ ਵਰਣਨ ਹੈ :-

"ਓਸੇ ਹੀ ਪਲ ਜਨਮਿਆ ਕਾਲੂ ਦੇ ਘਰ ਬਾਲ ।
ਮਾਤਾ ਤ੍ਰਿਪਤਾ ਹੋ ਗਈ ਤੱਕਣਸਾਰ ਨਿਹਾਲ ।
ਲਾਇਆ ਦਾਈ ਦੌਲਤਾਂ ਚੁੱਕ ਕਲੇਜੇ ਨਾਲ ।
ਕੋਸੇ ਪਾਣੀ ਨਾਲ ਫੇਰ ਦਿੱਤਾ ਤੁਰਤ ਨਿਹਾਲ ।
ਪਟ ਦੇ ਵਿਚ ਲਪੇਟਿਆ ਕੀਤੀ ਤੁਰਤ ਸੰਭਾਲ ।
ਫਿਰ ਬਿਸਮਿੱਲਾ ਆਖ ਕੇ ਦਿੱਤਾ ਸ਼ਹਿਦ ਚਟਾਲ ।

(ਨਾਨਕ ਪ੍ਰਕਾਸ਼ ਪਤ੍ਰਿਕਾ, ਮਾਰਚ 1969)

ਅਰਥਾਤ :- ਦਉਲਤਾਂ ਦਾਈ ਨੇ ਗੁਰੂ ਜੀ ਨੂੰ ਜਨਮ ਲੈਂਦਿਆਂ ਹੀ ਚੁਕ ਕੇ ਕਲੇਜੇ ਨਾਲ ਲਾ ਲਿਆ ਤੇ ਫਿਰ ਕੋਸੇ ਪਾਣੀ ਨਾਲ ਅਸ਼ਨਾਨ ਕਰਾ ਕੇ ਰੇਸ਼ਮੀ ਕਪੜੇ ਪਾ ਦਿੱਤੇ ਤੇ ਬਿਸਮਿੱਲਾ ਪੜ੍ਹ ਕੇ ਸ਼ਹਿਦ ਚਟਾ ਕੇ ਗੁੜ੍ਹਤੀ ਦੇ ਦਿੱਤੀ।

ਗਿਆਨੀ ਸੇਵਾ ਸਿੰਘ ਜੀ ਕੰਵਲ ਲਿਖਦੇ ਹਨ :-

*"ਇਤਿਹਾਸ ਗਵਾਹੀ ਭਰਦਾ ਹੈ ਕਿ ਜੇ ਸਭ ਤੋਂ ਪਹਿਲਾਂ ਕਿਸੇ ਨੇ ਨਾਨਕ ਜੀ ਦੇ ਮੁਖੜੇ ਤੇ ਇਲਾਹੀ ਜਲੌ ਦੇਖਿਆ, ਤਾਂ ਦਾਈ ਦੌਲਤਾਂ ਨੇ ਤੇ ਜਿਸ ਦਾ ਸਭ ਤੋਂ ਪਹਿਲਾਂ ਗੁਰੂ ਨਾਨਕ ਅੱਗੇ ਸਿਰ ਝੁਕਿਆ, ਉਹ ਵੀ ਵਡਭਾਗੀ ਦਾਈ ਦੌਲਤਾਂ ਹੀ ਸੀ।" (ਗੁਰਮਤਿ ਪ੍ਰਕਾਸ਼, ਮਾਰਚ 1962)*

# ਰਾਇ ਬੁਲਾਰ ਤੇ ਸ੍ਰੀ ਬਾਬਾ ਨਾਨਕ ਜੀ

ਰਾਇ ਬੁਲਾਰ ਇਕ ਭੱਟੀ ਰਾਜਪੂਤ ਮੁਸਲਮਾਨ ਸੀ। ਤਲਵੰਡੀ ਦੇ ਆਲੇ ਦੁਆਲੇ ਦਾ ਸਾਰਾ ਇਲਾਕਾ ਉਸ ਦੀ ਸਰਦਾਰੀ ਵਿੱਚ ਸੀ। ਬਾਬਾ ਜੀ ਦੇ ਪਿਤਾ

ਕਾਲੂ ਜੀ ਉਸ ਦੇ ਗੁਮਾਸ਼ਤੇ ਸਨ ਤੇ ਉਸ ਦੀਆਂ ਸਾਰੀਆਂ ਜ਼ਮੀਨਾਂ ਦਾ ਪ੍ਰਬੰਧ ਕਰਦੇ ਸਨ। ਇਤਿਹਾਸ ਦਸਦਾ ਹੈ ਕਿ ਇਹ ਮੁਸਲਮਾਨ ਸਰਦਾਰ - ਰਾਇ ਬੁਲਾਰ - ਬਾਬਾ ਜੀ ਨੂੰ ਸਦਾ ਹੀ ਦਿਲੋਂ ਪਿਆਰਦਾ ਤੇ ਸਤਿਕਾਰਦਾ ਸੀ।

ਇੱਕ ਸਿੱਖ ਵਿਦਵਾਨ ਤੇ ਕਵੀ ਪ੍ਰੋ: ਮੋਹਨ ਸਿੰਘ ਜੀ ਇਹ ਮੰਨਦੇ ਹਨ ਕਿ ਗੁਰੂ ਨਾਨਕ ਜੀ ਦੇ ਸਮੇਂ ਰਾਇ ਬੁਲਾਰ ਨੇ ਇਕ ਅਜੀਬ ਸੁਪਨਾ ਵੇਖਿਆ ਸੀ; ਜਿਹਾ ਕਿ :-

ਉੱਚੀ ਮਾੜੀ ਆਪਣੀ ਸੁੱਤਾ ਰਾਇ ਬੁਲਾਰ ।
ਅੱਲ੍ਹਾ ਅਕਬਰ ਆਖ ਕੇ ਬਰੜਾਇਆ ਤ੍ਰੈ ਵਾਰ ।
ਬੇਗਮ ਝੂਲ ਜਗਾਇਆ ਪੁੱਛਿਆ ਨਾਲ ਪਿਆਰ ।
ਕੀ ਤੱਕਦਾ ਹਾਂ ਖ਼ਾਬ ਵਿਚ ਬੋਲਿਆ ਭੈ ਵਿਰਕਾਰ ।
ਅਰਸ਼ਾਂ ਤੋਂ ਟੁੱਟ ਕੇ ਤਾਰਾ ਇਕ ਬਲਕਾਰ ।
ਤਲਵੰਡੀ ਤੇ ਡਿੱਗਿਆ ਚਮਕ ਅਜਾਇਬ ਮਾਰ ।
ਵਗ ਪਿਆ ਵਿਚ ਬਾਰ ਦੇ ਨੂਰਾਂ ਦਾ ਦਰਿਆ ।
ਰੁੜ੍ਹਿਆ ਜਾਵਾਂ ਉਸ ਵਿਚ ਕੰਢ੍ਹਾ ਹੱਥ ਨ ਆ ।
ਇਹ ਤਾਂ ਚੰਗਾ ਖ਼ਾਬ ਹੈ ਬੇਗਮ ਦਿੱਤੀ ਧੀਰ ।
ਬਾਹਾਂ ਵਿਚ ਸੁਆਲਿਆ ਉਸ ਨੂੰ ਘੁਟ ਅਖ਼ੀਰ ।
ਉਸੇ ਹੀ ਪਲ ਜਨਮਿਆ ਕਾਲੂ ਦੇ ਘਰ ਬਾਲ ।
ਮਾਤਾ ਤ੍ਰਿਪਤਾ ਹੋ ਗਈ ਤੱਕਣਸਾਰ ਨਿਹਾਲ ।

(ਨਾਨਕ ਪ੍ਰਕਾਸ਼ ਪ੍ਰਤ੍ਰਿਕਾ, ਮਾਰਚ 1969)

ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆਂ ਦਾ ਕਥਨ ਹੈ ਕਿ :-

*"ਗੁਰੂ ਨਾਨਕ ਦੇਵ ਮਹਾਰਾਜ ਵਿਚ ਰੱਬੀ ਨੂਰ ਵੇਖਣ ਵਾਲਾ ਸਭ ਤੋਂ ਪਹਿਲਾਂ ਰਾਇ ਭੋਇ ਦੀ ਤਲਵੰਡੀ ਦਾ ਰਾਇ ਬੁਲਾਰ ਚੌਧਰੀ ਸੀ।"*

*(ਸਿੰਘ ਸਭਾ ਪਤ੍ਰਿਕਾ, ਜਨਵਰੀ 1977)*

ਇਕ ਵਾਰ ਬਾਬਾ ਜੀ ਦੇ ਪਿਤਾ ਨੇ ਬਾਬਾ ਜੀ ਨੂੰ ਕੁਝ ਰੁਪਈਏ ਵਣਜ-ਵਪਾਰ ਕਰਨ ਲਈ ਦਿੱਤੇ। ਆਪ ਨੇ ਓਹ ਰੁਪਈਏ ਭੁੱਖੇ ਸਾਧਾਂ ਨੂੰ ਭੋਜਨ ਛਕਾਉਣ ਵਿੱਚ ਖਰਚ ਕਰ ਦਿੱਤੇ। ਜਦ ਘਰ ਮੁੜੇ, ਤਾਂ ਪਿਤਾ - ਕਾਲੂ - ਜੀ ਨੂੰ ਇਹ ਸੁਣ ਕੇ ਵੱਡਾ ਗੁੱਸਾ ਆਇਆ ਕਿ ਆਪ ਨੇ ਮੂਲ ਵੀ ਗੁਆ ਦਿੱਤਾ ਹੈ। ਜਦ ਇਹ ਗੱਲ ਰਾਇ ਬੁਲਾਰ ਤਕ ਪੁੱਜੀ, ਤਾਂ ਉਸ ਨੇ ਪਿਤਾ ਕਾਲੂ ਜੀ ਨੂੰ ਸੱਦ ਕੇ ਇਹ ਕਿਹਾ ਕਿ :-

*"ਜਦ ਮੈਂ ਤੈਨੂੰ ਹੁਕਮ ਦੇ ਰੱਖਿਆ ਹੈ ਕਿ ਜੋ ਕੁਛ ਨਾਨਕ ਜੀ ਖ਼ਰਚੇ ਤੂੰ ਮੇਰੇ ਖ਼ਜ਼ਾਨੇ ਵਿੱਚੋਂ ਲੈ ਜਾਇਆ ਕਰ, ਪਰ ਏਸ ਨੂੰ ਕੁਛ ਨਾ ਆਖੀਂ। ਫੇਰ ਤੂੰ ਨਾਨਕ ਨੂੰ ਕਿਉ ਗੁੱਸੇ ਹੁੰਦਾ ਹੈ ? ਕੀ ਕਰਾਂ ਤੂੰ ਨਾਨਕ ਦਾ ਬਾਪ ਹੈਂ, ਨਹੀਂ ਤਾਂ ਤੈਨੂੰ ਹੁਣੇ ਸਜ਼ਾ ਦਿੰਦਾ।"*

*(ਤਵਾਰੀਖ ਗੁਰੂ ਖ਼ਾਲਸਾ, ਪੰਨਾ 63)*

ਰਾਇ ਬੁਲਾਰ ਦੇ ਉਕਤ ਕਥਨ ਦਾ ਇੱਕ ਇੱਕ ਅੱਖਰ ਨਾਨਕ-ਪਿਆਰ ਨਾਲ ਭਰਿਆ ਪਿਆ ਹੈ।

ਜਨਮ ਸਾਖੀ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਰਾਇ ਬੁਲਾਰ ਨੇ ਸ਼੍ਰੀ ਬਾਬਾ ਨਾਨਕ ਜੀ ਨੂੰ ਗਲ ਨਾਲ ਲਾ ਕੇ ਮੱਥਾ ਵੀ ਚੁੰਮਿਆ ਸੀ, ਜਿਹਾ ਕਿ ਲਿਖਿਆ ਹੈ ਕਿ :-

*"ਨਾਨਕ ਜੀ ਨੂੰ ਰਾਇ ਨੇ ਬਗ਼ਲ ਵਿੱਚ ਲੀਤਾ ਅਤੇ ਮੱਥਾ ਚੁਮਿਓ ਸੁ।"* *(ਜ: ਸਾ: ਭਾਈ ਬਾਲਾ, ਪੰਨਾ 35)*

ਇੱਕ ਹੋਰ ਵਿਦਵਾਨ ਸਰਦਾਰ ਹੁਸ਼ਿਆਰ ਸਿੰਘ ਜੀ ਲਿਖਦੇ ਹਨ ਕਿ:-

*"ਰਾਇ ਬੁਲਾਰ ਨੇ ਕਿਹਾ ਕਿ ਕਾਲੂ ! ਤੂੰ ਨਾਨਕ ਨੂੰ ਤੰਗ ਨਾ ਕਰਿਆ ਕਰ। ਮੈਂ ਜਾਣਦਾ ਹਾਂ ਕਿ ਇਹ ਕੋਈ ਵਲੀ ਹੈ, ਜੇ ਤੈਨੂੰ ਰੁਪਿਆਂ ਦੀ ਲੋੜ ਹੈ, ਤਾਂ ਤੂੰ ਮੈਥੋਂ ਲੈ ਜਾ।"*

*(ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 15)*

ਸੋ ਉਸ ਨੇ ਉਸੇ ਵੇਲੇ ਆਪਣੇ ਨੌਕਰ ਨੂੰ ਸੱਦ ਕੇ ਕਿਹਾ ਕਿ ਹੁਣੇ ਹੀ 20 ਰੁਪੈ ਘਰੋਂ ਲਿਆ ਕੇ ਕਾਲੂ ਨੂੰ ਦੇ ਦਿੱਤੇ ਜਾਣ। (ਜ: ਸਾ: ਭਾਈ ਬਾਲਾ ਪੰਨਾ 36)

ਅਰਥਾਤ :-

*"ਰਾਇ ਬੁਲਾਰ ਨੇ ਬੇਗ਼ਮ ਸਾਹਿਬਾ ਨੂੰ ਆਖਿਆ ਕਿ ਵੀਹ ਰੁਪਈਏ ਕਾਲੂ ਨੂੰ ਫੜਾ ਦੇਣ ਤੇ ਅੱਗੇ ਨੂੰ ਨਾਨਕ ਜੋ ਵੀ ਨੁਕਸਾਨ ਕਰੇ, ਉਹ ਘਰੋਂ ਆ ਕੇ ਲੈ ਸਕਦਾ ਹੈ। ਬਾਬਾ ਨਾਨਕ ਨੂੰ ਰਾਇ ਬੁਲਾਰ ਨੇ ਆਖਿਆ ਕਿ ਜਦ ਵੀ ਕਦੀ ਦਾਨ ਪੁੰਨ ਜਾਂ ਗਰੀਬਾਂ, ਅਨਾਥਾਂ ਦੀ ਮਦਦ ਕਰਨ ਲਈ ਤੇ ਓਹਨਾਂ ਦਾ ਦੁੱਖ ਹਰਨ ਲਈ ਰੁਪਈਏ ਦੀ ਲੋੜ ਪਵੇ, ਤਾਂ ਉਸ ਦੇ ਘਰੋਂ ਲੈ ਲਿਆ ਕਰੇ।"*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 38)*

ਇਕ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ ਗੁਰੂ ਜੀ ਨੇ ਸੱਚੇ ਸੌਦੇ ਵਾਲੇ ਰੁਪਈਏ ਭੁੱਖੇ ਅਬਦਾਲਾਂ ਨੂੰ ਭੋਜਨ ਛਕਾਉਣ ਤੇ ਖ਼ਰਚ ਕੀਤੇ ਸਨ: ਜਿਹਾ ਕਿ

ਵਰਣਨ ਹੈ :-

*"ਜਦ ਉਹ ਇਕ ਵਾਰੀ ਸੱਚਾ ਸੌਦਾ ਕਰ ਅਬਦਾਲਾਂ ਨੂੰ ਖਾਣਾ ਖੁਆ ਆਏ ਸਨ, ਤਾਂ ਪਿਤਾ ਜੀ ਦੇ ਗੁੱਸੇ ਹੋਣ ਉਤੇ ਇਹ ਕਿਹਾ ਸੀ ਕਿ ਉਹ ਪਿਤਾ ਲਈ ਆਖ਼ਰਤ ਸੁਆਰ ਆਏ ਹਨ। "ਅਬਦਾਲ" ਅੱਲਾਹ ਦੇ ਕੀਰਤਨ ਵਿਚ ਜੁੜਨ ਵਾਲਾ ਇਕ ਸੂਫ਼ੀ ਤਬਕਾ ਸੀ।"*

*(ਪੁਰਾਤਨ ਇਤਿਹਾਸਕ ਜੀਵਨੀਆਂ ਪੰਨਾ 2 ਤੇ ਗੁਰਮਤਿ ਪ੍ਰਕਾਸ਼, ਮਈ 1969)*

ਇਸੇ ਤਰ੍ਹਾਂ ਜਨਮ ਸਾਖੀ ਇਹ ਵੀ ਦਸਦੀ ਹੈ ਕਿ ਰਾਇ ਬੁਲਾਰ ਨੇ ਇਹ ਵੀ ਕਿਹਾ ਸੀ ਕਿ :-

*"ਜਿਤਨਾ ਚਿਰ ਨਾਨਕ ਜੀ ਅਵਾਣਾ ਸਿਆਣਾ ਹੈ, ਉਹਨਾਂ ਚਿਰ ਨਾਨਕ ਜੀ ਦੀ ਖ਼ਿਦਮਤ ਅਸੀਂ ਕਰਾਂਗੇ... ਅੱਜ ਥੀਂ ਲੈਕਰ ਨਾਨਕ ਨੂੰ ਪੌਸ਼ਾਕਾਂ ਭੀ ਅਸੀਂ ਬਣਾਇ ਦੇਵਾਂਗੇ ਤੇ ਖ਼ਰਚ ਭੀ ਇਸ ਦਾ ਸਾਡੇ ਘਰੋਂ ਲੀਤਾ ਕਰ।... ਜਿਤਨਾ ਤੇਰੇ ਘਰ ਦਾ ਦਰਬ ਨਾਨਕ ਗਵਾਇਆ ਹੈ ਸੋ ਹਿਸਾਬ ਕਰਕੇ ਸਭ ਮੇਰੇ ਕੋਲੋਂ ਲੈ ਲੈ।" (ਜ: ਸ: ਭਾਈ ਬਾਲਾ, ਪੰਨਾ 37)*

ਇਹ ਉਕਤ ਹਵਾਲੇ ਸਿੱਧ ਕਰਦੇ ਹਨ ਕਿ ਰਾਇ ਬੁਲਾਰ ਦੇ ਦਿਲ ਵਿੱਚ ਸ੍ਰੀ ਬਾਬਾ ਜੀ ਦਾ ਵੱਡਾ ਪਿਆਰ ਤੇ ਸਤਿਕਾਰ ਸੀ।

ਇਸੇ ਤਰ੍ਹਾਂ ਇਤਿਹਾਸ ਦਸਦਾ ਹੈ ਕਿ ਬਾਬਾ ਜੀ ਆਪਣੇ ਦੇਸ ਦੇਸਾਂਤਰਾਂ ਦੇ ਰਟਨ ਸਮੇਂ ਜਦ ਵੀ ਤਲਵੰਡੀ ਆਉਂਦੇ ਸਨ, ਰਾਇ ਬੁਲਾਰ ਜੀ ਉਹਨਾਂ ਦੀ ਟਹਿਲ ਸੇਵਾ ਕਰਦੇ ਸਨ। ਇਕ ਵਾਰ ਆਪ ਤਲਵੰਡੀ ਆਏ, ਤਾਂ ਆਪ ਨੇ ਪਾਣੀ ਦੀ ਥਾੜ ਦਾ ਵਰਨਣ ਕੀਤਾ। ਰਾਇ ਜੀ ਨੇ ਉਸੇ ਸਮੇਂ ਨਾਨਕ ਸਰ ਨਾਂ ਦਾ ਇਕ ਸਰੋਵਰ ਸ੍ਰੀ ਬਾਬਾ ਜੀ ਦੇ ਨਾਂ ਤੇ ਬਣਵਾ ਦਿੱਤਾ। ਇਹ ਸਰੋਵਰ ਅੱਜ ਤਕ ਨਨਕਾਣਾ ਸਾਹਿਬ ਵਿਚ ਵਿਦਮਾਨ ਹੈ।

(ਵੇਖੋ ਸਵਾਨਿਹ ਉਮਰੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 44)

ਸ: ਬ: ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :-

*'ਨਾਨਕਸਰ' ਨਨਕਾਣੇ ਦਾ ਉਹ ਤਾਲ, ਜੋ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਦੇ ਨਾਮ ਪੁਰ ਖੁਦਵਾਇਆ ਸੀ।"*

*(ਮਹਾਨ ਕੋਸ਼, ਪੰਨਾ 2072)*

ਅਰਥਾਤ :-

*"ਬਾਲ ਲੀਲ੍ਹਾ... ਗੁਰਦੁਆਰੇ ਦੇ ਪੂਰਬ ਵਲ ਇਕ ਤਲਾਬ ਹੈ, ਜੋ*

*ਗੁਰੂ ਸਾਹਿਬ ਦੇ ਨਾਮ ਪੁਰ ਰਾਇ ਬੁਲਾਰ ਨੇ ਖੁਦਵਾਇਆ ਸੀ।"*

*(ਮਹਾਨ ਕੋਸ਼, ਪੰਨਾ 2076)*

ਇਤਿਹਾਸ ਦਸਦਾ ਹੈ ਕਿ ਗੁਰੂ ਨਾਨਕ ਜੀ ਦੇ ਮਨ ਵਿੱਚ ਵੀ ਆਪਣੇ ਪਿਆਰੇ ਰਾਇ ਬੁਲਾਰ ਦਾ ਪਿਆਰ ਤੇ ਸਤਿਕਾਰ ਭਰਿਆ ਪਿਆ ਸੀ। ਡਾਕਟਰ ਤਰਲੋਚਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਗੁਰੂ ਜੀ ਨੇ ਉਸ ਨੂੰ ਇਹ ਕਿਹਾ ਸੀ ਕਿ :-

*"ਤੁਸੀਂ ਹਮੇਸ਼ਾ ਮੇਰੇ ਪਿਤਾ ਸਮਾਨ ਰਹੇ ਹੋ, ਪਿਤਾ ਨਾਲੋਂ ਵੱਧ ਪਿਆਰ ਦਿੰਦੇ ਰਹੇ ਹੋ। ਹਮੇਸ਼ਾ ਆਪਣੇ ਪਿਆਰ ਤੇ ਅਸ਼ੀਰਵਾਦ ਭਰਿਆ ਹੱਥ ਮੇਰੇ ਸਿਰ ਤੇ ਰੱਖਿਓ। ਮੈਨੂੰ ਹਮੇਸ਼ਾ ਮਾਣ ਰਹੇਗਾ, ਤੁਹਾਡਾ ਪੁੱਤਰ ਅਖਵਾਣ ਦਾ ਤੇ ਤੁਹਾਡਾ ਪੁੱਤਰ ਬਣਨ ਦੇ ਲਾਇਕ ਹੋਣ ਦਾ।"* *(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 120)*

ਅਰਥਾਤ :-

*"ਰਾਇ ਜੀ, ਪਾਪ ਤੇ ਗੁਨਾਹ ਸਾਰੀ ਉਮਰ ਤੁਹਾਡੇ ਨੇੜੇ ਨਹੀਂ ਆਏ। ਤੁਸੀਂ ਰੱਬ ਦੇ ਭੈ ਵਾਲੇ ਹੋ। ਤੁਸੀਂ ਰੱਬ ਪਛਾਤਾ ਹੈ। ਤੁਹਾਡੇ ਇਨਸਾਫ਼, ਦਇਆ, ਧਰਮ ਕਾਰਨ ਇਹ ਨਗਰੀ ਕਲਿਜੁਗ ਵਿਚ ਸਤਿਜੁਗ ਬਣੀ ਹੋਈ ਹੈ। ਮੈਂ ਤੁਹਾਨੂੰ ਕਦ ਭੁੱਲ ਸਕਦਾ ਹਾਂ, ਰਾਇ ਜੀ, ਕਦੀ ਪੁੱਤਰ ਵੀ ਪਿਤਾ ਨੂੰ ਭੁੱਲ ਸਕਦਾ ਹੈ।"*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 120)*

ਡਾਕਟਰ ਤਰਲੋਚਨ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਜੀ ਨੇ ਰਾਇ ਬੁਲਾਰ ਨੂੰ ਇਹ ਵੀ ਕਿਹਾ ਸੀ ਕਿ :-

*"ਰਾਇ ਜੀ,... ਤੁਹਾਡੇ ਹੱਥ ਦਾ ਖਾਣਾ ਤੇ ਬੇਗਮ ਸਾਹਿਬਾ ਦੇ ਹੱਥ ਦੇ ਪਕਵਾਨ ਮੇਰੇ ਲਈ ਦੇਵਤਿਆਂ ਦੇ ਬ੍ਰਹਮ ਭੋਜ ਨਾਲੋਂ ਪਵਿੱਤਰ ਹਨ। ਜੋ ਬਚਪਨ ਵਿਚ ਮੈਂ ਤੁਹਾਡੇ ਘਰ ਦਾ ਖਾ ਲੈਂਦਾ ਸੀ ਤੇ ਹੁਣ ਜਦ ਮੈਂ ਕਈ ਕਈ ਦਿਨ ਸੂਫ਼ੀ ਫ਼ਕੀਰਾਂ ਦੇ ਡੇਰੇ ਕੱਟਦਾ ਹਾਂ, ਤਾਂ ਮੇਰਾ ਅਹਾਰ ਮਰਦਾਨਾ ਹੀ ਤਿਆਰ ਕਰਦਾ ਜਾਂ ਲਿਆਂਦਾ ਹੈ, ਤਾਂ ਤੁਹਾਡੇ ਘਰ ਦਾ ਖਾਣਾ ਤਾਂ ਮੇਰੇ ਲਈ ਅੰਮ੍ਰਿਤ ਹੋਵੇਗਾ।"*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 121)*

ਸਿੱਖ ਇਤਿਹਾਸ ਦੱਸਦਾ ਹੈ ਕਿ ਰਾਇ ਬੁਲਾਰ ਨੇ ਗੁਰੂ ਨਾਨਕ ਜੀ ਨੂੰ ਇੱਥੋਂ ਤਕ ਖੁਲ੍ਹ ਦਿੱਤੀ ਹੋਈ ਸੀ ਕਿ :-

*"ਬਾਬਾ ਜੀ, ਤੁਸੀਂ ਠੀਕਰੀ ਤੇ ਆਪਣਾ ਨਿਸ਼ਾਨ ਕਰ ਦਿਆ ਕਰੋ*

*ਤੇ ਮੰਗਤੇ ਨੂੰ ਦੇ ਦਿਆ ਕਰੋ। ਤੁਹਾਡੀ ਠੀਕਰੀ ਵਾਲੇ ਨੂੰ ਜੋ ਹੁਕਮ ਕਰ ਭੇਜੋਗੇ, ਸੋ ਦੇ ਦਿਆ ਕਰਾਂਗਾ। ਉਸ ਦਿਨ ਤੋਂ ਸ੍ਰੀ ਹਜ਼ੂਰ ਦੀ ਠੀਕਰੀ ਪ੍ਰਵਾਨ ਹੋ ਗਈ।" (ਪਰਤਖਯ ਦਰਸ਼ਨ, ਪੰਨਾ 12)*

ਗਿਆਨੀ ਈਸ਼ਰ ਸਿੰਘ ਦੇ ਕਥਨ ਅਨੁਸਾਰ ਰਾਇ ਭੋਇ ਦੀ ਤਲਵੰਡੀ ਦਾ ਨਾਂ ਬਦਲ ਕੇ ਗੁਰੂ ਨਾਨਕ ਜੀ ਦੇ ਨਾਂ ਤੇ ਨਨਕਾਣਾ ਸਾਹਿਬ ਰੱਖਿਆ ਸੀ, ਜਿਹਾ ਕਿ :-

*"ਨਨਕਾਣਾ ਸਾਹਿਬ ਸਿਰਫ਼ ਮਾਲ ਦੇ ਕਾਗਜ਼ਾਂ ਵਿਚ ਨਾਮ ਸੀ, ਜੋ ਰਾਇ ਬੁਲਾਰ ਨੇ ਆਪਣੇ ਹੁੰਦਿਆਂ ਹੀ ਮਾਲ ਦੇ ਕਾਗਜ਼ਾਂ ਵਿੱਚ (ਗੁਰੂ ਪਿਆਰ ਅੰਦਰ) ਰਾਇ ਭੋਇ ਦੀ ਤਲਵੰਡੀ ਦੀ ਬਜਾਇ ਨਨਕਾਣਾ ਨਾਮ ਰੱਖਿਆ ਸੀ।" (ਵਿਸਾਖ ਨਹੀਂ ਕੱਤਕ, ਪੰਨਾ 86)*

ਇਸ ਤੋਂ ਛੁੱਟ ਖੁਰਸ਼ੀਦ ਖਾਲਸਾ ਦੇ ਪੰਨਾ 36 ਤੇ ਵੀ ਇਸ ਦਾ ਵਰਨਣ ਹੈ।

ਇਤਿਹਾਸ ਇਹ ਵੀ ਦਸੱਦਾ ਹੈ ਕਿ ਰਾਇ ਬੁਲਾਰ ਨੇ ਤਲਵੰਡੀ ਦੀ ਬਹੁਤ ਸਾਰੀ ਜ਼ਮੀਨ ਵੀ ਸ੍ਰੀ ਬਾਬਾ ਜੀ ਦੇ ਅਰਪਣ ਕਰ ਦਿੱਤੀ ਸੀ। ਇਕ ਵਿਦਵਾਨ ਜੀ ਕਥਨ ਕਰਦੇ ਹਨ ਕਿ :-

*"ਨਨਕਾਣਾ ਸਾਹਿਬ ਸਾਰਾ ਹੀ ਗੁਰਦੁਆਰੇ ਦੀ ਮਲਕੀਅਤ ਹੈ। ਰਾਇ ਬੁਲਾਰ ਨੇ ਸਾਰਾ ਰਕਬਾ ਹੀ ਗੁਰੂ ਨਮਿਤ ਅਰਦਾਸ ਕਰਾ ਦਿੱਤਾ ਸੀ।" (ਗੁਰਧਾਮ ਦੀਦਾਰ, ਪੰਨਾ 126)*

ਅਰਥਾਤ :-

*"ਰਾਇ ਬੁਲਾਰ ਸਾਰੀ ਧਰਤੀ ਦਾ ਮਾਲਕ ਸੀ,... ਉਸ ਨੇ... 1500 ਮੁਰੱਬੇ ਜ਼ਮੀਨ ਵਿੱਚੋਂ ਸਾਢੇ ਸਾਢੇ ਸੱਤ ਸੌ ਮੁਰੱਬਾ ਜ਼ਮੀਨ ਗੁਰੂ ਨਾਨਕ ਦੇਵ ਜੀ ਦੇ ਨਾਂ ਲਗਵਾ ਦਿੱਤੀ।"*

*(ਗੁਰਦੁਆਰਾ ਗਜ਼ਟ, ਫ਼ਰਵਰੀ 1979)*

## ਗੁਰਦੁਆਰਾ ਜਨਮ ਅਸਥਾਨ ਨਾਲ ਜਾਗੀਰ

ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਦਾ ਇਕ ਪ੍ਰਸਿੱਧ ਗੁਰਦੁਆਰਾ ਹੈ। ਇਸ ਦੁਰਦੁਆਰੇ ਨਾਲ ਵੀ ਜਾਗੀਰ ਹੈ, ਜਿਹਾ ਕਿ ਲਿਖਿਆ ਹੈ ਕਿ :-

*"ਇਸ ਦਰਬਾਰ ਨਾਲ 247 ਮੁਰੱਬੇ ਜ਼ਮੀਨ ਤੇ 989 ਰੁਪਈਏ*

*ਸਵਾ ਪੰਦਰਾਂ ਆਨੇ ਜਾਗੀਰ ਹੈ।"*

*(ਗੁਰਧਾਮ ਦੀਦਾਰ, ਪੰਨਾ 126 ਤੇ ਰਸਾਲਾ ਗੁਰਮਤਿ ਅੰਮ੍ਰਿਤਸਰ, ਜੂਨ 1957)*

## ਗੁਰਦੁਆਰਾ ਬਾਲ ਲੀਲ੍ਹਾ ਨਾਲ ਜਾਗੀਰ

ਗੁਰਦੁਆਰਾ ਬਾਲ ਲੀਲ੍ਹਾ ਦੇ ਨਾਂ ਤੇ ਇਕ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਵਿਦਮਾਨ ਹੈ। ਇਸ ਗੁਰਦੁਆਰੇ ਬਾਰੇ ਇਹ ਲਿਖਿਆ ਹੈ :-

*"120 ਮੁਰੱਬੇ ਜ਼ਮੀਨ ਤੇ 31 ਰੁਪਈਏ ਸਲਾਨਾ ਜਾਗੀਰ ਰਾਇ ਬੁਲਾਰ ਵੱਲੋਂ ਹੈ।"*

*(ਗੁਰਧਾਮ ਦੀਦਾਰ, ਪੰਨਾ 127 ਤੇ ਰਸਾਲਾ ਗੁਰਮਤਿ ਅੰਮ੍ਰਿਤਸਰ 1957, ਪੰਨਾ 47)*

## ਗੁਰਦੁਆਰਾ ਮਾਲ ਜੀ ਸਾਹਿਬ ਨਾਲ ਜਾਗੀਰ

ਇਹ ਗੁਰਦੁਆਰਾ ਵੀ ਨਨਕਾਣਾ ਸਾਹਿਬ ਵਿਚ ਵਿਦਮਾਨ ਹੈ। ਇਸ ਗੁਰਦੁਆਰੇ ਨਾਲ ਵੀ ਰਾਇ ਬੁਲਾਰ ਨੇ ਜਾਗੀਰ ਲਾਈ ਸੀ, ਜਿਹਾ ਕਿ ਲਿਖਿਆ ਹੈ ਕਿ :-

*"190 ਮੁਰੱਬੇ ਜ਼ਮੀਨ ਤੇ 50 ਰੁਪਏ ਸਲਾਨਾ ਜਾਗੀਰ ਰਾਇ ਬੁਲਾਰ ਦੇ ਸਮੇਂ ਦੀ ਹੈ।"*

*(ਗੁਰਧਾਮ ਦੀਦਾਰ, ਪੰਨਾ 128 ਤੇ ਰਸਾਲਾ ਗੁਰਮਤਿ, ਜੁਲਾਈ 1957)*

## ਗੁਰਦੁਆਰਾ ਕਿਆਰਾ ਸਾਹਿਬ ਨਾਲ ਜਾਗੀਰ

ਇਹ ਵੀ ਬਾਬਾ ਜੀ ਦੀ ਯਾਦਗਾਰ ਵਿੱਚ ਇਕ ਪ੍ਰਸਿੱਧ ਗੁਰਦੁਆਰਾ ਹੈ, ਜੋ ਨਨਕਾਣਾ ਸਾਹਿਬ ਵਿੱਚ ਹੈ। ਇਸ ਗੁਰਦੁਆਰੇ ਦੇ ਨਾਲ ਵੀ ਰਾਇ ਬੁਲਾਰ ਵੱਲੋਂ ਲਾਈ ਜਾਗੀਰ ਦੱਸੀ ਜਾਂਦੀ ਹੈ, ਜਿਹਾ ਕਿ ਲਿਖਿਆ ਹੈ ਕਿ :-

*"45 ਮੁਰੱਬੇ ਜ਼ਮੀਨ ਰਾਇ ਬੁਲਾਰ ਦੇ ਸਮੇਂ ਤੋਂ ਹੈ।"*

*(ਗੁਰਧਾਮ ਦੀਦਾਰ, ਪੰਨਾ 128 ਤੇ ਰਸਾਲਾ ਗੁਰਮਤਿ, ਜੁਲਾਈ 1957)*

ਪੰਡਤ ਦਇਆ ਰਾਮ ਜੀ ਆਕਿਫ਼ ਲਿਖਦੇ ਹਨ ਕਿ ਇਕ ਵਾਰ ਰਾਇ ਬੁਲਾਰ ਨੇ ਬਾਬਾ ਜੀ ਨੂੰ ਆਪਣੇ ਕੋਲ ਰੱਖਣ ਦੀ ਇੱਛਾ ਵੀ ਪਰਗਟ ਕੀਤੀ ਸੀ ਤੇ ਇਹ ਕਿਹਾ ਸੀ ਕਿ ਤੁਸੀਂ ਇੱਥੇ ਹੀ ਰਹੋ ਤੇ ਤਿੰਨ ਖੂਹਾਂ ਦੀ ਜ਼ਮੀਨ ਤੁਹਾਡੇ ਨਾਂ ਲਾ ਦਿੱਤੀ ਜਾਂਦੀ ਹੈ। (ਸ੍ਵਾਨਿਹ ਉਮਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਪੰਨਾ 43)

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ :-

ਰਾਇ ਬੁਲਾਰ ਉਚਾਰਤ ਵਾਕ,
ਕਹੋ ਸਤ ਬਾਤ ਨ ਦੂਰ ਦਸਾਲਾ।
ਮਾਤ ਪਿਤਾ ਤੁਮਰੇ ਬਿਰਹਾਤੁਰ,
ਨਾ ਗਵਨੋ ਰਹਿਯੇ ਨਿਜ ਸ਼ਾਲਾ।
ਤੀਨ ਸੁ ਨੂਪ ਕੀ ਲੇਹੁ ਕ੍ਰਿਖੀ,
ਕਰ ਦੇਗਹਿ ਦੀਨ ਖੁਵਾਉ ਬਿਸਾਲਾ।
ਦੀਨਨ ਕੋ ਦੁਖ ਦੇਖ ਸਕੋ ਨਹਿ,
ਯੌ ਕਰਿਯੇ ਘਰ ਬੈਸ ਕ੍ਰਿਪਾਲਾ।

(ਨਾਨਕ ਪ੍ਰਕਾਸ਼ ਪੁਰਬਾਰਧ, ਪੰਨਾ 42)

ਅਰਥਾਤ :-

*"ਰਾਇ ਬੁਲਾਰ ਨੇ ਕਹਿਆ ਹੇ ਤਪਾ ਜੀ ! ਤੁਹਾਡੇ ਕੋਲੋਂ ਹਾਲਾ ਪੰਡਾ ਕੋਈ ਨਾ ਲੀਤਾ ਜਾਵੇਗਾ। ਤੁਸੀਂ ਬੈਠੇ ਫ਼ਕੀਰਾਂ ਨੂੰ ਖੁਲਾਵੋ।"*

*(ਜ: ਸਾ: ਭਾਈ ਬਾਲਾ, ਪੰਨਾ 142)*

ਇਸੇ ਤਰ੍ਹਾਂ ਇਤਿਹਾਸ ਇਹ ਵੀ ਦਸੱਦਾ ਹੈ ਕਿ ਜਦ ਸ੍ਰੀ ਬਾਬਾ ਜੀ ਦੇ ਪਿਤਾ ਦਾ ਗੁੱਸਾ ਦਿਨੋਂ ਦਿਨ ਵਧਦਾ ਗਿਆ, ਤਾਂ ਰਾਇ ਬੁਲਾਰ ਨੇ ਬਾਬਾ ਜੀ ਨੂੰ ਓਹਨਾਂ ਦੇ ਜੀਜਾ - ਜੈਰਾਮ ਦਾਸ ਜੀ ਕੋਲ ਸੁਲਤਾਨਪੁਰ ਭੇਜ ਦਿੱਤਾ ਤੇ ਉਸ ਨੂੰ ਇਹ ਚਿੱਠੀ ਲਿਖੀ ਕਿ ਗੁਰੂ ਨਾਨਕ ਜੀ ਨੂੰ ਮੈਂ ਤੁਹਾਡੇ ਕੋਲ ਭੇਜ ਰਿਹਾ ਹਾਂ। ਇੱਥੇ ਇਸ ਦਾ ਪਿਤਾ ਇਸ ਨੂੰ ਬਹੁਤ ਕੁਝ ਘੱਟ ਵੱਧ ਕਹਿੰਦਾ ਰਹਿੰਦਾ ਹੈ। ਤੇ ਇਹ ਰੱਬ ਦਾ ਪਿਆਰਾ ਸਰੱਾਈ ਪ੍ਰਸਤ ਹੈ। ਆਸ ਹੈ ਕਿ ਤੁਹਾਡੇ ਕੋਲ ਇਹ ਖ਼ੁਸ਼ ਰਹੇਗਾ। ਤੁਸੀਂ ਇਸ ਦੀ ਖ਼ੁਸ਼ੀ ਵਿਚ ਆਪਣਾ ਭਲਾ ਸਮਝਣਾ। ਇਹ ਭਾਵੇਂ ਆਪ ਦਾ ਸਾਲਾ ਹੈ, ਪਰ ਇਸ ਦੀ ਪਦਵੀ ਅਸਾਂ ਸਭਨਾਂ ਤੋਂ ਉੱਚੀ ਹੈ। ਮੈਂ ਇਸ ਨੂੰ ਆਪਣੇ ਕੋਲ ਹੀ ਰੱਖ ਲੈਂਦਾ, ਪਰ ਸਰਬ ਸਾਧਾਰਨ ਜਨਤਾ ਵਿਚ ਹਿੰਦੂ-ਮੁਸਲਮਾਨ ਦਾ ਵਿਚਾਰ ਹੈ। ਆਪ ਜਿੰਨਾ ਨਾਨਕ ਨੂੰ ਖ਼ੁਸ਼ ਕਰੋਗੇ, ਮੈਂ ਆਪ ਦਾ ਧੰਨਵਾਦੀ ਹੋਸਾਂ।

(ਸ੍ਵਾਨਿਹ ਉਮਰੀ ਗੁਰੂ ਨਾਨਕ ਦੇਵ ਜੀ, ਪੰਨਾ 19)

ਇਸ ਤੋਂ ਵੀ ਰਾਇ ਬੁਲਾਰ ਦਾ ਨਾਨਕ-ਪ੍ਰੇਮ ਪ੍ਰਗਟ ਹੁੰਦਾ ਹੈ।

ਸਿੱਖ ਇਤਿਹਾਸ ਦੱਸਦਾ ਹੈ ਕਿ ਸ੍ਰੀ ਬਾਬਾ ਜੀ ਦਾ ਜਦ ਵਿਆਹ ਹੋਇਆ ਸੀ, ਤਾਂ ਬੜੀ ਧੂਮ ਧਾਮ ਕੀਤਾ ਗਿਆ ਸੀ। ਸ੍ਰੀ ਬਾਬਾ ਜੀ ਦੀ ਜੰਞ ਹਾਥੀਆਂ, ਘੋੜਿਆਂ ਆਦਿ ਨਾਲ ਸਜਾਈ ਗਈ ਸੀ। ਕਈ ਲੋਕਾਂ ਨੇ ਇਸ ਤੇ ਕੁਤਰਕ ਕੀਤੀ ਹੈ ਕਿ ਬਾਬਾ ਜੀ ਦਾ ਜਨਮ ਤਾਂ ਇਕ ਸਾਧਾਰਨ ਘਰਾਣੇ ਵਿਚ ਹੋਇਆ ਸੀ, ਇੰਨਾ ਸਾਜ਼ੋ ਸਾਮਾਨ ਕਿੱਥੋਂ ਆ ਗਿਆ ? ਓਹਨਾਂ ਨੇ ਇਸ ਨੂੰ ਇੱਕ ਇਥਿਹਾਸਿਕ ਘਟਨਾ ਤੇ ਗਪੌੜਾ ਸਮਝਿਆ ਹੈ। (ਵੇਖੋ ਸਤਿਆਰਥ ਪ੍ਰਕਾਸ਼ ਸਮੁਲਾਸ 11) ਪਰ ਜੇ ਇਸ ਨੂੰ ਵਿਚਾਰ ਦ੍ਰਿਸ਼ਟੀ ਨਾਲ ਵੇਖਿਆ ਜਾਵੇ, ਤਾਂ ਇਹ ਇੱਕ ਅਸਲੀਅਤ ਜਾਪਦੀ ਹੈ। ਇਹ ਠੀਕ ਹੈ ਕਿ ਬਾਬਾ ਜੀ ਇਕ ਸਾਧਾਰਨ ਘਰਾਣੇ ਵਿਚ ਜਨਮੇ ਸਨ, ਪਰ ਰਾਇ ਬੁਲਾਰ ਇਕ ਚੰਗਾ ਰਈਸ ਸੀ। ਉਸ ਦੀ ਇਸ ਇਲਾਕੇ ਵਿਚ ਸਰਦਾਰੀ ਸੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਹ ਸਾਰਾ ਸਾਜ਼ੋ-ਸਾਮਾਨ ਉਸ ਨੇ ਦਿੱਤਾ ਸੀ। (ਵੇਖੋ ਨਾਨਕ ਪ੍ਰਕਾਸ਼ ਪੁਰਬਾਰਧ, ਅਧਿਆਇ 21)

ਭਾਈ ਵੀਰ ਸਿੰਘ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

*"ਸ੍ਰੀ ਗੁਰੂ ਜੀ ਦੇ ਵਿਆਹ ਸਮੇਂ ਬਹੁਤ ਸਾਜ਼ੋ ਸਾਮਾਨ ਹੋਣ ਬਾਬਤ ਕਈ ਸੱਜਣਾਂ ਨੇ ਸ਼ੰਕਾ ਕੀਤਾ ਹੈ ਕਿ ਬਾਬਾ ਕਾਲੂ ਜੀ ਤਾਂ ਮਾਮੂਲੀ ਪਟਵਾਰੀ ਸਨ, ਪਰ ਓਹਨਾਂ ਨੇ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ।... ਗੁਰੂ ਨਾਨਕ ਜੀ ਦਾ ਜਦ ਅਵਤਾਰ ਪ੍ਰਗਟ ਹੋਇਆ, ਤਾਂ ਬਾਲ ਅਵੱਸਥਾ ਤੋਂ ਹੀ ਰਾਇ ਬੁਲਾਰ ਦਾ ਸਿਦਕ... ਸਤਿਗੁਰੂ ਨਾਨਕ ਦੇਵ ਜੀ ਪੁਰ ਪੱਕਾ ਹੋ ਗਿਆ ਸੀ... ਐਸੇ ਸਾਦਕ ਰਾਜੇ ਨੇ ਆਪਣੇ ਸਾਰੇ ਰਾਜਸੀ ਸਾਜ਼ੋ ਸਾਮਾਨ ਬਾਬੇ ਕਾਲੂ ਜੀ ਦੇ ਹਾਜ਼ਰ ਕੀਤੇ ਦੱਸੇ ਹਨ।... ਕੁਤਰਕ ਕਰਨ ਵਾਲਿਆਂ ਨੇ ਇਹ ਨਹੀਂ ਸੋਚਿਆ ਕਿ ਕਵੀ ਜੀ ਸਾਮਾਨ ਵੱਡੇ ਹੋਣ ਦਾ ਪਤਾ ਆਪ ਦੇ ਰਹੇ ਹਨ।" (ਨਾਨਕ ਪ੍ਰਕਾਸ਼, ਸੰਪਾਦਿਤ, ਪੰਨਾ 297)*

ਰਾਇ ਬੁਲਾਰ ਦੇ ਇਸ ਪ੍ਰੇਮ ਨੂੰ ਵੇਖਕੇ ਹੀ ਪ੍ਰਸਿੱਧ ਵਿਦਵਾਨ ਡਾਕਟਰ ਵੀਰ ਸਿੰਘ ਜੀ ਨੇ ਇਹ ਲਿਖਿਆ ਹੈ ਕਿ :-

*"ਤਲਵੰਡੀ ਦੇ ਰਾਇ ਬੁਲਾਰ ਦਾ ਸਿਦਕ ਅਸਾਂ ਲਈ ਸਿੱਖਿਆ ਦਾਇਕ ਹੈ।" (ਨਾਨਕ ਪ੍ਰਕਾਸ਼, ਸੰਪਾਦਿਤ, ਪੰਨਾ 295)*

ਇਕ ਹੋਰ ਥਾਂ ਉਕਤ ਵਿਦਵਾਨ ਜੀ ਨੇ ਇਹ ਲਿਖਿਆ ਹੈ :-

*"ਦੇਹ ਦਾਤਾ ਓਹ ਨੈਣ ਸਾਨੂੰ - ਓਹ ਤੈਨੂੰ ਤੇ ਤੇਰੇ ਪਿਆਰਿਆਂ ਨੂੰ*

*ਪਛਾਨਣ ਵਾਲੇ ਨੈਣ।"*

*ਔਹ*

*ਹਾਂ, ਅੱਜ ਹੇ ਦਾਤੇ!*

*ਅੱਜ ਦੇਹ ਸਾਨੂੰ ਰਾਇ ਬੁਲਾਰ ਵਾਲੇ ਨੈਣ।*

*ਬਾਬੇ ਕਾਲੂ ਵਾਲੇ ਨਹੀਂ...*

*ਹੇ ਦਾਤੇ! ਦੇਹ ਉਹ ਨੈਣ ਦਾਨ ਕਰ ਸਾਨੂੰ ਓਹ ਨੈਣ,*

*ਜੋ ਅਸੀਂ ਵੀ ਦੇਖੀਏ ਤੈਨੂੰ ਜਿਵੇਂ ਡਿੱਠਾ ਸੀ ਤੈਨੂੰ ਰਾਇ ਬੁਲਾਰ ਨੇ।*

*(ਗੁਰੂ ਨਾਨਕ ਚਮਤਕਾਰ)*

ਇਹ ਕਿੰਨੀ ਸੋਹਣੀ ਗੱਲ ਹੈ ਕਿ ਰਾਇ ਬੁਲਾਰ ਇਕ ਭੱਟੀ ਰਾਜਪੂਤ ਮੁਸਲਮਾਨ ਸੀ ਤੇ ਉਸ ਨੇ ਸ੍ਰੀ ਬਾਬਾ ਨਾਨਕ ਜੀ ਨੂੰ ਅਜੇਹੀਆਂ ਨਜ਼ਰਾਂ ਨਾਲ ਵੇਖਿਆ ਸੀ, ਜੋ ਅੱਜ ਇੱਕ ਨਮੂਨੇ ਦਾ ਕੰਮ ਦੇ ਰਹੀਆਂ ਹਨ ਤੇ ਭਾਈ ਵੀਰ ਸਿੰਘ ਜੇਹਾ ਵਿਦਵਾਨ ਵੀ ਓਹਨਾਂ ਨੈਣਾਂ ਦੀ ਮੰਗ ਕਰ ਰਿਹਾ ਹੈ, ਜਿਨ੍ਹਾਂ ਨਾਲ ਰਾਇ ਬੁਲਾਰ ਨੇ ਬਾਬਾ ਜੀ ਨੂੰ ਵੇਖਿਆ ਸੀ।

## ਨਵਾਬ ਦੌਲਤ ਖਾਨ ਲੋਧੀ ਤੇ ਸ੍ਰੀ ਬਾਬਾ ਨਾਨਕ ਜੀ

ਇਕ ਸਿੱਖ ਵਿਦਵਾਨ ਨੇ ਨਵਾਬ ਦੌਲਤ ਖ਼ਾਨ ਬਾਰੇ ਇਹ ਜਾਣਕਾਰੀ ਦਿੱਤੀ ਹੈ ਕਿ :-

*"ਦੌਲਤ ਖ਼ਾਨ ਚੂੰਕਿ ਇਲਮ ਦੋਸਤ ਤੇ ਆਲਿਮ ਫ਼ਾਜ਼ਿਲਾਂ ਦਾ ਕਦਰਦਾਨ ਸੀ; ਇਸ ਲਈ ਚੰਗੇ ਚੰਗੇ ਮੁਸਲਮਾਨ ਵਿਦਵਾਨ ਏਥੇ ਆ ਟਿਕਦੇ ਸਨ। ਮੁਗ਼ਲ ਰਾਜ ਕਾਇਮ ਹੋਣ ਤੇ ਇਹ ਕਸਬਾ ਇਸ ਦੇਸ਼ ਵਿਚ ਇਸਲਾਮੀ ਸੱਭਿਤਾ ਤੇ ਤਾਲੀਮ ਦੀ ਟਕਸਾਲ ਯੂਨੀਵਰਸਿਟੀ ਬਣ ਗਿਆ।... ਸ਼ਾਹ ਜਹਾਨ ਬਾਦਸ਼ਾਹ ਤੇ ਔਰੰਗਜ਼ੇਬ ਨੇ ਵੀ ਆਪਣੀ ਜਵਾਨੀ ਇੱਥੇ ਹੀ ਬਿਤਾਈ ਤੇ ਸਿੱਖਿਆ ਦੀਖਿਆ ਲਈ।" (ਸੀਸ ਗੰਜ ਦਿੱਲੀ, 1970)*

ਨਵਾਬ ਦੌਲਤ ਖ਼ਾਨ ਨੇ ਗੁਰੂ ਜੀ ਬਾਰੇ ਇਹ ਗਵਾਹੀ ਦਿੱਤੀ ਸੀ ਕਿ :-

*"ਖ਼ਾਨ ਨੇ... ਕਿਹਾ ਕਿ ਮੈਂ ਆਪ ਨੂੰ ਖ਼ੁਦਾਇ ਦਾ ਵਲੀ ਜਾਣਦਾ ਹਾਂ।... ਖ਼ਾਨ ਨੇ ਸਾਰਿਆਂ ਨੂੰ ਸੰਬੋਧਨ ਕਰ ਕੇ ਕਿਹਾ ਕਿ ਇਹ ਕੋਈ ਵਲੀ ਪੈਦਾ ਹੋਇਆ ਹੈ, ਇਸ ਦੀ ਸੇਵਾ ਕਰਨੀ।"*

*(ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ, ਸਤੰਬਰ 1969)*

ਅਰਥਾਤ :-

*"ਬਾਬਾ ਨਾਨਕ ਨੇ ਦੌਲਤ ਖ਼ਾਨ ਲੋਧੀ ਨੂੰ ਭਲਾ ਪੁਰਸ਼ ਤੇ ਜਿੰਦ ਪੀਰ ਅਬਿਨਾਸ਼ੀ ਆਖਿਆ ਅਤੇ ਇਸੇ ਸਨਮਾਨ ਨਾਲ ਭਾਈ ਗੁਰਦਾਸ ਜੀ ਨੇ ਦੌਲਤ ਖ਼ਾਨ ਨੂੰ ਗੁਰੂ ਨਾਨਕ ਦੇ ਸਿੱਖਾਂ ਵਿੱਚ ਗਿਣਿਆ ਹੈ।"*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 86)*

ਸਿੱਖ ਇਤਿਹਾਸਕਾਰਾਂ ਦੇ ਕਥਨ ਮੁਜਬ ਨਵਾਬ ਦੌਲਤ ਖ਼ਾਨ ਲੋਧੀ ਸੁਲਤਾਨਪੁਰ ਦੇ ਨਵਾਬ ਸਨ। ਆਪ ਵੀ ਬਾਬਾ ਨਾਨਕ ਜੀ ਦੇ ਵੱਡੇ ਪ੍ਰੇਮੀ ਸਨ। ਜਦ ਰਾਇ ਬੁਲਾਰ ਨੇ ਬਾਬਾ ਜੀ ਨੂੰ ਸੁਲਤਾਨਪੁਰ ਭੇਜਿਆ ਸੀ, ਤਾਂ ਉੱਥੇ ਉਹ ਨਵਾਬ ਦੌਲਤ ਖ਼ਾਨ ਦੇ ਮੋਦੀ ਬਣ ਗਏ ਸਨ। ਆਪ ਜੋ ਕੁਝ ਵੀ ਕਮਾਈ ਕੀਤਾ ਕਰਦੇ ਸਨ, ਉਹ ਗਰੀਬਾਂ ਨੂੰ ਵੰਡ ਦਿਆ ਕਰਦੇ ਸਨ। ਆਪ ਦੇ ਇਸ ਵਰਤਾਉ ਨੂੰ ਵੇਖ ਕੇ ਕਈ ਲੋਕ ਆਪ ਨਾਲ ਵੱਡੀ ਈਰਖਾ ਕਰਨ ਲਗ ਪਏ ਸਨ। ਓਹਨਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਬਾਬਾ ਜੀ ਨਵਾਬ ਦਾ ਮੋਦੀਖ਼ਾਨਾ ਲੁਟਾਈ ਜਾ ਰਹੇ ਹਨ। ਜਦ ਇਹ ਗੱਲਾਂ ਨਵਾਬ ਦੇ ਕੰਨੀ ਪਈਆਂ, ਤਾਂ ਉਸ ਨੇ ਮੁਨਸ਼ੀ ਜਾਦੋ ਰਾਇ ਨੂੰ ਹਿਸਾਬ ਪੜਤਾਲ ਕਰਨ ਤੇ ਲਾਇਆ। ਉਸ ਨੇ ਦੋ ਵਾਰੀ ਹਿਸਾਬ ਪੜਤਾਲਿਆ, ਦੋਵੇਂ ਵਾਰ ਬਾਬਾ ਜੀ ਦੀ ਰਕਮ ਹੀ ਮੋਦੀਖ਼ਾਨੇ ਵਲ ਨਿਕਲੀ। (ਵੇਖੋ ਜਨਮ ਸਾਖੀ ਭਾਈ ਬਾਲਾ ਪੰਨਾ 97 ਤੇ ਸ੍ਵਾਨਿਹ ਉਮਰੀ ਗੁਰੂ ਨਾਨਕ ਦੇਵ ਜੀ ਪੰਨਾ 25)।

ਇਸ ਤੇ ਨਵਾਬ ਦੌਲਤ ਖ਼ਾਨ ਨੇ ਗੁਰੂ ਜੀ ਤੋਂ ਮਾਫ਼ੀ ਮੰਗੀ ਸੀ (ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 66) ਸਿੱਖ ਵਿਦਵਾਨਾਂ ਦੇ ਕਥਨ ਅਨੁਸਾਰ ਨਵਾਬ ਦੌਲਤ ਖ਼ਾਨ ਦੋ ਤਲਵਾਰਾਂ ਪਾਇਆ ਕਰਦਾ ਸੀ।

(ਕੱਤਕ ਕਿ ਵਿਸਾਖ, ਪੰਨਾ 151)।

ਓੜਕ ਬਾਬਾ ਜੀ ਨੇ ਇਹ ਫ਼ੈਸਲਾ ਕੀਤਾ ਕਿ ਉਹ ਮੋਦੀਖ਼ਾਨੇ ਦਾ ਕੰਮ ਛੱਡ ਕੇ ਪ੍ਰਭੂ ਦਾ ਸੁਨੇਹਾ ਲੋਕਾਂ ਤਕ ਪਹੁੰਚਾਉਣ। ਜਦ ਨਵਾਬ ਨੂੰ ਇਸ ਦਾ ਪਤਾ ਲੱਗਾ, ਤਾਂ ਉਸ ਨੇ ਇਹ ਕਿਹਾ ਕਿ :-

*"ਹੇ ਨਾਨਕ ! ਮੇਰੀ ਇਹ ਬਦਕਿਸਮਤੀ ਹੈ ਕਿ ਤੇਰੇ ਜਿਹਾ ਮੇਰਾ ਅਹਿਲਕਾਰ ਫ਼ਕੀਰ ਹੋ ਗਿਆ ਹੈ।" (ਮੈਕਾਲਿਫ਼ ਇਤਿਹਾਸ, ਪੰਨਾ 29)*

ਮਿ: ਮੈਕਾਲਿਫ਼ ਜੀ ਦੇ ਕਥਨ ਅਨੁਸਾਰ ਨਵਾਬ ਦੌਲਤ ਖ਼ਾਨ ਨੇ ਸ੍ਰੀ ਬਾਬਾ ਜੀ ਦੀ ਸਿਫ਼ਾਰਸ਼ ਤੇ ਕਈ ਲੋਕਾਂ ਨੂੰ ਆਪਣੇ ਕੋਲ ਨੌਕਰੀਆਂ ਵੀ ਦਿੱਤੀਆਂ ਸਨ।

(ਮੈਕਾਲਿਫ਼ ਇਤਿਹਾਸ ਹਿੱਸਾ 1, ਪੰਨਾ 25)।

ਸਿੱਖ ਇਤਿਹਾਸ ਦੱਸਦਾ ਹੈ ਕਿ ਬਾਬਾ ਜੀ ਦੇ ਵਿਆਹ ਸਮੇਂ ਨਵਾਬ ਦੌਲਤ ਖ਼ਾਨ ਨੇ ਵੀ ਆਪਣਾ ਚੋਖਾ ਸਾਮਾਨ ਦਿੱਤਾ ਸੀ ਅਤੇ ਜਦ ਬਾਬਾ ਜੀ ਕੁਝ ਦਿਨ ਵੇਈਂ ਨਦੀ ਵਿਚ ਅਲੋਪ ਰਹੇ ਸਨ, ਤਾਂ ਉਸ ਨੇ ਕਈ ਬੰਦੇ ਬਾਬਾ ਜੀ ਦੀ ਢੂੰਡ ਕਰਨ ਲਈ ਭੇਜੇ ਸਨ।

ਭਾਈ ਗੁਰਦਾਸ ਜੀ ਨੇ ਨਵਾਬ ਦੌਲਤ ਖ਼ਾਨ ਬਾਰੇ ਇਹ ਕਿਹਾ ਹੈ :-

"ਦੌਲਤ ਖ਼ਾਂ ਲੋਧੀ ਭਲਾ ਹੋਆ ਜਿੰਦ ਪੀਰ ਅਬਿਨਾਸੀ ॥

(ਵਾਰ 11, ਪੰਨਾ 13)

ਅਰਥਾਤ :- ਦੌਲਤ ਖ਼ਾਨ ਲੋਧੀ ਇਕ ਭਲਾ ਪੁਰਖ ਸੀ।

ਸਿੱਖ ਇਤਿਹਾਸ ਦੱਸਦਾ ਹੈਕਿ ਜਦ ਗੁਰੂ ਜੀ ਨਵਾਬ ਦੌਲਤ ਖ਼ਾਨ ਦੇ ਦਰਬਾਰ ਵਿੱਚ ਗਏ ਸਨ, ਤਾਂ ਆਪ ਨੇ ਉਸ ਸਮੇਂ ਦੇ ਰਿਵਾਜ ਅਨੁਸਾਰ ਇਕ ਚਿੱਟਾ ਘੋੜਾ ਨਜ਼ਰਾਨੇ ਦੇ ਤੌਰ ਤੇ ਨਵਾਬ ਨੂੰ ਦਿੱਤਾ ਸੀ। (ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 55 ਤੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸੋਢੀ ਮਿਹਰਬਾਨ ਵਾਲੀ, ਪੰਨਾ 75)।

ਨਵਾਬ ਦੌਲਤ ਖ਼ਾਨ ਨੇ ਵੀ ਇਸ ਦੇ ਉੱਤਰ ਵਜੋਂ ਗੁਰੂ ਜੀ ਨੂੰ ਆਪਣੇ ਅਸਤਬਲ ਵਿੱਚੋਂ ਸਭ ਤੋਂ ਵਧੀਆ ਘੋੜਾ ਦੁਆਇਆ ਸੀ ਤੇ ਸਿਰੋਪਾਉ ਵੀ ਬਖ਼ਸ਼ਿਆ ਸੀ। (ਜੀਵਨ ਚਰਿਤ੍ਰ ਗੁਰੂ ਨਾਨਕ ਦੇਵ ਜੀ ਪੰਨਾ 56 ਤੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 75)।

ਗੁਰੂ ਜੀ ਸੁਲਤਾਨਪੁਰ ਠਹਿਰਣ ਸਮੇਂ ਮੁਸਲਮਾਨ ਆਲਮਾਂ ਨਾਲ ਬਚਨ ਬਿਲਾਸ ਵੀ ਕਰਦੇ ਰਹੇ, ਜਿਹਾ ਕਿ ਵਰਣਨ ਹੈ ਕਿ :-

*"ਨਵਾਬ ਸਾਹਿਬ ਨੇ ਗੁਰੂ ਨਾਨਕ ਨੂੰ ਆਪਣਾ ਘਰੋਗੀ ਮੋਦੀ ਸਟੋਰਕੀਪਰ ਬਣਾ ਲਿਆ ਸੀ। ਭਾਈ ਬਾਲਾ ਅਤੇ ਗੁਰੂ ਜੀ ਕਈ ਵਰ੍ਹੇ ਇਹ ਕਾਰ ਕਮਾਉਂਦੇ ਰਹੇ ਅਤੇ ਮੁਸਲਮਾਨ ਆਲਿਮਾਂ ਨਾਲ ਮਿਲਗਿਲ ਕੇ ਇਸਲਾਮ ਸੰਬੰਧੀ ਗਿਆਨ ਗੋਸ਼ਟ ਕਰਦੇ ਰਹੇ।"*

*(ਸੀਸ ਗੰਜ ਦਿੱਲੀ, ਜੁਲਾਈ 1970)*

ਅਰਥਾਤ :-

*"ਜਦ ਗੁਰੂ ਨਾਨਕ ਜੀ ਮੋਦੀਖ਼ਾਨਾ ਛੱਡ ਗਏ ਸਨ ਤਾਂ... ਦੌਲਤ ਖ਼ਾਨ ਨੇ ਕਿਹਾ ਸੀ ਕਿ ਵੈਸਾ ਵਜ਼ੀਰ ਸਾਨੂੰ ਮਿਲਣਾ ਮੁਸ਼ਕਿਲ ਹੈ।"*

*(ਗੁਰਮਤਿ ਪ੍ਰਕਾਸ਼, ਸਤੰਬਰ 1969)*

# ਨਵਾਬ ਫ਼ੈਜ਼ ਤਲਬ ਖ਼ਾਨ ਤੇ ਸ੍ਰੀ ਬਾਬਾ ਨਾਨਕ ਜੀ

ਗਿਆਨੀ ਗਿਆਨ ਸਿੰਘ ਜੀ ਦੇ ਕਥਨ ਮੁਜਬ ਨਵਾਬ ਫ਼ੈਜ਼ ਬਖ਼ਸ਼ ਖ਼ਾਨ ਜਾਂ ਨਵਾਬ ਫ਼ੈਜ਼ ਤਲਬ ਖ਼ਾਨ ਜੂਨਾ ਗੜ੍ਹ ਦੇ ਨਵਾਬ ਸਨ। ਇਹ ਵੀ ਬਾਬਾ ਜੀ ਦੇ ਪ੍ਰੇਮੀ ਸਨ; ਜਿਹਾ ਕਿ ਗਿਆਨੀ ਜੀ ਲਿਖਦੇ ਹਨ ਕਿ :-

*"ਸੰਮਤ 1470 ਬ੍ਰਿਕਮੀ ਚੇਤ ਦੇ ਮਹੀਨੇ ਜੂਨਾ ਗੜ੍ਹ ਵਿਚ ਚਤੁਰ ਮਾਸ ਜਾ ਠਹਿਰੇ।... ਨਵਾਬ ਫ਼ੈਜ਼ ਤਲਬ ਖ਼ਾਨ ਉੱਥੋਂ ਦੇ (ਨਵਾਬ) ਨੇ ਬਾਬੇ ਦੇ ਬਚਨ ਸੁਣ ਪ੍ਰਸੰਨ ਹੋ ਕਰ ਬਾਬੇ ਦੀ ਖੜਾਉਂ ਰੱਖ ਲਈ ਤੇ ਆਪਣੇ ਕਿਲ੍ਹੇ ਦੇ ਪਾਸ ਸੁੰਦਰ ਧਰਮਸਾਲਾ ਬਣਵਾ ਕੇ ਥਾਪੀ, ਜਿਸ ਨੂੰ ਹੁਣ ਨਾਨਕ ਸ਼ਾਹੀ ਸੰਤ ਪੂਜਦੇ ਹਨ। ਰਸਤ ਨਵਾਬ ਦਿੰਦਾ ਹੈ। ਇਸ ਨਵਾਬ ਨੇ ਪ੍ਰਤੇਕ ਪਿੰਡ ਤੇ ਸ਼ਹਿਰ ਵਿਚ ਲੰਗਰ ਜਾਰੀ ਕਰ ਰੱਖੇ ਹਨ।"*

*(ਤਵਾਰੀਖ਼ ਗੁਰੂ ਖਾਲਸਾ, ਪੰਨਾ 293)*

ਤਵਾਰੀਖ਼ ਗੁਰੂ ਖ਼ਾਲਸਾ ਉਰਦੂ ਦੇ ਪੰਨਾ 50 ਤੇ ਵੀ ਇਹ ਵਾਰਤਾ ਦਰਜ ਹੈ।

ਇਹ ਉਕਤ ਹਵਾਲਾ ਦੱਸਦਾ ਹੈ ਕਿ ਜੂਨਾਗੜ੍ਹ ਦੇ ਨਵਾਬ ਨੇ ਵੀ ਬਾਬਾ ਨਾਨਕ ਜੀ ਨੂੰ ਪਿਆਰਿਆ ਤੇ ਸਤਿਕਾਰਿਆ ਸੀ।

# ਅਫ਼ਗਾਨਿਸਤਾਨ ਦਾ ਹਾਕਮ ਤੇ ਸ੍ਰੀ ਬਾਬਾ ਨਾਨਕ ਜੀ

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਸ੍ਰੀ ਬਾਬਾ ਜੀ ਦੇਸ-ਦੇਸਾਂਤਰਾਂ ਦਾ ਰਟਨ ਕਰਦੇ ਹੋਏ ਇਕ ਵਾਰ ਅਫ਼ਗ਼ਾਨਿਸਤਾਨ ਵੀ ਗਏ ਸਨ। ਜਦ ਆਪ ਉਥੇ ਗਏ ਸਨ, ਤਾਂ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਉੱਥੋਂ ਦਾ ਹਾਕਮ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਸੀ। ਉਸ ਵੇਲੇ ਬਾਬਾ ਜੀ ਸਿਰੋਂ ਨੰਗੇ ਸਨ, ਉਸ ਨੇ ਆਪਣਾ ਤਾਜ ਬਾਬਾ ਜੀ ਦੀ ਭੇਟ ਕਰ ਦਿੱਤਾ ਸੀ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 50 ਤੇ ਇਤਿਹਾਸ ਗੁਰੂ ਖ਼ਾਲਸਾ ਹਿੰਦੀ, ਪੰਨਾ 717-718)।

ਇਹ ਕਿੰਨਾ ਨਾਨਕ-ਪ੍ਰੇਮ ਹੈ ਕਿ ਇੱਕ ਹਾਕਮ ਆਪਣਾ ਤਾਜ ਹੀ ਬਾਬਾ ਜੀ ਦੀ ਭੇਟ ਕਰਨ ਤੋਂ ਸੰਕੋਚ ਨਹੀਂ ਕਰਦਾ। ਭਾਵੇਂ ਸਿੱਖ ਇਤਿਹਾਸਕਾਰਾਂ ਦੇ ਕਥਨ

ਮੁਜਬ ਬਾਬਾ ਜੀ ਨੇ ਉਹ ਤਾਜ ਉਸ ਹਾਕਮ ਨੂੰ ਮੋੜ ਦਿੱਤਾ ਸੀ, ਪਰ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਉਸ ਨੇ ਆਪਣਾ ਨਾਨਕ-ਪਿਆਰ ਪ੍ਰਗਟ ਕਰ ਦਿੱਤਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਤੋਂ ਬਾਹਰਲੇ ਇਸਲਾਮੀ ਦੇਸ਼ਾਂ ਦੇ ਮੁਸਲਮਾਨ ਵੀ ਬਾਬਾ ਜੀ ਦੀ ਇੱਜ਼ਤ ਕਰਦੇ ਸਨ।

# ਬਾਬਰ ਬਾਦਸ਼ਾਹ ਤੇ ਸ੍ਰੀ ਬਾਬਾ ਨਾਨਕ ਜੀ

ਬਾਬਰ ਬਾਦਸ਼ਾਹ ਤੇ ਸ੍ਰੀ ਬਾਬਾ ਨਾਨਕ ਜੀ ਸਮਕਾਲੀ ਸਨ। ਸਿੱਖ ਇਤਿਹਾਸਕਾਰਾਂ ਨੇ ਬਾਬਰ ਬਾਦਸ਼ਾਹ ਤੇ ਬਾਬਾ ਜੀ ਦੀ ਮੁਲਾਕਾਤ ਦਾ ਵੀ ਵਰਣਨ ਕੀਤਾ ਹੈ, ਜਿਹਾ ਕਿ ਲਿਖਿਆ ਹੈ ਕਿ ਜਦ ਬਾਬਰ ਨੇ ਏਮਨਾਬਾਦ (ਸੈਦਪੁਰ) ਤੇ ਹੱਮਲਾ ਕੀਤਾ ਅਤੇ ਉਸ ਨੂੰ ਜਿੱਤ ਲਿਆ, ਤਾਂ ਉਸ ਦੇ ਸਿਪਾਹੀਆਂ ਨੇ ਬਹੁਤ ਸਾਰੇ ਬੰਦੇ ਅੰਨ੍ਹੇਵਾਹ ਫੜ ਲਏ। ਬਾਬਾ ਜੀ ਨੂੰ ਵੀ ਓਹਨਾਂ ਦੇ ਸਾਥੀ ਸਣੇ ਫੜ ਲਿਆ ਗਿਆ। ਜਦ ਬਾਬਰ ਨੇ ਬਾਬਾ ਜੀ ਦੇ ਦਰਸ਼ਨ ਕੀਤੇ, ਤਾਂ ਉਹਨਾਂ ਦਾ ਨੂਰਾਨੀ ਚਿਹਰਾ ਦੇਖਕੇ ਉਹ ਵੱਡਾ ਪ੍ਰਭਾਵਿਤ ਹੋ ਗਿਆ। ਉਸ ਨੇ ਆਪ ਨੂੰ ਰੱਬ ਦਾ ਪਿਆਰਾ ਸਮਝ ਕੇ ਇਹ ਕਿਹਾ ਕਿ ਉਹ ਜੋ ਚਾਹੁਣ, ਉਸ ਤੋਂ ਮੰਗ ਸਕਦੇ ਹਨ, ਉਹਨਾਂ ਦੀ ਮੰਗ ਪੂਰੀ ਕਰ ਦਿੱਤੀ ਜਾਵੇਗੀ।

ਇਕ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :-

*"ਬਾਬਰ ਬਾਦਸ਼ਾਹ... ਆਪ ਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ ਤੇ ਕਹਿਣ ਲੱਗਾ ਕਿ :*

*"ਹੇ ਰੱਬ ਦੇ ਪਿਆਰੇ ਫ਼ਕੀਰ! ਆਪ ਨੂੰ ਗ਼ਲਤੀ ਨਾਲ ਬੰਦੀਖ਼ਾਨੇ ਵਿਚ ਪਾਇਆ ਗਿਆ ਹੈ, ਮੈਂ ਆਪ ਨੂੰ ਅਜ਼ਾਦ ਕਰਦਾ ਹਾਂ। ਕੁਝ ਮੰਗੋ, ਮੈਂ ਆਪ ਦੀ ਖ਼ਿਦਮਤ ਕਰਨੀ ਚਾਹੁੰਦਾ ਹਾਂ।"*

*(ਪੰਜਾਬੀ ਸਾਹਿਤ, ਨਵੰਬਰ 1944)*

ਯਾਦ ਰਹੇ ਕਿ ਕਈ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਬਾਬਾ ਜੀ ਦੇ ਸੁਪਨੇ ਦੁਆਰਾ ਬਾਬਰ ਨੂੰ ਭਾਰਤ ਤੇ ਹੱਲਾ ਕਰਨ ਦੀ ਪ੍ਰੇਰਨਾ ਦਿੱਤੀ ਸੀ।(ਵੇਖੋ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 52, ਸ੍ਵਾਨਿਹ ਉਮਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਪੰਨਾ 156, ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 126 ਆਦਿ)।

ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਬਾਬਾ ਜੀ ਨੇ ਨਵਾਬ ਦੌਲਤ ਖ਼ਾਨ ਲੋਧੀ ਨੂੰ ਕਾਬਲ ਭੇਜਿਆ ਸੀ, ਤਾਂ ਜੁ ਉਹ ਬਾਬਰ ਨੂੰ ਮਿਲ ਕੇ ਹੱਲਾ ਕਰਨ

ਲਈ ਤਿਆਰ ਕਰੇ ਤੇ ਹੱਲਾ ਕਰਵਾ ਦੇਵੇ। ਪ੍ਰਾਚੀਨ ਪੰਥ ਪ੍ਰਕਾਸ਼; ਪੰਨਾ 260)।

ਇਸ ਤੋਂ ਛੁੱਟ ਇਹ ਲਿਖਿਆ ਵੀ ਮਿਲਦਾ ਹੈ ਕਿ ਸ੍ਰੀ ਬਾਬਾ ਨਾਨਕ ਜੀ ਮਹਾਰਾਜ ਨੇ ਬਾਬਰ ਨੂੰ ਸਹਾਇਤਾ ਦੇਣ ਦਾ ਵੀ ਭਰੋਸਾ ਦੁਆਇਆ ਸੀ, ਤੇ ਦੂਜੇ ਪੀਰਾਂ ਆਦਿ ਨੂੰ ਵੀ ਬਾਬਰ ਦੀ ਵਿਰੋਧਤਾ ਕਰਨ ਤੋਂ ਰੋਕ ਦਿੱਤਾ ਸੀ। (ਜਨਮ ਸਾਖੀ ਭਾਈ ਮਨੀ ਸਿੰਘ, ਪੰਨਾ 272 ਤੇ ਗੁਰ ਤੀਰਥ ਸੰਗ੍ਰਹਿ, ਪੰਨਾ 242 ਆਦਿ)

ਅਜੇਹੇ ਸਮੇਂ ਜੇ ਸਾਡੇ ਵਿੱਚੋਂ ਕੋਈ ਹੁੰਦਾ, ਤਾਂ ਸ਼ਾਇਦ ਕਈ ਮੰਗਾ ਕਰਨੀਆਂ ਸ਼ੁਰੂ ਕਰ ਦਿੰਦਾ, ਪਰ ਬਾਬਾ ਜੀ ਨੇ ਉਸ ਨੂੰ ਇਹ ਧੜੱਲੇਦਾਰ ਉੱਤਰ ਦਿੱਤਾ ਕਿ :-

ਐਸਾ ਦੀਆ ਏਕ ਖ਼ੁਦਾਇ ।
ਜਿਸ ਕਾ ਦੀਆ ਹਰ ਕੋਈ ਖਾਇ ॥
ਬੰਦੇ ਕੀ ਜੋ ਲੇਵੈ ਓਟ ।
ਦੀਨ ਦੁਨੀ ਮਹਿ ਤਾਕੋ ਤੋਟ ॥
ਇਕ ਦਾਤਾ ਸਭ ਜਗਤ ਭੇਖਾਰੀ ।
ਤਿਸ ਕਉ ਛਾਡ ਅਵਰ ਕਉ ਲਾਗੇ ।
ਤਿਨ ਸਗਲੀ ਪਤਿ ਹਾਰੀ ।
ਸਾਹ ਪਾਤਿਸਾਹ ਸਭ ਤਿਸ ਕੇ ਕੀਏ ।
ਤਿਸ ਕੇ ਸੰਗ ਨਾ ਕੋਈ ਰਲੀਏ ।
ਕਹਿ ਨਾਨਕ ਸੁਣ ਬਾਬਰ ਮੀਰ ।
ਤੁਝ ਤੇ ਮਾਂਗੇ ਸੁ ਅਹਿਮਕ ਫ਼ਕੀਰ ।

*(ਨਾਨਕ ਪ੍ਰਬੋਧ, ਪੰਨਾ 166, ਜ: ਸ: ਭਾ: ਬਾਲਾ, ਪੰਨਾ 387 ਨਾਵਾਂ ਤੇ ਥਾਵਾਂ ਦਾ ਕੋਸ਼, ਪੰਨਾ 19 52 ਲੈਕਚਰ, ਪੰਨਾ 28 ਤੇ ਮੈਕਾਲਿਫ਼ ਇਤਿਹਾਸ ਹਿੱਸਾ 1, ਪੰਨਾ 106 ਆਦਿ)*

ਬਾਵਾ ਸਰੂਪ ਚੰਦ ਜੀ ਭੱਲਾ ਲਿਖਦੇ ਹਨ :-

ਕਰ ਦੀਦਾਰ ਬਾਬਰ ਮਗਨਾਨੇ ।
ਨਾਨਕ ਸ਼ਾਹ ਵਲੀ ਪਹਚਾਨੇ ।
ਕਰ ਸਿਫ਼ਤ ਸਨਾਇ ਬੇਨਤੀ ਕੀਨੀ ।
ਕਰ ਮਿਹਰ ਸਲਤਨਤ ਹਿੰਦ ਕੀ ਦੀਨੀ ।
ਕੁਰਸੀ-ਬ-ਕੁਰਸੀ ਹਮਰੀ ਚਲੇ ।
ਜੁੰਬਸ ਨਹੀਂ ਹੋਇ ਚਲੇ, ਨਹੀਂ ਹਲੇ ।

ਤਬ ਮਿਹਰ ਬਚਨ ਕਰ ਬੋਲੇ ਦਿਆਲ ।
ਤੁਮ ਕਰੋ ਰਾਜ ਹਿੰਦ ਬਹੁ ਕਾਲ ।
ਜਬ ਛੁਟੇ ਅਦਾਲਤ ਹੋਇ ਬਿਅਦਲ ।
ਛੁਟੇ ਨਿਆਉ ਰਾਜ ਹੋਇ ਬਦਲ ।
(ਗੁਰੂ ਨਾਨਕ ਮਹਿਮਾ, ਸਾਖੀ 49, ਪੰਨਾ 278)

ਬਾਬਾ ਜੀ ਦੇ ਮੂੰਹੋਂ ਇਹ ਸੱਚਾਈ ਸੁਣ ਕੇ ਬਾਬਰ ਦੇ ਦਿਲ ਵਿੱਚ ਨਾਨਕ-ਸਤਿਕਾਰ ਹੋਰ ਵੀ ਵਧ ਗਿਆ । ਬਾਬਰ ਦੀ ਥਾਂ ਜੇ ਅੱਜ ਕਲ ਦਾ ਕੋਈ ਹਾਕਮ ਹੁੰਦਾ, ਤਾਂ ਸ਼ਾਇਦ ਉਹ ਇਸ ਨੂੰ ਵੱਡੀ ਗੁਸਤਾਖੀ ਸਮਝਦਾ, ਪਰ ਚੂੰਕਿ ਬਾਬਰ ਇੱਕ ਚੰਗਾ ਵਿਦਵਾਨ ਤੇ ਤੌਹੀਦ-ਪ੍ਰਸਤ ਪਾਦਸ਼ਾਹ ਸੀ; ਇਸ ਲਈ ਉਸ ਨੇ ਬਾਬਾ ਜੀ ਦਾ ਇਹ ਉੱਤਰ ਸੁਣ ਕੇ ਵੱਡੀ ਨਿਮਰਤਾ ਨਾਲ ਇਹ ਬੇਨਤੀ ਕੀਤੀ ਕਿ ਬਾਬਾ ਜੀ ਉਸ ਨੂੰ ਆਪਣਾ ਇਕ ਸੇਵਕ ਸਮਝ ਕੇ ਕੋਈ ਸੇਵਾ ਬਖ਼ਸ਼ ਦੇਣ । ਇਸ ਤੇ ਬਾਬਾ ਜੀ ਨੇ ਉਸ ਦੇ ਜ਼ਿੰਮੇ ਏਮਨਾਬਾਦ ਦੇ ਸਾਰੇ ਕੈਦੀ ਰਿਹਾ ਕਰਨ ਦੀ ਸੇਵਾ ਲਾਈ, ਜਿਹਾ ਕਿ ਇਕ ਸਿੱਖ ਵਿਦਵਾਨ ਦਾ ਕਥਨ ਹੈ :-

*"ਬਾਬਰ ਨਾਲ ਗੁਰੂ ਜੀ ਦੇ ਬਹੁਤ ਸਾਰੇ ਪ੍ਰਸ਼ਨ ਉੱਤਰ ਹੋਏ । ਜਦ ਉਸ ਨੂੰ ਨਿਸਚਾ ਹੋ ਗਿਆ ਕਿ ਇਹ ਕੋਈ ਵਲੀ ਹੈ, ਤਾਂ ਕਹਿਣ ਲੱਗਾ ਕਿ ਆਪ ਮੈਥੋਂ ਕੋਈ ਜਾਗੀਰ ਆਦਿ ਮੰਗ ਲਵੋ । ਇਸ ਪਰ ਗੁਰੂ ਜੀ ਨੇ ਇਹ ਫਰਮਾਇਆ ਕਿ ਸਰਬ ਦਾਤਾਰ ਤੋਂ ਬਿਨਾਂ ਹੋਰ ਕਿਸੇ ਪਾਸੋਂ ਮੰਗਣਾ ਮੰਗਤਿਆਂ ਦਾ ਮੰਗਤਾ ਬਣਨਾ ਹੈ । ਬਾਬਰ ਨੇ ਕਿਹਾ ਕਿ ਮੈਂ ਆਪ ਦੀ ਕੀ ਸੇਵਾ ਕਰ ਸਕਦਾ ਹਾਂ ? ਆਪ ਕਾਮਲ ਫ਼ਕੀਰ ਹੋ । ਮੇਰੇ ਰਾਜ ਭਾਗ ਲਈ ਦੁਆ ਕਰੋ । ਗੁਰੂ ਜੀ ਨੇ ਬਚਨ ਦਿੱਤਾ ਜੇ ਤੂੰ ਰਾਜ ਚਾਹੁੰਦਾ ਹੈਂ ਤਾਂ ਸਾਰੇ ਨਿਰਦੋਸ਼ ਕੈਦੀ ਛੱਡ ਦੇਹ ।... ਇਹ ਸੁਣ ਕੇ ਬਾਬਰ ਨੇ ਸਭ ਕੈਦੀਆਂ ਦੇ ਛੱਡ ਦੇਣ ਦਾ ਹੁਕਮ ਦੇ ਦਿੱਤਾ । ਇਸ ਤੋਂ ਪਿੱਛੋਂ ਗੁਰੂ ਜੀ ਨਾਲ ਬਾਬਰ ਨੇ ਇਹ ਇਕਰਾਰ ਕੀਤਾ, ਕਿ ਮੈਂ ਨਿਆਉ ਦਾ ਰਾਜ ਕਰਾਂਗਾ ਤੇ ਆਪ ਦੀ ਗੱਦੀ ਦਾ ਹਮੇਸ਼ਾ ਸਤਿਕਾਰ ਕਰਦਾ ਰਹਾਂਗਾ ।" (ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 99)*

ਸਿੱਖ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਬਾਬਾ ਜੀ ਨੇ ਬਾਬਰ ਦਾ ਇਹ ਪ੍ਰੇਮ ਦੇਖ ਕੇ ਉਸ ਦੇ ਘਰਾਣੇ ਨੂੰ ਸਤ ਪਾਤਸ਼ਾਹੀਆਂ ਦਾ ਵਰ ਦਿੱਤਾ ਸੀ ਤੇ ਉਸੇ ਵਰ ਦੇ ਸਿੱਟੇ ਵਿੱਚ ਹੀ ਮੁਗ਼ਲਾਂ ਨੇ ਇਕ ਲੰਮੇ ਸਮੇਂ ਤੱਕ ਭਾਰਤ ਤੇ ਰਾਜ ਕਮਾਇਆ ਸੀ; ਜਿਹਾ ਕਿ ਜਨਮ ਸਾਖੀ ਭਾਈ ਬਾਲਾ ਦੇ ਪੰਨਾ 402 ਤੇ ਇਹ ਲਿਖਿਆ ਹੈ ਕਿ :-

*"ਮੀਰ ਬਾਬਰ ਨੇ ਕਹਿਆ ਸੀ, ਮੇਰੀ ਪਾਤਸ਼ਾਹੀ ਕੁਰਸੀ ਬਕੁਰਸੀ ਚਲੇ ਜੀ, ਤਾਂ ਗੁਰੂ ਜੀ ਨੇ ਕਹਿਆ ਜਾਹ ਤੇਰੀ ਪਾਤਸ਼ਾਹੀ ਬਹੁਤ ਚਿਰ ਚਲੇਗੀ।"*

ਸ: ਬ: ਕਾਨ੍ਹ ਸਿੰਘ ਜੀ ਲਿਖਦੇ ਹਨ :-

*ਮੁਗ਼ਲੀਆ ਖ਼ਾਨਦਾਨ ਦਾ ਪਹਿਲਾ ਪਾਤਸ਼ਾਹ (ਬਾਬਰ) ਜਿਸ ਨੇ ਹਿੰਦੁਸਤਾਨ ਮੇਂ ਗੁਰੂ ਨਾਨਕ ਸਾਹਿਬ ਕੀ ਕਿਰਪਾ ਸੇ ਆਪਣੀ ਸਲਤਨਤ ਕਾਇਮ ਕੀ।" (ਗੁਰਮਤ ਸੁਧਾਰਕ, ਪੰਨਾ 307)*

ਇਕ ਸਿੱਖ ਵਿਦਵਾਨ ਨੇ ਤਾਂ ਇੱਥੋਂ ਤੱਕ ਲਿਖਿਆ ਹੈ ਕਿ ਬਾਬਾ ਨਾਨਕ ਜੀ ਮਹਾਰਾਜ ਬਾਬਰ ਦੇ ਰਾਜ ਨੂੰ ਆਪਣਾ ਹੀ ਰਾਜ ਸਮਝਦੇ ਸਨ, ਜਿਹਾ ਕਿ :-

*"ਸਤਿਗੁਰੂ ਨਾਨਕ ਦੇਵ ਜੀ ਨੇ ਬਾਬਰ ਪਾਸੋਂ ਭੀ ਇਹ ਪ੍ਰਣ ਕਰਾਇਆ ਸੀ ਕਿ ਓਹ ਇਨਸਾਫ਼ ਦਾ ਰਾਜ ਕਰੇਗਾ, ਔਰ ਕਿਸੇ ਪਰ ਜ਼ੁਲਮ ਨਹੀਂ ਕਰੇਗਾ। ਇਹ ਪ੍ਰਣ ਲੈ ਕੇ ਉਸ ਨੂੰ ਅਸ਼ੀਰਵਾਦ ਦਿੱਤੀ ਸੀ ਕਿ ਉਹ ਜਦੋਂ ਤੀਕਰ ਕੀਤੇ ਪ੍ਰਣ ਨੂੰ ਯਾਦ ਰੱਖ ਕੇ ਪਾਲੇਗਾ, ਉਸ ਦੀ ਫ਼ਤਹ ਹੋਵੇਗੀ। ਇਸ ਤੋਂ ਸਾਫ਼ ਹੈ ਕਿ ਗੁਰੂ ਸਾਹਿਬ ਜੀ ਬਾਬਰ ਦੇ ਰਾਜ ਨੂੰ ਆਪਣਾ ਹੀ ਰਾਜ ਸਮਝਦੇ ਸਨ।"*

*ਸਿੱਖ ਇਤਿਹਾਸ ਵਿੱਚ ਇਸ ਦੀ ਪੁਸ਼ਟੀ ਮਿਲਦੀ ਹੈ। ਯਥਾ -*

*"ਬਾਬੇ ਕੇ ਬਾਬਰ ਕੇ ਦੋਊ" ਧਰਮ ਦੇ ਪ੍ਰਚਾਰਕ ਸਿੱਖ, ਧਰਮ ਅਰ ਅਮਨ ਦੀ ਰਾਖੀ ਬਾਬਰ ਦੇ ਹੱਥ ਰਹੇ।"*

*(ਸਿੱਖਾਂ ਨੇ ਰਾਜ ਕਿਵੇਂ ਲਿਆ ? ਪੰਨਾ 22)*

ਪ੍ਰਸਿੱਧ ਅਖ਼ਬਾਰ ਸ਼ੇਰਿ-ਪੰਜਾਬ ਨੇ ਇੱਕ ਵਾਰ ਇਹ ਪ੍ਰਕਾਸ਼ਿਆ ਸੀ ਕਿ :-

*"ਬਾਬਰ ਨੇ ਗੁਰੂ ਦੇਵ ਸੇ ਅਹਿਦ ਕੀਆ ਥਾ ਕਿ ਕਿਸੀ ਗੁਰੂ ਕੇ ਸਿੱਖ ਸੇ ਕੋਈ ਜਜ਼ੀਆ ਨਹੀਂ ਲੀਆ ਜਾਇਗਾ ਔਰ ਮੁਸਲਮਾਨੋਂ ਕੇ ਮੁਸਾਵੀ ਹਕੂਕ ਸਿੱਖੋਂ ਸੇ ਕੀਆ ਜਾਏਗਾ, ਹੱਤਾ ਕਿ ਅਕਬਰ ਨੇ ਬਾਜ਼ ਛੋਟੇ-ਛੋਟੇ ਮਹਾਸਲ ਸੇ ਭੀ ਸਿੱਖੋਂ ਕੋ ਮੁਸਤਸਨਾ ਕਰ ਦੀਆ ਥਾ।"*

*(ਸ਼ੇਰਿ ਪੰਜਾਬ, 19 ਅਪ੍ਰੈਲ 1959)*

ਇਕ ਹੋਰ ਸਿੱਖ ਵਿਦਵਾਨ ਪ੍ਰੋ: ਜੋਗਿੰਦਰ ਸਿੰਘ ਜੀ ਲਿਖਦੇ ਹਨ ਕਿ :-

*"ਸਿੱਖਾਂ ਵਿੱਚ ਇਹ ਗੱਲ ਪ੍ਰਸਿੱਧ ਹੈ ਕਿ ਗੁਰੂ ਨਾਨਕ ਤੇ ਬਾਬਰ ਦਾ ਸਤਾਰਾ ਇੱਕ ਸੀ, ਜਿਸ ਤਰ੍ਹਾਂ ਕਿ ਬਾਬਾ ਸ਼ਾਹ ਨੇ ਰੱਬੀ ਆਗਿਆ ਅਨੁਸਾਰ ਮੁਲਕ ਜਿੱਤੇ ਸਨ, ਇਸੇ ਤਰ੍ਹਾਂ ਸ਼ਾਹ ਨਾਨਕ ਵੀ ਅੰਤਹ ਕਰਣ*

*ਦੀ ਵਲਾਇਤ ਨੂੰ ਆਪਣੇ ਕਬਜ਼ੇ ਵਿਚ ਰੱਖਦੇ ਸਨ।"*

*(ਫ਼ਤਹ ਦਿੱਲੀ, 15 ਨਵੰਬਰ 1964)*

ਬਾਬਰ ਬਾਦਸ਼ਾਹ ਨੇ ਜਿੰਨਾ ਚਿਰ ਰਾਜ ਕਮਾਇਆ, ਉਸ ਨੇ ਬਾਬਾ ਜੀ ਦਾ ਪੂਰਾ ਪੂਰਾ ਸਤਿਕਾਰ ਕੀਤਾ। ਇਤਿਹਾਸ ਦੱਸਦਾ ਹੈ ਕਿ ਉਸ ਨੇ ਭਾਰਤ ਦੀਆਂ ਦੂਜੀਆਂ ਜਾਤੀਆਂ ਦੇ ਜਜ਼ਬਿਆਂ ਤੇ ਕੋਮਲ ਭਾਵਾਂ ਦਾ ਵੀ ਸਦਾ ਸਤਿਕਾਰ ਕੀਤਾ। ਜਦ ਉਹ ਮਰਨ ਕਿਨਾਰੇ ਸੀ, ਤਾਂ ਉਸ ਨੇ ਆਪਣੇ ਸਪੁੱਤਰ ਹੁਮਾਯੂੰ ਨੂੰ ਇਹ ਵਸੀਅਤ ਕੀਤੀ ਸੀ ਕਿ ਹੇ ਪੁੱਤਰ ਜੀਉ ! ਭਾਰਤ ਵਿਚ ਕਈ ਅੱਡ ਅੱਡ ਧਰਮਾਂ ਦੇ ਅਨੁਯਾਈ ਵਸਦੇ ਹਨ। ਰੱਬ ਦਾ ਸ਼ੁਕਰ ਹੈ ਕਿ ਉਸ ਨੇ ਭਾਰਤ ਦੀ ਹਕੂਮਤ ਤੈਨੂੰ ਬਖ਼ਸ਼ੀ ਹੈ। ਤੇਰੇ ਵਾਸਤੇ ਉਚਿਤ ਹੈ ਕਿ ਤੂੰ ਮਜ਼ਹਬੀ ਪੱਖਪਾਤ ਤੇ ਤਅੱਸੁਬ ਤੋਂ ਸਦਾ ਬਚਦਾ ਰਹੀਂ; ਗਊਕੁਸ਼ੀ ਤੋਂ ਸੰਕੋਚ ਕਰੀਂ; ਕਿਉਂਕਿ ਭਾਰਤ ਵਾਸੀਆਂ ਦੇ ਮਨਾਂ ਨੂੰ ਕਾਬੂ ਕਰਨ ਦਾ ਇਹ ਸੌਖਾ ਢੰਗ ਹੈ। ਅਜਿਹਾ ਕਰਨ ਨਾਲ ਇਸ ਦੇਸ਼ ਦੇ ਵਸਨੀਕ ਹਿੰਦੂ ਤੇਰੀ ਵਫ਼ਾਦਾਰੀ ਦਾ ਦਮ ਭਰਨਗੇ। ਹਰੇਕ ਜਾਤੀ ਦੇ ਧਰਮ-ਮੰਦਰ ਉਸ ਦੇ ਅਧੀਨ ਰਹਿਣ ਦੇਣਾ ਅਤੇ ਅਜੇਹਾ ਇਨਸਾਫ਼ ਕਰਨਾ ਕਿ ਬਾਦਸ਼ਾਹ ਪਰਜਾ ਤੇ ਅਤੇ ਪਰਜਾ ਬਾਦਸ਼ਾਹ ਤੇ ਰਾਜ਼ੀ ਰਹੇ। ਇਸਲਾਮ ਦੀ ਉੱਨਤੀ ਉਪਕਾਰ ਨਾਲ ਵਧੇਰੇ ਹੋਵੇਗੀ। (ਵੇਖੋ ਮਿਲਾਪ 20 ਅਗਸਤ 1919)

ਬਾਬਰ ਦੀ ਇਹ ਵਸੀਅਤ ਭੁਪਾਲ ਦੀ ਲਾਇਬਰੇਰੀ ਵਿਚ ਹੈ ਤੇ ਫ਼ਾਰਸੀ ਭਾਸ਼ਾ ਵਿੱਚ ਹੈ। ਇਸ ਦਾ ਉਦਰੂ ਅਨੁਵਾਦ 'ਮਿਲਾਪ' ਨੇ ਪ੍ਰਕਾਸ਼ਿਆ ਸੀ, ਅਸਾਂ ਇਸ ਨੂੰ ਪੰਜਾਬੀ ਵਿਚ ਉਲਥਾਇਆ ਹੈ। ਸੋ ਬਾਬਰ ਦੇ ਏਹੋ ਵਿਚਾਰਾਂ ਦੇ ਅਧਾਰ ਤੇ ਹੀ ਸ੍ਰੀ ਬਾਬਾ ਨਾਨਕ ਜੀ ਮਹਾਰਾਜ ਨੇ ਉਸ ਦੇ ਰਾਜ ਨੂੰ ਆਪਣਾ ਰਾਜ ਸਮਝਿਆ ਸੀ ਤੇ ਉਸ ਦੀ ਸਥਾਪਨਾ ਅਤੇ ਉਸ ਦੇ ਲੰਮੇ ਸਮੇਂ ਤਕ ਰਹਿਣ ਦੇ ਵਰ ਦਿੱਤੇ।

ਗੁਰੂ ਅਰਜਨ ਜੀ ਨੇ ਵੀ ਆਪਣੀ ਬਾਣੀ ਵਿਚ ਇਹ ਹਾਮੀ ਭਰੀ ਹੈ ਕਿ ਉਹਨਾਂ ਤੋਂ ਜਜ਼ੀਆ ਨਹੀਂ ਲਿਆ ਜਾਂਦਾ ਸੀ; ਜਿਹਾ ਕਿ :-

ਜੇਜੀਆ ਡੰਨੁ ਕੋ ਲਏ ਨ ਜਗਾਤਿ ॥
ਸਤਿਗੁਰਿ ਕਹਿ ਦੀਨੀ ਧੁਰ ਕੀ ਛਾਪ ॥

(ਆਸਾ ਮ: 5, ਪੰਨਾ 430)

ਅਰਥਾਤ :- ਗੁਰੂ ਕਿਆਂ ਤੋਂ ਨਾ ਤਾਂ ਜਜ਼ੀਆ ਲਿਆ ਜਾਂਦਾ ਸੀ ਤੇ ਨਾ ਕੋਈ ਹੋਰ ਟੈਕਸ ਜਾਂ ਜੁਰਮਾਨਾ ਹੀ ਵਸੂਲ ਕੀਤਾ ਜਾਂਦਾ ਸੀ। ਸਿੱਖ ਮੁਗ਼ਲ ਰਾਜ ਵਿਚ ਹਰ ਇਕ ਟੈਕਸ ਤੋਂ ਅਜ਼ਾਦ ਸਨ।

# ਸ਼ੇਖ਼ ਫ਼ਰੀਦ (ਸਾਨੀ) ਜੀ ਤੇ ਸ੍ਰੀ ਬਾਬਾ ਜੀ

ਸ਼ੇਖ਼ ਫ਼ਰੀਦ ਸਾਨੀ ਜਿਨ੍ਹਾਂ ਨੂੰ ਸਿੱਖ ਲਿਟਰੇਚਰ ਵਿਚ ਸ਼ੇਖ਼ ਬ੍ਰਹਮ ਦਾ ਨਾਂ ਦਿੱਤਾ ਗਿਆ ਹੈ, ਬਾਬਾ ਜੀ ਦੇ ਸਮਕਾਲੀ ਦੱਸੇ ਜਾਂਦੇ ਹਨ। ਆਪ ਦਾ ਬਾਬਾ ਜੀ ਨਾਲ ਵੱਡਾ ਡੂੰਘਾ ਪਿਆਰ ਸੀ। ਇਤਿਹਾਸਕਾਰ ਦੱਸਦੇ ਹਨ ਕਿ ਆਪ ਦਾ ਸ੍ਰੀ ਬਾਬਾ ਜੀ ਨਾਲ ਇਕ ਤੋਂ ਵਧੀਕ ਵਾਰ ਮੇਲ ਹੋਇਆ ਹੈ, ਹਰ ਵਾਰ ਏਹਨਾਂ ਦੋਹਾਂ ਬਜ਼ੁਰਗਾਂ ਨੇ ਆਪਸ ਵਿਚ ਪ੍ਰੇਮ ਪ੍ਰਗਟ ਕੀਤਾ ਹੈ। ਜਨਮ ਸਾਖੀ ਭਾਈ ਬਾਲਾ ਤੋਂ ਪਤਾ ਲਗਦਾ ਹੈ ਕਿ ਇੱਕ ਵਾਰ ਜਦ ਸ਼ੇਖ਼ ਬ੍ਰਹਮ ਜੀ ਬਾਬਾ ਜੀ ਨੂੰ ਮਿਲੇ, ਤਾਂ ਬਾਬਾ ਜੀ ਨੇ ਵੱਡੇ ਪ੍ਰੇਮ ਨਾਲ ਇਹ ਕਿਹਾ ਸੀ ਕਿ :-

> *"ਪੀਰ ਜੀ ਆਈਏ ਅੱਜ ਖ਼ੁਦਾਇ ਅਸਾਂ ਉਪਰ ਮਿਹਰਬਾਨ ਹੋਇਆ ਹੈ, ਜੋ ਤੁਸਾਡਾ ਦੀਦਾਰ ਹੋਇਆ, ਤਾਂ ਦੋਹਾਂ ਉਠ ਕੇ ਦਸਤ-ਬੋਸੀ ਕੀਤੀ ਤੇ ਬੈਠ ਗਏ।" (ਜਨਮਸਾਖੀ ਭਾਈ ਬਾਲਾ, ਪੰਨਾ 101)*

ਦੋਹਾਂ ਬਜ਼ੁਰਗਾਂ ਦਾ ਆਪਸ ਵਿੱਚ ਇੱਕ ਦੂਜੇ ਦਾ ਹੱਥ ਚੁੰਮਣਾ ਕੇਹਾ ਪ੍ਰੇਮ-ਮਈ ਦ੍ਰਿਸ਼ ਹੈ। ਇਤਿਹਾਸ ਤਾਂ ਇਹ ਵੀ ਦੱਸਦਾ ਹੈ ਕਿ ਇਕ ਵਾਰ ਬਾਬਾ ਜੀ ਨੇ ਫ਼ਰੀਦ ਦੇ ਗਲ ਲਗ ਕੇ ਇਕ ਸ਼ਬਦ ਵੀ ਉਚਾਰਨ ਕੀਤਾ ਸੀ, ਜਿਹਾ ਕਿ ਲਿਖਿਆ ਹੈ ਕਿ :-

> *"ਬਾਬੇ ਦੀ ਖ਼ੁਸ਼ੀ ਹੋਈ, ਸ਼ੇਖ਼ ਫ਼ਰੀਦ ਵਿਦਿਆ ਕੀਤਾ। ਤਬ ਬਾਬਾ ਬੋਲਿਆ, ਸ਼ੇਖ਼ ਫ਼ਰੀਦ ਤੁਸਾਂ ਵਿਚ ਖ਼ੁਦਾਈ ਸਹੀ ਹੈ।... ਤਬ ਸ਼ੇਖ਼ ਫ਼ਰੀਦ ਵਿਦਾ ਹੋਆ, ਗਲੇ ਵਿਚ ਲਗਿ ਮਿਲੇ, ਤਬ ਗੁਰੂ ਬਾਬਾ ਬੋਲਿਆ, ਸ਼ਬਦ ਸ੍ਰੀ ਰਾਗ ਵਿਚ ਪਦ –*
>
> ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
> ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥
> ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥
>
> (ਪੁਰਾਤਨ ਜਨਮ ਸਾਖ਼ੀ, ਪੰਨਾ 57 ਸਿਰੀ ਰਾਗ ਮ: 1, ਪੰਨਾ 17)

ਇਹ ਕੇਹਾ ਪ੍ਰੇਮ-ਮਈ ਦ੍ਰਿਸ਼ ਹੈ ਕਿ ਬਾਬਾ ਜੀ ਇੱਕ ਮੁਸਲਮਾਨ ਨੂੰ ਆਪਣਾ ਭਾਈ ਕਹਿ ਰਹੇ ਹਨ ਤੇ ਉਸ ਦੇ ਗਲ ਲਗ ਕੇ ਮਿੱਠੀ ਬਾਣੀ ਉਚਾਰਨ ਕਰ ਰਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਸ੍ਰੀ ਬਾਬਾ ਜੀ ਮੁਸਲਮਾਨਾਂ ਨਾਲ ਪ੍ਰੇਮ ਕਰਨ ਵਿੱਚ ਰਸ ਮਾਣਦੇ ਸਨ, ਤਾਂ ਹੀ ਇਕ ਵਿਦਵਾਨ ਨੇ ਇਹ ਲਿਖਿਆ ਹੈ :-

*''ਮੈਂ ਸਮਝਦਾ ਹਾਂ ਕਿ ਗੁਰੂ ਨਾਨਕ ਜੀ ਦਾ ਮਜ਼ਹਬ ਮਿਲਾਪ ਤੇ ਏਕਤਾ ਦਾ ਮਜ਼ਹਬ ਸੀ; ਇਸ ਲਈ ਉਹਨਾਂ ਨੇ ਇਸਲਾਮ ਦੀ ਤਾਲੀਮ ਵਿੱਚ ਉਹ ਕੁਝ ਵੇਖਿਆ, ਜੋ ਹੋਰ ਹਿੰਦੂਆਂ ਨੂੰ ਬਹੁਤ ਘੱਟ ਦਿੱਸਦਾ ਸੀ। ਗੁਰੂ ਨੂੰ ਮੁਸਲਮਾਨਾਂ ਨਾਲ ਮਿਲਾਪ ਕਰਨ ਵਿੱਚ ਸੁਆਦ ਆਉਦਾ ਸੀ। ਸ਼ੇਖ਼ ਫ਼ਰੀਦ (ਸਾਨੀ) ਦਸ ਵਰ੍ਹੇ ਗੁਰੂ ਜੀ ਨਾਲ ਰਲ ਕੇ ਲੋਕਾਂ ਨੂੰ ਅੱਲਾਹ ਦਾ ਰਾਹ ਦੱਸਦਾ ਰਿਹਾ।'' (ਮੌਜੀ, 18 ਜਨਵਰੀ 1939)*

ਸ: ਗੁਰਮੀਤ ਸਿੰਘ ਐਡਵੋਕੇਟ ਲਿਖਦੇ ਹਨ ਕਿ :-

*"Sheikh Farid benefitted spritualy by keeping company with Siri Guru Sahib for ten years."*

*(Islam & Sikhism. p. 126 The Versatile Guru Nanak, p. 174)*

ਡਾ: ਤ੍ਰਲੋਚਨ ਸਿੰਘ ਜੀ ਲਿਖਦੇ ਹਨ ਕਿ :-

*''ਗੁਰੂ ਜੀ ਪਾਕ ਪਟਨ ਆਪਣੇ ਪਰਮ ਸਨੇਹੀ ਸ਼ੇਖ ਇਬਰਾਹੀਮ ਨੂੰ ਮਿਲਣ ਗਏ। ਸ਼ੇਖ਼ ਇਬਰਾਹੀਮ ਨੂੰ ਇਹ ਦੇਖ ਕੇ ਬਹੁਤ ਖ਼ੁਸ਼ੀ ਹੋਈ ਕਿ ਗੁਰੂ ਨਾਨਕ ਸ਼ੇਖ਼ ਫ਼ਰੀਦ ਦੀ ਬਾਣੀ ਦੇ ਬੜੇ ਆਸ਼ਕ ਹਨ। ਸ਼ੇਖ਼ ਇਬਰਾਹੀਮ ਗੁਰੂ ਨਾਨਕ ਦੇ ਬਚਨ ਸੁਣ ਕੇ ਬੜਾ ਖ਼ੁਸ਼ ਹੁੰਦਾ ਹੈ ਤੇ ਉਸ ਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਗੁਰੂ ਸਾਹਿਬ ਨੇ ਆਸਾ ਦੀ ਵਾਰ ਤੇ ਕੁਝ ਹੋਰ ਸ਼ਬਦ ਉਸ ਦੀ ਖ਼ਾਨਗਾਹ ਵਿਚ ਉਚਾਰੇ ਹਨ। ਗੁਰੂ ਨਾਨਕ ਦੇਵ ਜੀ ਨੇ ਸ਼ੇਖ਼ ਇਬਰਾਹੀਮ ਨੂੰ ਆਖਿਆ ਕਿ ਸਾਡੇ ਸਿੱਖ ਸ਼ੇਖ਼ ਫ਼ਰੀਦ ਦੀ ਬਾਣੀ ਉਸੇ ਆਦਰ ਸਤਿਕਾਰ ਨਾਲ ਸੰਭਾਲਣਗੇ, ਜਿਸ ਆਦਰ ਨਾਲ ਤੁਸੀਂ ਸਾਂਭਦੇ ਹੋ। ਗੁਰੂ ਨਾਨਕ ਜੀ ਨੇ ਸ਼ੇਖ਼ ਦੀ ਬਾਣੀ ਨੂੰ ਸੱਚੀ ਬਾਣੀ ਦਾ ਦਰਜਾ ਦਿੱਤਾ।''*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 263)*

# ਪੀਰ ਜਲਾਲ ਤੇ ਸ੍ਰੀ ਬਾਬਾ ਨਾਨਕ ਜੀ

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਬਾਬਾ ਜੀ ਇੱਕ ਵਾਰ ਪੀਰ ਜਲਾਲ ਦੀਨ ਨੂੰ ਵੀ ਮਿਲੇ ਸਨ। ਪੀਰ ਨੇ ਬਾਬਾ ਜੀ ਨੂੰ ਇੱਕ ਬਜ਼ੁਰਗ ਸਮਝ ਕੇ ਸਤਿਕਾਰਿਆ ਸੀ ਤੇ ਬਾਬਾ ਜੀ ਨੇ ਪੀਰ ਨੂੰ ਨੇਕ ਪਾਕ ਸਮਝ ਕੇ ਪਿਆਰਿਆ ਸੀ;

ਜਿਹਾ ਕਿ ਲਿਖਿਆ ਹੈ ਕਿ :-

*"ਪੀਰ ਨੇ ਆਖਿਆ ਕਿ ਏਹੋ ਜੇਹੇ ਪਹੁੰਚੇ ਹੋਏ ਫ਼ਕੀਰਾਂ ਦੇ ਦੀਦਾਰ ਖ਼ੁਦਾ ਦੇ ਦੀਦਾਰ ਹਨ, ਚਲੋ ਕਰੀਏ। ਪੀਰ ਆਇਆ ਤਾਂ ਬਾਬਾ ਜੀ ਨੇ ਉਸ ਨੂੰ ਨੇਕ ਪਾਕ ਸਮਝ ਕੇ ਅੱਗੋਂ ਉੱਠ ਕੇ ਦਸਤ-ਪੰਜਾ ਲਿਆ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 431)*

# ਸਾਈਂ ਅੱਲਾਹ ਦਿੱਤਾ ਤੇ ਸ੍ਰੀ ਬਾਬਾ ਨਾਨਕ ਜੀ

ਸਾਈਂ ਅੱਲਾਹ ਦਿੱਤਾ ਵੀ ਗੁਰੂ ਨਾਨਕ ਜੀ ਦਾ ਇਕ ਪ੍ਰੇਮੀ ਮੁਸਲਮਾਨ ਸੀ। ਇਸ ਬਾਰੇ ਇੱਕ ਵਿਦਵਾਨ ਜੀ ਨੇ ਇਹ ਜਾਣਕਾਰੀ ਦਿੱਤੀ ਹੈ ਕਿ :-

*"ਇੱਕ ਹੋਰ ਪੁਰਾਣੀ ਕਥਾ ਅਨੁਸਾਰ ਗੁਰਦੁਆਰਾ ਬੇਰ ਸਾਹਿਬ ਵਾਲੇ ਅਸਥਾਨ ਤੇ ਇਕ ਮੁਸਲਮਾਨ ਫ਼ਕੀਰ ਅੱਲਾਹ ਦਿੱਤਾ ਰਹਿੰਦਾ ਸੀ। ਨਦੀ ਵਲ ਜਾਂਦੇ ਹੋਏ ਗੁਰੂ ਨਾਨਕ ਸਾਹਿਬ ਰੋਜ਼ ਫ਼ਕੀਰ ਨੂੰ ਮਿਲ ਕੇ ਜਾਂਦੇ।... (ਇਕ ਦਿਨ) ਸ਼ਾਹ ਸਾਹਿਬ ਨੇ ਗੁਰੂ ਮਹਾਰਾਜ ਨੂੰ ਆਖਿਆ, ਮੈਂ ਮਹਿਮਾਨ ਦੀ ਹੁਣ ਹੋਰ ਵਧੇਰੇ ਚਿਰ ਸੇਵਾ ਨਹੀਂ ਕਰ ਸਕਦਾ; ਇਸ ਲਈ ਮੈਂ ਆਪਣਾ ਮਕਾਨ ਹੀ ਮਹਿਮਾਨ ਨੂੰ ਦੇ ਦਿੰਦਾ ਹਾਂ।"* *(ਸੀਸ ਗੰਜ ਦਿੱਲੀ, ਨਵੰਬਰ-ਦਸੰਬਰ 1969)*

ਸਾਈਂ ਅੱਲਾਹ ਦਿੱਤਾ ਜੀ ਦਾ ਆਪਣਾ ਮਕਾਨ ਹੀ ਗੁਰੂ ਨਾਨਕ ਜੀ ਦੀ ਮਹਿਮਾਨ-ਨਿਵਾਜ਼ੀ ਲਈ ਪੇਸ਼ ਕਰ ਦੇਣਾ, ਉਸ ਦੇ ਨਾਨਕ-ਪ੍ਰੇਮੀ ਹੋਣ ਦੀ ਇੱਕ ਸਪਸ਼ਟ ਦਲੀਲ ਹੈ।

# ਮੀਆਂ ਮਿੱਠਾ ਤੇ ਸ੍ਰੀ ਬਾਬਾ ਨਾਨਕ ਜੀ

ਮੀਆਂ ਮਿੱਠਾ ਬਾਬਾ ਜੀ ਦਾ ਇੱਕ ਪ੍ਰੇਮੀ ਮੁਸਲਮਾਨ ਪੀਰ ਸੀ। ਇਸ ਨੇ ਵੀ ਸਦਾ ਹੀ ਆਪ ਦਾ ਸਤਿਕਾਰ ਕੀਤਾ ਹੈ। ਜਨਮਸਾਖੀ ਵਿਚ ਲਿਖਿਆ ਹੈ ਕਿ ਇੱਕ ਵਾਰ ਬਾਬਾ ਜੀ ਇਸ ਨੂੰ ਮਿਲੇ, ਤਾਂ ਇਸ ਨੇ ਇਹ ਕਿਹਾ :-

*"ਨਾਨਕ ਜੀ ! ਤੁਸੀਂ ਬੜੇ ਬਜ਼ੁਰਗ ਹੋ। ਸਾਹਿਬ ਨੇ ਆਪ ਨੂੰ ਬਹੁਤ ਬਜ਼ੁਰਗੀ ਦਿੱਤੀ ਹੈ।"*

*(ਜਨਮਸਾਖੀ ਭਾਈ ਬਾਲਾ, ਪੰਨਾ 301)*

# ਪੀਰ ਅਬਦੁਲ ਰਹਿਮਾਨ ਤੇ ਸ੍ਰੀ ਬਾਬਾ ਜੀ

ਜਨਮਸਾਖੀਆਂ ਤੋਂ ਪਤਾ ਲਗਦਾ ਹੈ ਕਿ ਇੱਕ ਵਾਰ ਬਾਬਾ ਜੀ ਅਬਦੁਲ ਰਹਿਮਾਨ ਨਾਂ ਦੇ ਇਕ ਪੀਰ ਨੂੰ ਵੀ ਮਿਲੇ ਸਨ। ਉਹ ਪੀਰ ਆਪ ਨੂੰ ਵੱਡੇ ਸਤਿਕਾਰ ਨਾਲ ਆਪਣੇ ਹੁਜਰੇ ਵਿਚ ਲੈ ਗਿਆ ਸੀ ਤੇ ਆਪ ਦੀ ਵੱਡੀ ਸੇਵਾ ਕੀਤੀ ਸੀ। (ਦੇਖੋ ਜਨਮਸਾਖੀ ਭਾਈ ਬਾਲਾ, ਪੰਨਾ 499)

# ਦਾਊਦ ਜੁਲਾਹਾ

ਸਿੱਖ ਇਤਿਹਾਸ ਦੱਸਦਾ ਹੈ ਕਿ ਦਾਊਦ ਨਾਂ ਦਾ ਇੱਕ ਜੁਲਾਹਾ ਇੱਕ ਨਾਨਕ ਪ੍ਰੇਮੀ ਮੁਸਲਮਾਨ ਸੀ। ਇਸ ਨੇ ਵੱਡੇ ਪ੍ਰੇਮ ਤੇ ਲਗਨ ਨਾਲ ਇੱਕ ਬੜਾ ਸੁੰਦਰ ਤੇ ਬਹੁਮੁੱਲਾ ਗਲੀਚਾ ਉਣ ਕੇ ਗੁਰੂ ਜੀ ਦੀ ਭੇਟ ਕੀਤਾ ਸੀ ਕਿ ਗੁਰੂ ਜੀ ਉਸ ਤੇ ਬੈਠ ਕੇ ਆਪਣੇ ਸਾਜਨਹਾਰ ਤੇ ਪਾਲਨਹਾਰ ਦਾ ਸਿਮਰਨ ਕੀਤਾ ਕਰਨ। ਇਸ ਬਾਰੇ ਡਾਕਟਰ ਤ੍ਰਲੋਚਨ ਸਿੰਘ ਜੀ ਨੇ ਇਹ ਜਾਣਕਾਰੀ ਦਿੱਤੀ ਹੈ ਕਿ :-

> *"ਇਕ ਜੁਲਾਹਾ ਜਿਸ ਦਾ ਨਾਂ ਦਾਊਦ ਸੀ। ਬੜਾ ਕੀਮਤੀ ਗ਼ਲੀਚਾ ਉਣ ਕੇ ਲਿਆਇਆ। ਗੁਰੂ ਸਾਹਿਬ ਦੀ ਭੇਟਾਂ ਕੀਤਾ। ਬਾਬੇ ਨਾਨਕ ਨੇ ਆਖਿਆ ਕਿ ਸਾਡੇ ਲਈ ਸਾਰੀ ਧਰਤੀ ਹੀ ਹਰਾ-ਭਰਾ ਗ਼ਲੀਚਾ ਹੈ। ਅਸੀਂ ਇਸ ਗ਼ਲੀਚੇ ਨੂੰ ਕੀ ਕਰਨਾ ਹੈ ? ਦਾਊਦ ਨੇ ਆਖਿਆ - 'ਜਿਵੇਂ ਹੁਕਮ ਹੋਵੇ ਇਸ ਨੂੰਕਿਸੇ ਨੂੰ ਦੇਵਾਂ।' ਬਾਬੇ ਨਾਨਕ ਨੇ ਆਖਿਆ, 'ਔਹ ਕੁੱਤੀ ਨੇ ਬੱਚੇ ਦਿੱਤੇ ਹਨ। ਸਾਰੀ ਰਾਤ ਉਹ ਠੁਰ ਠੁਰ ਕਰਦੇ ਰਹੇ ਹਨ। ਗ਼ਲੀਚਾ ਓਹਨਾਂ ਦੇ ਉਪਰ ਪਾ ਦੇ। ਬੱਚਿਆਂ ਲਈ ਦੁੱਧ ਲਿਆ ਦੇ। ਕੁੱਤੀ ਨੂੰ ਚੂਰੀ ਪਾ। ਤੇਰਾ ਭਲਾ ਹੋਵੇਗਾ।' ਦਾਊਦ ਜੁਲਾਹੇ ਨੇ ਹੁਕਮ ਮੰਨਿਆ ਉਸ ਦਾ ਘਰ ਰੱਬ ਦੀਆਂ ਬਰਕਤਾਂ ਨਾਲ ਭਰ ਗਿਆ।"(ਜੀਵਨ ਬ੍ਰਿਤਾਂਤ ਗੁਰੂ ਨਾਨਕ ਦੇਵ, ਪੰਨਾ 254)*

ਇਹ ਪ੍ਰਸੰਗ ਹੋਰ ਵੀ ਕਈ ਪੁਸਤਕਾਂ ਵਿਚ ਵਰਨਣ ਹੈ। (ਵੇਖੋ ਜਨਮਸਾਖੀ ਭਾਈ ਭਾਲਾ, ਪੰਨਾ 588 ਤੇ 589, ਜਨਮਸਾਖੀ ਭਾਈ ਮਨੀ ਸਿੰਘ, ਪੰਨਾ 396 ਤੇ ਜੀਵਨ ਬ੍ਰਿਤਾਂਤ ਗੁਰੂ ਨਾਨਕ ਜੀ ਹਿੰਦੀ, ਪੰਨਾ 123)

ਇਸ ਪ੍ਰਸੰਗ ਤੋਂ ਕਈ ਗੱਲਾਂ ਨਿਤੱਰ ਕੇ ਸਾਹਮਣੇ ਆ ਜਾਂਦੀਆਂ ਹਨ। ਇੱਕ ਤਾਂ ਗੁਰੂ ਨਾਨਕ ਜੀ ਦਾ ਦਿਲ ਵੱਡਾ ਕੋਮਲ ਸੀ, ਉਹ ਜਾਨਵਰਾਂ ਦਾ ਦੁੱਖ ਵੀ ਨਹੀਂ

ਸਹਾਰ ਸਕਦੇ ਸਨ। ਇਸ ਦੇ ਨਾਲ ਹੀ ਦਾਊਦ ਵੀ ਇੱਕ ਨਾਨਕ ਪ੍ਰੇਮੀ ਮੁਸਲਮਾਨ ਸੀ। ਉਸ ਨੇ ਗੁਰੂ ਜੀ ਦੇ ਕਹਿਣ ਦਾ ਮੁੱਲ ਇੰਨਾ ਪਾਇਆ ਕਿ ਵਡਮੁੱਲਾ ਗ਼ਲੀਚਾ ਵੀ ਕੁਰਬਾਨ ਕਰਨ ਤੋਂ ਸੰਕੋਚ ਨਾ ਕੀਤਾ। ਗੁਰੂ ਜੀ ਦੇ ਕਹਿਣ ਦੇ ਅਨੁਸਾਰ ਉਸ ਕੁੱਤੀ ਤੇ ਉਸ ਦੇ ਬੱਚਿਆਂ ਦੀ ਤਨੋਂ ਮਨੋਂ ਟਹਿਲ ਸੇਵਾ ਕੀਤੀ, ਉਸ ਦੇ ਸਿੱਟੇ ਵਿੱਚ ਉਸ ਦਾ ਘਰ ਬਰਕਤਾਂ ਨਾਲ ਭਰ ਗਿਆ। ਸਾਡੇ ਵਿੱਚੋਂ ਕਈਆਂ ਨੇ ਕਈ ਵਾਰ ਸੂਈਆਂ ਹੋਈਆਂ ਕੁੱਤੀਆਂ ਦੇ ਹੱਡ ਗੋਡੇ ਭੰਨਣ ਤੋਂ ਵੀ ਸੰਕੋਚ ਨਹੀਂ ਕੀਤਾ ਹੋਵੇਗਾ, ਪਰ ਧੰਨ ਹਨ ਗੁਰੂ ਨਾਨਕ ਜੀ, ਜਿਨ੍ਹਾਂ ਜਾਨਵਰਾਂ ਨਾਲ ਵੀ ਦਿਲੋਂ ਪਿਆਰ ਕੀਤਾ ਤੇ ਓਹਨਾਂ ਦੇ ਦੁਖ ਨੂੰ ਦੁਖ ਸਮਝ ਕੇ ਦੂਰ ਕਰਨ ਦਾ ਉਪਰਾਲਾ ਕੀਤਾ।

# ਉਬਾਰੇ ਖ਼ਾਂ ਤੇ ਸ੍ਰੀ ਬਾਬਾ ਜੀ

ਜਨਮਸਾਖ਼ੀ ਵਿੱਚ ਇਹ ਲਿਖਿਆ ਵੀ ਮਿਲਦਾ ਹੈ ਕਿ ਉਬਾਰੇ ਖ਼ਾਂ ਨਾਂ ਦੇ ਇੱਕ ਪਠਾਣ ਨੇ ਵੱਡੇ ਪ੍ਰੇਮ ਨਾਲ ਇੱਕ ਰੇਜ਼ਾ ਬਾਫ਼ਤੇ ਦਾ ਸ੍ਰੀ ਬਾਬਾ ਜੀ ਦੀ ਭੇਟ ਕੀਤਾ ਸੀ। ਆਪ ਨੇ ਉਸ ਦੀਆਂ ਦੋ ਚੱਦਰਾਂ - ਇੱਕ ਆਪਣੇ ਲਈ ਤੇ ਦੂਜੀ ਆਪਣੇ ਜੀਵਨ-ਸਾਥੀ ਮਰਦਾਨੇ ਲਈ - ਬਣਾਵਾਈਆਂ ਸਨ। (ਵੇਖੋ ਜਨਮਸਾਖੀ ਭਾਈ ਬਾਲਾ ਪੰਨਾ 586)

# ਸ਼ਾਹ ਸ਼ਰਫ਼ ਤੇ ਸ੍ਰੀ ਬਾਬਾ ਜੀ

ਸ਼ਾਹ ਸ਼ਰਫ਼ ਵੀ ਇੱਕ ਮੁਸਲਮਾਨ ਫ਼ਕੀਰ ਸੀ। ਇਸ ਨੇ ਵੀ ਬਾਬਾ ਜੀ ਨਾਲ ਵੱਡਾ ਪ੍ਰੇਮ ਪਰਗਟ ਕੀਤਾ ਸੀ। ਇੱਕ ਵਿਦਵਾਨ ਜੀ ਲਿਖਦੇ ਹਨ ਕਿ ਇਸ ਨੂੰ ਬਾਬਾ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰਕ ਥਾਪਿਆ ਸੀ।

(ਗੁਰੂ ਬੰਸਾਵਲੀ, ਪੰਨਾ 49)

ਬਾਬਾ ਸਰੂਪ ਚੰਦ ਜੀ ਭੱਲਾ ਨੇ ਲਿਖਿਆ ਹੈ ਕਿ ਜਦ ਸ਼ਾਹ ਸ਼ਰਫ਼ ਗੁਰੂ ਜੀ ਨੂੰ ਮਿਲਿਆ ਸੀ ਤੇ ਉਸ ਨੂੰ ਵੱਡੀ ਖੁਸ਼ੀ ਹੋਈ ਸੀ। ਗੁਰੂ ਜੀ ਉਸ ਨੂੰ ਮਿਲਣ ਲਈ ਆਪ ਗਏ ਸਨ :-

ਗਏ ਬਿਚਰ ਜੋ ਸਤਿਗੁਰ ਦਿਆਲ ।
ਸ਼ਾਹ ਸ਼ਰਫ਼ ਕੋ ਲੇਨਾ ਭਾਲ ।
ਦਰਸ਼ਨ ਦੇਖ ਸ਼ਰਫ਼ ਮਗਨਾਨਾ ।

ਕਾਮਲ ਫ਼ਕੀਰ ਬਾਬਾ ਕੋ ਜਾਨਾ ।
ਦਸਤਬੋਸ ਕਰ ਆਸਨ ਦੀਨਾ ।
ਪ੍ਰੇਮ ਭਾਵਿ ਸੋ ਭਾਉ ਭਗਤ ਬਹੁ ਕੀਨਾ ।
ਵਡੇ ਨਸੀਬ ਹੈਂ ਆਜ ਹਮਾਰੇ ।
ਘਰ ਆਏ ਮੌਲਾ ਕੇ ਪਿਆਰੇ ।
ਸਭ ਮੁਰਾਦ ਦਿਲ ਕੀ ਭਈ ਹਾਸਲ ।
ਮਿਲਾ ਫ਼ਕੀਰ ਰੱਬ ਕਾ ਵਾਸਲ ।

(ਗੁਰੂ ਨਾਨਕ ਮਹਿਮਾ, ਸਾਖੀ 30, ਪੰਨਾ 89)

# ਬਾਬਾ ਬੁਢਣ ਸ਼ਾਹ ਤੇ ਸ੍ਰੀ ਬਾਬਾ ਜੀ

ਇਹ ਵੀ ਇੱਕ ਨਾਨਕ-ਪ੍ਰੇਮੀ ਮੁਸਲਮਾਨ ਫ਼ਕੀਰ ਸੀ । ਇਸ ਨੇ ਵੀ ਬਾਬਾ ਜੀ ਨਾਲ ਵੱਡਾ ਪ੍ਰੇਮ ਪਰਗਟ ਕੀਤਾ ਸੀ । ਇੱਕ ਵਾਰ ਇਸ ਨੇ ਵੱਡੇ ਪ੍ਰੇਮ ਨਾਲ ਬੱਕਰੀ ਦਾ ਦੁੱਧ ਬਾਬਾ ਜੀ ਦੀ ਭੇਟ ਕੀਤਾ ਸੀ ।

(ਗੁਰੂ ਬੰਸਾਵਲੀ, ਪੰਨਾ 106 ਤੇ ਗੁਰਧਾਮ ਸੰਗ੍ਰਹਿ, ਪੰਨਾ 50)

# ਮੀਰ ਸੱਯਦ ਹਸਨ ਤੇ ਸ੍ਰੀ ਬਾਬਾ ਜੀ

ਮੀਰ ਸੱਯਦ ਹਸਨ ਤਲਵੰਡੀ ਦੇ ਇੱਕ ਮੁਸਲਮਾਨ ਬਜ਼ੁਰਗ ਸਨ । ਆਪ ਦੇ ਦਿਲ ਵਿੱਚ ਸ੍ਰੀ ਬਾਬਾ ਨਾਨਕ ਜੀ ਦਾ ਵੱਡਾ ਪ੍ਰੇਮ ਸੀ । ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

*"ਕਨਿੰਘਮ ਨੇ ਮੁਸਲਮਾਨਾਂ ਦੀਆਂ ਤਾਰੀਖ਼ਾਂ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਮੀਰ ਸੱਯਦ ਹਸਨ, ਜੋ ਉਸ ਦੇਸ ਵਿਚ ਔਲੀਆ ਕਰਾਮਾਤੀ ਸੁਲਹਕੁਲ ਬੇਦਾਗ਼ ਪੀਰ ਮੰਨਿਆ ਹੋਇਆ ਸੀ, ਮਹਿਤੇ ਕਾਲੂ ਦੇ ਘਰ ਪਾਸ ਰਹਿੰਦਾ ਸੀ... ਉਸ ਨੇ ਆਪਣਾ ਸਾਰਾ ਇਲਮ ਦੀਨੀ ਤੇ ਦੁਨਿਆਵੀ ਬਾਬੇ ਨਾਨਕ ਨੂੰ ਪੜ੍ਹਾਇਆ ਤੇ ਬੜੇ ਬੜੇ ਭੇਦ ਰਾਹ ਹੱਕ ਦੇ ਦੱਸੇ ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 99)*

ਗੁਰੂ ਨਾਨਕ ਚਮਤਕਾਰ ਵਿੱਚ ਵੀ ਬਾਬਾ ਜੀ ਦਾ ਮੀਰ ਸੱਯਦ ਹਸਨ ਤੋਂ ਵਿਦਿਆ ਪੜ੍ਹਨਾ ਵਰਣਨ ਹੈ । (ਗੁਰੂ ਨਾਨਕ ਚਮਤਕਾਰ, ਪੰਨਾ 51)

# ਵਲੀ ਕੰਧਾਰੀ ਤੇ ਸ੍ਰੀ ਬਾਬਾ ਨਾਨਕ ਜੀ

ਸਿੱਖ ਇਤਿਹਾਸ ਵਿੱਚ ਵਲੀ ਕੰਧਾਰੀ ਦੀ ਸਾਖ਼ੀ ਵੀ ਅੱਡ ਅੱਡ ਰੂਪਾਂ ਵਿੱਚ ਵਰਣਨ ਹੈ। ਸਿੱਖ ਵਿਦਵਾਨ ਇਹ ਸਵਿਕਾਰ ਕਰਦੇ ਹਨ ਕਿ ਪੁਰਾਤਨ ਸਿੱਖ ਸਾਹਿਤ ਵਿੱਚ ਪੰਜਾ ਵਾਲੀ ਸਾਖੀ ਨਹੀਂ ਹੈ। ਇਹ ਸਿੱਖ ਰਾਜ ਸਮੇਂ ਬਣਾਈ ਗਈ। (ਗੁਰੂ ਨਾਨਕ ਬਾਰੇ ਸੱਚ ਦੀ ਖੋਜ, ਪੰਨਾ 11, ਨਾਨਕ ਪ੍ਰਕਾਸ਼ ਸੰਪਾਦਿਤ, ਪੰਨਾ 892; ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 73)

ਪ੍ਰਾਚੀਨ ਜਨਮਸਾਖੀਆਂ ਵਿੱਚ ਬਾਬਾ ਜੀ ਦਾ ਵਲੀ ਕੰਧਾਰੀ ਨਾਲ ਮਿਲਣਾ ਵਰਣਨ ਹੈ। ਬਾਬਾ ਜੀ ਨੇ ਇਸ ਬਾਰੇ ਜੋ ਵਿਚਾਰ ਪਰਗਟ ਕੀਤੇ ਹਨ, ਉਹ ਇਹ ਹਨ :-

*"ਭਾਈ ਮਰਦਾਨਾ ਇਹ ਸਾਡਾ ਪੁਰਾਣਾ ਯਾਰ ਹੈ... ਵਲੀ ਕੰਧਾਰੀ ਪਾਸੋਂ ਸੈਕੜੇ ਜੀਉ ਉਧਰਨਗੇ; ਕਿਉਂਕਿ ਵਲੀ ਕੰਧਾਰੀ ਗੁਰੂ ਸਮਾਨ ਹੋਇਆ ਹੈ।" (ਜ: ਸਾ: ਭਾਈ ਬਾਲਾ, ਪੰਨਾ 479)*

ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ ਜਦ ਗੁਰੂ ਜੀ ਹਸਨ ਅਬਦਾਲ ਆਏ ਸਨ, ਤਾਂ ਕੁਰਾਨ ਸ਼ਰੀਫ਼ ਦੀਆਂ ਆਇਤਾਂ ਵਾਲਾ ਚੋਲਾ ਆਪ ਦੇ ਗਲ ਸੀ। (ਵਿਸ਼ਵ ਨੂਰ, 269)

ਇੱਕ ਸਿੱਖ ਵਿਦਵਾਨ ਨੇ ਵਲੀ ਕੰਧਾਰੀ ਬਾਰੇ ਇਹ ਜਾਣਕਾਰੀ ਦਿੱਤੀ ਹੈ :-

*"ਵਲੀ ਕੰਧਾਰੀ ਨੂੰ ਮੁਸਲਮਾਨ ਉੱਚ ਕੋਟੀ ਦਾ ਪੀਰ ਸਮਝਦੇ ਹਨ। ਇਸ ਦੀਆਂ ਈਰਾਨ, ਅਫ਼ਗਾਨਿਸਤਾਨ, ਮੱਕਾ, ਮਦੀਨਾ ਤੇ ਪਾਕਿਸਤਾਨ ਵਿੱਚ ਸਵਾ ਲੱਖ ਬੈਠਕਾਂ ਹਨ। ਇਹ ਪੀਰ ਮੱਕੇ ਪੈਦਾ ਹੋਇਆ ਅਤੇ ਇਸ ਨੂੰ ਸਈਅਦ ਰਸੂਲ ਦੀ ਔਲਾਦ ਵਿੱਚੋਂ ਸਮਝਿਆ ਜਾਂਦਾ ਹੈ।" (ਪੰਥ ਪ੍ਰਕਾਸ਼, ਸ਼ਹੀਦ ਨੰਬਰ, 1977)*

# ਮਾਲਕ ਨਾਨਕ ਪ੍ਰੇਮੀ ਲੜਕਾ

ਸਿੱਖ ਇਤਿਹਾਸ ਅਨੁਸਾਰ ਮਾਲਕ ਨਾਂ ਦਾ ਇੱਕ ਨਾਨਕ ਪ੍ਰੇਮੀ ਲੜਕਾ ਸੀ। ਇਸ ਬਾਰੇ ਵਰਣਨ ਹੈ ਕਿ :-

"ਗੁਰੂ ਬਾਬਾ ਜੀ... ਡੇਰਾ ਇਸਮਾਈਲ ਖਾਂ ਦੇ ਨੇੜੇ ਮੁਕਨੇਰੇ ਨਗਰ ਦੇ ਬਾਹਰਵਾਰ ਜਾ ਪੁੱਜੇ। ਇੱਥੇ ਇੱਕ ਭਲਾ ਮੁੰਡਾ ਮਾਲ ਚਾਰ ਰਿਹਾ ਸੀ। ਨਿਰੰਕਾਰੀ

ਬਾਬਾ ਜੀ ਦਾ ਦਰਸ਼ਨ ਕਰਕੇ ਬੜਾ ਖ਼ੁਸ਼ ਹੋਇਆ। ਇਸ ਮੁੰਡੇ ਨੇ ਖਜੂਰਾਂ ਦੇ ਨਾਲ ਛੋਲੀਏ ਦੀਆਂ ਹੋਲਾਂ ਭੁੰਨ ਕੇ ਸਤਿਗੁਰੂ ਜੀ ਅੱਗੇ ਲਿਆ ਰੱਖੀਆ, ਬੇਨਤੀ ਕੀਤੀ। ਸਤਿਗੁਰੂ ਜੀ ਨੇ ਓਹ ਖਜੂਰਾਂ ਤੇ ਹੋਲਾਂ ਕਬੂਲ ਕਰ ਲਈਆਂ। ਬੱਚੇ ਦੇ ਸ਼ੁੱਭ ਆਚਰਨ ਤੇ ਸਤਿਗੁਰੂ ਉੱਠੇ ਤੇ ਰਮਜ਼-ਭਰਿਆ ਬਚਨ ਕੀਤਾ :-

ਸਬਰ ਤੇਰਾ ਲੇਫ਼ ਨਿਹਾਲੀ ਭਾਉ ਤੇਰਾ ਪਕਵਾਨ ॥
ਨਾਨਕ ਸਿਫ਼ਤੀ ਹਜਿਆ ਆਉ ਬੈਠਾ ਸੁਲਤਾਨ ॥

(ਰਸਾਲਾ ਗੁਰਮਤਿ ਨਿਰਣਯ, ਨਵੰਬਰ 1961)

ਗੁਰੂ ਜੀ ਨੇ ਇਸ ਨੂੰ ਇਹ ਅਸੀਸ ਵੀ ਦਿੱਤੀ ਸੀ :-

*"ਬੱਚਾ ਤੇਰਾ ਤੇ ਪਾਤਸ਼ਾਹਾਂ ਵਾਲਾ ਦਿਲ ਹੈ। ਅਕਾਲ ਪੁਰਖ ਤੈਨੂੰ ਪਾਤਸ਼ਾਹੀ ਦੇਵੇ। ਤੇਰਾ ਦਲਿੱਦਰ ਦੂਰ ਕਰੇ। ਨਾਮ ਜਪੀਂ, ਦੀਨ ਦੁਖੀਆਂ ਦੀ ਸੇਵਾ ਕਰੀਂ ਤੇ ਨੇਕੀ ਦਾ ਮਾਰਗ ਨਾ ਛੱਡੀਂ।"*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 154)*

ਇਹ ਭਲਾ ਲੜਕਾ ਮੁਸਲਮਾਨ ਸੀ। ਇਸ ਦਾ ਨਾਂ ਮਾਲਕ ਸੀ। ਗੁਰੂ ਜੀ ਦੀ ਇਸ ਸੇਵਾ ਦੇ ਸਿੱਟੇ ਵਿੱਚ ਮਗਰੋਂ ਜਾ ਕੇ ਇਹ ਨਵਾਬ ਬਣ ਗਿਆ ਸੀ।

(ਗੁਰਮਤਿ ਨਿਰਣਯ, ਨਵੰਬਰ 1961)

# ਮੁਲਤਾਨ ਦੇ ਫ਼ਕੀਰ ਤੇ ਸ੍ਰੀ ਬਾਬਾ ਜੀ

ਸਿੱਖ ਇਤਿਹਾਸਕਾਰਾਂ ਨੇ ਬਾਬਾ ਜੀ ਦਾ ਮੁਲਤਾਨ ਜਾਣਾ ਵੀ ਵਰਣਨ ਕੀਤਾ ਹੈ ਤੇ ਇਹ ਸਾਖੀ ਇਉ ਲਿਖੀ ਹੈ ਕਿ ਬਾਬਾ ਜੀ ਜਦ ਮੁਲਤਾਨ ਗਏ, ਤਾਂ ਉੱਥੋਂ ਦੇ ਕਈ ਪੀਰ ਆਪ ਕੋਲ ਆਏ ਤੇ ਆਪ ਦੀ ਪਰਖ ਲਈ ਦੁੱਧ ਦਾ ਭਰਿਆ ਪਿਆਲਾ ਆਪ ਦੇ ਅੱਗੇ ਲਿਆ ਕੇ ਰੱਖ ਦਿੱਤਾ। ਬਾਬਾ ਜੀ ਨੇ ਉਸ ਵਿੱਚ ਪਤਾਸੇ ਪਾ ਕੇ ਤੇ ਫੁੱਲ ਰੱਖ ਕੇ ਉਹ ਭਰਿਆ ਭਰਾਇਆ ਪਿਆਲਾ ਓਹਨਾਂ ਫ਼ਕੀਰਾਂ ਨੂੰ ਮੋੜ ਦਿੱਤਾ। ਓਹਨਾਂ ਨੇ ਬਾਬਾ ਜੀ ਨੂੰ ਇਹ ਦੱਸਿਆ ਸੀ ਕਿ ਮੁਲਤਾਨ ਤਾਂ ਇਸ ਦੁੱਧ ਦੇ ਭਰੇ ਪਿਆਲੇ ਵਾਂਗ ਪਹਿਲਾਂ ਹੀ ਪੀਰਾਂ ਫ਼ਕੀਰਾਂ ਨਾਲ ਭਰਿਆ ਪਿਆ ਹੈ। ਤੁਸੀਂ ਇੱਥੇ ਕਿੱਥੇ ਆ ਗਏ ਹੋ ? ਬਾਬਾ ਜੀ ਨੇ ਓਹਨਾਂ ਨੂੰ ਇਸ ਦਾ ਇਹ ਉੱਤਰ ਦਿੱਤਾ ਸੀ ਕਿ ਅਸੀਂ ਕਿਸੇ ਤੇ ਭਾਰੂ ਨਹੀਂ ਹੋਵਾਂਗੇ; ਸਗੋਂ ਦੁੱਧ ਵਿੱਚ ਖੰਡ ਵਾਂਗ ਰਹਾਂਗੇ। ਇਹ ਉੱਤਰ ਸੁਣ ਕੇ ਮੁਲਤਾਨ ਦੇ ਸਾਰੇ ਪੀਰ ਵੱਡੇ ਖੁਸ਼ ਹੋਏ ਸਨ ਤੇ ਓਹਨਾਂ ਨੇ ਬਾਬਾ ਜੀ ਨੂੰ ਦਿਲੋਂ ਪਿਆਰਿਆ ਤੇ ਸਤਿਕਾਰਿਆ ਸੀ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 52)

ਮੁਲਤਾਨ ਦੇ ਮੁਸਲਮਾਨਾਂ ਨੇ ਬਾਬਾ ਜੀ ਦੀ ਇੱਕ ਯਾਦਗਾਰ ਵੀ ਉੱਥੇ ਸਥਾਪਨ ਕੀਤੀ ਸੀ, ਜੋ ਓਹਨਾਂ ਦੇ ਨਾਨਕ ਪ੍ਰੇਮ ਨੂੰ ਪਰਗਟ ਕਰਦੀ ਸੀ।

# ਭਾਈ ਮਰਦਾਨਾ ਤੇ ਸ੍ਰੀ ਬਾਬਾ ਨਾਨਕ ਜੀ

ਭਾਈ ਮਰਦਾਨਾ ਜ਼ਾਤ ਦਾ ਮੀਰਾਸੀ ਸੀ। ਭਾਈ ਗੁਰਦਾਸ ਜੀ ਨੇ ਇਸ ਬਾਰੇ ਇਹ ਲਿਖਿਆ ਸੀ ਕਿ :-

ਭਲਾ ਰਬਾਬ ਬਜਾਇਦਾ ਜਮਲਸ ਮਰਦਾਨਾ ਮੀਰਾਸੀ ।

ਇਹ ਬਾਬਾ ਜੀ ਦਾ ਜੀਵਨ ਸਾਥੀ ਤੇ ਬਾਲ-ਸਖਾਈ ਸੀ। ਇਸ ਨੇ ਆਪਣੀ ਸਾਰੀ ਆਯੂ ਬਾਬਾ ਜੀ ਦੀ ਸੇਵਾ ਵਿੱਚ ਹੀ ਲਾ ਦਿੱਤੀ ਸੀ। ਕਈ ਜਨਮਸਾਖੀਆਂ ਤੋਂ ਪਤਾ ਲਗਦਾ ਹੈ ਕਿ ਸ੍ਰੀ ਬਾਬਾ ਜੀ ਦਾ ਦੂਜਾ ਸਾਥੀ ਭਾਈ ਬਾਲਾ ਵੀ ਸੀ, ਪਰ ਵਰਤਮਾਨ ਸਮੇਂ ਦੇ ਖੋਜੀ ਵਿਦਵਾਨਾਂ ਨੂੰ ਭਾਈ ਬਾਲਾ ਦੀ ਹੋਂਦ ਬਾਰੇ ਸੰਦੇਹ ਹੈ। ਓਹਨਾਂ ਦੇ ਵਿਚਾਰ ਅਨੁਸਾਰ ਇਹ ਇੱਕ ਕਾਲਪਨਿਕ ਵਜੂਦ ਹੈ, ਪਰ ਭਾਈ ਮਰਦਾਨਾ ਬਾਰੇ ਕਿਸੇ ਵੀ ਵਿਦਵਾਨ ਨੂੰ ਕੋਈ ਸੰਦੇਹ ਨਹੀਂ। ਭਾਈ ਗੁਰਦਾਸ ਜੀ ਨੇ ਵੀ ਭਾਈ ਮਰਦਾਨਾ ਨੂੰ ਬਾਬਾ ਜੀ ਦੇ ਸਫ਼ਰਾਂ ਦਾ ਸਾਥੀ ਵਰਣਨ ਕੀਤਾ ਹੈ, ਜਿਹਾ ਕਿ ਲਿਖਿਆ ਹੈ ਕਿ :-

ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ ।
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।
(ਵਾਰ 1, ਪੰਨਾ 35)

ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਭਾਈ ਮਰਦਾਨਾ ਸ੍ਰੀ ਬਾਬਾ ਜੀ ਦਾ ਪਿਆਰਾ ਸਾਥੀ ਸੀ ਤੇ ਭਾਈ ਮਰਦਾਨਾ ਵੀ ਬਾਬਾ ਜੀ ਤੋਂ ਨਿਛਾਵਰ ਸੀ। ਭਾਈ ਮਰਦਾਨੇ ਦੀ ਇਸ ਮਿੱਤਰਤਾ ਤੇ ਪਿਆਰ ਨੂੰ ਮੁੱਖ ਰੱਖ ਕੇ ਇੱਕ ਸਿੱਖ ਵਿਦਵਾਨ ਦੇ ਕਥਨ ਮੁਜਬ ਬਾਬਾ ਜੀ ਨੇ ਉਸ ਨੂੰ ਭਾਈ ਦੀ ਪਦਵੀ ਦਿੱਤੀ ਸੀ।

(ਵੇਖੋ ਛੂਤ-ਛਾਤ ਸੰਬੰਧੀ ਗੁਰਮਤਿ ਸਿੱਧਾਂਤ, ਪੰਨਾ 8)

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ ਬਾਬਾ ਜੀ ਨੇ ਭਾਈ ਮਰਦਾਨੇ ਨਾਲ ਕੋਈ ਛੂਤ ਛਾਤ ਨਹੀਂ ਕੀਤੀ ਸੀ; ਜਿਹਾ ਕਿ ਲਿਖਿਆ ਹੈ :-

*"ਸਾਲਾਂ ਬੱਧੀ ਇਕੱਠੇ ਪਰਦੇਸਾਂ ਵਿੱਚ ਰਹਿ ਕੇ ਇਹ ਕਿਵੇਂ ਹੋ ਸਕਦਾ ਸੀ ਕਿ ਖਾਣ-ਪੀਣ ਵੇਲੇ ਇਸ ਸਾਥੀ ਬਾਰੇ ਛੂਤ-ਛਾਤ ਦਾ ਖ਼ਿਆਲ ਆ ਜਾਂਦਾ ਹੋਵੇ। ਜੇ ਹਰ ਰੋਜ਼ ਰੋਟੀ ਖਾਣ ਵੇਲੇ ਦੋਵੇਂ ਵਕਤ ਮਰਦਾਨੇ ਨੂੰ*

*ਸਤਿਗੁਰੂ ਜੀ ਉਸ ਦੀ ਨੀਵੀਂ ਜਾਤੀ ਦਾ ਹੀ ਚੇਤਾ ਕਰਾਂਦੇ ਰਹਿੰਦੇ, ਤਾਂ ਉਹ ਇਤਨੇ ਔਖੇ ਖ਼ਤਰਨਾਕ ਲੰਮੇ ਸਫ਼ਰਾਂ ਵਿਚ ਸਤਿਗੁਰੂ ਜੀ ਦਾ ਸਾਥ ਭੀ ਨ ਨਿਭਾ ਸਕਦਾ।" (ਧਰਮ ਤੇ ਸਦਾਚਾਰ, ਪੰਨਾ 11)*

ਗੁਰੂ ਗ੍ਰੰਥ ਸਾਹਿਬ ਦੇ ਰਾਗ ਬਿਹਾਗੜੇ ਦੀ ਵਾਰ ਵਿੱਚ ਤਿੰਨ ਸ਼ਲੋਕ ਭਾਈ ਮਰਦਾਨੇ ਦੇ ਨਾਂ ਤੇ ਦਰਜ ਹਨ। ਏਹਨਾਂ ਸ਼ਲੋਕਾਂ ਨੂੰ ਕਈ ਵਿਦਵਾਨਾਂ ਨੇ ਭਾਈ ਮਰਦਾਨਾ ਜੀ ਦੇ ਉਚਾਰਨ ਕੀਤੇ ਦੱਸਿਆ ਹੈ। (ਵੇਖੋ ਗੁਰਮਤਿ ਦਰਸ਼ਨ, ਪੰਨਾ 57; ਗੁਰੂ ਨਾਨਕ ਬਾਣੀ, ਪੰਨਾ 20; ਗੁਰੂ ਨਾਨਕ ਦਰਸ਼ਨ, ਪੰਨਾ 108; ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 454; ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ 233; ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ, ਜੁਲਾਈ 1969; ਮਈ 1969 ਤੇ ਜੁਲਾਈ 1977 ਤੇ ਸਿੰਘ ਸਭਾ ਪਤ੍ਰਿਕਾ ਅੰਮ੍ਰਿਤਸਰ 1977)

ਇੱਕ ਵਿਦਵਾਨ ਜੀ ਨੇ ਇੱਥੋਂ ਤਕ ਲਿਖ ਦਿੱਤਾ :-

*"ਭਾਈ ਮਰਦਾਨਾ ਜੀ ਨੂੰ ਉਹ ਹੱਕ ਵੀ ਮਿਲ ਗਿਆ ਜੋ ਪਿੱਛੋਂ ਜਾ ਕੇ ਕੇਵਲ ਗੁਰੂ ਸਾਹਿਬਾਨ ਨੂੰ ਪ੍ਰਾਪਤ ਹੋਇਆ। ਬਿਹਾਗੜੇ ਦੀ ਵਾਰ ਦੇ ਸਲੋਕਾਂ ਵਿੱਚ 'ਨਾਨਕ' ਸ਼ਬਦ ਦੀ ਉਹਨਾਂ ਵੱਲੋਂ ਵਰਤੋਂ ਕਰ ਲੈਣੀ ਗੁਰੂ ਨਾਨਕ ਦੇਵ ਜੀ ਉਤੇ ਹੱਕ ਹੀ ਜਤਲਾਉਣਾ ਸੀ। ਇਹ ਸੱਚਮੁੱਚ ਇਕ ਐਸੀ ਵਡਿਆਈ ਸੀ, ਜੋ ਕਿਸੇ ਸਿੱਖ ਸੰਬੰਧੀ, ਸਾਕ, ਭਾਈ, ਭਗਤ ਨੂੰ ਪ੍ਰਾਪਤ ਨਾ ਹੋ ਸਕੀ।"*

*(ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ 2)*

ਇਹ ਠੀਕ ਹੈ ਕਿ 'ਨਾਨਕ' ਛਾਪ ਸਿੱਖ ਗੁਰੂਆਂ ਤੋਂ ਛੁੱਟ ਕਿਸੇ ਹੋਰ ਨੇ ਨਹੀਂ ਵਰਤੀ, ਉਹ ਭੀ ਗੁਰੂ ਬਣਨ ਤੋਂ ਮਗਰੋਂ; ਪਹਿਲੇ ਨਹੀਂ, ਇਹ ਕੇਵਲ ਤੇ ਕੇਵਲ ਭਾਈ ਮਰਦਾਨੇ ਦੀ ਸ਼ਾਨ ਹੈ ਕਿ ਉਸ ਨੇ ਗੁਰੂ ਨਾਨਕ ਦੇ ਜੀਉਂਦੇ ਜੀ ਨਾਨਕ ਛਾਪ ਵਰਤੀ ਤੇ ਉਹ ਬਾਣੀ ਪਰਵਾਨ ਕੀਤੀ ਗਈ। ਜੋ ਕਿਸੇ ਹੋਰ ਨੇ ਵਰਤਣ ਕਰਨ ਦਾ ਜਤਨ ਕੀਤਾ, ਤਾਂ ਉਸ ਦੀ ਬਣਾਉਟੀ ਮੰਨੀ ਗਈ।

ਭਾਈ ਮਰਦਾਨਾ ਗੁਰੂ ਜੀ ਦਾ ਇੱਕ ਮੁਸਲਮਾਨ ਸਾਥੀ ਸੀ। ਇੱਕ ਵਿਦਵਾਨ ਜੀ ਨੇ ਭਾਈ ਮਰਦਾਨਾ ਜੀ ਦੀ ਜਾਣ ਪਛਾਣ ਕਰਾਉਂਦਿਆਂ ਲਿਖਿਆ ਹੈ ਕਿ ਭਾਈ ਮਰਦਾਨਾ ਨੇ ਆਪ ਹੀ ਕਿਹਾ ਸੀ ਕਿ :-

*"ਮੈਂ ਤਾਂ ਰੋਜ਼ੇ ਰੱਖਦਾ ਹਾਂ ਤੇ ਨਿਮਾਜ਼ ਪੜ੍ਹਦਾ ਹਾਂ। ਇਹੀਓ ਚੰਗੇ ਮੁਸਲਮਾਨ ਬਣਨ ਲਈ ਰਸੂਲ ਦਾ ਹੁਕਮ ਹੈ।"*

*(ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ 46)*

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਨਾਨਕ ਜੀ ਆਪਣੇ ਇਸ ਮੁਸਲਮਾਨ ਸਾਥੀ ਭਾਈ ਮਰਦਾਨਾ ਜੀ ਨਾਲ ਵੱਡਾ ਪਿਆਰ ਕੀਤਾ ਕਰਦੇ ਸਨ ਤੇ ਉਸ ਦੇ ਹੱਥ ਦਾ ਪੱਕਿਆ ਪਕਵਾਨ ਵੀ ਖਾ ਲਿਆ ਕਰਦੇ ਸਨ। (ਜੀਵਨ ਚਰਿਤ੍ਰ ਗੁਰੂ ਨਾਨਕ ਜੀ, ਪੰਨਾ 122 ਅਤੇ ਧਰਮ ਤੇ ਸਦਾਚਾਰ, ਪੰਨਾ 11)

ਇਤਿਹਾਸ ਦੱਸਦਾ ਹੈ ਕਿ ਜਦ ਬਾਬਾ ਜੀ ਦੇ ਇਸ ਬਾਲ-ਸਖਾਈ ਦਾ ਦੇਹਾਂਤ ਹੋਇਆ ਸੀ, ਤਾਂ ਬਾਬਾ ਜੀ ਨੇ ਆਪਣੇ ਹੱਥੀਂ ਆਪਣੇ ਇਸ ਜੀਵਨ ਸਾਥੀ ਦਾ ਅੰਤਮ-ਸੰਸਕਾਰ ਕੀਤਾ ਸੀ; ਜਿਹਾ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

*"ਗੁਰੂ ਨਾਨਕ ਸਾਹਿਬ ਭਾਈ ਮਰਦਾਨਾ ਦੀ ਤਜਹੀਜ਼ੋ ਤਕਫ਼ੀਨ ਕਰਕੇ ਕਾਬਲ ਵ ਕੰਧਾਰ ਵਗੈਰਾ ਕੀ ਸੈਰ ਕਰਤੇ ਹੁਏ ਲੋਹਗੜ੍ਹ ਮੇਂ ਪਹੁੰਚੇ।" (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 51)*

ਪ੍ਰੋ: ਸੁੰਦਰ ਸਿੰਘ ਜੀ ਐਮ. ਐਸ. ਸੀ. ਨੇ ਵੀ ਬਾਬਾ ਜੀ ਦਾ ਆਪਣੇ ਹੱਥੀਂ ਭਾਈ ਮਰਦਾਨੇ ਦੀ ਤਜਹੀਜ਼ੋ-ਤਦਫ਼ੀਨ (ਕਫ਼ਨ-ਦਫ਼ਨ) ਕਰਨਾ ਲਿਖਿਆ ਹੈ। (ਮੁਖ਼ਤਸਿਰ ਵ ਮੁਕੰਮਲ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 60)

ਕਈ ਪੁਸਤਕਾਂ ਵਿੱਚ ਇਹ ਵੀ ਵਰਣਨ ਹੈ ਕਿ ਗੁਰੂ ਨਾਨਕ ਜੀ ਭਾਈ ਮਰਦਾਨਾਂ ਦੇ ਜੀਉਂਦੇ ਜੀ ਅਕਾਲ ਚਲਾਣਾ ਕਰ ਗਏ ਸਨ। ਭਾਈ ਮਰਦਾਨਾ ਨੇ ਇਸ ਦਾ ਵੱਡਾ ਸ਼ੋਕ ਮਨਾਇਆ ਸੀ। ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 19; 193 ਤੇ 210; ਸਾਖੀਆਂ, ਪੰਨਾ 198)

ਇੱਕ ਸਿੱਖ ਵਿਦਵਾਨ ਜੀ ਭਾਈ ਮਰਦਾਨੇ ਤੇ ਗੁਰੂ ਜੀ ਦੇ ਸਾਥ ਬਾਰੇ ਲਿਖਦੇ ਹਨ ਕਿ :-

*"ਗੁਰੂ ਸਾਹਿਬ ਨੇ ਉਸ ਸਮੇਂ ਇੱਕ ਮੀਰਾਸੀ ਮੁਸਲਮਾਨ ਨੂੰ ਆਪਣਾ ਜੀਵਨ ਸਾਥੀ ਬਣਾਇਆ, ਜਦ ਕਿ ਮੁਸਲਮਾਨਾਂ ਤੇ ਹਿੰਦੂਆਂ ਵਿਚਾਕਰ ਵਖੇਵਾਂ ਸਭ ਹੱਦਾਂ ਪਾਰ ਕਰ ਚੁੱਕਾ ਸੀ, ਜਦ ਮੁਸਲਮਾਨਾਂ ਨਾਲ ਛੁਹਣਾ ਗੁਨਾਹ ਸੀ। ਇਹ ਜਾਤ ਪਾਤ ਤੇ ਛੂਤ ਛਾਤ ਤੋੜਨ ਵਲ ਗੁਰੂ ਸਾਹਿਬ ਦਾ ਪਹਿਲਾ ਕਦਮ ਸੀ। ਜਿੱਥੇ ਵੀ ਗੁਰੂ ਜੀ ਜਾਂਦੇ, ਲੋਕ ਹਿੰਦੂ ਪੀਰ ਦੇ ਨਾਲ ਮੁਸਲਮਾਨ ਰਬਾਬੀ ਵੇਖ ਕੇ ਚਕ੍ਰਿਤ ਰਹਿ ਜਾਂਦੇ। ਭਾਈ ਮਰਦਾਨੇ ਨੇ ਵੀ ਗੁਰੂ ਸਾਹਿਬ ਦੀ ਪੁੱਜ ਕੇ ਸੇਵਾ ਕੀਤੀ ਅਤੇ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਅਸਲ ਵਿੱਚ ਭਾਈ ਮਰਦਾਨੇ ਦਾ ਜੀਵਨ ਅਨੇਕ ਜਗਿਆਸੂਆਂ ਨੂੰ ਗੁਰੂ-ਸੇਵਾ ਦੀ ਪ੍ਰੇਰਨਾ*

*ਤੇ ਉਤਸ਼ਾਹ ਦਿੰਦਾ ਰਿਹਾ ਹੈ ਅਤੇ ਦਿੰਦਾ ਰਹੇਗਾ।''*

*(ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ, ਜੁਲਾਈ 1960)*

# ਮੁਰਾਦ ਤੇ ਸ੍ਰੀ ਬਾਬਾ ਨਾਨਕ ਜੀ

ਇਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

*''ਸ੍ਰੀ ਬੈਨਰ ਜੀ ਨੇ ਬਗ਼ਦਾਦ ਦੀ ਕਿਸੇ ਸਿਲ ਦਾ ਹਵਾਲਾ ਦੇ ਕੇ ਪੁਸਤਕ 'ਅਵੋਲਿਊਸ਼ਨ ਆਫ਼ ਦੀ ਖ਼ਾਲਸਾ' ਵਿੱਚ ਲਿਖਿਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦਾ ਗੁਰੂ ਇੱਕ ਮੁਸਲਮਾਨ ਫ਼ਕੀਰ ਸੀ, ਜਿਸ ਦਾ ਨਾਮ ਮੁਰਾਦ ਸੀ। ਇਹ ਫ਼ਕੀਰ ਬਗ਼ਦਾਦ ਦਾ ਰਹਿਣ ਵਾਲਾ ਸੀ। ਪੰਜਾਬ ਵਿੱਚ ਆ ਕੇ ਗੁਰੂ ਨਾਨਕ ਨੂੰ ਮਿਲਿਆ ਸੀ।... ਇਸੇ ਨੂੰ ਹੀ ਮਿਲਣ ਲਈ ਗੁਰੂ ਨਾਨਕ ਦੇਵ ਜੀ ਉਚੇਚੇ ਬਗ਼ਦਾਦ ਗਏ ਸਨ।''*

*(ਧਰਮ ਤੇ ਸਦਾਚਾਰ, ਪੰਨਾ 131)*

ਸ਼੍ਰੀ ਬੈਨਰ ਜੀ ਤੋਂ ਛੁੱਟ ਇੱਕ ਸਿੱਖ ਪ੍ਰੋਫੈਸਰ ਜੀ ਨੇ ਵੀ ਇਸ ਦੀ ਪ੍ਰਸ਼ਟੀ ਕੀਤੀ ਹੈ; ਜਿਹਾ ਕਿ ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ ਕਿ :-

*''ਮੇਰੇ ਦੰਦ ਜੁੜ ਗਏ ਇੱਕ ਸਿੱਖ ਪ੍ਰੋਫ਼ੈਸਰ ਦੇ ਮੂੰਹੋਂ ਇਹ ਸੁਣ ਕੇ ਕਿ ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਹੋ ਸਕਦੀ। ਇੱਕ ਫ਼ੌਜੀ ਨੇ ਉੱਥੋਂ ਉਸ ਲਿਖਤ ਦਾ ਫ਼ੋਟੋ ਲਿਆਂਦਾ ਸੀ, ਉਸ ਲਿਖਤ ਦੇ ਆਧਾਰ ਤੇ ਇਹ ਗੱਲ ਲੱਭੀ ਹੈਕਿ ਗੁਰੂ ਨਾਨਕ ਦਾ ਗੁਰੂ ਮੁਸਲਮਾਨ ਫ਼ਕੀਰ ਮੁਰਾਦ ਸੀ। ਇਸ ਸਿੱਖ ਪ੍ਰੋਫੈਸਰ ਨੇ ਬੜੇ ਫ਼ਖ਼ਰ, ਮਾਣ ਤੇ ਯਕੀਨ ਨਾਲ ਮੈਨੂੰ ਇਹ ਵਿਦਵਤਾ-ਭਰੀ ਖੋਜ ਸੁਣਾਈ। ਇਹ ਸਚਾਈ ਸੁਣਾਨ ਵਿੱਚ ਉਹ ਆਪਣਾ ਹੱਕ ਸਮਝਦਾ ਸੀ, ਕਿਉਕਿ ਉਹ ਸੱਜਣ ਇੱਕ ਕਾਲਜ ਵਿੱਚ ਪ੍ਰੋਫੈਸਰ ਸੀ।''* *(ਧਰਮ ਤੇ ਸਦਾਚਾਰ, ਪੰਨਾ 132)*

ਅਸੀਂ ਇੱਥੇ ਇਸ ਬਹਿਸ ਵਿੱਚ ਨਹੀਂ ਪੈਣਾ ਚਾਹੁੰਦੇ ਕਿ ਮੁਰਾਦ ਬਾਬਾ ਜੀ ਦਾ ਗੁਰੂ ਸੀ ਕਿ ਨਹੀਂ, ਅਸੀਂ ਕੇਵਲ ਇਹ ਦੱਸਣਾ ਚਾਹੁੰਦੇ ਹਾਂ ਕਿ ਬਾਬਾ ਜੀ ਨੂੰ ਬਗ਼ਦਾਦ ਦੇ ਇੱਕ ਮੁਸਲਮਾਨ ਫ਼ਕੀਰ ਮੁਰਾਦ ਨਾਲ ਪ੍ਰੇਮ ਸੀ ਤੇ ਉਸ ਨੂੰ ਮਿਲਣ ਲਈ ਹੀ ਬਗ਼ਦਾਦ ਗਏ ਸਨ। ਤੇ ਮੁਰਾਦ ਵੀ ਇੱਕ ਨਾਨਕ-ਪ੍ਰੇਮੀ ਮੁਸਲਮਾਨ ਸੀ, ਜੋ ਬਗ਼ਦਾਦ ਤੋਂ ਚਲ ਕੇ ਬਾਬਾ ਜੀ ਨੂੰ ਮਿਲਣ ਲਈ ਪੰਜਾਬ ਆਇਆ ਸੀ।

ਏਹਨਾਂ ਉਕਤ ਹਵਾਲਿਆਂ ਵਿੱਚ ਬਗ਼ਦਾਦ ਦੀ ਜਿਸ ਸਿਲ ਦਾ ਵਰਣਨ ਕੀਤਾ

ਗਿਆ ਹੈ, ਉਹ ਇਸ ਤਰ੍ਹਾਂ ਹੈ :-

*"ਗੁਰੂ ਮੁਰਾਦ ਏਲਦੀ ਹਜ਼ਰਤ ਰਬੁਲਮਜੀਦ ਬਾਬਾ ਨਾਨਕ ਫ਼ਕੀਰ ਅਵਲਾ ਨਾਕਿ ਇਮਾਰਤ ਜਦੀਦ ਬਦੀਦ ਇਮਦਾਦ ਆਇਦ ਦਬ ਕਲਦੀ ਕਿ ਤਾਰੀਖੰਦਹ ਯਾਪਦੀ ਸਵਾਬ ਜੁਰਾਇੰਦਾਇੰਨੀ ਮੁਰੀਦ ਸਈਦ 927 ਸਨ।"*

ਨੋਟ- ਅਸਲ ਲਿਖਤ ਫ਼ਾਰਸੀ ਲਿੱਪੀ ਵਿਚ ਹੈ। ਅਸਾਂ ਉਸ ਨੂੰ ਪੰਜਾਬੀ ਲਿੱਪੀ ਵਿਚ ਲਿਖਿਆ ਹੈ।

ਇਹ ਇਬਾਰਤ ਸਿੱਖ ਵਿਦਵਾਨਾਂ ਦੇ ਕਥਨ ਮੁਜਬ ਸਿੱਖ ਸਿਪਾਹੀਆਂ ਨੇ ਬਗ਼ਦਾਦ ਦੇ ਇਕ ਕਤਬੇ ਤੋਂ ਨਕਲ ਕਰਕੇ ਲਿਆਂਦੀ ਸੀ। (ਵੇਖੋ ਗੁਰਪ੍ਰਤਾਪ ਸੂਰਜ ਗ੍ਰੰਥ, ਨਾਨਕ ਪ੍ਰਕਾਸ, ਪੰਨਾ 1054 ਤੇ ਗੁਰਮਤਿ ਸਿਧਾਂਤ, ਪੰਨਾ 14 ਤੇ ਮਹਾਨ ਕੋਸ਼, ਪੰਨਾ 2486)

ਇਸ ਇਬਾਰਤ ਵਿੱਚ ਵੀ 'ਮੁਰਾਦ' ਦਾ ਵਰਣਨ ਹੈ। ਇਸ ਉਕਤ ਇਬਾਰਤ ਦੇ ਭਿੰਨ ਭਿੰਨ ਤਰਜਮੇ ਸਿੱਖ ਵਿਦਵਾਨਾਂ ਨੇ ਪ੍ਰਕਾਸ਼ਤ ਕੀਤੇ ਹਨ।

ਸਿੱਖ ਵਿਦਵਾਨ ਦੱਸਦੇ ਹਨ ਕਿ ਇਸ ਅਸਥਾਨ ਦੀ ਮੁਰੰਮਤ ਇੱਕ ਪਾਕਿਸਤਾਨੀ ਮੁਸਲਮਾਨ ਸ਼ਰੀਫ਼ ਹੁਸੈਨ ਨੇ ਵੱਡੇ ਉਤਸਾਹ ਤੇ ਪ੍ਰੇਮ ਨਾਲ ਕਰਵਾਈ ਸੀ। (ਵੇਖੋ ਖ਼ਾਲਸਾ ਪਾਰਲੀਮੈਂਟ ਗਜ਼ਟ, ਮਾਰਚ 1970; ਗੁਰਮਤਿ ਪ੍ਰਕਾਸ਼, ਨਵੰਬਰ 1962, ਗੁਰੂ ਸੰਦੇਸ਼, ਦਸੰਬਰ 1962; ਮਾਰਚ 1963) ਇਸ ਬਾਰੇ ਇਹ ਵੀ ਵਰਣਨ ਕੀਤਾ ਗਿਆ ਹੈ ਕਿ :-

*"ਇਮਾਰਤ ਦੇ ਦਰਵਾਜ਼ੇ ਉੱਤੇ ਲਿਖਿਆ ਹੈ ਕਿ ਬਾਬਾ ਨਾਨਕ ਜੀ ਦੀ ਯਾਰਗਾਰ ਸ਼ਰੀਫ਼ ਹੁਸੈਨ ਪਾਕਿਸਤਾਨੀ ਨੇ ਬਣਾਈ। ਧੰਨ ਉਹ ਪਾਕਿਸਤਾਨੀ ਵੀਰ ਸ਼ਰੀਫ਼ ਹੁਸੈਨ, ਜਿਸ ਨੇ ਸੰਨ ਸੰਤਾਲੀ ਦੀ ਏਨੀ ਭਿਆਨਕ ਤਬਾਹੀ ਦੇ ਬਾਵਜੂਦ ਵੀ ਮਹਿਕਦਾਰ ਇਨਸਾਨੀਅਤ ਨੂੰ ਆਪਣੇ ਸੀਨੇ ਵਿਚ ਥਾਂ ਦੇਈ ਰੱਖਿਆ।"*

*(ਖ਼ਾਲਸਾ ਪਾਰਲੀਮੈਂਟ ਗ਼ਜ਼ਟ, ਮਾਰਚ 1959; ਗੁਰਮਤਿ ਪ੍ਰਕਾਸ਼, ਅਗਸਤ 1961; ਗੁਰੂ ਸੰਦੇਸ਼, ਦਸੰਬਰ 1962; ਸੀਸ ਗੰਜ ਦਿੱਲੀ, ਜੁਲਾਈ 1970)*

ਬਾਬਾ ਜੀ ਦਾ ਬਗ਼ਦਾਦ ਜਾਣਾ, ਇੱਕ ਇਤਿਹਾਸਕ ਘਟਨਾ ਹੈ। ਇਸ ਵਿੱਚ ਕੋਈ ਅਚੰਭਾ ਨਹੀਂ ਕਿ ਬਾਬਾ ਜੀ ਉੱਥੇ ਆਪਣੇ ਇੱਕ ਮਿੱਤਰ ਮੁਰਾਦ ਨੂੰ ਮਿਲਣ ਲਈ ਹੀ ਗਏ ਹੋਣ। ਉਹ ਬਾਬਾ ਜੀ ਦਾ ਗੁਰੂ ਸੀ ਕਿ ਨਹੀਂ, ਇਸ ਬਾਰੇ ਇਸ ਵੇਲੇ ਅਸੀਂ ਕੁਝ ਵੀ ਕਹਿਣਾ ਨਹੀਂ ਚਾਹੁੰਦੇ; ਕਿਉਂਕਿ ਸਾਡੇ ਵਿਸ਼ੇ ਨਾਲ ਇਸ ਦਾ

ਕੋਈ ਸੰਬੰਧ ਨਹੀਂ ।

ਸ: ਇੰਦਰ ਸਿੰਘ ਜੀ ਦਰਦੀ ਲਿਖਦੇ ਹਨ ਕਿ :-

*"ਗੁਰੂ ਜੀ ਜਦ ਅਰਬ ਦੇਸ਼ਾਂ ਨੂੰ ਗਏ, ਤਾਂ ਉੱਥੇ ਇੱਕ ਮੁਸਲਮਾਨ ਸ਼ਰਧਾਲੂ ਨੇ ਇੱਕ ਕਟੋਰਾ ਭੇਟ ਕੀਤਾ, ਜਿਸ ਵਿੱਚ ਉਹ ਅਸ਼ਨਾਨ ਕਰਨ ਵੇਲੇ ਦਹੀਂ ਲੈ ਜਾਂਦੇ ਸਨ।"(ਅਜੀਤ ਜਾਲੰਧਰ, 13 ਜਨਵਰੀ 1977)*

# ਸ੍ਰੀ ਬਾਬਾ ਜੀ ਦਾ ਦੇਹਾਂਤ

ਇਹ ਸੰਸਾਰ ਚਲਾਇਮਾਨ ਹੈ। ਇੱਥੇ ਜੋ ਵੀ ਆਇਆ, ਆਪਣਾ ਸਮਾਂ ਬਤੀਤ ਕਰਕੇ ਚਲਾ ਗਿਆ। ਸ੍ਰੀ ਬਾਬਾ ਜੀ ਫ਼ਰਮਾਉਂਦੇ ਹਨ :-

ਜੋ ਜਨਮੈ ਤਿਸੁ ਸਰ ਪਰ ਮਰਣਾ
ਕਿਰਤੁ ਪਇਆ ਸਿਰਿ ਸਾਹਾ ਹੇ ॥
(ਮਾਰੂ ਸੋਲਹੇ, ਮ: 1)

ਅਰਥਾਤ :-

ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਟਿ ਕੈ ਫੇਰਿ ਭੂਮ ਹੀ ਮਿਲਏ ਹੈ ॥
(ਸ੍ਰੀ ਦਸਮ ਗ੍ਰੰਥ, ਪੰਨਾ 16)

ਇਸ ਅਟੱਲ ਨੇਮ ਅਨੁਸਾਰ ਬਾਬਾ ਜੀ ਵੀ ਆਪਣਾ ਜੀਵਨ ਬਤੀਤ ਕਰਕੇ ਆਪਣੇ ਪ੍ਰਭੂ ਦੀ ਗੋਦ ਵਿਚ ਜਾ ਬਿਰਾਜੇ। ਸਿੱਖ ਇਤਿਹਾਸ ਸਾਖੀ ਹੈ ਕਿ ਜਦ ਆਪ ਦਾ ਦੇਹਾਂਤ ਹੋਇਆ, ਤਾਂ ਮੁਸਲਮਾਨਾਂ ਨੇ ਆਪ ਨੂੰ ਆਪਣਾ ਸਮਝ ਕੇ ਆਪ ਦਾ ਅੰਤਮ-ਸੰਸਕਾਰ ਇਸਲਾਮੀ ਢੰਗ ਨਾਲ ਕਰਨ ਦੀ ਮੰਗ ਕੀਤੀ ਸੀ ਅਤੇ ਜਦਆਪ ਦਾ ਮ੍ਰਿਤਕ ਸਰੀਰ ਅਲੋਪ ਹੋ ਗਿਆ ਸੀ, ਤਾਂ ਆਪ ਦੀ ਅੱਧੀ ਚਾਦਰ ਲੈ ਕੇ ਆਪਣਾ ਹੱਕ ਸਦਾ ਵਾਸਤੇ ਮੰਨਵਾ ਲਿਆ ਸੀ। ਬਾਬਾ ਜੀ ਦੇ ਦੇਹਾਂਤ ਸਮੇਂ ਮੁਸਲਮਾਨਾਂ ਦਾ ਆਪ ਨੂੰ ਆਪਣਾ ਸਮਝਣਾ ਤੇ ਆਪ ਦਾ ਅੰਤਮ ਸੰਸਕਾਰ ਇਸਲਾਮੀ ਢੰਗ ਨਾਲ ਕਰਨ ਦੀ ਮੰਗ ਕਰਨਾ ਦੱਸਦਾ ਹੈ ਕਿ ਆਪ ਮੁਸਲਮਾਨਾਂ ਨੂੰ ਪਿਆਰਦੇ ਸਨ ਤੇ ਮੁਸਲਮਾਨ ਆਪ ਨੂੰ ਸਤਿਕਾਰਦੇ ਸਨ।

ਇੱਕ ਸਿੱਖ ਵਿਦਵਾਨ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਨੇ ਮੁਸਲਮਾਨਾਂ ਦੀ ਇਸ ਮੰਗ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਇਹ ਲਿਖਿਆ ਹੈ :-

*"ਇਸ ਵਿੱਚ ਕੋਈ ਵਚਿੱਤਰ ਗੱਲ ਨਹੀਂ ਕਿ ਗੁਰੂ ਨਾਨਕ ਸਾਹਿਬ*

*ਦੇ ਜੋਤੀ ਜੋਤ ਸਮਾਉਣ ਵੇਲੇ ਕਿਸੇ ਨੂੰ ਪਤਾ ਨਹੀਂ ਸੀ ਕਿ ਗੁਰੂ ਨਾਨਕ ਸਾਹਿਬ ਦਾ ਕਿਹੜਾ ਮਜ਼ਹਬ ਸੀ ?... ਮੁਸਲਮਾਨ ਚਾਹੁੰਦੇ ਸਨ ਕਿ ਸ਼ਰਹ ਅਨੁਸਾਰ ਓਹਨਾਂ ਨੂੰ ਦਫ਼ਨ ਕੀਤਾ ਜਾਵੇ ।*

*ਅੱਜ ਕਲ ਵੀ ਜੇਹੜੇ ਲੋਕ ਗੁਰੂ ਸਾਹਿਬ ਦਾ ਉਪਦੇਸ਼ ਪੜ੍ਹਦੇ ਹਨ, ਓਹ ਪੱਕਾ ਫ਼ੈਸਲਾ ਨਹੀਂ ਕਰ ਸਕਦੇ ਕਿ ਉਹਨਾਂ ਦਾ ਕਿਹੜਾ ਮਜ਼ਹਬ ਸੀ... ਗੁਰੂ ਸਾਹਿਬ ਵਿੱਚ ਹਰੇਕ ਨੂੰ ਆਪਣੇ ਮਜ਼ਹਬ ਦੇ ਚੰਗੇ ਅਸੂਲ ਦਿਸਦੇ ਹਨ ।* *(ਕਲਿਤਾਰਨ ਗੁਰੂ, ਪੰਨਾ 33)*

ਕਈ ਲੋਕ ਇਹ ਵਿਚਾਰ ਰਖਦੇ ਹਨ ਕਿ ਸ੍ਰੀ ਬਾਬਾ ਨਾਨਕ ਜੀ ਮਹਰਾਜ ਆਪਣੀ ਸਾਰੀ ਆਯੂ ਵਿਚ ਇਸਲਾਮੀ ਸਿੱਧਾਂਤਾਂ ਤੇ ਵਿਚਾਰਾਂ ਦਾ ਖੰਡਨ ਕਰਦੇ ਰਹੇ। ਮੁਸਲਮਾਨ ਧਰਮ ਦੇ ਮਾਮਲੇ ਵਿਚ ਵੱਡੇ ਕੱਟੜ ਹਨ । ਇਸਲਾਮ ਦਾ ਇਤਿਹਾਸ ਸਾਖੀ ਹੈ ਕਿ ਮੁਸਲਮਾਨਾਂ ਨੇ ਥੋੜ੍ਹੇ ਥੋੜ੍ਹੇ ਮਤਭੇਦ ਦੇ ਅਧਾਰ ਤੇ ਵੱਡੇ ਤੋਂ ਵੱਡੇ ਮੁਸਲਮਾਨ ਬਜ਼ੁਰਗ ਨੂੰ ਵੀ ਕਾਫ਼ਰ ਕਹਿਣੋਂ ਸੰਕੋਚ ਨਹੀਂ ਕੀਤਾ । ਜੇ ਬਾਬਾ ਜੀ ਸੱਚਮੁੱਚ ਹੀ ਇਸਲਾਮ ਦਾ ਖੰਡਨ ਕੀਤਾ ਕਰਦੇ ਸਨ, ਤਾਂ ਮੁਸਲਮਾਨ ਆਪ ਨੂੰ ਕਦੇ ਨਾ ਅਪਣਾਉਂਦੇ । ਪਿਆਰ ਦੇ ਬਦਲੇ ਹੀ ਪਿਆਰ ਕੀਤਾ ਜਾਂਦਾ ਹੈ ।

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਮੁਸਲਮਾਨਾਂ ਨੇ ਗੁਰੂ ਜੀ ਦੀ ਅੰਤਮ ਯਾਦਗਾਰ ਵਜੋਂ ਇਕ ਮਸੀਤ ਬਣਵਾਈ ਸੀ, ਖੂਹ ਲੁਆਇਆ ਸੀ ਤੇ ਇਕ ਮਕਤਬਾ ਵੀ ਸਥਾਪਨ ਕੀਤਾ ਸੀ । ਭਾਈ ਕੇਸਰ ਸਿੰਘ ਜੀ ਛਿੱਬਰ ਲਿਖਦੇ ਹਨ :-

ਦੋ ਪਟ ਲੀਤੇ ਤੁਰਕਾਂ ਜੋੜ ।
ਤੁਰਕਾਂ ਲੈ ਕੇ ਕੀਤੀ ਗੋਰ ।...
ਜਾਗਾ ਖੋਦ ਖੂਹ ਕੀਤਾ ।
ਏਹਨਾਂ ਬਣਾਇ ਮਕਤਬਾ ਲੀਤਾ ।...
ਖੱਬੇ ਮਸੀਤ ਸੱਜੇ ਖੂਹ ਬਿਰਾਜਾ ।
ਉਹ ਪੜ੍ਹਦੇ ਕਲਮਾ ਅਤੇ ਨਿਵਾਜਾ ।...
ਸਿੰਘ ਕੇਸਰ ਇਹ ਕਥਾ ਸੁਣਾਈ ।
ਮਸੀਤ ਕੂੰਆਂ ਦੋਨੋਂ ਡਿਠੇ ਜਾਈ ।
ਉਸ ਕੂੰਏਂ ਅਸ਼ਨਾਨ ਅਸਾਂ ਭੀ ਹੈ ਕੀਤਾ ।
ਉਸ ਕੂੰਏਂ ਦਾ ਜਲ ਅੰਮ੍ਰਿਤ ਹੈ ਮੀਠਾ ।

(ਬੰਸਾਵਲੀਨਾਮਾ ਦਸਾਂ ਪਾਦਸ਼ਾਹੀਆਂ ਦਾ)

ਇਕ ਹੋਰ ਸੱਜਣ ਬਾਵਾ ਜੈਮਲ ਸਿੰਘ ਜੀ ਨੇ ਇਹ ਲਿਖਿਆ ਹੈ ਕਿ :-

ਮਸਜਿਦ ਬਨਾਇ ਤੁਰਕ ਹਿੰਦੂ ਥਾਪ ਦਿਯਾ ਦਰਬਾਰ ।
ਅਬ ਤਕ ਤਹਾ ਮਉਜੂਦ ਦਿਹਰਾ ਗੁਰੂ ਸ਼ਸ਼ਿਕ ਮਸ਼ਹੂਰ ।
ਸੰਤਾਨ ਗੁਰ ਕੀ ਜਹਾਂ ਬਿਰਾਜੇ ਬਚਨ ਕਰਿ ਭਰਪੂਰ ।
ਮਸਜਿਦ ਤਾਂ ਮਉਜੂਦ ਹੈ ਕਰਤਾਰਪੁਰ ਜਿਹ ਨਾਮ ।

(ਗੁਰੂ ਨਾਨਕ ਸ਼ਸ਼ਿਨ ਜਨਮਸਾਖੀ ਬਿਸਰਾਮ 14 ਤੇ ਗੁਰਮਤਿ ਪ੍ਰਕਾਸ਼, ਮਈ 1963)

ਅਰਥਾਤ :-

*"ਸੰਮਤ 1596 ਵਿੱਚ ਜਦੋਂ ਸ੍ਰੀ ਬਾਬਾ ਜੀ ਨਿਰੰਕਾਰ ਦੇ ਦੇਸ ਟੁਰ ਗਏ, ਤਾਂ ਮੁਸਲਮਾਨਾਂ ਨੇ ਯਾਦਗਾਰ ਵਜੋਂ ਖੂਹੀ, ਕਬਰ, ਮਸੀਤ, (ਮਕਤਬਾ) ਬਣਾ ਲਏ।" (ਗੁਰਮਤਿ ਪ੍ਰਕਾਸ਼, ਮਈ 1963)*

ਗੁਰੂ ਨਾਨਕ ਜੀ ਨੇ ਜਦ ਕਰਤਾਰਪੁਰ ਆਪਣੇ ਰਹਿਣ ਲਈ ਘਰ ਬਣਾਇਆ ਸੀ ਤੇ ਉਸ ਦੇ ਨਾਲ ਲਗਦੀ ਇਕ ਛੋਟੀ ਜੇਹੀ ਮਸੀਤ ਬਣਵਾਈ ਸੀ ਤੇ ਉਸ ਮਸੀਤ ਵਿੱਚ ਨਿਮਾਜ਼ਾਂ ਪੜ੍ਹਾਉਣ ਲਈ ਇਮਾਮ ਵੀ ਨੀਅਤ ਕੀਤਾ ਸੀ।

(ਵੇਖੋ ਇਬਰਤਨਾਮਾ ਫ਼ਾਰਸੀ, ਪੰਨਾ 141)

## ਸ੍ਰੀ ਬਾਬਾ ਨਾਨਕ ਜੀ ਦੀਆਂ ਯਾਦਗਾਰਾਂ

ਬਾਬਾ ਜੀ ਦੀਆਂ ਦੋ ਯਾਦਗਾਰਾਂ ਵੀ ਅਜੇਹੀਆਂ ਹਨ, ਜੋ ਇਹ ਪ੍ਰਗਟ ਕਰਦੀਆਂ ਹਨ ਕਿ ਆਪ ਨੂੰ ਇਸਲਾਮ ਤੇ ਮੁਸਲਮਾਨਾਂ ਨਾਲ ਵੱਡਾ ਪ੍ਰੇਮ ਸੀ। ਏਹਨਾਂ ਦੋਹਾਂ ਯਾਦਗਾਰਾਂ ਵਿੱਚੋਂ ਇੱਕ ਤਾਂ "ਚੋਲਾ ਸਾਹਿਬ" ਹੈ ਜੋ ਡੇਰਾ ਬਾਬਾ ਨਾਨਕ ਦੇ ਬੇਦੀਆਂ ਕੋਲ ਹੈ। ਇਸ ਚੋਲੇ ਤੇ ਕੇਵਲ ਕੁਰਾਨ ਸ਼ਰੀਫ਼ ਦੀਆਂ ਆਇਤਾਂ ਅਰਬੀ ਭਾਸ਼ਾ ਦੇ ਅੱਡ ਅੱਡ ਰਸਮੁਲਖਤਾਂ (ਲਿਖਣ ਦੇ ਵੱਖ ਵੱਖ ਢੰਗਾਂ) ਵਿੱਚ ਵਿਦਮਾਨ ਹਨ, ਜਿਨ੍ਹਾਂ ਵਿੱਚੋਂ ਇਕ ਆਇਤ ਦਾ ਅਰਥ ਇਹ ਹੈ :-

*"ਵਾਹਿਗੁਰੂ ਦੇ ਨਜ਼ਦੀਕ ਸੱਚਾ ਧਰਮ ਇਸਲਾਮ ਹੈ।"*

ਇਸ ਚੋਲੇ ਦਾ ਸਾਲਾਨਾ ਮੇਲਾ 21, 22 ਤੇ 23 ਫਗਣ ਨੂੰ ਲਗਦਾ ਹੈ। ਇਸ ਵਿੱਚ ਦੂਰੋਂ ਨੇੜਿਓਂ ਭਾਰੀ ਗਿਣਤੀ ਵਿਚ ਸੰਗਤ ਜੁੜਦੀ ਹੈ ਅਤੇ ਚੋਲਾ ਸਾਹਿਬ ਦੇ ਦਰਸ਼ਨ ਕਰਕੇ ਆਪਣਾ ਤਨ ਮਨ ਤੇ ਧਨ ਸਫ਼ਲ ਕਰਦੀ ਹੈ। ਇੱਕ ਸਿੱਖ ਵਿਦਵਾਨ ਨੇ ਚੋਲੇ ਦੇ ਦਰਸ਼ਨਾਂ ਨੂੰ ਬਾਬਾ ਜੀ ਦੇ ਦਰਸ਼ਨਾਂ ਦਾ ਕਾਇਮ-ਮੁਕਾਮ ਪਰਗਟ ਕੀਤਾ ਹੈ :-

*"ਬਾਬਾ ਕਾਬਲੀ ਮਲ ਜੀ ਨੇ... ਚੋਲਾ ਸਾਹਿਬ ਬੜੇ ਪ੍ਰੇਮ ਨਾਲ ਲਿਆ ਕੇ ਇੱਥੇ ਸਜਾਇਆ, ਜਿਸ ਦੇ ਹੁਣ ਦਰਸ਼ਨ ਕਰਨ ਤੇ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੁੰਦੇ ਹਨ। ਦਰਸ਼ਨ ਕਰਦਿਆਂ ਹੀ ਮਨ ਸ਼ਾਂਤ ਹੋ ਜਾਂਦਾ ਹੈ।" (ਗੁਰਧਾਮ ਦੀਦਾਰ, ਪੰਨਾ 300)*

ਬਾਬਾ ਜੀ ਦੀ ਦੂਜੀ ਯਾਦਗਾਰ ਗੁਰੂ ਹਰਿ ਸਹਾਇ ਦਾ ਕੁਰਾਨ ਸ਼ਰੀਫ਼ ਹੈ, ਜੋ ਗੁਰੂ ਹਰਿ ਸਹਾਇ ਜ਼ਿਲਾ ਫ਼ੀਰੋਜ਼ਪੁਰ ਵਿੱਚ ਹੈ ਤੇ ਜਿਸ ਨੂੰ ਪੋਥੀ ਸਾਹਿਬ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਬਾਰੇ ਇੱਕ ਸਿੱਖ ਵਿਦਵਾਨ ਦਾ ਇਹ ਕਥਨ ਹੈ ਕਿ :-

*"ਗੁਰ ਹਰਿ ਸਹਾਇ ਵਿੱਚ ਇੱਕ ਕੁਰਾਨ ਸ਼ਰੀਫ਼ ਪਿਆ ਹੈ ਤੇ ਕਹਿਆ ਜਾਂਦਾ ਹੈ ਕਿ ਇਹ ਉਹ ਕੁਰਾਨ ਸ਼ਰੀਫ਼ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਮੱਕੇ ਮਦੀਨੇ ਦੇ ਸਫ਼ਰ ਵਿੱਚ ਨਾਲ ਲੈ ਗਏ ਸਨ।"*
*(ਖ਼ਾਲਸਾ ਸਮਾਚਾਰ, 8 ਅਕਤੂਬਰ 1931)*

ਜਨਮਸਾਖੀ ਭਾਈ ਬਾਲਾ ਦੇ ਉਰਦੂ ਐਡੀਸ਼ਨ ਤੋਂ ਪਤਾ ਲਗਦਾ ਹੈ ਕਿ ਬਾਬਾ ਜੀ ਨੇ ਮੱਕੇ ਮਦੀਨੇ ਦੇ ਸਫ਼ਰ ਵਿੱਚ ਆਪਣੇ ਨਾਲ ਕੁਰਾਨ ਸ਼ਰੀਫ਼ ਵੀ ਰੱਖਿਆ ਸੀ। (ਵੇਖੋ ਜਨਮਸਾਖੀ ਭਾਈ ਬਾਲਾ ਉਰਦੂ, ਪੰਨਾ 149)

ਭਾਈ ਗੁਰਦਾਸ ਜੀ ਨੇ ਬਾਬਾ ਜੀ ਦਾ ਮੱਕੇ ਜਾਣਾ ਵਰਣਨ ਕਰਦਿਆਂ "ਕਤੇਬ ਕਛ" ਲਿਖਿਆ ਹੈ। (ਵਾਰ 1, ਪੌੜੀ 32)

ਇੱਕ ਵਿਦਵਾਨ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ 'ਕਤੇਬ ਕਛ' ਦੇ ਅਰਥ 'ਹਮਾਇਲ ਸ਼ਰੀਫ਼' ਕੀਤੇ ਜਾ ਸਕਦੇ ਹਨ ਤੇ ਹਮਾਇਲ ਸ਼ਰੀਫ਼ ਛੋਟੀ ਤਕਤੀਹ ਦੇ ਕੁਰਾਨ ਸ਼ਰੀਫ਼ ਨੂੰ ਕਹਿੰਦੇ ਹਨ। (ਪ੍ਰਾਚੀਨ ਬੀੜਾਂ, ਪੰਨਾ 20)

ਗੱਲ ਕੀ ਸ੍ਰੀ ਬਾਬਾ ਜੀ ਦੀਆਂ ਏਹ ਦੋਵੇਂ ਯਾਦਗਾਰਾਂ ਵੀ ਆਪ ਦੇ ਇਸਲਾਮ ਤੇ ਮੁਸਲਮਾਨਾਂ ਨਾਲ ਪ੍ਰੇਮ ਨੂੰ ਪਰਗਟ ਕਰ ਰਹੀਆਂ ਹਨ ਅਤੇ ਇਸੇ ਹੀ ਪ੍ਰੇਮ ਦੇ ਅਧਾਰ ਤੇ ਮੁਸਲਮਾਨ ਆਪ ਨੂੰ ਸਤਿਕਾਰਦੇ ਹਨ।

ਇਸ ਤੋਂ ਛੁੱਟ ਮੁਸਲਮਾਨਾਂ ਨੇ ਬਾਬਾ ਜੀ ਨਾਲ ਆਪਣੀ ਸ਼ਰਧਾ ਤੇ ਪਿਆਰ ਪਰਗਟ ਕਰਨ ਲਈ ਹੋਰ ਵੀ ਕਈ ਥਾਈਂ ਬਾਬਾ ਜੀ ਦੀਆਂ ਇਤਿਹਾਸਕ ਯਾਦਗਾਰਾਂ ਸਥਾਪਨ ਕੀਤੀਆਂ ਹਨ। ਏਹਨਾਂ ਵਿੱਚੋਂ ਇੱਕ ਪ੍ਰਸਿੱਧ ਯਾਦਗਾਰ ਦਾ ਪਤਾ 1914 ਵਿਚ ਲੱਗਾ ਸੀ, ਜਦ ਕਿ ਸਿੱਖ ਪਲਟਨ ਜੰਗ ਦੇ ਸਮੇਂ ਬਗ਼ਦਾਦ ਗਈ ਸੀ, ਉਸ ਦੇ ਸਰਦਾਰ ਨੇ ਉੱਥੇ ਇੱਕ ਅਸਥਾਨ ਵੇਖਿਆ ਸੀ, ਜਿੱਥੇ ਕਿ ਬਾਬਾ ਨਾਨਕ ਜੀ ਦਾ ਸ਼ਾਹ ਬਹਿਲੋਲ ਜਾਂ ਮੁਰਾਦ ਨਾਲ ਬਚਨ-ਬਿਲਾਸ ਹੋਇਆ ਸੀ, ਉੱਥੇ ਦੇ ਮੁਜਾਵਰ

ਸੱਯਦ ਮੁਹੰਮਦ ਯੂਸਫ਼ ਨੇ ਇਹ ਦੱਸਿਆ ਸੀ ਕਿ ਉਹ ਦਸਵੀਂ ਪੁਸ਼ਤ ਤੇ ਇਸ ਥਾਂ ਜਾਨਸ਼ੀਨ ਨੀਅਤ ਹੋਇਆ ਹੈ। ਇਸ ਅਸਥਾਨ ਦੇ ਆਲੇ ਦੁਆਲੇ ਚਾਰਦੀਵਾਰੀ ਬਣੀ ਹੋਈ ਹੈ ਤੇ ਇਕ ਕਤਬਾ ਵੀ ਲੱਗਾ ਹੋਇਆ ਹੈ, ਜੋ ਅਸੀਂ ਪਿੱਛੇ ਦੱਸ ਆਏ ਹਾਂ।

(2) ਡਾਕਟਰ ਕਰਤਾਰ ਸਿੰਘ ਜੀ ਗਿਆਨੀ ਨੇ ਆਪਣੇ 'ਸਫ਼ਰਨਾਮੇਂ ਵਿਚ ਇਹ ਲਿਖਿਆ ਹੈ ਕਿ ਅਫ਼ਗਾਨਿਸਤਾਨ ਵਿੱਚ ਜ਼ਿਆਰਤ ਸ਼ਾਹ ਵਲੀ ਬਾਬਾ ਨਾਨਕ ਜੀ ਦੇ ਨਾਂ ਦਾ ਇੱਕ ਅਸਥਾਨ ਹੈ। ਇਸ ਅਸਥਾਨ ਬਾਰੇ ਅਖ਼ਬਾਰ ਸ਼ੇਰਿ-ਪੰਜਾਬ ਨੇ ਇੱਕ ਵਾਰ ਇਹ ਪ੍ਰਕਾਸ਼ਿਆ ਸੀ ਕਿ ਇਹ ਬਾਬਾ ਜੀ ਦਾ ਯਾਦਗਾਰੀ ਅਸਥਾਨ ਹੈ।

ਕੰਧਾਰ ਤੋਂ ਦੱਖਣ-ਪੱਛਮ 25-30 ਮੀਲ ਦੂਰ ਹੈ। ਇਹ ਅੱਠ ਮੁਰੱਬਾ ਫੁਟ ਦਾ ਇਕ ਥੜ੍ਹਾ ਹੈ ਅਤੇ ਇਸ ਦਾ ਮੁਜਾਵਰ ਇੱਕ ਮੁਸਲਮਾਨ ਹੈ। ਇਹ ਕਿਸੇ ਵੀ ਪ੍ਰਾਣੀ ਨੂੰ ਅਸ਼ਨਾਨ ਕੀਤੇ ਬਿਨਾਂ ਅੰਦਰ ਪੈਰ ਨਹੀਂ ਰੱਖਣ ਦਿੰਦਾ। ਇਸ ਮੁਜਾਵਰ ਦੇ ਹੱਥਾਂ ਦਾ ਸਾਰੇ ਹਿੰਦੂ ਤੇ ਸਿੱਖ ਖਾ ਲੈਂਦੇ ਹਨ।

*(ਸ਼ੇਰੇ-ਪੰਜਾਬ ਦਾ ਸ਼ਹੀਦੀ ਨੰਬਰ, 9 ਜੂਨ 1940)*

(3) ਜਲਾਲਾਬਾਦ (ਅਫ਼ਗਾਨਿਸਤਾਨ) ਵਿੱਚ ਬਾਬਾ ਜੀ ਦਾ ਇੱਕ ਯਾਦਗਾਰੀ ਚਸ਼ਮਾ ਉੱਥੋਂ ਦੀ ਹਕੂਮਤ ਦੇ ਅਧਿਕਾਰ ਵਿੱਚ ਹੈ। ਵਿਸਾਖੀ ਦੇ ਦਿਹਾੜੇ ਸਿੱਖ ਉਥੇ ਦੀਵਾਨ ਸਜਾਉਂਦੇ ਹਨ ਤੇ ਹਕੂਮਤ ਵੱਲੋਂ ਓਹਨਾਂ ਨੂੰ ਇਸ ਦੀਵਾਨ ਵਾਸਤੇ ਹਰੇਕ ਸਹਾਇਤਾ ਦਿੱਤੀ ਜਾਂਦੀ ਹੈ। ਕਈ ਸਰਕਾਰੀ ਅਫ਼ਸਰ ਵੀ ਉਸ ਦਿਨ ਜਲੂਸ ਵਿਚ ਸ਼ਾਮਲ ਹੁੰਦੇ ਹਨ।

*(ਵੇਖੋ ਅਫ਼ਗਾਨਿਸਤਾਨ ਵਿੱਚ ਇੱਕ ਮਹੀਨਾ, ਪੰਨਾ 88)*

(4) ਇਸੇ ਤਰ੍ਹਾਂ ਦੱਖਣ ਵਿਚ ਬਾਬਾ ਜੀ ਦਾ ਇੱਕ ਅਸਥਾਨ ਨਾਨਕ ਝੇਰਾ ਨਾਂ ਦਾ ਹੈ ਤੇ ਮੁਸਲਮਾਨਾਂ ਨੇ ਅਸਥਾਪਨ ਕੀਤਾ ਹੋਇਆ ਹੈ ਤੇ ਮੁਸਲਮਾਨਾਂ ਕੋਲ ਹੀ ਹੈ। (ਖ਼ੁਰਸ਼ੀਦ ਖ਼ਾਲਸਾ, ਪੰਨਾ 219 ਤੇ ਗੁਰਦੁਆਰੇ ਦਰਸ਼ਨ, ਪੰਨਾ 37)

(5) ਮੁਲਤਾਨ ਵਿੱਚ ਵੀ ਬਾਬਾ ਜੀ ਦੀ ਇੱਕ ਯਾਦਗਾਰ ਮੁਸਲਮਾਨਾਂ ਨੇ ਸਥਾਪਨ ਕੀਤੀ ਹੋਈ ਸੀ। (ਗੁਰਦੁਆਰੇ ਦਰਸ਼ਨ, ਪੰਨਾ 51)

ਇਸ ਥਾਂ ਬਾਬਾ ਜੀ ਦੇ ਇੱਕ ਪੰਜੇ ਦਾ ਨਿਸ਼ਾਨ ਵੀ ਸੀ, ਪਰ ਜਦ ਅਕਾਲੀ ਲਹਿਰ ਨੇ ਜ਼ੋਰ ਫੜਿਆ, ਤਾਂ ਉੱਥੋਂ ਦੇ ਮੁਜਾਵਰਾਂ ਨੇ ਇਹ ਖ਼ਿਆਲ ਕਰ ਕੇ ਕਿ ਕਿਤੇ ਇੱਥੇ ਵੀ ਕੋਈ ਮੋਰਚਾ ਨਾ ਲਗ ਜਾਏ, ਉਸ ਪੰਜੇ ਦੇ ਨਿਸ਼ਾਨ ਨੂੰ ਮਿਟਾ ਦਿੱਤਾ। ਭਾਈ ਵੀਰ ਸਿੰਘ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

*"ਸ਼ਮਸ ਤਬਰੇਜ਼ ਦੀ ਖਾਨਕਾਹ ਮੁਲਤਾਨ ਵਿੱਚ ਹੈ, ਜਿੱਥੇ ਗੁਰੂ ਜੀ ਇੱਕ ਖਾਨਕਾਹ ਵਿੱਚ ਬੈਠੇ ਸਨ, ਉੱਥੇ ਯਾਦਗਾਰੀ ਵਿੱਚ ਮੰਜੀ ਸਹਿਬ ਸੀ। ਸ੍ਰੀ ਮਾਨ ਸੰਤ ਬਸੰਤ ਸਿੰਘ ਜੀ ਤੇ ਕਈ ਪ੍ਰੇਮੀਆਂ ਨੇ ਆਪ ਡਿੱਠੀ ਸਾਖ ਭਰੀ ਹੈ।... ਸਮਾਂ ਪਾ ਕੇ ਮੁਸਲਮਾਨਾਂ ਨੇ ਮੰਜੀ ਚਾ ਦਿੱਤੀ, ਪਰ ਇਕ ਪੰਜੇ ਦਾ ਨਿਸ਼ਾਨ ਸਤਿਗੁਰ ਦਾ ਮੁਜਾਵਰ ਦਿਖਾਇਆ ਕਰਦੇ ਸਨ। ਅਕਾਲੀ ਲਹਿਰ ਦੇ ਭੈ ਵਿਚ ਮੁਜਾਵਰਾਂ ਨੇ ਉਸ ਨੂੰ ਵੀ ਚਾਇ ਦਿੱਤਾ।"* *(ਨਾਨਕ ਪ੍ਰਕਾਸ਼ ਸੰਪਾਦਿਤ, ਪੰਨਾ 1072)*

(6) ਸਰਸਾ ਜ਼ਿਲਾ ਹਿਸਾਰ ਵਿੱਚ ਵੀ ਇੱਕ ਅਸਥਾਨ ਨਾਨਕ ਪ੍ਰੇਮੀ ਮੁਸਲਮਾਨਾਂ ਨੇ ਬਾਬਾ ਜੀ ਦੀ ਯਾਦਗਾਰ ਵਿੱਚ ਸਥਾਪਨ ਕੀਤਾ ਹੋਇਆ ਹੈ।

*(ਵੇਖੋ ਗੁਰਦੁਆਰੇ ਦਰਸ਼ਨ, ਪੰਨਾ 44 ਤੇ ਖੁਰਸ਼ੀਦ ਖਾਲਸਾ ਪੰਨਾ 219)*

ਸਰਸੇ ਬਾਰੇ ਇਹ ਲਿਖਿਆ ਵੀ ਮਿਲਦਾ ਹੈ ਕਿ ਇੱਥੇ ਬਾਬਾ ਜੀ ਸ਼ੇਖ਼ ਫ਼ਰੀਦ (ਸਾਨੀ) ਸ਼ਮਸੁੱਦੀਨ ਤੇ ਖਾਜਾ ਰੋਸ਼ਨ ਦੀਨ ਨਾਲ ਚਿੱਲੇ ਬੈਠੇ ਸਨ। ਇਹ ਯਾਦਗਾਰ ਬਾਬਾ ਜੀ ਦੇ ਉਸੇ ਚਿੱਲੇ ਦੀ ਹੀ ਹੈ।

*(ਤਵਾਰੀਖ ਗੁਰੂ ਖਾਲਸਾ, ਉਰਦੂ ਪੰਨਾ 41)*

(7) ਇੱਕ ਹੋਰ ਅਸਥਾਨ - ਜਿਸਨੂੰ ਆਮ ਤੌਰ ਤੇ ਸਿੱਖ ਗੁਰਦੁਆਰਾ ਨਿਗਾਹਾ ਸਾਹਿਬ ਦੇ ਨਾਂ ਨਾਲ ਯਾਦ ਕਰਦੇ ਹਨ, ਮੁਸਲਮਾਨਾਂ ਨੇ ਸਥਾਪਨ ਕੀਤਾ ਹੋਇਆ ਹੈ। (ਖੁਰਸ਼ੀਦ ਖ਼ਾਲਸਾ, ਪੰਨਾ 222)

(8) ਬਾਲਾ ਕੋਟ ਵਿਚ ਸ਼੍ਰੀ ਬਾਬਾ ਜੀ ਦੀ ਯਾਦਗਾਰ ਵਜੋਂ ਇੱਕ ਅਸਥਾਨ ਮੁਸਲਮਾਨਾਂ ਨੇ ਬਣਾਇਆ ਹੈ। (ਰਸਾਲਾ ਅੰਮ੍ਰਿਤ ਅੰਮ੍ਰਿਤਸਰ, ਨਵੰਬਰ 1938 ਤੇ ਗੁਰਧਾਮ ਸੰਗ੍ਰਹਿ, ਪੰਨਾ 138)

(9) ਏਮਨਾਬਾਦ ਜ਼ਿਲਾ ਗੁਜਰਾਂਵਾਲਾ ਵਿੱਚ ਬਾਬਾ ਜੀ ਦਾ ਇੱਕ ਇਤਿਹਾਸਕ ਅਸਥਾਨ ਰੋੜ੍ਹੀ ਸਾਹਿਬ ਹੈ। ਇਹ ਅਸਥਾਨ ਪਹਿਲੇ ਪਹਿਲ ਮੁਹੰਮਦ ਸ਼ਾਹ ਗਾਜ਼ੀ ਨੇ ਬਣਵਾਇਆ ਸੀ। (ਗੁਰਧਾਮ ਸੰਗ੍ਰਹਿ, ਪੰਨਾ 28)

ਇੱਥੇ ਇਹ ਦੱਸ ਦੇਣਾ ਵੀ ਅਯੋਗ ਨਹੀਂ ਹੋਵੇਗਾ ਕਿ ਮੁਸਲਮਾਨਾਂ ਨੇ ਸ੍ਰੀ ਬਾਬਾ ਨਾਨਕ ਜੀ ਦੀਆਂ ਜਿੰਨੀਆਂ ਵੀ ਇਤਿਹਾਸਿਕ ਯਾਦਗਾਰਾਂ ਬਣਾਈਆਂ ਹਨ, ਓਹਨਾਂ ਦੀਆਂ ਸ਼ਕਲਾਂ ਜਾਂ ਤਾਂ ਮਸੀਤਾਂ ਜੇਹੀਆਂ ਹਨ ਤੇ ਜਾਂ ਤਕੀਆਂ ਵਰਗੀਆਂ ਜਿਹਾ ਕਿ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ :-

*"ਜਿੱਥੇ ਜਿੱਥੇ ਗੁਰੂ ਜੀ ਗਏ, ਉੱਥੇ ਉੱਥੇ ਮਕਾਨ ਭੀ ਬਾਬੇ ਜੀ ਦੇ ਮਸੀਤਾਂ ਦੀ ਸ਼ਕਲ ਵਿੱਚ ਬਣੇ ਹੋਏ ਵਲੀ ਹਿੰਦ ਦੇ ਬੋਲੇ ਜਾਂਦੇ*

*ਹਨ।"* *(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 445)*

ਮਾ: ਮਹਿਤਾਬ ਸਿੰਘ ਜੀ ਨੇ ਵੀ ਇਸਲਾਮੀ ਦੇਸ਼ਾਂ ਵਿਚ ਮੁਸਲਮਾਨਾਂ ਵੱਲੋਂ ਬਣਾਈਆਂ ਗਈਆਂ ਬਾਬਾ ਜੀ ਦੀਆਂ ਯਾਦਗਾਰਾਂ ਬਾਰੇ ਇਹੋ ਲਿਖਿਆ ਹੈ ਕਿ ਓਹ ਮਸੀਤਾਂ ਜੇਹੀਆਂ ਹੀ ਹਨ। (ਨਾਵਾਂ ਤੇ ਥਾਵਾਂ ਦਾ ਕੋਸ਼, ਪੰਨਾ 350) ਕਈ ਅਜੇਹੀਆਂ ਵੀ ਹਨ ਜਿਨ੍ਹਾਂ ਦੀ ਸ਼ਕਲ 'ਤਕੀਏ' ਜੇਹੀ ਹੈ।

(ਗੁਰਧਾਮ ਦੀਦਾਰ, ਪੰਨਾ 549)

ਇਤਿਹਾਸ ਦੱਸਦਾ ਹੈ ਕਿ ਜਿੱਥੇ ਮੁਸਲਮਾਨਾਂ ਨੇ ਆਪ ਬਾਬਾ ਜੀ ਦੀਆਂ ਯਾਦਗਾਰਾਂ ਸਥਾਪਤ ਕੀਤੀਆਂ, ਉੱਥੇ ਓਹਨਾਂ ਨੇ ਸਿੱਖਾਂ ਦੇ ਹੱਥੀਂ ਕਾਇਮ ਹੋਈਆਂ ਬਾਬਾ ਜੀ ਦੀਆਂ ਯਾਦਗਾਰਾਂ ਦੀ ਵੀ ਚੰਗੀ ਸੇਵਾ ਕੀਤੀ ਹੈ। ਹੇਠਾਂ ਅਸੀਂ ਇਸ ਦੀਆਂ ਵੀ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ :-

## (ੳ) ਗੁਰਦੁਆਰਾ ਨਾਨਕ ਮਤਾ (ਪੀਲੀਭੀਤ)

ਇਹ ਗੁਰਦੁਆਰਾ ਯੂ. ਪੀ. ਵਿਚ ਵਿਦਮਾਨ ਹੈ। ਇਸ ਨਾਲ ਕੁਝ ਪਿੰਡਾਂ ਦੀ ਜਾਗੀਰ ਹੈ, ਜੋ ਅਵਧ ਦੇ ਨਵਾਬਾਂ ਦੀ ਭੇਟ ਕੀਤੀ ਹੋਈ ਹੈ।

*(ਪ੍ਰਾਚੀਨ ਬੀੜਾਂ, 289)*

## (ਅ) ਚੰਨਣ ਦਾ ਚਵਰ

ਸਰਦਾਰ ਗੁਰਬਖਸ਼ ਸਿੰਘ ਜੀ 'ਸ਼ਮਸ਼ੇਰ ਝਬਾਲੀਏ' ਲਿਖਦੇ ਹਨ ਕਿ ਇੱਕ ਮੁਸਲਮਾਨ ਫ਼ਕੀਰ ਹਾਜੀ ਮੁਹੰਮਦ ਮਸਕੀਨ ਨਾਨਕ-ਪਿਆਰ ਦੇ ਖਿੱਚੇ ਅੰਮ੍ਰਿਤਸਰ ਆਏ ਤੇ 31 ਦਸੰਬਰ 1925 ਨੂੰ ਦਿਨ ਦੇ ਦੋ ਵਜੇ ਓਹਨਾਂ ਨੇ ਇਕ ਵੱਡਮੁੱਲਾ ਚੰਨਣ ਦਾ ਚਵਰ ਵੱਡੀ ਸ਼ਰਧਾ ਨਾਲ ਭਾਈ ਹੀਰਾ ਸਿੰਘ ਰਾਗੀ ਦੀ ਰਾਹੀਂ ਦਰਬਾਰ ਸਾਹਿਬ ਦੀ ਭੇਟ ਕੀਤਾ। ਇਸ ਨਾਨਕ-ਪ੍ਰੇਮੀ ਮੁਸਲਮਾਨ ਨੇ ਇਹ ਚੰਵਰ ਪੰਜ ਵਰ੍ਹੇ ਤੇ ਸਤ ਮਹੀਨੇ ਲਾ ਕੇ ਵੱਡੀ ਮਿਹਨਤ ਨਾਲ ਤਿਆਰ ਕੀਤਾ ਸੀ। ਇਸ ਦੀਆਂ ਇੱਕ ਲੱਖ ਪੰਤਾਲੀ ਹਜ਼ਾਰ ਬਰੀਕ ਤਾਰਾਂ ਹਨ। ਏਹਨਾਂ ਨੂੰ 9 ਮਣ ਤੇ ਚੌਦਾਂ ਸੇਰ ਚੰਨਣ ਵਿੱਚੋਂ ਤਿਆਰ ਕੀਤਾ ਗਿਆ ਸੀ। ਅੱਜ ਕਲ ਇਹ ਚੰਵਰ ਵੱਡੀ ਹਿਫ਼ਾਜ਼ਤ ਨਾਲ ਜਲੌਖ਼ਾਨੇ ਵਿੱਚ ਰੱਖਿਆ ਹੋਇਆ ਹੈ। ਜਦ ਇਹ ਚੰਨਣ ਫ਼ਕੀਰ ਜੀ ਨੇ ਭੇਟ ਕੀਤਾ ਸੀ, ਤਾਂ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਇਕ ਸੌ ਪੌਂਡ ਤੇ ਵੱਡਮੁੱਲੇ ਦੁਸ਼ਾਲੇ ਉਹਨਾਂ ਨੂੰ

ਸਿਰੋਪਾਉ ਵਜੋਂ ਦਿੱਤੇ ਗਏ ਸਨ। (ਅੰਮ੍ਰਿਤ, ਮਈ 1938)

(ੲ) ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ-ਅਸਥਾਨ ਦੇ ਉੱਤਰ-ਪੂਰਬ ਵਲ ਦਰਵਾਜ਼ਿਆਂ ਦੇ ਦੋਹੀਂ ਪਾਸੀਂ ਸੰਗਮਰਮਰ ਦੇ ਦੋ ਚਿੱਟੇ ਪੱਥਰ ਕੰਧ ਵਿੱਚ ਗੱਡੇ ਹੋਏ ਹਨ। ਏਹਨਾਂ ਤੇ ਇਹ ਇਬਾਰਤ ਵਿਦਮਾਨ ਹੈ।

*"ਸੇਵਾ ਕਰਾਈ ਹਕੀਮ ਭੋਲੇ ਖ਼ਾਂ ਪਿੰਡ ਰੁੜਕਾ ਨੰ: 600 ਰਖ ਬਰਾਂਚ ਜ਼ਿਲਾ ਲਾਇਲਪੁਰ 1 ਹਾੜ ਸੰ: 1986।"*

ਦੂਜੇ ਪੱਥਰ ਤੇ ਇਹ ਵਿਦਮਾਨ :-

*"ਸੇਵਾ ਕਰਾਈ ਬੇਗਮ ਧਰਮ ਪਤਨੀ ਭੋਲੇ ਖ਼ਾਂ ਪਿੰਡ ਰੁੜਕਾ ਨੰ: 600 ਰਖ ਬਰਾਂਚ ਜ਼ਿਲਾ ਲਾਇਲਪੁਰ ਹਾੜ ਸੰ: 1986।"*

## (ਸ) ਜਮਾਤ ਅਹਿਮਦੀਆ ਵੱਲੋਂ ਗੁਰਦੁਆਰਿਆਂ ਦੀ ਸੇਵਾ

ਇਹ ਅਸੀਂ ਦੱਸ ਚੁੱਕੇ ਹਾਂ, ਕਿ ਜਮਾਤ ਅਹਿਮਦੀਆ ਇੱਕ ਧਾਰਮਕ ਜਮਾਤ ਹੈ। ਇਹ ਜਮਾਤ ਧਰਮ ਨੂੰ ਪ੍ਰਚਾਰਨ ਦੇ ਨਾਲ ਨਾਲ ਅਮਨ, ਪ੍ਰੇਮ ਅਤੇ ਏਕਤਾ ਦੀ ਸਿੱਖਿਆ ਦੇਣਾ ਵੀ ਧਰਮ ਦਾ ਇੱਕ ਮੁੱਖ ਅੰਗ ਸਮਝਦੀ ਹੈ। ਇਹ ਜਮਾਤ ਸ਼ੁੱਭ ਸਮਿਆਂ ਤੇ ਗੁਰਦੁਆਰਿਆਂ ਦੀ ਸੇਵਾ ਵਿੱਚ ਹਿੱਸਾ ਲੈਂਦੀ ਰਹੀ ਹੈ। ਜਿਹਾ ਕਿ, ਜਦ ਗੁਰਦੁਆਰਾ ਪੰਜਾ ਸਾਹਿਬ ਦੀ ਸੇਵਾ ਦਾ ਕੰਮ ਸਿੱਖ ਸੱਜਣਾਂ ਵੱਲੋਂ ਸ਼ੁਰੂ ਹੋਇਆ ਤਾਂ ਜਮਾਤ ਅਹਿਮਦੀਆ ਵੱਲੋਂ ਪੰਜ ਸੌ ਰੁਪਿਆ ਭੇਟਾ ਕੀਤਾ ਗਿਆ, ਇਸ ਬਾਰੇ ਇੱਕ ਸਿੱਖ ਵਿਦਵਾਨ ਨੇ ਲਿਖਿਆ ਹੈ ਕਿ ਜਮਾਤ ਅਹਿਮਦੀਆ ਦਾ ਇਹ ਵਰਤਾਵਾ ਸਿੱਖ-ਮੁਸਲਿਮ ਏਕਤਾ ਨੂੰ ਬਹੁਤ ਪੱਕਿਆਂ ਕਰੇਗਾ।

(ਸ਼ੇਰੇ ਪੰਜਾਬ, 3 ਮਾਰਚ 1935)

ਇਸੇ ਤਰ੍ਹਾਂ ਗੁਰਦੁਆਰਾ ਪਟਨਾ ਸਾਹਿਬ ਦੀ ਮੁਰੰਮਤ ਲਈ ਜਮਾਤ ਅਹਿਮਦੀਆਂ ਵੱਲੋਂ ਪੰਜ ਸੌ ਰੁਪੈ ਦੀ ਰਕਮ ਭੇਟ ਕੀਤੀ ਗਈ। ਇਸ ਤੋਂ ਬਿਨਾਂ ਕਾਦੀਆਂ ਦੇ ਆਲੇ-ਦੁਆਲੇ ਦੇ ਕਈ ਗੁਰਦੁਆਰਿਆਂ ਦੇ ਬਨਾਉਣ ਦੇ ਖਰਚ ਵੀ ਜਮਾਤ ਅਹਿਮਦੀਆ ਨੇ ਚੁੱਕੇ, ਜਿਹਾ ਕਿ ਗੁਰਦੁਆਰਾ ਠੀਕਰੀ ਵਾਲਾ ਵੀ ਇਸੇ ਜਮਾਤ ਦੇ ਉਤਸ਼ਾਹ ਨਾਲ ਬਣਿਆ। ਪਿੰਡ ਢਪੱਈ ਦੇ ਗੁਰਦੁਆਰੇ ਲਈ ਸਾਰੀਆਂ ਇੱਟਾਂ ਜਮਾਤ ਅਹਿਮਦੀਆ ਨੇ ਸੇਵਾ ਵਜੋਂ ਭੇਟਾ ਕੀਤੀਆਂ, ਕਾਦੀਆਂ ਅਤੇ ਕਈ ਹੋਰ

ਥਾਵਾਂ ਤੇ ਗੁਰਦੁਆਰਿਆਂ ਵਿੱਚ ਅਖੰਡ ਪਾਠਾਂ ਸਮੇਂ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਉਤੇ ਲੰਗਰਾਂ ਲਈ ਸੈਂਕੜੇ ਰੁਪੈ ਜਮਾਤ ਅਹਿਮਦੀਆ ਨੇ ਦੇ ਕੇ ਸੇਵਾ ਵਿੱਚ ਭਾਗ ਲਿਆ। ਇਸ ਬਾਰੇ ਸਿੱਖਾਂ ਦੇ ਇਕ ਪ੍ਰਸਿੱਧ ਅਖਬਾਰ ਨੇ ਇਹ ਲਿਖਿਆ ਹੈ ਕਿ :-

*"ਅਹਿਮਦੀਆ ਜਮਾਤ ਵੱਲੋਂ ਗੁਰਦੁਆਰੇ ਲਈ ਦੋ ਹਜ਼ਾਰ ਇੱਟਾਂ ਭੇਟ ਕੀਤੀਆਂ ਗਈਆਂ। ਜਥੇਦਾਰ ਹਜ਼ਾਰਾ ਸਿੰਘ ਅਤੇ ਸਰਦਾਰ ਪ੍ਰੀਤਮ ਸਿੰਘ ਨੇ ਜਮਾਤ ਅਹਿਮਦੀਆ ਦੀ ਇਸ ਭੇਟਾ ਦੀ ਬੜੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜਮਾਤ ਅਹਿਮਦੀਆ ਸਦਾ ਹੀ ਸਿੱਖਾਂ ਨਾਲ ਹਮਦਰਦੀ ਅਤੇ ਪਿਆਰ ਨਾਲ ਪੇਸ਼ ਆਉਂਦੀ ਰਹੀ ਹੈ। ਅਜੇ ਥੋੜੇ ਦਿਨ ਹੋਏ ਹਨ ਕਾਦੀਆਂ ਦੇ ਅਖੰਡ ਪਾਠਾਂ ਵਿੱਚ ਬਹੁਤ ਸਾਰੀ ਰਕਮ ਗੁਰੂ ਦੇ ਲੰਗਰ ਲਈ ਦੇ ਚੁੱਕੀ ਹੈ ਅਤੇ ਬਹੁਤ ਸਾਰੀਆਂ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਕਿਸਤਾਨੋਂ ਮੰਗਵਾ ਕੇ ਭੇਟ ਕਰ ਚੁੱਕੀ ਹੈ। ਆਪਣੇ ਇੱਕ ਜਲਸੇ ਵਿਚ ਸ੍ਰੀ ਨਨਕਾਣਾਂ ਸਾਹਿਬ ਤੋਂ ਅੰਮ੍ਰਿਤ ਅਤੇ ਚਰਨ ਧੂੜ ਲਿਆ ਕੇ ਵੀ ਸਿੰਘ ਸਭਾ ਨੂੰ ਭੇਟ ਕੀਤੀ ਹੈ। ਅਸੀਂ ਸਾਰੇ ਸਿੱਖ ਅਹਿਮਦੀਆ ਜਮਾਤ ਦੇ ਧੰਨਵਾਦੀ ਹਾਂ। ਇਸ ਦੀਆਂ ਪ੍ਰੇਮ-ਭਰੀਆਂ ਕੋਸ਼ਸਾਂ ਨੂੰ ਸ਼ਲਾਘਾ ਦੀ ਨਜ਼ਰ ਨਾਲ ਵੇਖਦੇ ਹਾਂ।"*

*(ਸ਼ੇਰੇ ਪੰਜਾਬ ਦਿੱਲੀ, 23 ਮਾਰਚ 1958)*

ਇਹ ਵੀ ਯਾਦ ਰਹੇ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਪੰਜੇ ਸਾਹਿਬ ਦਾ ਪੰਜਾ ਸਰੋਵਰ ਖਾਜਾ ਸ਼ਮਸੁੱਦੀਨ ਨੇ ਬਣਾਇਆ ਸੀ।

*(ਗੁਰਧਾਮ ਸੰਗ੍ਰਹਿ, ਪੰਨਾ 22)*

(ਹ) ਖ਼ਾਨ ਕਲਾਤ ਵਲੋਂ ਲਈ ਗਈ ਜਾਗੀਰ ਵੀ ਬਾਬਾ ਜੀ ਦੇ ਗੁਰਦੁਆਰਾ ਕਲਾਤ ਨਾਲ ਹੈ। (ਗੁਰਦੁਆਰੇ ਦਰਸ਼ਨ, ਪੰਨਾ 57)

(ਕ) ਨਾਨਕ ਝੀਰਾ ਹੈਦਰਾਬਾਦ ਦੱਖਣ ਨਾਲ ਰਿਆਸਤ ਹੈਦਰਾਬਾਦ ਵੱਲੋਂ ਗੁਜ਼ਾਰੇ ਵਾਸਤੇ ਚੋਖੀ ਜਾਗੀਰ ਨੀਅਤ ਹੈ। (ਗੁਰਦੁਆਰੇ ਦਰਸ਼ਨ, ਪੰਨਾ 49)

(ਖ) ਗੁਰਦੁਆਰਾ ਬੇਰ ਸਾਹਿਬ ਦੇ ਮਹੰਤ ਦੇ ਨਾਂ ਇਕ ਮਸਨਦ ਮੁਹੰਮਦਸ਼ਾਹ ਬਾਦਸ਼ਾਹ ਦਾ ਲਿਖਿਆ ਹੋਇਆ ਹੈ। ਉਸ ਵਿੱਚ ਦੋ ਆਨੇ ਰੋਜ਼ਾਨਾ ਸ਼ਾਹੀ ਖਜ਼ਾਨੇ ਵਿੱਚੋਂ ਸਦਾ ਮਿਲਣ ਦਾ ਹੁਕਮ ਹੈ। (ਗੁਰਧਾਮ ਦੀਦਾਰ, ਪੰਨਾ 28)

(ਗ) ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਦ ਔਰੰਗਜ਼ੇਬ ਦੀ ਫ਼ੌਜ ਆਸਾਮ ਨੂੰ ਫ਼ਤਹ ਕਰ ਕੇ ਵਾਪਸ ਆਈ, ਤਾਂ ਉਸ ਦੇ ਸਿਪਾਹੀਆਂ ਨੇ ਰਾਜਾ

ਬਿਸ਼ਨ ਸਿੰਘ ਦੇ ਕਹਿਣ ਤੇ ਬਾਬਾ ਨਾਨਕ ਜੀ ਦੇ ਅਸਥਾਨ ਦੀ ਸੇਵਾ ਲਈ ਪੰਜ ਪੰਜ ਢਾਲਾ ਮਿੱਟੀ ਦੀਆਂ ਭਰ ਭਰ ਕੇ ਪਾਈਆਂ ਤੇ ਉਹ ਅਸਥਾਨ ਬਣਾ ਦਿੱਤਾ।

(ਤਵਾਰੀਖ ਗੁਰੂ ਖਾਲਸਾ, ਪੰਨਾ 1437)

ਸ੍ਰੀ ਬਾਬਾ ਨਾਨਕ ਜੀ ਦੀਆਂ ਯਾਦਗਾਰਾਂ ਦਾ ਮੁਸਲਮਾਨਾਂ ਦੇ ਹੱਥੋਂ ਸਥਾਪਨ ਹੋਣਾ, ਜਾਂ ਉਹਨਾਂ ਦੀਆਂ ਯਾਦਗਾਰਾਂ ਵਿੱਚ ਮੁਸਲਮਾਨਾਂ ਦਾ ਹਿੱਸਾ ਪਾਉਣਾ ਇਸ ਗੱਲ ਦਾ ਸੂਚਕ ਹੈ ਕਿ ਮੁਸਲਮਾਨ ਆਪ ਨੂੰ ਆਪਣਾ ਇੱਕ ਬਜ਼ੁਰਗ ਸਮਝਦੇ ਸਨ ਅਤੇ ਮੁਸਲਮਾਨਾਂ ਦਾ ਇਹ ਨਾਨਕ-ਪ੍ਰੇਮ ਕਿਸੇ ਖ਼ਾਸ ਦੇਸ ਜਾਂ ਕਾਲ ਦੇ ਮੁਸਲਮਾਨਾਂ ਨਾਲ ਹੀ ਸੰਬੰਧਤ ਨਹੀਂ ਸੀ, ਸਗੋਂ ਸਾਰੇ ਇਸਲਾਮੀ ਦੇਸ਼ਾਂ ਦੇ ਮੁਸਲਮਾਨਾਂ ਤੇ ਹਰ ਤਬਕੇ ਦੇ ਮੁਸਲਮਾਨ ਆਪ ਨੂੰ ਆਪਣਾ ਇੱਕ ਬਜ਼ੁਰਗ ਸਮਝ ਕੇ ਸਤਿਕਾਰਦੇ ਰਹੇ ਹਨ।

ਗਿਆਨੀ ਗਿਆਨ ਸਿੰਘ ਜੀ ਨੇ ਬਗ਼ਦਾਦ ਦੇ ਮੁਸਲਮਾਨਾਂ ਦਾ ਨਾਨਕ-ਪ੍ਰੇਮ ਵਰਨਣ ਕਰਦਿਆਂ ਲਿਖਿਆ ਹੈ ਕਿ :-

*"ਅਕਸਰ ਰਾਸਤਗੋ ਹਜਾਜ ਕੀ ਜ਼ਬਾਨੀ ਮਾਲੂਮ ਹੁਆ ਹੈ ਕਿ ਯਹਾਂ ਪਰ (ਬਗਦਾਦ ਮੇਂ) ਏਕ ਮਕਾਨ ਭੀ ਗੁਰੂ ਨਾਨਕ ਸਾਹਿਬ ਕੀ ਯਾਦਗਾਰ ਮੇਂ ਬਨਾ ਹੁਆ ਹੈਂ, ਜਿਸ ਕੋ ਨਾਨਕ ਪੀਰ ਕੇ ਨਾਮ ਸੇ ਪੁਕਾਰਤੇ ਹੈਂ ਔਰ ਵਹਾਂ ਪਰ ਅਮੂਮਨ ਲੋਗ ਉਨ ਕੋ ਮੁਸਲਮਾਨ ਪੀਰ ਖ਼ਿਆਲ ਕਰਤੇ ਹੈਂ।" (ਤਵਾਰੀਖ ਗੁਰੂ ਖ਼ਾਲਸਾ, ਪੰਨਾ 149)*

ਸਿੱਖ ਵਿਦਵਾਨ ਇਹ ਸਵੀਕਾਰ ਕਰਦੇ ਹਨ ਕਿ ਗੁਰੂ ਨਾਨਕ ਜੀ ਮਹਾਰਾਜ ਨੇ ਬਗ਼ਦਾਦ ਦੇ ਲੋਕਾਂ ਅੱਗੇ ਆਪਣੇ ਵਿਚਾਰ ਪਰਗਟ ਕਰਦਿਆਂ ਹੋਇਆ ਕਿਹਾ ਸੀ ਕਿ :-

*"ਕੇਵਲ ਇਸ ਕਰਕੇ ਕਿ ਮੈਂ ਉਸ ਇੱਕੋ ਇੱਕ ਦਾ ਉਪਾਸ਼ਕ ਹਾਂ, ਜਿਸ ਜਿਹਾ ਤੇ ਜਿਸ ਜਿੱਡਾ ਹੋਰ ਕੋਈ ਨਹੀਂ। ਉਸ ਇੱਕ ਦੇ ਨਾਲ ਕਿਸੇ ਦੂਸਰੇ ਨੂੰ ਰਲਾਉਣੋਂ ਨਾਂਹ ਕਰਨ ਕਰਕੇ ਮੈਂ ਮੁਸਲਮਾਨ ਕਹਾਉਣ ਵਾਲਿਆਂ ਨਾਲੋਂ ਇਸਲਾਮ ਦੀ ਨਿਰੋਲ ਵਹਿਦਾਨੀਅਤ ਇੱਕ ਦੀ ਪੂਜਾ ਦੇ ਅਸੂਲ ਦੇ ਵਧੇਰੇ ਨੇੜੇ ਹਾਂ।"*

*(ਜੀਵਨ ਕਥਾ ਗੁਰੂ ਨਾਨਕ ਦੇਵ ਜੀ, ਪੰਨਾ 372)*

ਈਰਾਨ ਦੇ ਲੋਕ ਵੀ ਆਪ ਦਾ ਵੱਡਾ ਸਤਿਕਾਰ ਕਰਦੇ ਹਨ ਤੇ ਆਪ ਨੂੰ ਵੱਡਾ ਉਚਾ ਸੂਫ਼ੀ ਜਾਣਦੇ ਹਨ; ਜਿਹਾ ਕਿ :-

*"ਅਕਸਰ ਈਰਾਨ ਕੇ ਰਸਾਲਾਜਾਤ ਮੇਂ ਗੁਰੂ ਨਾਨਕ ਜੀ ਕੀ*

*ਤਾਲੀਮਾਤ ਕੇ ਮੁਤੱਲਕ ਫ਼ਾਰਸੀ ਮੇਂ ਮਜ਼ਾਮੀਨ ਲਿਖੇ ਜਾਤੇ ਹੈਂ ਔਰ ਉਨ ਕੋ ਏਕ ਆਲਾ ਪਾਏ ਕਾ ਸੂਫ਼ੀ ਸਮਝਾ ਜਾਤਾ ਹੈ।"*

*(ਸ਼ੇਰਿ ਪੰਜਾਬ ਦਿੱਲੀ, ਗੋਲਡਨ ਜੁਬਲੀ ਨੰਬਰ, 1962)*

ਇਸਲਾਮੀ ਦੇਸ਼ਾਂ ਦੇ ਮੁਸਲਮਾਨਾਂ ਦਾ ਬਾਬਾ ਜੀ ਨੂੰ ਆਪਣਾ ਪੀਰ ਸਮਝ ਕੇ ਸਤਿਕਾਰਨ ਦਾ ਮੂਲ ਕਾਰਨ ਉਹ ਪ੍ਰੇਮ ਸੀ, ਜੋ ਬਾਬਾ ਜੀ ਦੇ ਦਿਲ ਵਿੱਚ ਮੁਸਲਮਾਨਾਂ ਬਾਰੇ ਸੀ। ਸਿੱਖ ਵਿਦਵਾਨ ਇਹ ਮੰਨਦੇ ਹਨ ਕਿ ਬਾਬਾ ਜੀ ਇਸਲਾਮੀ ਦੇਸ਼ਾਂ ਵਿੱਚ ਮੁਸਲਮਾਨਾਂ ਨਾਲ ਅਭੇਦ ਵਰਤਦੇ ਰਹੇ ਹਨ, ਜਿਹਾ ਕਿ ਇੱਕ ਵਿਦਵਾਨ ਜੀ ਨੇ ਲਿਖਿਆ ਹੈ :-

ਔਰੰਗਜ਼ੇਬ ਨੇ ਬਾਬਾ ਜੀ ਦੇ ਮੁਸਲਮਾਨਾਂ ਨਾਲ ਅਭੇਦ ਵਰਤਣ ਬਾਰੇ ਇਹ ਗਵਾਹੀ ਦਿੱਤੀ ਸੀ ਕਿ :-

*"ਤੀਜੀ ਉਦਾਸੀ ਵਿਚ ਅਰਬ, ਈਰਾਨ, ਅਫ਼ਗਾਨਿਸਤਾਨ ਆਦਿਕ ਮੁਸਲਮਾਨੀ ਮੁਲਕਾਂ ਵਿੱਚ ਸਤਿਗੁਰੂ ਜੀ ਨੇ ਤਕਰੀਬਨ ਤਿੰਨ ਸਾਲ ਗੁਜ਼ਾਰੇ, ਤਿੰਨ ਸਾਲਾ ਦੀਆਂ ਰੋਟੀਆਂ ਹਿੰਦੁਸਤਾਨ ਵਿੱਚੋਂ ਪਕਾ ਕੇ ਨਾਲ ਨਹੀਂ ਲਿਜਾ ਸਕਦੇ ਸਨ।" (ਧਰਮ ਤੇ ਸਦਾਚਾਰ, ਪੰਨਾ 61)*

ਔਰੰਗਜ਼ੇਬ ਨੇ ਬਾਬਾ ਜੀ ਦੇ ਮੁਸਲਮਾਨਾਂ ਨਾਲ ਅਭੇਦ ਵਰਤਣ ਬਾਰੇ ਇਹ ਗਵਾਹੀ ਦਿੱਤੀ ਸੀ ਕਿ :-

*"(ਗੁਰੂ ਨਾਨਕ ਨੇ) ਮੁਸਲਮਾਨੀ ਮੁਲਕਾਂ ਵਿੱਚ ਕਈ ਸਾਲ ਫ਼ਿਰ ਕੇ ਮੁਸਲਮਾਨਾਂ ਨਾਲ ਮੁਹੱਬਤ ਪੈਦਾ ਕੀਤੀ, ਅਭੇਦ ਵਰਤਦੇ ਰਹੇ। ਓਹਨਾਂ ਨੇ ਦੂਈ ਨੂੰ ਦੂਰ ਕੀਤਾ ਹੋਇਆ ਸੀ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 792)*

ਕਈ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਜੀ ਇਸਲਾਮੀ ਵਿਚਾਰਾਂ ਦਾ ਖੰਡਨ ਕੀਤਾ ਕਰਦੇ ਸਨ। ਇਸ ਬਾਰੇ ਇਕ ਸਿੱਖ ਵਿਦਵਾਨ ਜੀ ਦਾ ਇਹ ਕਥਨ ਹੈ ਕਿ :-

*"ਆਪ ਨੇ... ਇਸਲਾਮ ਧਰਮ ਦੇ ਵਿਰੁੱਧ ਕਿਧਰੇ ਇੱਕ ਅੱਖਰ ਤਕ ਵੀ ਉਚਾਰਣ ਨਹੀਂ ਕੀਤਾ।... ਰੋਜ਼ੇ ਰੱਖਣੇ ਜਾਂ ਨਿਮਾਜ਼ ਪੜ੍ਹਨ ਨੂੰ ਆਪ ਨੇ ਬੁਰਾ ਨਹੀਂ ਕਿਹਾ, ਪਰ ਇਹ ਗੱਲ ਜ਼ਰੂਰ ਹੈ ਕਿ ਹਰ ਨਮਾਜ਼ੀ ਨੂੰ ਨਮਾਜ਼ ਪੜ੍ਹਨ ਸਮੇਂ ਪਰਮਾਰਥ ਦੀ ਅਵਸਥਾ ਵਿੱਚ ਹੋਣਾ ਚਾਹੀਦਾ ਹੈ। ਉਸ ਨੂੰ ਸਮਝ ਹੋਣੀ ਚਾਹੀਦੀ ਹੈ ਕਿ ਨਮਾਜ਼ ਪੜ੍ਹਨ ਦਾ ਅਸਲ ਪ੍ਰਯੋਜਨ ਕੀ ਹੈ ?" (ਖ਼ਾਲਸਾ ਪਾਰਲੀਮੈਂਟ ਗਜ਼ਟ, ਅਪ੍ਰੈਲ 1959)*

# ਹਮਾਯੂੰ ਤੇ ਗੁਰੂ ਅੰਗਦ ਜੀ

ਬਾਬਰ ਦੇ ਦੇਹਾਂਤ ਮਗਰੋਂ ਉਸ ਦਾ ਸਪੁੱਤਰ ਭਾਰਤ ਦਾ ਪਾਤਸ਼ਾਹ ਬਣਿਆ ਸੀ ਅਤੇ ਸਿੱਖ ਜਨਤਾ ਦੇ ਸਿੱਧਾਂਤ ਅਨੁਸਾਰ ਬਾਬਾ ਜੀ ਦੇ ਜੋਤੀਜੋਤ ਸਮਾਣ ਮਗਰੋਂ ਗੁਰੂ ਅੰਗਦ ਜੀ ਉਹਨਾਂ ਦੀ ਥਾਂ ਗੁਰਿਆਈ ਦੀ ਗੱਦੀ ਤੇ ਸੁਸ਼ੋਭਿਤ ਹੋਏ ਸਨ। ਹਮਾਯੂੰ ਨੂੰ ਪਾਤਸ਼ਾਹ ਬਣਿਆਂ ਅਜੇ ਥੋੜਾ ਹੀ ਸਮਾਂ ਹੋਇਆ ਸੀ ਕਿ, ਸ਼ੇਰਸ਼ਾਹ ਸੂਰੀ ਨੇ ਉਸ ਨੂੰ ਹਰਾ ਦੇ ਕੇ ਦਿੱਲੀ ਦਾ ਤਖ਼ਤ ਸਾਂਭ ਲਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਦ ਹਮਾਯੂੰ ਹਾਰ ਖਾ ਕੇ ਕਾਬਲ ਵਲ ਜਾ ਰਿਹਾ ਸੀ, ਤਾਂ ਉਸ ਦੇ ਮਾਮਾ ਮਿਰਜ਼ਾ ਕਾਸਮ ਬੇਗ ਨੇ ਕਿਹਾ ਕਿ ਗੁਰੂ ਨਾਨਕ ਨੇ ਬਾਬਰ ਨੂੰ ਸੱਤ ਪਾਤਸ਼ਾਹੀਆਂ ਦਾ ਵਰ ਦਿੱਤਾ ਸੀ, ਓਹਨਾਂ ਦੇ ਗੱਦੀ-ਨਸ਼ੀਨ ਗੁਰੂ ਜੀ ਨੂੰ ਮਿਲ ਕੇ ਪਤਾ ਕਰਨਾ ਚਾਹੁੰਦੇ ਸਨ ਕਿ ਇਹ ਕੀ ਗੱਲ ਹੈ ? ਆਪ ਦਾ ਰਾਜ ਕਿਉ ਜਾਂਦਾ ਰਿਹਾ ? (ਵੇਖੋ ਤਵਾਰੀਖ ਗੁਰੂ ਖ਼ਾਲਸਾ, ਪੰਨਾ 360)

ਇਸ ਤੇ ਹਮਾਯੂੰ ਗੁਰੂ ਅੰਗਦ ਜੀ ਦੀ ਹਜ਼ੂਰੀ ਵਿਚ ਆਇਆ, ਉਸ ਵੇਲੇ ਗੁਰੂ ਜੀ ਅੰਤਰ ਧਿਆਨ ਹੋਏ ਆਪਣੇ ਪ੍ਰਭੂ ਦਾ ਸਿਮਰਨ ਕਰਨ ਵਿਚ ਰੁਝੇ ਹੋਏ ਸਨ। ਓਹਨਾਂ ਨੇ ਹਮਾਯੂੰ ਵਲ ਕੋਈ ਧਿਆਨ ਨਾ ਦਿੱਤਾ। ਇਹ ਗੱਲ ਹਮਾਯੂੰ ਨੂੰ ਵੱਡੀ ਭੈੜੀ ਲੱਗੀ ਤੇ ਉਸ ਨੇ ਗੁਰੂ ਜੀ ਤੇ ਤਲਵਾਰ ਖਿੱਚ ਲਈ। ਪਰ :-

> *"ਇਤਨੇ ਮੇਂ ਗੁਰੂ ਅੰਗਦ ਜੀ ਨੇ ਮਰਾਕਬਾ ਸੇ ਬੇਦਾਰ ਹੋਕਰ ਕਿਹਾ ਕਿ ਐ ਬਾਦਸ਼ਾਹ ! ਤੂਨੇ ਯਿਹ ਸ਼ਮਸ਼ੇਰ ਸ਼ੇਰ ਸ਼ਾਹ ਸੂਰੀ ਪਰ ਕਿਉਨਾ ਚਲਾਈ ? ਵਹਾਂ ਸੇ ਪੀਠ ਦਿਖਾ ਕਰ ਚਲੇ ਆਏ। ਔਰ ਅਬ ਪੀਰੋਂ ਫ਼ਕੀਰੋਂ ਪਰ ਸ਼ਮਸ਼ੇਰ ਕੀ ਬਹਾਦੁਰੀ ਦਿਖਲਾਨਾ ਚਾਹਤੇ ਹੋ ? ਬਾਦਸ਼ਾਹ ਨੇ ਗੁਰੂ ਸਾਹਿਬ ਕੋ ਵਲੀ ਸਮਝ ਕਰ ਉਸ ਸੇ ਮੁਆਫ਼ੀ ਮਾਂਗੀ। ਗੁਰੂ ਜੀ ਦੋਸਤ ਔਰ ਦੁਸ਼ਮਨ ਕੋ ਯਕਸਾਂ ਸਮਝਤੇ ਥੇ, ਫ਼ਰਮਾਇਆ ਕਿ ਬਾਦ ਚੰਦ ਸਾਲ ਕੇ ਤੁਮ ਹਿੰਦ ਕੇ ਬਾਦਸ਼ਾਹ ਹੋ ਜਾਉਗੇ, ਬਲਕਿ ਇਸੀ ਹਾਲਤ ਮੇਂ ਤੁਮ੍ਹਾਰੇ ਘਰ ਏਕ ਸ਼ਹਿਜ਼ਾਦਾ ਸਾਹਿਬ ਇਕਬਾਲ ਵ ਨੇਕਨਾਮ ਐਸਾ ਪੈਦਾ ਹੋਗਾ ਕਿ ਤਮਾਮ ਹਿੰਦੁਸਤਾਨ ਔਰ ਅਫ਼ਗਾਨਿਸਤਾਨ ਪਰ ਹਕੂਮਤ ਕਰੇਗਾ, ਚੁਨਾਂਚਿ ਏਕ ਮੁੱਦਤ ਕੇ ਬਾਦ ਗੁਰੂ ਸਾਹਿਬ ਕਾ ਕੌਲ ਪੂਰਾ ਹੋ ਗਿਆ।"*
>
> *(ਤਵਾਰੀਖ਼ ਗੁਰੂ ਖ਼ਾਲਸਾ ਉਰਦੂ)*

ਇਸ ਤੋਂ ਪਤਾ ਲੱਗਦਾ ਹੈ ਕਿ ਹਮਾਯੂੰ ਪਾਤਸ਼ਾਹ ਰਾਹੀਂ ਮੁੜ ਭਾਰਤ ਤੇ ਮੁਗ਼ਲਾਂ

ਦਾ ਰਾਜ ਸਥਾਪਨ ਹੋਣਾ ਗੁਰੂ ਅੰਗਦ ਜੀ ਦੇ ਵਰ ਦਾ ਸਿੱਟਾ ਸੀ।

ਗਿਆਨੀ ਗਿਆਨ ਸਿੰਘ ਜੀ ਨੇ ਇੱਕ ਥਾਂ ਇਹ ਵੀ ਲਿਖਿਆ ਹੈ ਕਿ ਗੁਰੂ ਅੰਗਦ ਜੀ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਸੀ ਕਿ ਮੁਗ਼ਲਾਂ ਦੇ ਰਾਜ ਦੀ ਸਥਾਪਨਾ ਬਾਬਾ ਨਾਨਕ ਜੀ ਦੇ ਵਰ ਦਾ ਸਿੱਟਾ ਹੀ ਸੀ, ਜਿਹਾ ਕਿ ਗੁਰੂ ਅੰਗਦ ਜੀ ਨੇ ਹਮਾਯੂੰ ਨੂੰ ਕਿਹਾ ਸੀ ਕਿ :-

> *"ਬਾਰਾਂ ਤੇਰ੍ਹਾਂ ਬਰਸਾਂ ਤੋਂ ਬਾਦ ਫੇਰ ਤੂੰ ਦਿੱਲੀ ਦਾ ਬਾਦਸ਼ਾਹ ਬਣੇਂਗਾ ਤੇ ਸੱਤ ਪੀੜ੍ਹੀਆਂ ਤਕ ਤੇਰਾ ਰਾਜ ਹੋਵੇਗਾ। ਗੁਰੂ ਨਾਨਕ ਜੀ ਦਾ ਬਚਨ ਕਦੇ ਅਨਾਥ ਨਹੀਂ ਹੋਵੇਗਾ।"*
>
> *(ਤਵਾਰੀਖ਼ ਗੁਰੂ ਖ਼ਾਲਸਾ ਪੰਨਾ 360)*

ਇੱਕ ਵਿਦਵਾਨ ਜੀ ਇਹ ਲਿਖਦੇ ਹਨ ਕਿ ਹਮਾਯੂੰ ਨੇ ਗੁਰੂ ਅੰਗਦ ਜੀ ਤੇ ਜੋ ਤਲਵਾਰ ਖਿੱਚੀ ਸੀ, ਉਸ ਵਿੱਚ ਗੁਰੂ ਜੀ ਦੇ ਵੈਰੀਆਂ ਦਾ ਹੱਥ ਸੀ। ਓਹਨਾਂ ਨੇ ਹਮਾਯੂੰ ਨੂੰ ਇਸ ਦੀ ਪ੍ਰੇਰਨਾ ਦਿੱਤੀ ਸੀ, ਜਿਹਾ ਕਿ ਲਿਖਿਆ ਹੈ ਕਿ :-

> *"ਤਾਰੀਖ਼ ਇਸ ਬਾਤ ਕੀ ਸ਼ਹਾਦਤ ਦੇਤੀ ਹੈ ਕਿ ਮਜ਼ਕੂਰਾ ਮੁਖ਼ਾਲਫ਼ ਜਮਾਤ ਨੇ ਗੁਰੂ ਅੰਗਦ ਸਾਹਿਬ ਕੋ ਸ਼ਹੀਦ ਕਰਾਨੇ ਕੀ ਗਰਜ਼ ਸੇ ਹਮਾਯੂੰ ਸੇ ਤਲਵਾਰ ਉਠਵਾਈ ਥੀ, ਮਗਰ ਅਕਾਲ ਪੁਰਖ ਕੀ ਕਿਰਪਾ ਸੇ ਉਨ ਕਾ ਮਕਸਦ ਹਾਸਲ ਨਾ ਹੂਆ ਔਰ ਹਮਾਯੂੰ ਗੁਰੂ ਸਾਹਿਬ ਕਾ ਮੁਰੀਦ ਬਣ ਗਿਆ।" (ਸਿੱਖ ਹਿੰਦੂ ਨਹੀਂ, ਪੰਨਾ 8)*

ਇੱਕ ਸਿੱਖ ਵਿਦਵਾਨ ਨੇ ਹਮਾਯੂੰ ਬਾਰੇ ਇਹ ਹਾਮੀ ਭਰੀ ਹੈ :-

> *"ਸ਼ਾਹ ਹਮਾਯੂੰ ਬਹੁਤ ਰਹਿਮ-ਦਿਲ ਸੀ।"*
>
> *(ਪੰਜਾਬ ਦਾ ਸੰਖੇਪ ਇਤਿਹਾਸ, ਪੰਨਾ 96)*

# ਅਕਬਰ ਬਾਦਸ਼ਾਹ ਤੇ ਸਿੱਖ ਗੁਰੂ

ਹਮਾਯੂੰ ਦੇ ਦੇਹਾਂਤ ਮਗਰੋਂ ਉਸ ਦਾ ਸਪੁੱਤਰ ਅਕਬਰ ਬਾਦਸ਼ਾਹ ਬਣਿਆ। ਇਹ ਵੱਡਾ ਸਿਆਣਾ ਸੀ। ਇਸ ਨੇ ਆਪਣੀ ਸਿਆਣਪ ਨਾਲ ਸਾਰੇ ਭਾਰਤ ਤੇ ਚੋਖੇ ਲੰਮੇ ਸਮੇਂ ਤਕ ਰਾਜ ਕਮਾਇਆ ਸੀ। ਇਸ ਦੇ ਰਾਜ ਵਿੱਚ ਤਿੰਨ ਸਿੱਖ ਗੁਰੂ ਸਾਹਿਬਾਨ - ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਜੀ - ਹੋਏ ਹਨ ਇਸ ਦਾ ਦੇਹਾਂਤ ਗੁਰੂ ਅਰਜਨ ਜੀ ਦੇ ਸਮੇਂ ਹੋਇਆ ਸੀ। ਇਸ ਦੇ ਸਮੇਂ ਸਿੱਖ ਗੁਰੂਆਂ ਦੇ ਘਰਾਣੇ ਦੇ ਕਈ ਲੋਕਾਂ ਨੇ ਗੁਰਤਾ ਬਾਰੇ ਝਗੜੇ-ਬਖੇੜੇ ਕੀਤੇ ਸਨ

ਤੇ ਮੁਕੱਦਮੇਬਾਜ਼ੀ ਵੀ ਕੀਤੀ ਸੀ, ਪਰ ਇਸ ਨੇ ਏਹਨਾਂ ਸਾਰੇ ਮੁਕੱਦਮਿਆਂ ਦਾ ਨਿਆਇ ਪੂਰਬਕ ਨਿਪਟਾਰਾ ਕੀਤਾ ਸੀ ਅਤੇ ਸਿੱਖ ਗੁਰੂ ਸਾਹਿਬਾਨ ਦੇ ਹੱਕਾਂ ਦੀ ਪੂਰੀ ਪੂਰੀ ਰਾਖੀ ਕੀਤੀ ਸੀ ।ਗੁਰੂ ਗੋਬਿੰਦ ਸਿੰਘ ਜੀ ਨੇ ਅਕਬਰ ਬਾਦਸ਼ਾਹ ਬਾਰੇ ਇਹ ਕਿਹਾ ਹੈ ਕਿ :-

ਅਕਬਰ ਬ੍ਰਹਮਚਾਰੀ ਬਪੁ ਧਾਰਾ ॥
ਅਪਨਾ ਧਰਮ ਖ਼ੂਬ ਸਵਾਰਾ ॥

(ਸੌ ਸਾਖ਼ੀ, ਸਾਖੀ 15)

ਅਕਬਰ ਬਾਦਸ਼ਾਹ ਦੇ ਦਿਲ ਵਿੱਚ ਗੁਰੂ ਨਾਨਕ ਜੀ ਦਾ ਪੂਰਨ ਸਤਿਕਾਰ ਸੀ; ਜਿਹਾ ਬਾਵਾ ਸਰੂਪ ਦਾਸ ਜੀ ਦੇ ਕਥਨ ਅਨੁਸਾਰ ਅਕਬਰ ਨੇ ਗੁਰੂ ਨਾਨਕ ਨੂੰ ਇਹ ਸ਼ਰਧਾਂਜਲੀ ਭੇਟ ਕੀਤੀ ਸੀ ਕਿ :-

ਆਰਫ਼ ਕਾਮਲ ਵਲੀ ਅੱਲਾਹ ।
ਨਾਨਕ ਸਮਾਨ ਦੂਜਾ ਘਰ ਨਾਹ ।
ਹਿੰਦੂ ਮੁਸਲਮਾਨ ਸੋ ਨਿਆਰੇ ।
ਤਾਰਕ ਦੁਨੀ ਰਬ ਤਿਨ ਪਿਆਰੇ ।
ਫ਼ਜ਼ਲ ਕਰੇ ਜਬ ਪਾਕ ਖੁਦਾਇ ।
ਕਰੋ ਦੀਦਾਰ ਉਹਾ ਤਕ ਜਾਇ ।
ਅਕਬਰ ਕੇ ਮਨ ਮੇਂ ਯਹ ਬਸੀ ।
ਸਤਿਗੁਰੂ ਪ੍ਰੀਤ ਚਿਤ ਮੋ ਰਸੀ ।

(ਮਹਿਮਾ ਪ੍ਰਕਾਸ਼, ਸਾਖੀ 12, ਪੰਨਾ 176)

# ਅਕਬਰ ਤੇ ਗੁਰੂ ਅਮਰਦਾਸ ਜੀ

ਗੁਰੂ ਅੰਗਦ ਜੀ ਤੋਂ ਮਗਰੋਂ ਸਿੱਖੀ ਸਿੱਧਾਂਤ ਅਨੁਸਾਰ ਗੁਰੂ ਅਮਰਦਾਸ ਜੀ ਨੂੰ ਗੁਰ-ਗੱਦੀ ਪ੍ਰਾਪਤ ਹੋਈ ਸੀ । ਪ੍ਰਸਿੱਧ ਸਿੱਖ ਵਿਦਵਾਨ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਕਈ ਹਿੰਦੂਆਂ ਨੇ ਮਿਲ ਕੇ ਇੱਕ ਵਾਰ ਗੁਰੂ ਅਮਰਦਾਸ ਜੀ ਦੇ ਵਿਰੁੱਧ ਅਕਬਰ ਪਾਸ ਇਹ ਦਾਅਵਾ ਕੀਤਾ ਸੀ ਕਿ ਗੁਰੂ ਜੀ ਨੇ ਓਹਨਾਂ ਦਾ ਸਾਰਾ ਧਰਮ ਬਦਲ ਦਿੱਤਾ ਹੈ । ਇਸ ਦਾ ਯੋਗ ਪ੍ਰਬੰਧ ਕੀਤਾ ਜਾਵੇ; ਨਹੀਂ ਤਾਂ ਮਗਰੋਂ ਵੱਡੀ ਔਕੜ ਪੇਸ਼ ਆ ਜਾਵੇਗੀ ਅਤੇ ਫੇਰ ਇਸ ਦਾ ਉਪਰਾਲਾ ਕਰਨਾ ਕਠਨ ਹੋ ਜਾਵੇਗਾ: ਜਿਹਾ ਕਿ ਲਿਖਿਆ ਹੈ ਕਿ ਹਿੰਦੂਆਂ ਨੇ ਅਕਬਰ ਦੇ ਦਰਬਾਰ ਵਿਚ ਹਾਜ਼ਰ ਹੋ ਕੇ

ਇਹ ਕਿਹਾ ਸੀ ਕਿ :-

ਲਵਪੂਰ ਗਏ ਫਰਿਆਦੀ ਸਾਰੇ ।
ਦਿਗ ਅਕਬਰ ਕੇ ਹਾਇ ਪੁਕਾਰੇ ॥
ਤੁਮ ਮਰਯਾਦਾ ਰਾਖਨਹਾਰੇ ।
ਬਿਗਰਤ ਕੋ ਜਗ ਦੇਤ ਸੁਧਾਰੇ ॥
ਗੋਇੰਦਵਾਲ ਅਮਰ ਗੁਰ ਹੋਵਾ ।
ਭੇਦ ਚਾਰੋਂ ਬਰਨ ਕਾ ਖੇਵਾ ॥
ਰਾਮ ਗਾਇਤ੍ਰੀ ਮੰਤ੍ਰ ਨ ਜਪਯੋ ।
ਵਾਹਿਗੁਰੂ ਕੀ ਥਾਪਨਾ ਥਪਯੋ ॥
ਜੁਗ ਚਾਰੋਂ ਮਹਿ ਕਹੀ ਨ ਹੋਈ ।
ਜਿਮ ਮਰਯਾਦ ਬਿਗਾਰੀ ਸੋਈ ॥
ਸੁਰੁਤਿ ਸਿੰਮ੍ਰਿਤ ਕੇ ਰਾਹੁ ਨ ਚਾਲੇ ।
ਮਨ ਕੇ ਮਤਿ ਕਰ ਭਏ ਨਿਰਾਲੇ ॥
ਹਮਰੀ ਕਰੋ ਅਦਾਲਤ ਏਹੀ ।
ਦ੍ਰਿੜ੍ਹ ਹੁਇ ਧਰਮ ਸੁ ਰਾਜ ਬਿਧੋਹੀ ॥
ਪਸਰ ਜਾਇ ਸਭ ਜਗਤ ਬਿਸਾਲਾਂ ।
ਪੁਨ ਮੁਸਕਲ ਹੋਇ ਟਲਹਿ ਨ ਟਾਲਾ ॥

(ਗੁਰ ਪ੍ਰਤਾਪ ਸੂਰਜ, ਰਾਸ 1, ਅੰਸੂ 43)

ਬਾਵਾ ਸਰੂਪ ਚੰਦ ਭੱਲਾ ਜੀ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ :-

ਮਿਲ ਖੜ੍ਰੀ ਬ੍ਰਾਹਮਨ ਮਸਲਤ ਸਾਧੀ ।
ਬਾਦਸ਼ਾਹਿ ਪਹਿ ਗਏ ਫਿਰਾਦੀ ।
ਯਹ ਬਡ਼ੀ ਅਨੀਤ ਜਗਤ ਨੇ ਚਲੀ ।
ਮਿਰਯਾਦਾ ਚਾਰ ਬਰਨ ਕੀ ਟਲੀ ।
ਗਾਇਤ੍ਰੀ ਮੰਤ੍ਰ ਰਾਮ ਨਹੀਂ ਜਪੈ ।
ਵਾਹਿਗੁਰੂ ਕਾ ਥਾਪਨ ਥਪੈ ।
ਜਗ ਚਾਰੇ ਐਸਾ ਨਹੀਂ ਭਇਆ ।
ਸੁਰਤ ਸਿੰਮ੍ਰਿਤਿ ਤਜ ਅਪਨਾ ਪੰਥ ਦੀਆ ।
ਹੇ ਬਾਦਸ਼ਾਹ ਅਕਬਰ ਸੁਲਤਾਨਾ ।
ਆਪੋ ਅਪਨਾ ਧਰਮ ਪਰਮਾਨਾ ।

ਕਰੋ ਅਦਾਲਤ ਹਮਰੀ ਆਜੁ ।
ਬਢੇ ਧਰਮ ਦਿੜ ਹੋਇ ਸੁਰਾਜ ।

(ਮਹਿਮਾ ਪ੍ਰਕਾਸ਼, ਸਾਖੀ 88, ਪੰਨਾ 137)

ਅਕਬਰ ਬਾਦਸ਼ਾਹ ਨੇ ਓਹਨਾਂ ਦੀ ਇਹ ਅਰਜ਼ੀ ਸੁਣ ਕੇ ਇਹ ਹੁਕਮ ਦਿੱਤਾ ਕਿ ਜਦ ਤਕ ਦੂਜੀ ਧਿਰ ਦੀ ਗੱਲ ਨਾ ਸੁਣੀ ਜਾਵੇ, ਇਸ ਬਾਰੇ ਕੋਈ ਫ਼ੈਸਲਾ ਕਰਨਾ ਠੀਕ ਨਹੀਂ ਹੋਵੇਗਾ। ਉਸ ਨੇ ਗੁਰੂ ਜੀ ਵੱਲ ਸ਼ਾਹੀ ਫ਼ਰਮਾਨ ਲਿਖਿਆ ਕਿ ਆਪ ਦੇ ਵਿਰੁੱਧ ਹਿੰਦੂਆਂ ਨੇ ਸ਼ਿਕਾਇਤ ਕੀਤੀ ਹੈ ਕਿ ਤੁਸਾਂ ਓਹਨਾਂ ਦਾ ਧਰਮ ਵਿਗਾੜ ਦਿੱਤਾ ਹੈ; ਇਸ ਲਈ ਆਪ ਜਾਂ ਆਪਣਾ ਕੋਈ ਪ੍ਰਤੀਨਿਧ ਭੇਜ ਕੇ ਇਸ ਦਾ ਉੱਤਰ ਦਿਓ। (ਵੇਖੋ ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 142)

ਅਕਬਰ ਦਾ ਇਹ ਫ਼ਰਮਾਨ ਪੁਜਦਿਆਂ ਹੀ ਗੁਰੂ ਜੀ ਨੇ ਆਪਣੇ ਸਿੱਖ ਸ੍ਰੀ ਜੇਠਾ ਜੀ ਨੂੰ – ਜੋ ਆਪ ਦੇ ਮਗਰੋਂ ਗੁਰੂ ਰਾਮਦਾਸ ਜੀ ਕਹਾਏ – ਆਪਣਾ ਪ੍ਰਤੀਨਿਧ ਬਣਾ ਕੇ ਅਕਬਰ ਦੇ ਦਰਬਾਰ ਵਿੱਚ ਭੇਜ ਦਿੱਤਾ। ਬਾਦਸ਼ਾਹ ਨੇ ਸਾਰੀ ਗੱਲ-ਬਾਤ ਸੁਣ ਕੇ ਇਹ ਫ਼ੈਸਲਾ ਕੀਤਾ ਕਿ :-

*"ਮੈਂ ਕਿਸੇ ਦੇ ਧਰਮ ਵਿੱਚ ਦਖ਼ਲ ਨਹੀਂ ਦਿੰਦਾ ਅਤੇ ਮੈਨੂੰ ਇਹਨਾਂ ਦੇ ਖ਼ਿਆਲ ਬਹੁਤ ਪਸੰਦ ਹਨ। ਇਹ ਫ਼ੈਸਲਾ ਸੁਣ ਕੇ ਉਹ ਸਭ ਫ਼ਰਿਆਦੀ ਸ਼ਰਮਿੰਦੇ ਹੋ ਕੇ ਆਪਣੇ ਘਰਾਂ ਨੂੰ ਚਲੇ ਆਏ। ਅਕਬਰ ਬਾਦਸ਼ਾਹ ਨੇ ਸ੍ਰੀ ਰਾਮਦਾਸ ਜੀ ਦੀ ਵੱਡੀ ਇੱਜ਼ਤ ਕੀਤੀ।"*

*(ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 15)*

ਇਤਿਹਾਸ ਇਹ ਦੱਸਦਾ ਹੈ ਕਿ ਇੱਕ ਵਾਰ ਗੁਰੂ ਜੀ ਤੀਰਥਾਂ ਵਲ ਜਾ ਰਹੇ ਸਨ। ਇੱਕ ਥਾਂ ਟੈਕਸ ਵਸੂਲ ਕਰਨ ਵਾਲਿਆਂ ਨੇ ਆਪ ਨੂੰ ਤੇ ਆਪ ਦੇ ਸਾਥੀਆਂ ਨੂੰ ਰੋਕ ਲਿਆ ਤੇ ਇਹ ਕਿਹਾ ਕਿ ਟੈਕਸ ਵਸੂਲ ਕੀਤੇ ਬਿਨਾਂ ਓਹਨਾਂ ਨੂੰ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ ਕਿਹਾ ਕਿ ਅਸੀਂ ਤਾਂ ਫ਼ਕੀਰ ਹਾਂ। ਅਸੀਂ ਕੋਈ ਟੈਕਸ ਨਹੀਂ ਦੇ ਸਕਦੇ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਦ ਇਹ ਗੱਲ ਅਕਬਰ ਤਕ ਪੁੱਜੀ, ਤਾਂ ਉਸ ਨੇ ਮਹਿਸੂਲ ਦੀ ਮਾਫ਼ੀ ਦਾ ਹੁਕਮ ਦੇ ਦਿੱਤਾ ਤੇ ਠੇਕੇਦਾਰਾਂ ਨੂੰ ਆਖ ਦਿੱਤਾ ਕਿ ਗੁਰੂ ਅਮਰਦਾਸ ਜੀ ਤੇ ਉਹਨਾਂ ਦੇ ਸਾਰੇ ਸਾਥੀਆਂ ਤੋਂ ਕੋਈ ਟੈਕਸ ਨਾ ਲਿਆ ਜਾਏ। (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 70)

ਇਸ ਤੋਂ ਛੁੱਟ ਗਿਆਨੀ ਜੀ ਨੇ ਅਕਬਰ ਦਾ ਗੋਇੰਦਵਾਲ ਆਉਣਾ ਤੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨਾ ਅਤੇ 50 ਮੁਹਰਾਂ ਗੁਰੂ ਜੀ ਦੀ ਭੇਟ ਕਰਨਾ ਵੀ ਵਰਣਨ ਕੀਤਾ ਹੈ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 407)

ਇੱਕ ਸਿੱਖ ਵਿਦਵਾਨ ਨੇ ਅਕਬਰ ਬਾਰੇ ਇਹ ਲਿਖਿਆ ਹੈ ਕਿ :-

*"ਸਾਰੇ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਅਕਬਰ ਸੁਲਹਕੁਲ ਕੇ ਧਾਰਮਕ ਰੁਚੀਆਂ ਰੱਖਣ ਵਾਲਾ ਬਾਦਸ਼ਾਹ ਸੀ।... ਅਕਬਰ ਨੂੰ ਹਰ ਕੋਈ ਸਵੇਰ ਵੇਲੇ ਸਜਦੇ ਵਿਚ ਵੇਖ ਸਕਦਾ ਸੀ। ਉਸ ਨੇ ਵੱਖ ਵੱਖ ਧਰਮਾਂ ਦੇ ਗੁਣ ਸੁਣਨ ਤੇ ਸਮਝਣ ਲਈ ਆਗਰੇ ਵਿੱਚ ਇਬਾਦਤਖਾਨਾ ਵੀ ਬਣਾਇਆ ਸੀ।... ਸਿੱਖ ਵਿਦਵਾਨਾਂ ਨੂੰ ਉਸ ਨੇ ਇਬਾਦਤਖ਼ਾਨੇ ਵਿੱਚ ਸਤਿਕਾਰ ਵਾਲੀ ਥਾਂ ਦਿੱਤੀ।... ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੇ ਸਮੇਂ ਵਿਰੋਧੀਆਂ ਨੇ ਈਰਖਾ ਕਰਦੇ ਹੋਏ ਸ਼ਕਾਇਤਾਂ ਕੀਤੀਆਂ। ਸ਼ਕਾਇਤਾਂ ਦਾ ਧੁਰਾ ਸੀ ਕਿ ਇਕ ਨਵਾਂ ਧਰਮ ਚੱਲਿਆ ਹੈ ਜੋ ਵਰਣਾਂ ਨੂੰ ਨਹੀਂ ਮੰਨਦਾ। ਜਿਸ ਦੇ ਧਾਰਨੀਆਂ ਨੇ ਦੇਵ ਬਾਣੀ ਸੰਸਕ੍ਰਿਤ ਛੱਡ ਦਿੱਤੀ ਹੈ। ਤਰੈਕਾਲ ਸੰਧਿਆ ਨਹੀਂ ਕਰਦੇ। ਸ਼ਰਾਧ, ਕਿਰਿਆ ਅਤੇ ਹੋਰ ਰਸਮਾਂ ਨੂੰ ਤਲਾਂਜਲੀ ਦੇ ਦਿੱਤੀ ਹੈ। ਤੇ ਸਭ ਤੋਂ ਵੱਧ ਇਹ ਗੱਲ ਹਕੂਮਤ ਦੇ ਵਿਰੁੱਧ ਭੜਕਾਂਦੇ ਹਨ। ਅਕਬਰ ਨੇ ਸ਼ਕਾਇਤਾਂ ਸੁਣੀਆਂ ਤਾਂ ਸਹੀ, ਪਰ ਧਿਆਨ ਦੇਣ ਦੀ ਬਜਾਇ ਗੁਰੂ ਅਮਰਦਾਸ ਜੀ ਦੀ ਅਜ਼ਮਤ ਅੱਗੇ ਸਿਰ ਨਿਵਾਇਆ ਤੇ ਬੀਬੀ ਭਾਨੀ ਦੇ ਨਾਮ ਨਾਲ 22 ਪਿੰਡਾਂ ਦੀ ਜਾਗੀਰ ਲਗਾ ਦਿੱਤੀ।"*

*(ਰਸਾਲਾ ਸੀਸ ਗੰਜ ਦਿੱਲੀ, ਜੂਨ 1967)*

ਸਿੱਖ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇੱਕ ਵਾਰ ਗੋਇੰਦਾ ਤੇ ਉਸ ਦੇ ਕੁਝ ਸਾਥੀਆਂ ਨੇ ਲਾਹੌਰ ਪੁਜ ਕੇ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਤੋਂ ਬੇਦਖ਼ਲ ਕਰਨ ਦਾ ਦਾਅਵਾ ਵੀ ਕੀਤਾ ਸੀ ਅਤੇ ਆਪਣੇ ਇਸ ਦਾਅਵੇ ਵਿੱਚ ਇਹ ਵੀ ਲਿਖਿਆ ਸੀ ਕਿ ਗੁਰੂ ਗੋਇੰਦਵਾਲ ਤੇ ਆਪਣਾ ਅਧਿਕਾਰ ਜਮਾਉਣਾ ਚਾਹੁੰਦੇ ਹਨ। ਆਪਣੇ ਇਸ ਵਿਚਾਰ ਦੀ ਪੂਰਤੀ ਲਈ ਉੱਥੇ ਇੱਕ ਬਾਉਲੀ ਵੀ ਬਣਾਉਣ ਦੇ ਚਾਹਵਾਨ ਹਨ, ਉਹਨਾਂ ਨੂੰ ਇਸ ਤੋਂ ਰੋਕ ਦਿੱਤਾ ਜਾਏ। ਸੂਬੇਦਾਰ ਲਾਹੌਰ ਜਾਫਰ ਬੇਗ ਨੇ ਗੁਰੂ ਜੀ ਨੂੰ ਲਾਹੌਰ ਸੱਦਿਆ। ਗੁਰੂ ਜੀ ਆਪ ਤਾਂ ਨਾ ਆਏ। ਹਾਂ, ਉਹਨਾਂ ਨੇ ਗੁਰੂ ਰਾਮਦਾਸ ਜੀ ਤੇ ਭਾਈ ਬੁੱਢਾ ਜੀ ਨੂੰ ਭੇਜ ਦਿੱਤਾ। ਉਹਨਾਂ ਨੇ ਲਾਹੌਰ ਜਾ ਕੇ ਗੋਇੰਦਾ ਤੇ ਉਸ ਦੇ ਸਾਥੀਆਂ ਦੀਆਂ ਸਾਰੀਆਂ ਗੱਲਾਂ ਦੇ ਮੂੰਹ ਤੋੜ ਉੱਤਰ ਦਿੱਤੇ। ਹਾਕਮ ਨੇ ਸਾਰੀ ਗੱਲ-ਬਾਤ ਸੁਣ ਕੇ ਇਹ ਕਿਹਾ ਕਿ ਉਹ ਆਪ ਗੋਇੰਦਵਾਲ ਗਿਆ ਤੇ ਉੱਥੇ ਗੁਰੂ ਜੀ ਦਾ ਲੰਗਰ ਆਦਿ ਵੇਖ ਕੇ ਵੱਡਾ ਖ਼ੁਸ਼ ਹੋਇਆ ਤੇ ਉਸੇ ਮੁਕੱਦਮੇ ਦੇ ਸੰਬੰਧ ਵਿੱਚ ਲੋਕਾਂ ਦੀਆਂ ਗਵਾਹੀਆਂ ਵੀ ਲਈਆਂ। ਓੜਕ ਉਸ ਨੇ

ਇਹ ਫ਼ੈਸਲਾ ਕੀਤਾ ਕਿ ਗੋਇੰਦਾ ਤੇ ਉਸ ਦੇ ਸਾਥੀਆਂ ਦਾ ਦਾਅਵਾ ਝੂਠਾ ਤੇ ਬੇਬੁਨਿਆਦ ਹੈ। ਗੁਰੂ ਅਮਰਦਾਸ ਜੀ ਸੱਚੇ ਹਨ। ਇਸ ਤੋਂ ਮਗਰੋਂ ਗੋਇੰਦੇ ਨੇ ਦਿੱਲੀ ਜਾ ਕੇ ਇਸ ਦੀ ਅਪੀਲ ਕੀਤੀ, ਪਰ ਉੱਥੇ ਵੀ ਇਸ ਦੀ ਕੋਈ ਪੇਸ਼ ਨਾ ਗਈ। ਇਸ ਤੇ ਉਸ ਸਮੇਂ ਦੀ ਰੀਤਿ ਅਨੁਸਾਰ ਗੋਇੰਦਾ ਤੇ ਉਸ ਦੇ ਸਾਥੀ ਬਾਦਸ਼ਾਹ ਦੇ ਅੱਗੇ ਫ਼ਰਿਆਦੀ ਹੋਏ ਤੇ ਉਸ ਦੀ ਸਵਾਰੀ ਅੱਗੇ ਜਾ ਲੇਟੇ, ਪਰ ਇਸ ਤਰ੍ਹਾਂ ਵੀ ਓਹਨਾਂ ਦੀ ਕੋਈ ਨਾ ਸੁਣੀ ਗਈ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 405 ਤੇ ਗੁਰਪ੍ਰਤਾਪ ਸੂਰਜ, ਰਾਸ 1, ਅੰਸੂ 43)

ਗੋਇੰਦੇ ਤੋਂ ਮਗਰੋਂ ਉਸ ਦੇ ਪੁੱਤਰ ਨੇ ਵੀ ਗੁਰੂ ਜੀ ਤੇ ਏਹੋ ਜਿਹਾ ਦਾਅਵਾ ਕੀਤਾ ਸੀ, ਪਰ ਉਹ ਵੀ ਖ਼ਾਰਜ ਹੋ ਗਿਆ ਸੀ।

(ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 81)

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਮਰਵਾਹੇ ਦੇ ਪੁੱਤਰ ਨੇ ਇੱਕ ਵਾਰ ਗੁਰੂ ਦੋਖੀਆਂ ਦੇ ਚੁੱਕੇ ਚੁਕਾਏ ਲਾਹੌਰ ਜਾ ਕੇ ਮੁਸਲਮਾਨ ਹਾਕਮਾਂ ਅੱਗੇ ਇਹ ਸ਼ਕਾਇਤ ਕੀਤੀ ਕਿ ਮੇਰੇ ਪਿਓ ਨੇ ਆਪਣੇ ਪਿੰਡ ਇੱਕ ਸਾਧੂ ਵਸਾਇਆ ਸੀ, ਉਹ ਸਾਡੀਆਂ ਭੋਆਂ ਦੱਬੀ ਜਾਂਦਾ ਹੈ।... ਉਸ ਨੂੰ ਬੇਦਖ਼ਲ ਕੀਤਾ ਜਾਵੇ। ਹਾਕਮ ਨੇ ਪੁਛ-ਪੜਤਾਲ ਕੀਤੀ। ਮੌਕਿਆ ਵੀ ਵੇਖਿਆ ਤੇ ਉਸ ਦੀ ਅਰਜ਼ੀ ਖ਼ਾਰਜ ਕਰ ਦਿੱਤੀ। ਉਸ ਨੇ ਅਕਬਰ ਪਾਸ ਅਪੀਲ ਕੀਤੀ। ਬਾਦਸ਼ਾਹ ਨੇ ਪੜਤਾਲ ਕਰ ਕੇ ਉਸ ਨੂੰ ਝਾੜ ਪਾਈ ਤੇ ਉਸ ਨੂੰ ਸਣੇ ਉਸ ਦੇ ਨੌਕਰ ਦੇ ਧੱਕੇ ਮਾਰ ਕੇ ਕੱਢ ਦੇਣ ਦਾ ਹੁਕਮ ਦਿੱਤਾ।"*

*(ਸਿੱਖ ਇਤਿਹਾਸ, ਭਾਗ ਪਹਿਲਾ, ਪੰਨਾ 161)*

## ਅਕਬਰ ਵੱਲੋਂ ਜਾਗੀਰ

ਸਿੱਖ ਇਤਿਹਾਸ ਵਿੱਚ ਵਰਣਨ ਹੈ ਕਿ ਅਕਬਰ ਸਿੱਖ ਗੁਰੂ ਸਾਹਿਬਾਨ ਨਾਲ ਸਦਾ ਹੀ ਪ੍ਰੇਮ ਤੇ ਸਤਿਕਾਰ ਭਰਿਆ ਵਰਤਾਉ ਕਰਦਾ ਸੀ, ਇੱਕ ਵਾਰ ਉਹ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਵੀ ਆਇਆ ਸੀ ਤੇ ਉਸ ਨੇ 84 ਪਿੰਡਾਂ ਦੀ ਜਾਗੀਰ ਗੁਰੂ ਜੀ ਦੀ ਭੇਟਾ ਕੀਤੀ ਸੀ, ਜਿਹਾ ਕਿ ਲਿਖਿਆ ਹੈ ਕਿ :-

ਪੁਨ ਕਹਿ ਮੋ ਪੈ ਕਰੁਣਾ ਕੀਜੈ ।
ਕੁਛ ਗਾਉ ਲੰਗਰ ਕੋ ਲੀਜੈ ॥

ਸ੍ਰੀ ਮੁਖ ਸੋਂ ਗੁਰ ਕੀਨ ਉਚਾਰਾ ।
ਰਾਮਦਾਸ ਮਾਲਕ ਨਿਰਧਾਰਾ ॥
ਤਿਨ ਕੋ ਦੇਹ ਸ਼ਾਹ ਦੇਹ ਕੀਨਿ ।
ਚੌਰਾਸੀ ਗਾਉਂ ਗੁਰ ਕੋ ਦੀਨਿ ॥
ਰਾਮਦਾਸ ਗੁਰ ਗਾਉਂ ਸੋ ਪਾਏ ।
ਇੱਛਾ ਸ਼ਾਹ ਕੀ ਪੂਰ ਕਰਾਏ ॥

(ਗੁਰ ਬਿਲਾਸ, ਪ: 6, ਅ: 1)

ਬਾਵਾ ਸਰੂਪ ਚੰਦ ਜੀ ਭੱਲੇ ਦੇ ਕਥਨ ਅਨੁਸਾਰ ਇਹ ਭੋਇੰ ਗੁਰੂ ਜੀ ਨੇ ਆਪ ਹੀ ਮੰਗੀ ਸੀ, ਜਿਹਾ ਕਿ ਉਹ ਲਿਖਦੇ ਹਨ ਕਿ :-

ਬਾਦਸ਼ਾਹ ਬਿਨਤੀ ਪੁਨ ਕੀਨੀ ।
ਤਬ ਸਤਿਗੁਰ ਤਿਸੇ ਤਸੱਲੀ ਦੀਨੀ ।
ਕੁਛ ਕੁ ਭੂਮ ਬਲੂ ਮੰਗ ਲੀਨੀ ।
ਲਿਖ ਬਾਦਸ਼ਾਹਿ ਆਇਸ ਕਰ ਦਈ ।
ਸਤਿਗੁਰ ਦੇ ਸਿਖ ਤਾ ਮੌ ਬਸੇ ।
ਕਰੇ ਅਨੰਦ ਸਤਿਗੁਰ ਰੰਗ ਰਸੇ ।
ਅਕਬਰ ਸ਼ਾਹ ਬਿਦਾ ਤਬ ਭਇਆ ।
ਸਤ ਪ੍ਰੇਮ ਮਨ ਮੌ ਥਿਰ ਥੈਆ ।

(ਮਹਿਮਾ ਪ੍ਰਕਾਸ਼, ਸਾਖੀ 106)

ਗਿਆਨੀ ਈਸ਼ਰ ਸਿੰਘ ਜੀ ਨਾਰਾ ਨੇ ਇਸ ਜਾਗੀਰ ਬਾਰੇ ਇਹ ਵਣਨਣ ਕੀਤਾ ਹੈ ਕਿ :-

*"ਅਕਬਰ ਬਾਦਸ਼ਾਹ ਗੁਰੂ ਅਮਰ ਦੇਵ ਜੀ ਦੇ ਦਰਸ਼ਨ ਨੂੰ ਗੋਇੰਦਵਾਲ ਆਇਆ।... ਆਪਣੇ ਭਲੇ ਨੂੰ ਮੁੱਖ ਰੱਖਦੇ ਹੋਇਆਂ ਉਸ ਨੇ 84 ਪਿੰਡਾਂ ਦਾ ਪਰਗਨਾ ਲੰਗਰ ਵਾਸਤੇ ਭੇਟ ਕੀਤਾ, ਪਰ ਗੁਰੂ ਜੀ ਨੇ ਲੈਣ ਥੀਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਜੋ ਦੇਣਾ ਕਰ ਚੁੱਕਾ ਸੀ, ਇਸ ਨੇ ਉਹ ਪਟਾ ਲਿਖ ਕੇ ਬੀਬੀ ਭਾਨੀ ਜੀ ਦੀ ਝੋਲੀ ਪਾਇਆ ਕਿ ਮੇਰੀ ਵੱਲੋਂ ਧੀ ਜਾਣ ਕੇ ਇਹ ਦਾਜ ਵਜੋਂ ਪ੍ਰਵਾਨ ਕੀਤਾ ਜਾਏ। ਇਸ ਤਰ੍ਹਾਂ ਨਾਲ ਗੁਰੂ ਜੀ ਨੇ ਮੰਨ ਲਿਆ ਸੀ।"*

*(ਇਤਿਹਾਸ ਬਾਬਾ ਸ੍ਰੀ ਚੰਦ ਸਾਹਿਬ, ਪੰਨਾ 339 ਟੂਕ)*

ਸ: ਸਾਧੂ ਸਿੰਘ ਜੀ "ਹਮਦਰਦ" ਲਿਖਦੇ ਹਨ ਕਿ :-

*"ਗੁਰੂ ਅਮਰਦਾਸ ਦੇ ਦਰਬਾਰ ਵਿੱਚ ਸ਼ਹਿਨਸ਼ਾਹ ਅਕਬਰ ਆਇਆ। ਉਹ ਇੱਕ ਸਿਆਸੀ ਹੈਡ ਸੀ।ਜਦੋਂ ਉਸ ਨੇ ਗੁਰੂ ਮਹਾਰਾਜ ਦੇ ਦਰਸ਼ਨ ਲਈ ਬੇਨਤੀ ਕੀਤੀ, ਤਾਂ ਮਹਾਰਾਜ ਨੇ ਹਦਾਇਤ ਕੀਤੀ ਕਿ ਅਕਬਰ ਪਹਿਲਾਂ ਸੰਗਤ ਵਿੱਚ ਬੈਠ ਕੇ ਲੰਗਰ ਛਕੇ ਤਾਂ ਦਰਸ਼ਨਾਂ ਲਈ ਆਵੇ। ਸ਼ਹਿਨਸ਼ਾਹ ਅਕਬਰ ਨੇ ਸੰਗਤ ਵਿੱਚ ਬੈਠ ਕੇ ਲੰਗਰ ਛਕਿਆ, ਤਾਂ ਉਸ ਨੂੰ ਬੜਾ ਅਨੰਦ ਆਇਆ। ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਗਏ, ਤਾਂ ਉਹਨਾਂ ਨੇ ਗੁਰੂ ਮਹਾਰਾਜ ਨੂੰ ਪੰਜ ਸੌ ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ। ਸਾਹਿਬਾਂ ਫਰਮਾਇਆ ਕਿ ਉਹ ਫ਼ਕੀਰ ਲੋਕ ਹਨ, ਉਹਨਾਂ ਨੇ ਜਾਇਦਾਦ ਕੀ ਕਰਨੀ ਹੈ ? ਅਕਬਰ ਨੇ ਪਾਸ ਬੈਠੀ ਗੁਰੂ ਜੀ ਦੀ ਬੇਟੀ ਭਾਨੀ ਜੀ ਨੂੰ ਇਹ ਜ਼ਮੀਨ ਦੇ ਦਿੱਤੀ।"*

*(ਅਜੀਤ ਜਲੰਧਰ, 15 ਜੂਨ 1977)*

ਅਰਥਾਤ :-

*"ਅਕਬਰ ਨੇ ਗੁਰੂ ਕੇ ਲੰਗਰ ਲਈ ਸ੍ਰੀ ਗੋਇੰਦਵਾਲ ਦੇ ਇਰਦ ਗਿਰਦ ਦੀ ਸਾਰੀ ਜ਼ਮੀਨ ਅਰਦਾਸ ਕਰਵਾ ਦਿੱਤੀ ਸੀ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਅਗਸਤ 1960)*

ਏਹਨਾਂ ਚੌਰਾਸੀ ਪਿੰਡਾਂ ਦੀ ਫ਼ਹਿਰਿਸਤ ਵੀ ਸਿੱਖ ਲਿਟਰੇਚਰ ਵਿੱਚ ਦਿੱਤੀ ਗਈ ਹੈ, ਜੋ ਇਸ ਤਰ੍ਹਾਂ ਹੈ :-

| | | | | | |
|---|---|---|---|---|---|
| 1. | ਝਬਾਲ | 2. | ਗਿਦੜੀ | 3. | ਬਘਿਆੜੀ |
| 4. | ਐਮਾ | 5. | ਠੱਟਾ | 6. | ਕਸੇਲ |
| 7. | ਢੰਡ | 8. | ਸੁਰਸਿਹੁੰ | 9. | ਸਿੰਘਪੁਰਾ |
| 10. | ਨੂਰਦੀ | 11. | ਪੰਡੋਰੀ ਤਖਤ ਮਲ | 12. | ਚੱਬਾ |
| 13. | ਗਲਵਾਲੀ | 14. | ਇੱਬਣ | 15. | ਬਹੋੜੂ |
| 16. | ਖੈਰਦੀ | 17. | ਮੀਆਂਪੁਰ | 18. | ਜਗਤਪੁਰ |
| 19. | ਫੱਟਾਗੜ੍ਹ | 20. | ਸਾਹਝਣਾ | 21. | ਬਾਸਰਕੇ |
| 22. | ਖਾਪੜ ਖੇੜੀ | 23. | ਥਾਂਦੇ | 24. | ਮੂਲੋਚੱਕ |
| 25. | ਭਰਾੜੀਵਾਲ | 26. | ਗੁਮਾਨਪੁਰ | 27. | ਰਾਮਪੁਰ |
| 28. | ਵਡਾਲੀ ਗੁਰੂ | 29. | ਕੋਟ ਸੈਦ ਮਹਿਮੂਦ | 30. | ਗੋਲਵੜ |
| 31. | ਰਟੌਲ | 32. | ਵਰਪਾਲ | 33. | ਚਾਟੀਵਿੰਡ |
| 34. | ਛੀਤੇਕਲਾਂ | 35. | ਸੁਲਤਾਨਵਿੰਡ | 36. | ਦੁਬੁਰਜੀ |

| | | | | | |
|---|---|---|---|---|---|
| 37. | ਤੁੰਗ | 38. | ਵੱਲਾ | 39. | ਵੇਰਕਾ |
| 40. | ਨੰਗਲੀ | 41. | ਨੁਸ਼ਹਿਰਾ | 42. | ਬਿਲ |
| 43. | ਮੁਰਾਦਪੁਰਾ | 44. | ਗੁਮਟਾਲਾ | 45. | ਬਲਸੁਚੰਦ੍ਰ |
| 46. | ਹੇਹਰ ਕੰਬੋ | 47. | ਮੀਰਾਂ ਕੋਟ | 48. | ਪਾਹਲ |
| 49. | ਘਨੂਪੁਰ ਵਾਲਾ | 50. | ਖ਼ੈਰਾਬਾਦ | 51. | ਧੌਲਕਲਾਂ |
| 52. | ਖਾਸਾ | 53. | ਖੁਰਮਲੀਆਂ | 54. | ਹੁਸ਼ਿਆਰਨਗਰ |
| 55. | ਨਥੂਪੁਰ | 56. | ਤਾਜੂਚੱਕ | 57. | ਭਕਨਾ |
| 58. | ਚੀਚਾ | 59. | ਮਰਾਣਾ | 60. | ਰਾਜਾ ਤਾਲ |
| 61. | ਭਰੋਪਾਲ | 62. | ਭੁੱਸੇ | 63. | ਦੋਦੇ |
| 64. | ਲੀਹਾ | 65. | ਸੁਖੇਚੱਕ | 66. | ਗੰਡੀਵਿੰਡ |
| 67. | ਸਰਾਇ ਇਮਾਨਤ ਖਾਨ | | | 68. | ਨੁਸ਼ਹਿਰਾ ਕਾਲਾ |
| 69. | ਚਾਹਲ | 70. | ਭੁੱਚਰ | 71. | ਸੋਹਲ |
| 72. | ਗੱਗੋ ਬੂਹਾ | 73. | ਪੰਜ ਵੜ | 74. | ਲਾਲੂ ਘੁੰਮਣ |
| 75. | ਮੂਲੋਵਾਲ | 76. | ਮੂਸੇਪੁਰ | 77. | ਪਲਾਚੋਰ |
| 78. | ਰਸੂਲ ਪੁਰਾ | 79. | ਮੁਗਲ ਚੱਕ | 80. | ਰੂੜੇ ਹਾਸਲ |
| 81. | ਕੱਟ ਗਿਲ | 82. | ਪੰਡੋਰੀ ਗੋਲਾ | 83. | ਮਲੀਆਂ |
| 84. | ਦੇਉ। | | (ਗੁਰਧਾਮ ਦੀਦਾਰ, ਪੰਨਾ 89-90) | | |

ਗਿਆਨੀ ਠਾਕਰ ਸਿੰਘ ਜੀ ਨੇ ਅਕਬਰ ਦਾ 85 ਪਿੰਡਾਂ ਦੀ ਜਾਗੀਰ ਦੇਣਾ ਵਰਨਣ ਕੀਤਾ ਹੈ। (ਗੁਰਦੁਆਰੇ ਦਰਸ਼ਨ, ਪੰਨਾ 613)

ਇੱਕ ਹੋਰ ਵਿਦਵਾਨ ਨੇ ਅਕਬਰ ਦਾ 80 ਪਿੰਡ ਭੇਟ ਕਰਨਾ ਲਿਖਿਆ ਹੈ। (ਸ਼ੇਰਿ ਪੰਜਾਬ, 10 ਜੂਨ 1956, ਅਸ਼ਟ ਗੁਰੂ ਚਮਤਕਾਰ ਭਾਗ 1, ਸੈ ਚੀ 2, ਪੰਨਾ 53; ਗੁਰਪ੍ਰਤਾਪ ਸੂਰਜ, ਰਾਸ 2, ਅੰਸੂ 10; ਪੰਥ ਪ੍ਰਕਾਸ਼ ਨਿਵਾਸ 11; ਇਸਲਾਮ ਐਂਡ ਸਿੱਖ ਇਜ਼ਮ, ਪੰਨਾ 137)।

ਇੱਕ ਸਿੱਖ ਵਿਦਵਾਨ ਨੇ ਇਸ ਜਾਗੀਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ :-

*"ਅਕਬਰ ਤੋਂ ਪਹਿਲਾਂ ਵੀ ਭਾਵੇਂ ਇਸਲਾਮੀ ਪਾਤਸ਼ਾਹਾਂ ਨੇ ਗੁਰੂਘਰ ਨਾਲ ਪ੍ਰੇਮ ਕੀਤਾ ਸੀ, ਪਰ ਇਸ ਪਾਤਸ਼ਾਹ ਨੇ ਇਸਲਾਮ ਦਾ ਸਿੱਖੀ ਨਾਲ ਉਹ ਰਿਸ਼ਤਾ ਜੋੜਿਆ, ਜੋ ਕਦੇ ਟੁੱਟਣ ਵਾਲਾ ਨਹੀਂ; ਪਰਗਨਾ ਝਬਾਲ ਦੇ 84 ਪਿੰਡ ਸ੍ਰੀ ਗੁਰੂ ਅਮਰ ਦੇਵ ਪਾਤਸ਼ਾਹ ਜੀ ਦੀ*

*ਸਪੁਤ੍ਰੀ ਬੀਬੀ ਭਾਨੀ ਜੀ ਦੇ ਨਾਉ ਅਰਪਨ ਕੀਤੇ, ਜਿਨ੍ਹਾਂ ਵਿੱਚ ਦੀਨ ਦੁਨੀ ਦਾ ਕੇਂਦਰ ਸ੍ਰੀ ਅੰਮ੍ਰਿਤਸਰ ਜੀ ਸੁਭਾਇਮਾਨ ਹੈ।"*

*(ਉਪਦੇਸ਼ਕ, ਜੁਲਾਈ 1933)*

ਸਚਮੁਚ ਅਕਬਰ ਬਾਦਸ਼ਾਹ ਦਾ 84 ਪਿੰਡ ਜਾਗੀਰ ਵਜੋਂ ਅਰਪਣ ਕਰਨਾ ਤੇ ਉਸ ਜਾਗੀਰ ਵਿੱਚ ਅੰਮ੍ਰਿਤਸਰ ਤੇ ਸ੍ਰੀ ਦਰਬਾਰ ਸਾਹਿਬ ਦਾ ਬਣਾਇਆ ਜਾਣਾ ਸਿੱਖ-ਮੁਸਲਿਮ ਏਕਤਾ ਦੀ ਇਕ ਅਤੁੱਟ ਇਤਿਹਾਸਕ ਯਾਦਗਾਰ ਹੈ, ਪਰ ਸ਼ੋਕ ਕਿ ਅਜੇਹੀਆਂ ਸੋਹਣੀਆਂ ਤੇ ਚੰਗੀਆਂ ਚੰਗੀਆਂ ਗੱਲਾ ਨੂੰ ਅੱਖੋਂ ਉਹਲੇ ਕੀਤਾ ਜਾ ਰਿਹਾ ਹੈ।

ਸ:ਬ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਮੁਗਲ ਬਾਦਸ਼ਾਹਾਂ ਨੇ ਬਾਉਲੀ ਸਾਹਿਬ ਨਾਲ ਵੀ 1155 ਰੁਪਏ ਸਾਲਾਨਾ ਜਾਗੀਰ ਲਾਈ ਸੀ; ਜਿਹਾ ਕਿ ਉਹਨਾਂ ਦਾ ਕਥਨ ਹੈ :-

*"ਬਾਵਲੀ ਸਾਹਿਬ... ਮੁਗ਼ਲ ਬਾਦਸ਼ਾਹਾਂ ਦੇ ਵੇਲੇ ਦੀ ਜਾਗੀਰ 1155 ਰੁਪਈਏ ਗੋਇੰਦਵਾਲ, ਟੋਡੇਵਾਲ, ਦੁੱਗਲ ਵਾਲਾ ਅਤੇ ਫਤਹਿ ਚੱਕ ਵਿਚ ਹੈ।"* *(ਮਹਾਨ ਕੋਸ਼, ਪੰਨਾ 320)*

ਅਕਬਰ ਨੇ ਕੇਵਲ ਜ਼ਮੀਨ ਹੀ ਨਹੀਂ ਦਿੱਤੀ ਸੀ, ਸਗੋਂ ਆਪਣੇ ਫੌਜੀ ਵੀ ਕਾਰ ਸੇਵਾ ਲਈ ਭੇਜੇ ਸਨ ਜਿਹਾ ਕਿ :-

*"ਅਕਬਰ ਦਾ ਗੁਰੂ ਘਰ ਨਾਲ ਅਤੁੱਟ ਸੰਬੰਧ ਪੈਦਾ ਹੋ ਗਿਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨਾਲ ਅਕਬਰ ਦਾ ਪਿਆਰ ਹੋਰ ਵੀ ਪੈਦਾ ਹੋ ਗਿਆ, ਜਿਸ ਵੇਲੇ ਅੰਮ੍ਰਿਤਸਰ ਦੇ ਸਰੋਵਰ ਦੀ ਸੇਵਾ ਕੀਤੀ ਜਾ ਰਹੀ ਸੀ ਤਾਂ ਅਕਬਰ ਆਪਣੇ ਲਾਓ ਲਸ਼ਕਰ ਸਮੇਤ ਹਜ਼ੂਰ ਹਾਜ਼ਰ ਹੋਇਆ। ਮੁਗ਼ਲ ਫ਼ੌਜਾਂ ਨੇ ਬਹੁਤ ਸਾਰੀ ਸੇਵਾ ਕੀਤੀ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਅਗਸਤ 1957)*

1923 ਵਿੱਚ ਜਦ ਸਿੱਖਾਂ ਨੇ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕੀਤੀ ਸੀ, ਤਾਂ ਉਦੋਂ ਵੀ ਦੋ ਸੌ ਮੁਸਲਮਾਨਾਂ ਨੇ ਇਸ ਵਿੱਚ ਹਿੱਸਾ ਲਿਆ ਸੀ, ਜਿਹਾ ਵਰਣਨ ਹੈ ਕਿ :-

*"ਦੋ ਸੌ ਮੁਸਲਮਾਨ ਮਰਦ, ਤੀਵੀਆਂ ਤੇ ਬੱਚੇ ਪ੍ਰੇਮ ਨਾਲ ਸੇਵਾ ਕਰਦੇ ਰਹੇ। ਸੇਵਾ ਤੋਂ ਵਿਹਲੇ ਹੋ ਕੇ ਓਹ ਹੋਰਨਾਂ ਦੇ ਨਾਲ ਸੰਗਤ ਵਿੱਚ ਬਹਿ ਕੇ ਲੰਗਰ ਤੋਂ ਪ੍ਰਸ਼ਾਦ ਛਕਦੇ ਤੇ ਲੰਗਰ ਪਾਸ ਗੁਰੂ ਕੇ ਬਾਗ਼ ਵਿੱਚ ਨਿਮਾਜ਼ ਪੜ੍ਹਿਆ ਕਰਦੇ ਸਨ।" (ਰਸਾਲਾ ਸੀਸ ਗੰਜ ਦਿੱਲੀ, ਨਵੰਬਰ 1976)*

ਕਈ ਹੋਰਨਾਂ ਨੇ ਵੀ ਇਸ ਦਾ ਵਰਣਨ ਕੀਤਾ ਹੈ। (ਮਾਲਵਾ ਇਤਿਹਾਸ ਭਾਗ 3, ਪੰਨਾ 602 ਤੇ ਗੁਰਮਤਿ ਪ੍ਰਕਾਸ਼ ਜੂਨ 1964), ਗਿਆਨੀ ਗੁਰਦਿੱਤ ਸਿੰਘ ਜੀ ਐਡੀਟਰ 'ਸਿੰਘ ਸਭਾ ਪਤ੍ਰਿਕਾ' ਨੇ ਪ੍ਰਕਾਸ਼ਿਆ ਹੈ ਕਿ ਜਦ ਦਰਬਾਰ ਸਾਹਿਬ ਦੇ ਸਰੋਵਰ ਵਾਸਤੇ ਹੰਸਲੀ ਬਣਾਈ ਜਾ ਰਹੀ ਸੀ, ਤਾਂ ਕਈ ਪਰਦੇ ਨਸ਼ੀਨ ਮੁਸਲਮਾਨ ਤੀਵੀਆਂ ਨੇ ਪਰਦੇ ਦੀ ਰਿਆਇਤ ਨਾਲ ਸੇਵਾ ਕੀਤੀ ਸੀ।

*(ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ, ਅਪ੍ਰੈਲ 1977)*

ਸ: ਕਰਮ ਸਿੰਘ ਜੀ ਹਿਸਟੋਰੀਅਨ ਦਾ ਕਥਨ ਹੈ ਕਿ :-

*''ਲਾਹੌਰ ਦੇ ਸੂਬਾ ਅਸਲਮ ਖ਼ਾਨ ਨੇ ਨਵਾਬ ਕਪੂਰ ਸਿੰਘ ਨੂੰ ਨਵਾਬੀ ਦਾ ਖ਼ਿਤਾਬ ਦਿੱਤਾ ਸੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਨਾਮ 19 ਪਿੰਡਾ ਦੀ ਜਾਗੀਰ ਲਾਈ ਸੀ।''*

*(ਬਹੁਮੁੱਲੇ ਇਤਿਹਾਸਕ ਲੇਖ, ਪੰਨਾ 13, ਫੁਲਵਾੜੀ ਦਾ ਸਿੱਖ ਇਤਿਹਾਸ ਨੰਬਰ, ਜਨਵਰੀ 1930)*

ਓਧਰ :-

*''ਗੁਰੂ ਰਾਮਦਾਸ ਜੀ ਨੇ ਗੁਰੂ ਕੇ ਚੱਕ ਵਿਖੇ ਮੁਸਲਮਾਨਾਂ ਲਈ ਇਕ ਮਸਜਿਦ ਆਪਣੇ ਖ਼ਰਚ ਤੇ ਬਣਵਾਈ।''*

*(ਗੁਰਮਤਿ ਪ੍ਰਕਾਸ਼, ਅਕਤੂਬਰ 1962)*

ਸਿੱਖ ਇਤਿਹਾਸ ਦੱਸਦਾ ਹੈ ਕਿ ਅਕਬਰ ਨੇ ਚਤੌੜ ਦੀ ਲੜਾਈ ਵਿੱਚ ਗੁਰੂ ਅਮਰਦਾਸ ਜੀ ਦੇ ਵਰ ਨਾਲ ਜਿੱਤ ਪ੍ਰਾਪਤ ਕੀਤੀ ਸੀ। ਇਸ ਤੇ ਉਸ ਨੇ ਗੋਇੰਦਵਾਲ ਵਿੱਚ ਬਣਾਈ ਜਾ ਰਹੀ ਬਾਉਲੀ ਵਾਸਤੇ ਆਪਣੇ ਕਾਰੀਗਰ ਭੇਜ ਦਿਤੇ ਸਨ। (ਤਵਾਰੀਖ਼ ਗੁਰੂ ਖਾਲਸਾ ਉਰਦੂ, ਪੰਨਾ 83) ਇਸ ਬਾਉਲੀ ਦੇ ਬਣਾਉਣ ਵਿੱਚ ਮਿਰਜ਼ਾ ਤਾਹਿਰ ਬੇਗ ਨੇ ਵੀ ਚੋਖੀ ਸਹਾਇਤਾ ਕੀਤੀ ਸੀ। (ਤਵਾਰੀਖ ਗੁਰੂ ਖਾਲਸਾ ਉਰਦੂ, ਪੰਨਾ 82) ਸ: ਬ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਇਸ ਬਾਉਲੀ ਨਾਲ ਮੁਗਲ ਬਾਦਸ਼ਾਹਾਂ ਨੇ ਜਾਗੀਰ ਲਾਈ ਸੀ, ਜੋ 1155) ਸਾਲਾਨਾ ਹੈ। (ਮਹਾਨ ਕੋਸ਼, ਪੰਨਾ 1277)

ਸ: ਹੁਸ਼ਿਆਰਾ ਸਿੰਘ ਜੀ ਲਿਖਦੇ ਹਨ ਕਿ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੀ ਪ੍ਰੇਰਨਾ ਤੇ ਸਤੀ ਰਸਮ ਵੀ ਬੰਦ ਕਰ ਦਿੱਤੀ ਸੀ, ਜਿਹਾ ਕਿ ਲਿਖਿਆ ਹੈ ਕਿ :-

*''ਸ੍ਰੀ ਗੁਰੂ ਅਮਰਦਾਸ ਜੀ ਨੇ ਅਕਬਰ ਬਾਦਸ਼ਾਹ ਨੂੰ ਆਖ ਕੇ ਸ਼ਾਹੀ ਐਲਾਨ ਭੀ ਜਾਰੀ ਕਰਵਾਇਆ ਸੀ, ਜਿਸ ਵਿੱਚ ਅਕਬਰ*

*ਬਾਦਸ਼ਾਹ ਨੇ ਲਿਖਿਆ ਸੀ ਕਿ ਮੇਰੇ ਇਲਾਕੇ ਵਿੱਚ ਕਿਸੇ ਨੂੰ ਸਤੀ ਹੋਣ ਪਰ ਮਜਬੂਰ ਨਾ ਕੀਤਾ ਜਾਵੇ।''*

*(ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 150)*

ਅਕਬਰ ਤੋਂ ਬਿਨਾਂ ਹੋਰ ਵੀ ਕਈ ਮੁਸਲਮਾਨਾਂ ਨੇ ਗੁਰੂ ਅਮਰਦਾਸ ਜੀ ਨਾਲ ਪ੍ਰੇਮ ਪਰਗਟ ਕਰਨ ਵਾਸਤੇ ਉਹਨਾਂ ਦੀਆਂ ਯਾਦਗਾਰਾਂ ਨਾਲ ਜਾਗੀਰਾਂ ਲਾਈਆਂ ਸਨ: ਜਿਹਾ ਕਿ ਗੁਰਦੁਆਰਾ ਸੰਨ੍ਹ ਸਾਹਿਬ ਗੁਰੂ ਅਮਰਦਾਸ ਜੀ ਦੀ ਇੱਕ ਇਤਿਹਾਸਕ ਯਾਦਗਾਰ ਹੈ, ਇਸ ਨਾਲ ਇੱਕ ਮੁਸਲਮਾਨ ਰਾਜਪੂਤ ਚੌਧਰੀ ਮੁਹੰਮਦ ਖਾਨ ਨੇ 84 ਏਕੜ ਨਹਿਰੀ ਜ਼ਮੀਨ ਲਾਈ ਸੀ ਅਤੇ 28 ਰੁਪਈਏ ਸਾਲਾਨਾ ਜਾਗੀਰ ਤੇ 125 ਵਿਘੇ ਜ਼ਮੀਨ ਸਾਰੇ ਪਿੰਡ ਵਲੋਂ ਹੈ।

(ਗੁਰਧਾਮ ਦੀਦਾਰ, ਪੰਨਾ 99)

ਅੱਲਾਯਾਰ ਨਾਂ ਦਾ ਮੁਸਲਮਾਨ ਵੀ ਗੁਰੂ ਅਮਰਦਾਸ ਜੀ ਦਾ ਇੱਕ ਪ੍ਰੇਮੀ ਸੀ।

(ਗੁਰੂ ਬੰਸਾਵਲੀ, ਪੰਨਾ 62 ਤੇ ਮਹਾਨ ਕੋਸ਼, ਪੰਨਾ 258)

ਇੱਕ ਸਿੱਖ ਵਿਦਵਾਨ ਜੀ ਨੇ ਗੁਰੂ ਅਮਰਦਾਸ ਜੀ ਬਾਰੇ ਇਹ ਲਿਖਿਆ ਹੈ ਕਿ :-

*''ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਇਲਮੋ-ਫ਼ਜ਼ਲ ਭਰਪੂਰ ਨਗਰ (ਸੁਲਤਾਨਪੁਰ) ਦੇ ਗੁਆਂਢ ਨਵੀਂ ਵੱਸੀ ਬਸਤੀ ਗੋਇੰਦਵਾਲ ਵਿੱਚ 20-25 ਵਰ੍ਹੇ ਵਿਰਾਜ ਕੇ ਰਾਜ ਜੋਗ ਕਮਾਇਆ ਅਤੇ ਏਥੋਂ ਦੇ ਵਸਨੀਕ ਆਲਮਾਂ ਫ਼ਾਜ਼ਲਾਂ ਪਾਸੋਂ ਆਪਣੇ ਸੰਬੰਧੀਆਂ ਤੇ ਹਜ਼ੂਰੀ ਗੁਰਸਿੱਖਾਂ ਨੂੰ ਵਿਦਿਆ ਦੁਆ ਕੇ ਇਸਲਾਮੀ ਰਹੁਰੀਤ ਤੋਂ ਜਾਣੂੰ ਕਰਵਾਇਆ। ਇਸਲਾਮੀ ਰਹਿਣੀ ਬਹਿਣੀ ਤੇ ਸ਼ਾਹੀ ਅਦਬ-ਅਦਾਬ ਦੀ ਇਸਲਾਮੀ ਵਾਕਫ਼ੀਅਤ ਭਾਈ ਗੁਰਦਾਸ ਆਦਿਕਾਂ ਨੇ ਜਾਪਦਾ ਹੈ ਕਿ ਏਥੋਂ ਹੀ ਹਾਸਲ ਕੀਤੀ ਸੀ।'' (ਸੀਸ ਗੰਜ ਦਿੱਲੀ, ਜੁਲਾਈ 1970)*

# ਅਕਬਰ ਤੇ ਗੁਰੂ ਰਾਮਦਾਸ ਜੀ

ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਹੋਏ ਹਨ। ਆਪ ਦਾ ਪਹਿਲਾ ਨਾਂ ਭਾਈ ਜੇਠਾ ਸੀ। ਆਪ ਨੂੰ ਗੁਰੂ ਅਮਰਦਾਸ ਜੀ ਨੇ ਗੁਰਿਆਈ ਦਿੱਤੀ ਸੀ। ਆਪ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਦੇ ਪਤੀ ਸਨ। ਸਿੱਖ ਇਤਿਹਾਸਕਾਰ ਇਹ ਸਵੀਕਾਰ ਕਰਦੇ ਹਨ ਕਿ ਅਕਬਰ ਨੇ ਇਹਨਾਂ ਨਾਲ ਵੀ

ਪਰੇਮ-ਭਰਿਆ ਵਰਤਾਉ ਕੀਤਾ ਸੀ, ਜਿਹਾ ਕਿ ਓਹਨਾਂ ਨੇ ਲਿਖਿਆ ਹੈ ਕਿ 1636 ਵਿੱਚ ਅਕਬਰ ਬਾਦਸ਼ਾਹ ਨੇ ਕਾਬਲ ਤੋਂ ਆਉਂਦਿਆਂ ਗੁਰੂ ਰਾਮਦਾਸ ਜੀ ਦੀ ਮਹਿਮਾ ਸੁਣੀ, ਤਾਂ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ 101 ਮੁਹਰਾਂ ਭੇਟ ਕੀਤੀਆਂ।
(ਤਵਾਰੀਖ ਗੁਰੂ ਖਾਲਸਾ ਉਰਦੂ, ਪੰਨਾ 75)

ਇਸ ਤੋਂ ਛੁੱਟ ਹੋਰ ਇਤਿਹਾਸਕਾਰਾਂ ਨੇ ਵੀ ਅਕਬਰ ਦਾ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਆਉਣਾ ਤੇ ਭੇਟਾ ਪੇਸ਼ ਕਰਨਾ ਵਰਣਨ ਕੀਤਾ ਹੈ। (ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 172 ਤੇ ਤਵਾਰੀਖ ਗੁਰੂ ਸਾਹਿਬਾਨ, ਪੰਨਾ 172 ਤੇ ਤਵਾਰੀਖ ਗੁਰੂ ਖਾਲਸਾ ਪੰਥ)

''ਸੰਮਤ 1633 ਬਿ: ਵਿੱਚ ਅਕਬਰ ਬਾਦਸ਼ਾਹ... ਗੁਰੂ ਜੀ ਦੇ ਦਰਸ਼ਨ ਨੂੰ... ਆਇਆ। ਗੁਰੂ ਸਾਹਿਬ ਭੀ ਫ਼ਕੀਰ ਦੋਸਤ ਨਿਰਪੱਖ ਬਾਦਸ਼ਾਹ ਅਕਬਰ ਨੂੰ ਮਿਲ ਕੇ ਬੜੇ ਪ੍ਰਸੰਨ ਹੋਏ। ਬਾਦਸ਼ਾਹ ਸਤਿਗੁਰੂ ਜੀ ਦੇ ਬਚਨ-ਬਿਲਾਸ ਤੇ ਲੰਗਰ ਆਦਿ ਦੇ ਪ੍ਰਬੰਧ ਨੂੰ ਦੇਖ ਕੇ ਬਹੁਤ ਹੀ ਪ੍ਰਸੰਨ ਹੋਇਆ, ਇਸ ਲਈ ਸੁਲਤਾਨਵਿੰਡ, ਤੁੰਗ, ਗੁਮਟਾਲਾ ਆਦਿਕ ਪਿੰਡਾਂ ਦੀ ਜ਼ਮੀਨ ਗੁਰੂ ਦਾ ਚੱਕ ਦੇ ਨਾਲ ਮਿਲਾ ਕੇ ਮਾਫ਼ੀ ਦਾ ਪਟਾ ਲਿਖ ਦਿੱਤਾ ਤੇ ਹੋਰ ਭੀ ਬਹੁਤ ਸਾਰੀ ਨਕਦੀ ਤੇ ਖ਼ਿਲਅਤ ਆਦਿਕ ਗੁਰੂ ਜੀ ਅੱਗੇ ਭੇਟ ਕੀਤੇ।'' (ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 172)

ਗਿਆਨੀ ਪ੍ਰਤਾਪ ਸਿੰਘ ਜੀ ਆਪਣੀ ਪੁਸਤਕ ਗੁਰਮਤਿ ਸਿੱਧਾਂਤ ਵਿੱਚ ਇੰਮਪੀਰੀਅਲ ਗਜ਼ਟੀਅਰ ਦੇ ਹਵਾਲੇ ਨਾਲ ਲਿਖਦੇ ਹਨ ਕਿ :-

*"Guru Ramdass fitst settled near the tank about 1574 and obtained a grant of the site with 500 Bighas of land from Akbar in 1577."*

*(ਗੁਰਮਤਿ ਸਿਧਾਂਤ, ਪੰਨਾ 44)*

ਅਰਥਾਤ ਗੁਰੂ ਰਾਮਦਾਸ ਜੀ ਨੇ ਸਭ ਤੋਂ ਪਹਿਲਾਂ 1574 ਈ: ਦੇ ਲਾਗੇ ਚਾਗੇ ਸਰੋਵਰ ਦੇ ਨੇੜੇ ਨਿਵਾਸ ਕੀਤਾ ਤੇ 1577 ਈ: ਨੂੰ ਸਰੋਵਰ ਦੀ ਥਾਂ ਦੇ 500 ਵਿਘੇ ਜ਼ਮੀਨ ਅਕਬਰ ਤੋਂ ਪ੍ਰਾਪਤ ਕੀਤੀ।

ਇੱਕ ਸਿੱਖ ਵਿਦਵਾਨ ਸ: ਨਿਰਵੈਰ ਸਿੰਘ ਜੀ ਅਰਸ਼ੀ ਐਮ. ਏ. ਲਿਖਦੇ ਹਨ ਕਿ :-

*''ਆਪ (ਗੁਰੂ ਰਾਮਦਾਸ) ਦੇ ਕਹਿਣ ਤੇ ਅਕਬਰ ਬਾਦਸ਼ਾਹ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਮਾਲੀਆ ਮੁਆਫ਼ ਕਰ ਦਿੱਤਾ। ਇਸ ਕਾਰਜ ਕਰਕੇ ਸਿੱਖਾਂ ਨੂੰ ਸਮਾਜ ਅੰਦਰ ਆਦਰ ਸਤਿਕਾਰ ਨਾਲ*

*ਵੇਖਿਆ ਜਾਣ ਲਗ ਪਿਆ ।" (ਗੁਰਦੁਆਰਾ ਗਜ਼ਟ, ਸਤੰਬਰ 1979)*

ਅਕਬਰ ਬਾਦਸ਼ਾਹ ਇੱਕ ਵੱਡਾ ਨਿਆਇਕਾਰੀ ਤੇ ਸੁਲਹ-ਕੁਲ ਪਾਤਸ਼ਾਹ ਸੀ। ਇਹ ਆਪਣੀ ਸਾਰੀ ਪਰਜਾ ਨੂੰ ਇੱਕ ਸਮਾਨ ਸਮਝਦਾ ਸੀ। ਇਸ ਦੇ ਸਾਹਮਣੇ ਹਿੰਦੂ ਤੇ ਮੁਸਲਮਾਨ ਦਾ ਕੋਈ ਵਿਚਾਰ ਨਹੀਂ ਸੀ। ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

*"ਅਕਬਰ ਦੀ ਸਭਾ ਵਿੱਚ ਹਰ ਮਜ਼ਹਬ ਦਾ ਆਦਮੀ ਆਪਣੇ ਮਤ ਦੇ ਨਿਯਮ ਬਿਨਾਂ ਸ਼ੰਕਾ ਪਰਗਟ ਕਰ ਸਕਦਾ ਸੀ ਅਤੇ ਬਾਦਸ਼ਾਹ ਨੂੰ ਭੀ ਗੁਣ ਚਰਚਾ ਸੁਣਨ ਦਾ ਭਾਰੀ ਸ਼ੌਕ ਸੀ।"*

*(ਮਹਾਨ ਕੋਸ਼, ਪੰਨਾ 103)*

ਇਸ ਤੋਂ ਪਤਾ ਲਗਦਾ ਹੈ ਕਿ ਅਕਬਰ ਦੇ ਰਾਜ ਵਿੱਚ ਹਰੇਕ ਨੂੰ ਧਾਰਮਿਕ ਆਜ਼ਾਦੀ ਪ੍ਰਾਪਤ ਸੀ ਤੇ ਹਰੇਕ ਆਪਣੇ ਵਿਚਾਰ ਵੱਡੀ ਆਜ਼ਾਦੀ ਨਾਲ ਪਰਗਟ ਕਰ ਸਕਦਾ ਸੀ।

ਇਸ ਤੋਂ ਛੁੱਟ ਇਸ ਨੇ ਹਿੰਦੂਆਂ ਤੇ ਮੁਸਲਮਾਨਾਂ ਲਈ ਆਸ਼ਰਮ ਵੀ ਬਣਾਏ ਸਨ ਤੇ ਉਹਨਾਂ ਦਾ ਖਰਚ ਸ਼ਾਹੀ ਖ਼ਜ਼ਾਨੇ ਵਿੱਚੋਂ ਦਿੱਤਾ ਜਾਂਦਾ ਸੀ, ਜਿਹਾ ਕਿ ਲਿਖਿਆ ਹੈ ਕਿ :-

*"ਅਕਬਰ ਨੇ ਹਿੰਦੂਆਂ ਤੋਂ ਜਜ਼ੀਆ (ਜਜ਼ੀਆਹ) ਅਤੇ ਤੀਰਥ-ਯਾਤ੍ਰਾ ਦਾ ਟੈਕਸ ਲੈਣਾ ਵਰਜ ਦਿੱਤਾ ਸੀ ਅਰ ਹਿੰਦੂਆਂ ਲਈ 'ਧਰਮਪੁਰ" ਤੇ ਮੁਸਲਮਾਨਾਂ ਲਈ "ਖ਼ੈਰਪੁਰ" ਆਸ਼ਰਮ ਬਣਾਏ ਸਨ, ਜਿੱਥੇ ਓਹਨਾਂ ਨੂੰ ਵਿਸ਼ਰਾਮ ਤੇ ਖਾਨ-ਪਾਨ ਮਿਲਦਾ ਸੀ।"*

*(ਮਹਾਨ ਕੋਸ਼, ਪੰਨਾ 103)*

ਇਸ ਤੋਂ ਸਿੱਧ ਹੁੰਦਾ ਹੈ ਕਿ ਅਕਬਰ ਦੇ ਰਾਜ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਨਾਲ ਇੱਕੋ ਜੇਹਾ ਵਰਤਾਉ ਕੀਤਾ ਜਾਂਦਾ ਸੀ।

ਇੱਕ ਸਿੱਖ ਵਿਦਵਾਨ ਨੇ ਅਕਬਰ ਬਾਦਸ਼ਾਹ ਬਾਰੇ ਇਹ ਜਾਣਕਾਰੀ ਦਿੱਤੀ ਹੈ ਕਿ :-

*"ਸਮਰਾਟ ਅਕਬਰ ਜਿੱਥੇ ਸੁਖ ਸ਼ਾਂਤੀ ਨਾਲ ਰਾਜ ਕਰ ਰਿਹਾ ਸੀ, ਉੱਥੇ ਉਸ ਨੇ ਧਰਮ ਪ੍ਰਚਾਰ ਦੇ ਸੰਬੰਧ ਵਿੱਚ ਵੀ ਕਾਫ਼ੀ ਖੁਲ੍ਹ ਦਿਲੀ ਵਾਲੀ ਨੀਤੀ ਅਪਣਾਈ ਹੋਈ ਸੀ, ਇਸੇ ਲਈ ਅਸੀਂ ਦੇਖ ਦੇ ਹਾਂ ਕਿ ਅਕਬਰੀ ਰਾਜ ਦੇ ਅੰਤ ਤੀਕ ਪੰਜਾਬ ਵਿਸ਼ੇਸ਼ ਕਰਕੇ ਅਮਨ ਦਾ ਪੰਘੂੜਾ ਬਣਿਆ ਰਿਹਾ ਅਤੇ ਇਸ ਸਮੇਂ ਵਿੱਚ ਸਿੱਖ ਧਰਮ ਦੇ ਪ੍ਰਚਾਰ ਵਿੱਚ*

*ਰਾਜ ਵਲੋਂ ਕੋਈ ਵਾਧਾ ਜਾਂ ਰੋਕ ਨਾ ਪਾਈ ਗਈ ।''*

*(ਗੁਰਮਤਿ ਪ੍ਰਕਾਸ਼, ਅਕਤੂਬਰ 1959)*

ਸ: ਜੀ. ਬੀ. ਸਿੰਘ ਜੀ ਲਿਖਦੇ ਹਨ ਕਿ ਅਕਬਰ ਬਾਦਸ਼ਾਹ ਹਰੇਕ ਹਿੰਦੂ ਤੇ ਮੁਸਲਮਾਨ ਨੂੰ ਇਕ ਨਿਆਇ ਦਿੰਦਾ ਸੀ, ਸਗੋਂ ਜੇ ਕਦੇ ਮੁਸਲਮਾਨਾਂ ਦੀ ਕੋਈ ਵਧੀਕੀ ਹੁੰਦੀ ਸੀ, ਤਾਂ ਇਹ ਓਹਨਾਂ ਨੂੰ ਸਜ਼ਾ ਦਿੱਤੇ ਬਿਨਾਂ ਨਹੀਂ ਛੱਡਦਾ ਸੀ, ਜਿਹਾ ਕਿ ਲਿਖਿਆ ਹੈ ਕਿ :-

*''ਅਕਬਰ... ਹਾਲੀ ਬਿਆਸਾ ਨਹੀਂ ਲੰਘਿਆ ਸੀ ਜੋ ਅਚਲ (ਵਟਾਲੇ) ਵਿੱਚ ਹਿੰਦੂ ਮੁਸਲਮਾਨਾਂ ਵਿੱਚ ਸਖ਼ਤ ਫ਼ਸਾਦ ਹੋ ਜਾਣ ਦੀ ਖ਼ਬਰ ਮਿਲੀ । ਮੁਸਲਮਾਨ ਫ਼ਕੀਰਾਂ ਅਤੇ ਜੋਗੀਆਂ ਵਿੱਚ ਕਿਸੇ ਗਲੇ ਝਗੜਾ ਹੋ ਕੇ ਫ਼ਸਾਦ ਦੀ ਅੱਗ ਭੜਕ ਉਠੀ ਅਤੇ ਮੁਸਲਮਾਨਾਂ ਨੇ ਬਹੁਤ ਸਾਰੇ ਜੋਗੀ ਮਾਰ ਦਿੱਤੇ, ਜੋਗੀਆਂ ਦਾ ਪੁਰਾਣਾ ਮਸ਼ਹੂਰ ਮੰਦਰ ਢਾਹ ਦਿੱਤਾ । ਪਾਤਸ਼ਾਹ ਇਹ ਖ਼ਬਰ ਸੁਣ ਕੇ ਅਤੇ ਆਪਣਾ ਰਾਹ ਛੱਡ ਕੇ ਅਚਲ ਪੁੱਜਾ ਅਤੇ ਤਹਿਕੀਕਾਤ ਕਰਕੇ ਮਲੂੰਮ ਕੀਤਾ ਜੋ ਮੁਸਲਮਾਨਾਂ ਦੀ ਵਧੀਕੀ ਸੀ, ਓਹਨਾਂ ਨੂੰ ਸਜ਼ਾ ਦਿੱਤੀ ਅਤੇ ਮੰਦਰ ਫੇਰ ਓਹਨਾਂ ਦੇ ਖ਼ਰਚ ਪੁਰ ਬਣਵਾ ਦਿੱਤਾ ।''*

*(ਪ੍ਰਾਚੀਨ ਬੀੜ, ਪੰਨਾ 62 ਤੇ ਖੁਲਾਸਾਤੁੱਤਵਾਰੀਖ਼ ਉਰਦੂ ਅਨੁਵਾਦ, ਪੰਨਾ 444)*

ਇੱਕ ਹੋਰ ਵਿਦਵਾਨ ਜੀ ਨੇ ਅਕਬਰ ਬਾਰੇ ਇਹ ਲਿਖਿਆ ਹੈ ਕਿ :-

*''ਹਮਾਯੂੰ ਦੇ ਬੇਟੇ ਜਲਾਲੁੱਦੀਨ ਅਕਬਰ ਨੇ ਸੰਨ 1556 ਤੋਂ ਲੈ ਕੇ ਸੰਨ 1605 ਤਕ ਚੰਗਾ ਰਾਜ ਕੀਤਾ । ਇਸ ਨੇ ਗੁਰੂ ਨਾਨਕ ਦੇਵ ਜੀ ਦੇ ਘਰ ਨਾਲ ਚੰਗਾ ਪ੍ਰੇਮ ਪਰਗਟ ਕੀਤਾ ।''*

*(ਗੁਰੂ ਬੰਸਾਵਲੀ, ਪੰਨਾ 166)*

## ਅਕਬਰ ਬਾਦਸ਼ਾਹ ਤੇ ਗੁਰੂ ਅਰਜਨ ਦੇਵ ਜੀ

ਗੁਰੂ ਰਾਮਦਾਸ ਜੀ ਤੋਂ ਮਗਰੋਂ ਉਹਨਾਂ ਦੇ ਛੋਟੇ ਸਪੁੱਤਰ ਗੁਰੂ ਅਰਜਨ ਜੀ ਗੁਰਗੱਦੀ ਤੇ ਬੈਠੇ । ਓਹਨਾਂ ਦੇ ਵੱਡੇ ਭਰਾਤਾ ਪ੍ਰਿਥੀਚੰਦ ਨੇ ਜੋ ਕਈ ਇਤਿਹਾਸਕਾਰਾਂ ਦੇ ਕਥਨ ਮੁਜਬ ਗੁਰੂ ਰਾਮਦਾਸ ਜੀ ਦੀ ਦੂਜੀ ਪਤਨੀ ਦੇ ਉਦਰ ਚੋਂ ਸਨ - (ਵੇਖੋ ਰਸਾਲਾ ਜੀਵਨ ਸੰਦੇਸ਼ ਇਤਿਹਾਸ ਅੰਕ, 1951 ਦਾ ਪੰਨਾ 108) ਆਪ ਦੀ

ਵਿਰੋਧਤਾ ਤੇ ਲੱਕ ਬੰਨ੍ਹ ਲਿਆ ਸੀ। ਗਿਆਨੀ ਗਿਆਨ ਸਿੰਘ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ ਪ੍ਰਿਥੀਚੰਦ ਨੇ, ਜੋ ਗੁਰੂ ਰਾਮਦਾਸ ਜੀ ਦਾ ਵੱਡਾ ਸਪੁੱਤਰ ਸੀ, ਗੱਦੀ ਨਾ ਮਿਲਣ ਦੇ ਕਾਰਨ ਵੱਡਾ ਬਖੇੜਾ ਸ਼ੁਰੂ ਕਰ ਦਿੱਤਾ। (ਤਵਾਰੀਖ ਗੁਰੂ ਖ਼ਾਲਸਾ ਉਰਦੂ, ਪੰਨਾ 77) ਸਗੋਂ ਉਸ ਨੇ ਆਪਣੇ ਪਿਤਾ ਗੁਰੂ ਨੂੰ ਇੱਥੋਂ ਤਕ ਕਹਿ ਦਿੱਤਾ ਕਿ :-

*"ਮੇਰਾ ਹੱਕ ਮਾਰਿਆ ਗਿਆ ਹੈ। ਮੇਰੇ ਨਾਲ ਧੋਕਾ ਹੋਇਆ ਹੈ। ਮੈਂ ਆਪਣੇ ਹੱਕ ਦੀ ਪ੍ਰਾਪਤੀ ਲਈ ਸਾਰਾ ਜ਼ੋਰ ਲਾਵਾਂਗਾ। ਉਸ ਨੇ ਮੇਰਾ ਹੱਕ ਖੋਹਿਆ ਹੈ। ਮੈਂ ਉਸ ਨੂੰ ਚੈਨ ਨਹੀਂ ਲੈਣ ਦਿਆਂਗਾ।"*

*(ਸਿੱਖ ਇਤਿਹਾਸ, ਭਾਗ ਪਹਿਲਾ, ਪੰਨਾ 190)*

ਅਰਥਾਤ :-

*"ਭਲਾ ਤੁਸੀਂ ਉਸ (ਗੁਰੂ ਅਰਜਨ) ਨੂੰ ਗੁਰਿਆਈ ਦਿਓ। ਮੈਂ ਕੈਸੇ ਚਣੇ ਚਬਾਵਾਂਗਾ... ਗੁਰਿਆਈ ਤਾਂ ਮੇਰੇ ਵੱਡੇ ਪੁੱਤਰ ਦਾ ਹੱਕ ਹੈ। ਕਿਸੇ ਦੂਜੇ ਨੂੰ ਦਿਓਗੇ, ਤਾਂ ਮੈਂ ਦੌਲਤ ਖ਼ਰਚ ਕੇ ਹਾਕਮਾਂ ਪਾਸੋਂ ਲੈ ਲਵਾਂਗਾ। ਫੇਰ ਤੁਹਾਡੀ ਕੀ ਰਹਿ ਆਊ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 434)*

ਇਤਿਹਾਸ ਦੱਸਦਾ ਹੈ ਕਿ ਪ੍ਰਿਥੀਚੰਦ ਨੇ ਆਪਣੀ ਇਸ ਧਮਕੀ ਨੂੰ ਅਮਲੀ ਜਾਮਾ ਪਹਿਨਾਉਣ ਦਾ ਵੀ ਪੂਰਾ ਪੂਰਾ ਜਤਨ ਕੀਤਾ ਸੀ। ਉਸ ਨੇ ਗੁਰੂ ਅਰਜਨ ਜੀ ਨੂੰ ਗੁਰਿਆਈ ਦੀ ਗੱਦੀ ਤੋਂ ਅੱਡ ਕਰਾਉਣ ਲਈ ਅਕਬਰ ਪਾਸ ਦਾਅਵਾ ਵੀ ਕੀਤਾ ਸੀ, ਜੋ ਖਾਰਜ ਹੋ ਗਿਆ ਸੀ।

(ਵੇਖੋ ਮੈਕਾਲਿਫ਼ ਇਤਿਹਾਸ ਹਿੱਸਾ 3, ਪੰਨਾ 203)

ਇਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

*"ਇਸ ਵੱਡੇ ਪੁਰਸ਼ ਨੂੰ ਗੁਰੂ ਰਾਮਦਾਸ ਜੀ ਨੇ ਗੁਰੂ-ਗੱਦੀ ਬਖ਼ਸ਼ੀ। ਵੱਡੇ ਪੁੱਤਰ ਬਾਬਾ ਪ੍ਰਿਥੀਚੰਦ ਜੀ ਨੇ ਰੋਸ ਮਨਾਇਆ। ਭਰੀ ਸੰਗਤ ਵਿੱਚ ਉਸ ਨੇ ਗੁਰੂ ਜੀ ਦੀ ਨਿਰਾਦਰੀ ਕੀਤੀ। ਦਸਤਾਰ-ਬੰਦੀ ਵੇਲੇ ਗੁਰੂ ਅਰਜਨ ਜੀ ਦੇ ਸਿਰ ਤੋਂ ਦਸਤਾਰ ਉਤਾਰ ਲਈ।"*

*(ਗੁਰੂ ਸੰਦੇਸ਼, ਜੂਨ 1962)*

ਪ੍ਰਿਥੀਚੰਦ ਨੇ ਗੁਰੂ ਅਰਜਨ ਜੀ ਤੇ ਇਹ ਊਜ ਵੀ ਲਾਈ ਸੀ ਕਿ ਉਹਨਾਂ ਨੇ ਆਪਣੇ ਗੁਰ ਪਿਤਾ ਗੁਰੂ ਰਾਮਦਾਸ ਜੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ। (ਗੁਰ ਪ੍ਰਤਾਪ ਸੂਰਜ, ਬਾਸ 2, ਅੰਕ 24 ਅਤੇ ਸਿੱਖੀ ਤੇ ਸਿੱਖ ਇਤਿਹਾਸ, ਪੰਨਾ 61)

ਪ੍ਰਿਥੀਚੰਦ ਦੀ ਇਸ ਨਾਕਾਮੀ ਦਾ ਵਰਣਨ ਗੁਰੂ ਜੀ ਨੇ ਆਪਣੇ ਇੱਕ ਸ਼ਬਦ ਵਿੱਚ ਇਉਂ ਕੀਤਾ ਹੈ :-

ਮਹਜ਼ਰੁ ਝੂਠਾ ਕੀਤੋਨੁ ਆਪਿ ॥
ਪਾਪੀ ਕਉ ਲਾਗਾ ਸੰਤਾਪੁ ॥
ਜਿਸਹਿ ਸਹਾਈ ਗੋਬਿੰਦੁ ਮੇਰਾ ॥
ਤਿਸੁ ਕਉ ਜਮੁ ਨਹੀ ਆਵੈ ਨੇੜਾ ॥1॥ ਰਹਾਉ ॥
ਸਾਚੀ ਦਰਗਹ ਬੋਲੈ ਕੂੜੁ ॥
ਸਿਰੁ ਹਾਥ ਪਛੋੜੈ ਅੰਧਾ ਮੂੜੁ ॥
ਰੋਗ ਬਿਆਪੇ ਕਰਦੇ ਪਾਪ ॥
ਅਦਲੀ ਹੋਇ ਬੈਠਾ ਪ੍ਰਭੁ ਆਪਿ ॥
ਅਪਨ ਕਮਾਇਐ ਆਪੇ ਬਾਧੇ ॥
ਦਰਬੁ ਗਇਆ ਸਭੁ ਜੀਆ ਕੈ ਸਾਥੈ ॥
ਨਾਨਕ ਸਰਨਿ ਪਰੇ ਦਰਬਾਰਿ ॥
ਰਾਖੀ ਪੈਜ ਮੇਰੈ ਕਰਤਾਰਿ ॥

(ਗਉੜੀ, ਮ: 5, ਪੰਨਾ 199)

ਸ: ਹੁਸ਼ਿਆਰਾ ਸਿੰਘ ਜੀ ਨੇ ਇਸ ਮੁਕੱਦਮੇ ਦੇ ਫ਼ੈਸਲੇ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ :-

*"ਪ੍ਰਿਥੀਚੰਦ ਨੇ ਅਕਬਰ ਪਾਸ ਜਾ ਫ਼ਰਿਆਦ ਕੀਤੀ । ਜਦ ਉਸ ਨੇ ਆਪਣਾ ਵਜ਼ੀਰ ਭੇਜ ਕੇ ਤਹਿਕੀਕਾਤ ਕਰਵਾਈ, ਤਾਂ ਪਤਾ ਲੱਗਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀਜੋਤ ਸਮਾਉਣ ਤੋਂ ਪਿੱਛੋਂ ਸਾਰੀਆਂ ਜ਼ਮੀਨਾਂ ਪ੍ਰਿਥੀਚੰਦ ਦੇ ਕਬਜ਼ੇ ਵਿੱਚ ਹੀ ਹਨ । ਗੁਰੂ ਜੀ ਤਾਂ ਕੇਵਲ ਸੰਗਤਾਂ ਦੀ ਆਮਦਨ ਨਾਲ ਹੀ ਲੰਗਰ ਆਦਿਕ ਦਾ ਪ੍ਰਬੰਧ ਕਰਦੇ ਹਨ । ਇਸ ਪਰ ਬਾਦਸ਼ਾਹ ਨੇ ਫ਼ੈਸਲਾ ਕਰ ਦਿੱਤਾ ਕਿ ਪ੍ਰਿਥੀਚੰਦ ਪਾਸ ਹੇਹਰ ਤੇ ਕੱਲਰ ਪਿੰਡਾਂ ਦੀ ਚੌਦਾਂ ਹਜ਼ਾਰ ਵਿਘੇ ਜ਼ਮੀਨ ਰਹੇ ਤੇ ਬਾਕੀ ਦੀ ਸਾਰੀ ਜ਼ਮੀਨ ਗੁਰੂ ਕਾ ਚੱਕ ਪਰ ਗੁਰੂ ਜੀ ਦਾ ਕਬਜ਼ਾ ਕਰਵਾਇਆ ਜਾਏ । ਗੁਰੂ-ਗੱਦੀ ਇਹਨਾਂ ਪਾਸ ਹੀ ਰਹੇ, ਜਿਸ ਨੂੰ ਕਿ ਇਹਨਾਂ ਦੇ ਪਿਤਾ (ਚੌਥੀ ਪਾਤਸ਼ਾਹੀ) ਸੌਂਪ ਗਏ ਹਨ ।"*

*(ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 197)*

ਇੱਕ ਹੋਰ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :-

*"ਪ੍ਰਿਥੀਚੰਦ ਨੇ ਅਕਬਰ ਦੇ ਦਰਬਾਰ ਵਿੱਚ ਗੁਰ-ਗੱਦੀ ਦਾ ਝਗੜਾ ਖੜਾ ਕਰ ਦਿੱਤਾ ਤੇ ਅਰਜ਼ੀ ਚੁਕ ਦਿੱਤੀ, ਪਰ ਅਕਬਰ ਨੇ ਨਿਆਇਕਾਰੀ ਨਾਲ ਫੈਸਲਾ ਦਿੱਤਾ ਕਿ ਧਰਮ ਦੀ ਗੱਦੀ ਦਾ ਅਖ਼ਤਿਆਰ ਧਾਰਮਕ ਪੇਸ਼ਵਾ ਨੂੰ ਹੈ, ਉਸ ਵਿੱਚ ਪਾਤਸ਼ਾਹ ਨੂੰ ਦਖ਼ਲ ਨਹੀਂ ਹੁੰਦਾ।"*

*(ਸੰਤ ਸਿਪਾਹੀ, ਜੂਨ 1962)*

ਅਰਥਾਤ :-

*"ਹਕੂਮਤ ਕਿਸੇ ਨੂੰ ਗੁਰੂ ਨਹੀਂ ਬਣਾ ਸਕਦੀ ਅਤੇ ਲੋਕਾਂ ਨੂੰ ਮਜਬੂਰ ਨਹੀਂ ਕਰ ਸਕਦੀ ਕਿ ਫਲਾਣੇ ਬੰਦੇ ਨੂੰ ਗੁਰੂ ਮੰਨੋ ਤੇ ਫਲਾਣੇ ਨੂੰ ਨਾ ਮੰਨੋ। ਜੋ ਹੋਇਆ ਹੈ, ਉਹ ਠੀਕ ਹੋਇਆ ਹੈ।"*

*(ਸਿੱਖ ਇਤਿਹਾਸ, ਪੰਨਾ 194)*

ਇਤਿਹਾਸ ਸਾਖੀ ਹੈ ਕਿ ਅਕਬਰ ਦੇ ਇਸ ਫ਼ੈਸਲੇ ਨਾਲ ਪ੍ਰਿਥੀਚੰਦ ਦੀ ਤਸੱਲੀ ਨਾ ਹੋਈ। ਉਹ ਗੁਰ-ਗੱਦੀ ਨੂੰ ਪ੍ਰਾਪਤ ਕਰਨ ਲਈ ਜੋੜ-ਤੋੜ ਕਰਨ ਵਿੱਚ ਬਰਾਬਰ ਰੁੱਝਾ ਰਿਹਾ। ਇਸ ਸੰਬੰਧ ਵਿੱਚ ਉਸ ਨੇ ਇੱਕ ਇਹ ਚਾਲ ਵੀ ਚੱਲੀ ਕਿ ਆਪਣੇ ਪੁੱਤਰ ਸੋਢੀ ਮਿਹਰਬਾਨ ਤੋਂ ਇਹ ਅਰਜ਼ੀ ਦੁਆ ਦਿੱਤੀ ਕਿ ਉਸ ਨੂੰ ਗੁਰੂ ਅਰਜੁਨ ਨੇ ਆਪਣਾ ਧਰਮ-ਪੁੱਤਰ ਬਣਾਇਆ ਸੀ, ਪਰ ਹੁਣ ਉਹਨਾਂ ਦੇ ਘਰ ਬਾਲਕ ਦਾ ਜਨਮ ਹੋਇਆ ਹੈ, ਉਹ ਉਸ ਨੂੰ ਗੁਰ-ਗੱਦੀ ਦੇ ਕੇ ਉਸ ਦਾ ਹੱਕ ਮਾਰਨਾ ਚਾਹੁੰਦੇ ਹਨ। ਅੱਧੀ ਗੱਦੀ ਤੇ ਉਸ ਦਾ ਹੱਕ ਹੈ। ਉਹ ਉਸ ਨੂੰ ਦੁਆਇਆ ਜਾਵੇ। ਇਹਨੀਂ ਦਿਨੀਂ ਅਕਬਰ ਤੇ ਵਜ਼ੀਰ ਖ਼ਾਨ ਦੱਖਣ ਵਲ ਗਏ ਹੋਏ ਸਨ। ਪ੍ਰਿਥੀ ਚੰਦ ਲਈ ਮੈਦਾਨ ਸਾਫ ਸੀ। ਉਸ ਨੇ ਚੰਦੂ ਲਾਲ ਨਾਲ ਮਿਲ ਕੇ ਵੱਡੀ ਅਦਾਲਤ ਤੋਂ ਮਿਹਰਬਾਨ ਦੇ ਹੱਕ ਵਿਚ ਫ਼ੈਸਲਾ ਲੈ ਲਿਆ ਅਤੇ ਸੁਲਬੀ ਖ਼ਾਨ ਨੂੰ ਇਹ ਹੁਕਮ ਦੇ ਕੇ ਭਿਜਵਾ ਦਿੱਤਾ ਕਿ ਉਹ ਗੁਰੂ ਦੇ ਚੱਕ ਦੀਆਂ ਵੰਡੀਆਂ ਪਾ ਦੇਵੇ।

(ਵੇਖੋ ਤਵਾਰੀਖ਼ ਗੁਰੂ ਖਾਲਸਾ, ਪੰਨਾ 482)

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸੁਲਬੀ ਖਾਨ ਅਜੇ ਰਾਹ ਵਿੱਚ ਹੀ ਸੀ ਕਿ ਉਹ ਜਲੰਧਰ ਦੇ ਸੱਯਦ ਹਸਨ ਅਲੀ ਦੇ ਹੱਥੋਂ ਤਨਖਾਹ ਦੇ ਇੱਕ ਝਗੜੇ ਦੇ ਕਾਰਨ ਮਾਰਿਆ ਗਿਆ। ਪ੍ਰਿਥੀ ਚੰਦ ਸੁਲਬੀ ਖ਼ਾਨ ਦੇ ਮਰਨ ਤੇ ਉਸ ਦੇ ਚਾਚਾ ਸੁਲਹੀ ਖਾਨ ਕੋਲ ਲਾਹੌਰ ਗਿਆ ਤੇ ਉਸ ਦੀ ਮੌਤ ਨੂੰ ਗੁਰੂ ਅਰਜਨ ਜੀ ਦੇ ਮੱਥੇ ਮੜ੍ਹ ਕੇ ਉਸ ਨੂੰ ਗੁਰੂ ਜੀ ਤੇ ਚਾੜ੍ਹ ਲਿਆਇਆ, ਉਹ ਵੀ ਰਾਹ ਵਿੱਚ ਹੀ ਕਾਲ-ਵਸ ਹੋ ਗਿਆ। ਉਸ ਦਾ ਘੋੜਾ ਕਿਸੇ ਤੋਂ ਡਰ ਕੇ ਅਜਿਹਾ ਨੱਠਾ ਕਿ ਸਣੇ ਸਵਾਰ ਦੇ ਬਲਦੀ ਅੱਗ ਦੇ ਭੱਠੇ ਵਿੱਚ ਜਾ ਡਿੱਗਾ। ਉਸ ਦੀ ਸੈਨਾਂ ਉਸ ਨੂੰ ਇਸ ਤਰ੍ਹਾਂ ਸੜ

ਮੋਇਆ ਦੇਖ ਕੇ ਲਾਹੌਰ ਮੁੜ ਆਈ । ਗੁਰੂ ਜੀ ਨੇ ਆਪ ਹੀ ਇਸ ਘਟਨਾ ਦਾ ਵਰਣਨ ਕਰਦਿਆਂ ਫ਼ਰਮਾਇਆ ਹੈ :-

ਸੁਲਹੀ ਤੇ ਨਾਰਾਇਣ ਰਾਖੁ ।
ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ ।
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ।
ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ ।
ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ
ਛੋਡਿ ਗਇਆ ਸਭ ਭਾਈ ਸਾਕੁ ।
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ।

(ਬਿਲਾਵਲ ਮ: 5, ਪੰਨਾ 825)

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਅਰਜਨ ਨੇ ਸੁਲਹੀ ਖਾਨ ਦੀ ਨਾਕਾਮੀ ਬਾਰੇ ਪਹਿਲਾਂ ਹੀ ਆਖ ਦਿੱਤਾ ਸੀ ਤੇ ਪ੍ਰਭੂ ਨੇ ਉਹ ਵਾਕ ਪੂਰਾ ਕਰ ਦਿੱਤਾ ਸੀ ।

ਸਿੱਖ ਇਤਿਹਾਸ ਇਹ ਵੀ ਦੱਸਦਾ ਹੈ ਕਿ ਜਦ ਗੁਰੂ ਅਰਜਨ ਜੀ ਦੇ ਗ੍ਰਹਿ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ, ਤਾਂ ਪ੍ਰਿਥੀ ਚੰਦ ਉਨ੍ਹਾਂ ਦੇ ਲਹੂ ਦਾ ਤਿਹਾਇਆ ਹੋ ਗਿਆ । ਉਸ ਨੇ ਬਾਲਾ-ਗੁਰੂ ਨੂੰ ਮਾਰ ਮੁਕਾਉਣ ਲਈ ਬਥੇਰੇ ਪਾਪੜ ਵੇਲੇ, ਪਰ ਹਰ ਵਾਰ ਉਸ ਨੂੰ ਮੂੰਹ ਦੀ ਖਾਣੀ ਪਈ । ਇੱਕ ਵਾਰ ਉਸ ਨੇ ਇੱਕ ਦਾਸੀ ਨੂੰ ਕੁਝ ਧਨ ਦਾ ਲਾਲਚ ਦੇ ਕੇ ਇਸ ਗੱਲ ਲਈ ਤਿਆਰ ਕਰ ਲਿਆ ਕਿ ਉਹ ਆਪਣੇ ਦੋਹਾਂ ਥਣਾਂ ਤੇ ਜ਼ਹਿਰ ਲਾ ਕੇ ਗੁਰੂ ਹਰਿਗੋਬਿੰਦ ਜੀ ਨੂੰ ਆਪਣਾ ਦੁੱਧ ਪਿਆ ਕੇ ਮਾਰ ਦੇਵੇ । ਸਿੱਖ ਇਤਿਹਾਸਕਾਰਾਂ ਦੇ ਕਥਨ ਮੁਜਬ ਉਹ ਦਾਸੀ ਉਸ ਜ਼ਹਿਰ ਦੇ ਕਾਰਨ ਆਪ ਹੀ ਮਰ ਗਈ । ਪ੍ਰਿਥੀਏ ਨੇ ਉਸ ਦਾ ਮਰਨਾ ਗੁਰੂ ਅਰਜਨ ਜੀ ਦੇ ਮੱਥੇ ਮੜ੍ਹ ਕੇ ਦਾਅਵਾ ਕਰ ਦਿੱਤਾ ਕਿ ਗੁਰੂ ਜੀ ਨੇ ਉਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ, ਪਰ ਉਸ ਸਮੇਂ ਦੇ ਮੁਸਲਮਾਨ ਹਾਕਮਾਂ ਨੇ ਉਸ ਦਾ ਇਹ ਝੂਠਾ ਦਾਅਵਾ ਖਾਰਜ ਕਰ ਦਿੱਤਾ । ਉਸ ਨੇ ਫੇਰ ਇਕ ਹੋਰ ਇਸਤਰੀ ਗੁਰੂ ਹਰਿਗੋਬਿੰਦ ਜੀ ਨੂੰ ਮਾਰ ਦੇਣ ਲਈ ਤਿਆਰ ਕੀਤੀ । ਉਸ ਇਸਤਰੀ ਨੂੰ ਜੱਟਾਂ ਨੇ ਪਾਰ ਬੁਲਾਇਆ । ਪ੍ਰਿਥੀਏ ਨੇ ਉਸ ਦਾ ਖ਼ੂਨ ਵੀ ਗੁਰੂ ਜੀ ਦੇ ਜ਼ਿੰਮੇ ਲਾ ਕੇ ਦਾਅਵਾ ਕਰ ਦਿੱਤਾ, ਪਰ ਉਸ ਦਾ

ਇਹ ਵਾਰ ਵੀ ਖਾਲੀ ਹੀ ਗਿਆ।

ਇਸੇ ਤਰ੍ਹਾਂ ਇੱਕ ਵਾਰ ਪ੍ਰਿਥੀਏ ਨੇ ਗੁਰੂ ਅਰਜਨ ਜੀ ਦੇ ਵਿਰੁੱਧ ਇਹ ਸ਼ਿਕਾਇਤ ਵੀ ਕੀਤੀ ਕਿ ਗੁਰੂ ਜੀ ਨੇ ਆਪਣੇ ਆਲੇ-ਦੁਆਲੇ ਕਈ ਨਾਮੀ ਚੋਰ ਤੇ ਡਾਕੂ ਇਕੱਤਰ ਕੀਤੇ ਹੋਏ ਹਨ ਤੇ ਓਹਨਾਂ ਰਾਹੀਂ ਚੋਰੀਆਂ ਕਰਵਾਈਆਂ ਜਾਂਦੀਆਂ ਹਨ, ਪਰ ਉਸ ਦੀ ਇਹ ਕੋਸ਼ਿਸ਼ ਵੀ ਤੋੜ ਨਾ ਚੜ੍ਹੀ।

# ਅਕਬਰ ਦੇ ਦਰਬਾਰ ਵਿੱਚ ਗੁਰੂ ਗ੍ਰੰਥ ਸਾਹਿਬ

ਸਿੱਖ ਇਤਿਹਾਸਕਾਰ ਵਰਣਨ ਕਰਦੇ ਹਨ ਕਿ ਜਦ ਗੁਰੂ ਅਰਜਨ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ, ਤਾਂ ਕਈ ਲੋਕਾਂ ਨੇ – ਜਿਨ੍ਹਾਂ ਵਿੱਚ ਪ੍ਰਿਥੀ ਚੰਦ ਵੀ ਸ਼ਾਮਲ ਸੀ – ਅਕਬਰ ਪਾਸ ਇਹ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਨੇ ਇਕ ਅਜੇਹੀ ਪੁਸਤਕ ਤਿਆਰ ਕੀਤੀ ਹੈ, ਜਿਸ ਵਿੱਚ ਇਸਲਾਮ ਤੇ ਦੂਜੇ ਧਰਮਾਂ ਦੀ ਵੱਡੀ ਨਿੰਦਾ ਕੀਤੀ ਗਈ ਹੈ, ਜਿਹਾ ਕਿ ਲਿਖਿਆ ਗਿਆ ਹੈ ਕਿ :-

*"ਸਮਰਾਟ ਅਕਬਰ ਕੇ ਪਾਸ ਸ਼ਕਾਇਤ ਕੀ ਗਈ ਕਿ ਗੁਰੂ ਗ੍ਰੰਥ ਸਾਹਿਬ ਮੇਂ ਹਿੰਦੂ ਦੇਵੀ ਦੇਵਤਾਓਂ ਤਥਾ ਮੁਸਲਿਮ ਪੀਰੋਂ ਕੀ ਨਿੰਦਾ ਕੀ ਗਈ ਹੈ।" (ਸੰਖੇਪ ਜੀਵਨ ਚਰਿਤ੍ਰ ਗੁਰੂ ਅਰਜਨ ਜੀ, ਪੰਨਾ 5 (ਹਿੰਦੀ)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ :-

*"ਅਕਬਰ ਬਾਦਸ਼ਾਹ ਨੂੰ ਪ੍ਰਿਥੀਏ ਤੇ ਉਸ ਦੇ ਸਾਥੀਆਂ ਨੇ ਭੜਕਾਇਆ ਕਿ ਪੰਜਵੇਂ ਗੁਰੂ ਜੀ ਨੇ ਜੋ ਗ੍ਰੰਥ ਤਿਆਰ ਕੀਤਾ ਹੈ, ਉਸ ਵਿੱਚ ਇਸਲਾਮ ਤੇ ਪੈਗੰਬਰ ਦੀ ਨਿਖੇਧੀ ਕੀਤੀ ਹੈ।... ਅਕਬਰ ਨੇ ਤਿੰਨ ਵੱਖ ਵੱਖ ਥਾਵਾਂ ਤੋਂ ਸੁਣਾਉਣ ਲਈ ਕਿਹਾ ਤੇ ਤਿੰਨੇ ਵਾਰ ਏਨਾ ਖੁਸ਼ ਹੋਇਆ ਕਿ ਚੁਗ਼ਲਖੋਰਾਂ ਨੂੰ ਲਾਹਣਤਾਂ ਪਾਉਣ ਮਗਰੋਂ ਇਕਵੰਜਾ ਮੋਹਰਾਂ ਗੁਰੂ ਗ੍ਰੰਥ ਸਾਹਿਬ ਨੂੰ ਭੇਟ ਕੀਤੀਆਂ।"*

*(ਖਾਲਸਾ ਪਾਰਲੀਮੈਂਟ ਗਜ਼ਟ, ਜੂਨ 1961)*

ਗਿਆਨੀ ਗਿਆਨ ਸਿੰਘ ਜੀ ਨੇ ਇਸ ਸ਼ਕਾਇਤ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਜਦ ਇਸ ਸ਼ਕਾਇਤ ਦੇ ਆਧਾਰ ਤੇ ਅਕਬਰ ਨੇ ਗੁਰੂ ਗ੍ਰੰਥ ਸਾਹਿਬ ਸੁਣਿਆ ਸੀ, ਤਾਂ ਪਹਿਲਾਂ ਇਹ ਸ਼ਬਦ ਸਾਹਮਣੇ ਆਇਆ ਸੀ :-

ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥

ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮੁਰਦਾਰ ਖੁਰਦਨੀ
ਗਾਫਲ ਹਵਾਇ ॥ਰਹਾਉ॥
ਗੈਬਾਨ ਹੈਵਾਨ ਹਰਾਮ ਕੁਸਤਨੀ
ਮੁਰਦਾਰ ਬਖੋਰਾਇ ॥
ਦਿਲ ਕਬਜ ਕਬਜ਼ਾ ਕਾਦਰੋ
ਦੋਜਕ ਸਜਾਇ ॥
ਵਲੀ ਨਿਆਮਤਿ ਬਿਰਾਦਰਾ
ਦਰਬਾਰ ਮਿਲਕ ਖਾਨਾਇ ॥
ਜਬ ਅਜਰਾਈਲੁ ਬਸਤਨੀ
ਤਬ ਚਿਕਾਰੇ ਬਿਦਾਇ ॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥
(ਤਵਾਰੀਖ ਗੁਰੂ ਖਾਲਸਾ ਉਰਦੂ, ਪੰਨਾ 91, ਤਿਲੰਗ ਮ: 5, ਪੰਨਾ 723)

ਜਦ ਇਹ ਸ਼ਬਦ ਅਕਬਰ ਨੇ ਸੁਣਿਆ, ਤਾਂ ਚੰਦੂ ਲਾਲ ਨੇ ਕਿਹਾ ਕਿ ਇਹ ਸ਼ਬਦ ਆਪ ਨੂੰ ਸੁਣਾਉਣ ਲਈ ਸਿੱਖਾਂ ਨੇ ਪਹਿਲਾਂ ਹੀ ਚੁਣ ਲਿਆ ਸੀ । ਬਾਦਸ਼ਾਹ ਨੇ ਆਪ ਕੁਝ ਪੱਤਰੇ ਉਲਟਾ ਕੇ ਉਥੋਂ ਪੜ੍ਹਨ ਦਾ ਹੁਕਮ ਦਿੱਤਾ । ਜਦ ਉਥੋਂ ਪੜ੍ਹਿਆ ਗਿਆ ਤਾਂ ਉਹ ਇਹ ਸ਼ਬਦ ਸੀ :-

ਅਲਹ ਅਗਮ ਖੁਦਾਈ ਬੰਦੇ ॥
ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈਖਾਕੁ ਫਕੀਰ ਮੁਸਾਫਰੁ
ਇਹੁ ਦਰਵੇਸੁ ਕਬੂਲੁ ਦਰਾ ॥
ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ॥
ਬੁਰਗੂ ਬਰਖੁਰਦਾਰ ਖਰਾ ॥
ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰਿਆਉ ਧੋਵਹੁ ਮੈਲਾਣਾ ॥

ਪੀਰੁ ਪਛਾਣੇ ਭਿਸਤੀ ਸੋਈ ॥
ਅਜਰਾਇਲੁ ਨ ਦੋਜ਼ ਠਰਾ ॥
ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ॥
ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥

(ਮਾਰੂ ਮ: 5, ਪੰਨਾ 1083, ਤਵਾਰੀਖ ਗੁਰੂ ਖਾਲਸਾ ਉਰਦੂ, ਪੰਨਾ 91)

ਇਸ ਤੇ ਚੁਗ਼ਲ ਖ਼ੋਰਾਂ ਨੇ ਇੱਕ ਹੋਰ ਪੈਂਤੜਾ ਬਦਲਿਆ। ਉਹਨਾਂ ਨੇ ਇਹ ਕਿਹਾ ਕਿ ਇਸ ਪੁਸਤਕ ਵਿੱਚ ਮੂਰਤੀ ਪੂਜਾ ਦੀ ਸਲਾਹੁਤਾ ਕੀਤੀ ਗਈ ਹੈ। ਬਾਦਸ਼ਾਹ ਨੇ ਮੁੜ ਪੱਤਰੇ ਉਲਟਾ ਕੇ ਪੜ੍ਹਨ ਦਾ ਹੁਕਮ ਦਿੱਤਾ ਤੇ ਉਗਲੀ ਦਾ ਇਸ਼ਾਰਾ ਕਰਕੇ ਸ਼ਬਦ ਪੜ੍ਹਵਾਇਆ। ਇਸ ਤੇ ਇਹ ਸ਼ਬਦ ਸਾਹਮਣੇ ਆਇਆ :-

## ਰਾਗ ਸੂਹੀ : 5

ਘਰ ਮਹਿ ਠਾਕੁਰੁ ਨਦਰਿ ਨ ਆਵੈ ॥
ਗਲ ਮਹਿ ਪਾਹਣੁ ਲੈ ਲਟਕਾਵੈ ॥
ਭਰਮੇ ਭੂਲਾ ਸਾਕਤੁ ਫਿਰਤਾ ॥
ਨੀਰੁ ਬਰੋਲੈ ਖਪਿ ਖਪਿ ਮਰਤਾ ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥
ਓਹੁ ਪਾਹਣੁ ਲੈ ਉਸ ਕਉ ਡੁਬਤਾ ॥
ਗੁਨਹਗਾਰ ਲੂਣ ਹਰਾਮੀ ॥
ਪਾਹਣ ਨਾਵ ਨ ਪਾਰ ਗਿਰਾਮੀ ॥
ਗੁਰਿ ਮਿਲਿ ਨਾਨਕ ਠਾਕੁਰੁ ਜਾਤਾ ॥
ਜਲਿਥਲਿ ਮਹੀਅਲਿ ਪੂਰਨ ਬਿਧਾਤਾ ॥

(ਰਾਗ ਸੂਹੀ ਮ: 5, ਪੰਨਾ 838, ਤਾ: ਗੁ. ਖਾ: ਉਰਦੂ, ਪੰਨਾ 91)

ਜਦ ਬਾਦਸ਼ਾਹ ਨੇ ਉਕਤ ਸ਼ਬਦ ਸੁਣਿਆ, ਤਾਂ ਉਸ ਨੂੰ ਯਕੀਨ ਹੋ ਗਿਆ ਕਿ ਸ਼ਕਾਇਤ ਝੂਠੀ ਹੈ। ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਭੇਟ 51 ਮੋਹਰਾਂ ਕਰਕੇ ਤੇ ਗੁਰੂ ਜੀ ਲਈ ਇੱਕ ਬਹੁਮੁੱਲਾ ਖ਼ਿਲਅਤ ਦੇ ਕੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਵੱਡੇ ਸਨਮਾਨ ਨਾਲ ਵਾਪਸ ਕਰ ਦਿੱਤਾ। (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 91)

ਗੁਰੂ ਗ੍ਰੰਥ ਸਾਹਿਬ ਬਾਰੇ ਕੀਤੀ ਗਈ ਇਸ ਸ਼ਕਾਇਤ ਤੇ ਛਾਣ-ਬੀਣ ਦਾ

ਵਰਣਨ ਦੂਜੀਆਂ ਪੁਸਤਕਾਂ ਵਿੱਚ ਵੀ ਕੀਤਾ ਗਿਆ ਹੈ। (ਵੇਖੋ ਇਤਿਹਾਸ ਗੁਰੂ ਖ਼ਾਲਸਾ ਹਿੰਦੀ, ਪੰਨਾ 242; ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 204; ਤਵਾਰੀਖ਼ ਗੁਰੂ ਖ਼ਾਲਸਾ ਗੁਰਮੁਖੀ, ਪੰਨਾ 492; ਤਵਾਰੀਖ਼ ਗੁਰੂ ਖ਼ਾਲਸਾ ਪੰਥ; ਪੰਨਾ 24, ਮੈਕਾਲਿਫ਼ ਇਤਿਹਾਸ ਹਿੱਸਾ 2, ਪੰਨਾ 314; ਸੁਖਮਨੀ ਹਿੰਦੀ ਸਟੀਕ, ਪੰਨਾ 11 ਆਦਿ)।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਪੰਜਾਬ ਵਿੱਚ ਵੱਡਾ ਕਾਲ ਪੈ ਗਿਆ। ਉਸ ਸਮੇਂ ਗੁਰੂ ਅਰਜਨ ਜੀ ਦੀ ਸਿਫ਼ਾਰਸ਼ ਤੇ ਅਕਬਰ ਨੇ ਸਾਰੇ ਪੰਜਾਬ ਦਾ ਮਾਮਲਾ ਮਾਫ਼ ਕਰ ਦਿੱਤਾ। ਇਸ ਤੋਂ ਛੁੱਟ ਬਹੁਤ ਸਾਰਾ ਅੰਨ-ਦਾਣਾ ਗ਼ਰੀਬਾਂ ਨੂੰ ਵੰਡਣ ਲਈ ਵੀ ਦਿੱਤਾ। (ਵੇਖੋ ਤਵਾਰੀਖ ਗੁਰੂ ਖਾਲਸਾ ਉਰਦੂ, ਪੰਨਾ 92) ਹੈ। (ਵੇਖੋ ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 206, ਤੇ ਤਵਾਰੀਖ ਗੁਰੂ ਖ਼ਾਲਸਾ ਪੰਥ, ਆਦਿ)।

ਇੱਕ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :-

*"ਅਕਬਰ ਕੋਲ ਬੀੜ ਬਾਰੇ ਬਹੁਤ ਸ਼ਕਾਇਤਾਂ ਹੋਈਆਂ, ਪਰ ਅਕਰਬ ਨੇ ਗੁਰਬਾਣੀ ਦਾ ਮਾਨ ਕੀਤਾ ਤੇ ਪੰਜਾਬ ਦਾ ਇੱਕ ਸਾਲ ਦਾ ਮਾਮਲਾ ਭੀ ਗੁਰੂ ਜੀ ਦੇ ਕਹਿਣ ਤੇ ਮਾਫ਼ ਕਰ ਦਿੱਤਾ।"*

*(ਗੁਰਮਤਿ ਅੰਮ੍ਰਿਤਸਰ, ਜੂਨ 1957)*

ਸ: ਜੀ. ਬੀ. ਸਿੰਘ ਜੀ ਰੀਟਾਇਰਡ ਪੋਸਟ ਮਾਸਟਰ ਜਨਰਲ ਲਿਖਦੇ ਹਨ ਕਿ ਅਕਬਰ ਨੇ ਗੁਰੂ ਅਰਜਨ ਜੀ ਨੂੰ ਕਰਤਾਰਪੁਰ ਧਰਮਸਾਲਾ ਦੀ ਬਹੁਤ ਸਾਰੀ ਜ਼ਮੀਨ ਦਿੱਤੀ ਸੀ; ਜਿਹਾ ਕਿ ਉਹਨਾਂ ਨੇ ਲਿਖਿਆ ਹੈ ਕਿ :-

*"ਕਰਤਾਰਪੁਰ ਹੀ ਡੇਰੇ ਆ ਕੇ ਅਕਬਰ ਪਾਤਸ਼ਾਹ ਨੇ (ਗੁਰੂ) ਗ੍ਰੰਥ ਸਾਹਿਬ ਪੜ੍ਹਵਾ ਕੇ ਸੁਣਿਆ ਅਤੇ ਖੁਸ਼ ਹੋ ਕੇ ਕਰਤਾਰਪੁਰ ਦੀ ਧਰਮਸਾਲਾ ਲਈ ਚੋਖੀ ਜ਼ਮੀਨ ਦਿੱਤੀ ਅਤੇ ਗੁਰੂ ਅਰਜਨ ਦੀ ਸਫ਼ਾਰਸ਼ ਪਰ ਉਸ ਸਾਲ ਜ਼ਮੀਨ ਦੇ ਮਾਮਲੇ ਵਿੱਚ ਲੋਕਾਂ ਨੂੰ ਬੇਹਿਸਾਬ ਦੇਹ ਦਵਾਜੁਦੀ ਰਿਆਇਤ ਦਿੱਤੀ।"*

*(ਪ੍ਰਾਚੀਨ ਬੀੜਾਂ, ਪੰਨਾਂ 91 ਤੇ ਰਸਾਲਾ ਸੀਸ਼ ਗੰਜ ਦਿੱਲੀ, ਮਈ 1969)*

ਇੱਕ ਹੋਰ ਵਿਦਵਾਨ ਜੀ ਦਾ ਕਥਨ ਹੈ :-

*"ਅਕਬਰ ਬਾਦਸ਼ਾਹ ਨੇ... ਗੁਰੂ ਜੀ ਦੇ ਰਹਿਣ ਲਈ ਦੁਆਬਾ ਬਿਸਤ ਕਰਤਾਰਪੁਰ ਜਾਲੰਧਰ ਦੇ ਪਾਸ ਦਾ ਪਰਗਨਾ ਪੇਸ਼ ਕੀਤਾ, ਜਿੱਥੇ*

*ਗੁਰੂ ਜੀ ਨੇ 1651-12 ਮੱਘਰ ਨੂੰ ਪਿੰਡ ਕਰਤਾਰਪੁਰ ਬੰਨਿਆ।"*

*(ਪ੍ਰਕਾਸ਼ ਪਟਿਆਲਾ, 16 ਜੂਨ 1953)*

ਇਸ ਤੋਂ ਪਤਾ ਲਗਦਾ ਹੈ ਕਿ ਅਕਬਰ ਬਾਦਸ਼ਾਹ ਨੇ ਜਿੰਨਾ ਚਿਰ ਭਾਰਤ ਤੇ ਰਾਜ ਕੀਤਾ, ਸਿੱਖ ਗੁਰੂ ਸਾਹਿਬਾਨ ਨਾਲ ਵੱਡਾ ਪ੍ਰੇਮ ਤੇ ਸਤਿਕਾਰ ਭਰਿਆ ਵਰਤਾਉ ਕੀਤਾ।

ਇੱਕ ਸਿੱਖ ਵਿਦਵਾਨ ਸ: ਸਹਿੰਦਰ ਸਿੰਘ ਜੀ ਤੇਜ ਐਮ. ਏ. ਵਰਣਨ ਕਰਦੇ ਹਨ ਕਿ :-

*"ਗੁਰੂ ਅਰਜਨ ਦੇਵ ਤੇ ਅਕਬਰ ਵਿਚਕਾਰ ਇੱਕ ਅਜਿਹਾ ਸੰਬੰਧ ਸਰਬ ਨਿਆਂ ਅਤੇ ਹੱਕ ਤੇ ਆਧਾਰਤ ਸੀ। ਅਕਬਰ ਨਾਨਕ-ਦਰਬਾਰ ਦੀ ਵਿਸ਼ੇਸ਼ਤਾ ਵਿਲੱਖਣਤਾ ਅਤੇ ਉਚਿਆਈ ਪ੍ਰਤੀ ਸਦਾ ਹੀ ਸ਼ਰਧਾਵਾਨ ਰਿਹਾ।...*

*ਗੁਰੂ ਅਰਜਨ ਦੇਵ ਜੀ ਤੇ ਅਕਬਰ ਦੇ ਸੰਬੰਧ ਬਹੁਤ ਪ੍ਰੇਮ ਭਰੇ ਸਨ। ਅਕਬਰ ਗੁਰੂ ਜੀ ਦੀ ਸਲਾਹ ਪ੍ਰਵਾਨ ਕਰਕੇ ਖੁਸ਼ੀ ਮਹਿਸੂਸ ਕਰਦਾ ਸੀ; ਇਸ ਗੱਲ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਪੁਸਤਕ ਤਵਾਰੀਖ ਗੁਰੂ ਖਾਲਸਾ ਵਿੱਚ ਇਸ ਪ੍ਰਕਾਰ ਕੀਤੀ ਹੈ ਕਿ ਇੱਕ ਵਾਰ ਪੰਜਾਬ ਵਿੱਚ ਕਾਲ ਪੈ ਗਿਆ। ਉਸ ਸਮੇਂ ਗੁਰੂ ਅਰਜਨ ਜੀ ਦੀ ਸਫ਼ਾਰਸ਼ ਤੇ ਅਕਬਰ ਨੇ ਸਾਰੇ ਪੰਜਾਬ ਦਾ ਮਾਲੀਆ ਮਾਫ਼ ਕਰ ਦਿੱਤਾ। ਇਸ ਤੋਂ ਛੁੱਟ ਬਹੁਤ ਸਾਰਾ ਅੰਨ ਗਰੀਬਾਂ ਨੂੰ ਵੰਡਣ ਲਈ ਵੀ ਦਿੱਤਾ।"* *(ਸੀਸ ਗੰਜ, ਮਈ 1969)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਅਕਬਰ ਸ਼ਾਇਦ 14 ਸਾਲ ਤੀਕ ਲਾਹੌਰ ਰਿਹਾ ਸੀ ਅਤੇ ਜਦ ਲਾਹੌਰੋਂ ਸ਼ਾਹੀ ਕੈਂਪ ਦਾ ਕੂਚ ਦਿੱਲੀ ਵਲ ਹੋਇਆ ਸੀ, ਤਾਂ ਅਕਬਰ ਗੋਇੰਦਵਾਲ ਸਤਿਗੁਰੂ ਜੀ ਨੂੰ ਮਿਲਿਆ। ਉਸ ਸਮੇਂ ਸਤਿਗੁਰੂ ਜੀ ਨੇ ਅਕਬਰ ਦਾ ਧਿਆਨ ਪੰਜਾਬ ਦੇ ਮਾਲੀਏ ਵਲ ਦੁਆਇਆ ਸੀ ਤੇ ਅਕਬਰ ਨੇ ਸਤਿਗੁਰੂ ਜੀ ਦੇ ਬਚਨ ਅਨੁਸਾਰ ਸਰਹੰਦ ਅਪੜ ਕੇ ਪੰਜਾਬ ਦਾ ਲਗਪਗ ਸਾਰਾ ਮਾਲੀਆ ਮਾਫ਼ ਕਰ ਦਿੱਤਾ ਸੀ। ਇਹ ਸਭ ਅਬੁਲ ਫ਼ਜ਼ਲ ਨੇ ਅਕਬਰ ਨਾਮੇ ਵਿਚ ਲਿਖਿਆ ਹੈ।"*

*(ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਪੰਨਾ 43)*

ਮੁਨਸ਼ੀ ਸੁਜਾਨ ਰਾਇ ਭੰਡਾਰੀ ਨੇ ਵੀ ਗੁਰੂ ਅਰਜਨ ਜੀ ਦੇ ਕਹਿਣ ਤੇ ਪੰਜਾਬ

ਦੇ ਲਗਾਨ ਵਿਚ ਮਾਫ਼ੀ ਦੇ ਦੇਣ ਦਾ ਵਰਨਣ ਕੀਤਾ ਹੈ।

(ਖੁਲਾਸਾ ਤੁੱਤਵਾਰੀਖ, ਉਰਦੂ ਅਨੁਵਾਦ, ਪੰਨਾ 544)

ਸ਼ੇਖ ਅਬੁਲ ਮੁਬਾਰਿਕੀ ਨੇ ਅਕਬਰ ਬਾਦਸ਼ਾਹ ਦੇ ਗੁਰੂ ਅਰਜਨ ਜੀ ਦੇ ਡੇਰੇ ਜਾ ਕੇ ਠਹਿਰਣ ਤੇ ਉਹਨਾਂ ਦੀ ਸਫ਼ਾਰਸ਼ ਤੇ ਮਾਮਲਾ ਮਾਫ਼ ਕਰਨ ਦਾ ਵਰਣਨ ਇਉ ਕੀਤਾ ਹੈ :-

*"13 ਆਜੁਰ (25 ਮਘਰ 1655) ਨੂੰ ਗੋਇੰਦਵਾਲ ਲਾਗੇ ਆਪ (ਅਕਬਰ) ਹਾਥੀ ਤੇ ਸਵਾਰ ਹੋ ਕੇ ਜੇਤੂ ਸਿਪਾਹ (ਲਸ਼ਕਰ) ਪੁਲ ਰਾਹੀਂ ਬਿਆਸਾ ਨਦੀ ਲੰਘੇ। ਇਸ ਦਿਨ ਅਰਜਨ ਗੁਰੂ ਦੇ ਡੇਰੇ ਨੇ ਸ਼ਹਿਨਸ਼ਾਹੀ ਕਦਮਾਂ ਦੀ ਛੁਹ ਨਾਲ ਸੱਜਰੀ ਵਡਿਆਈ ਪਾਈ। ਪਿਉ ਦਾਦੇ ਤੋਂ ਇਹ (ਸ੍ਰੀ ਗੁਰੂ ਅਰਜਨ) ਵਿਦਵਾਨ ਭਗਤਾਂ (ਬ੍ਰਾਹਮਨ ਕੇਸ਼ਾਂ) ਦੇ ਪੇਸ਼ਵਾ ਆਗੂ ਚਲੇ ਆ ਰਹੇ ਹਨ। ਰੱਬ ਦੀ ਬੜੀ ਸਿਫ਼ਤ ਸਲਾਹ ਕਰਨ ਵਾਲੇ ਹਨ, ਅਤੇ ਇਹਨਾਂ ਦੀ ਇੱਛਾ (ਬਾਦਸ਼ਾਹ ਨੂੰ ਆਪਣੇ ਡੇਰੇ ਉਤਾਰਾ ਦੇਣ ਦੀ) ਚੂੰਕਿ ਦਿਲੀ ਪ੍ਰੇਮ (ਅਕੀਦਤ) ਦੇ ਕਾਰਣ ਸੀ। ਇਸ ਲਈ ਸ਼ਹਿਨਸ਼ਾਹ, ਉਹਨਾਂ ਦੇ ਡੇਰੇ (ਕਰਤਾਰਪੁਰ) ਚਲੇ ਗਏ।...*

*ਸਤਿਗੁਰਾਂ ਨੇ ਇਹ ਗੱਲ (ਮਾਮਲਾ ਵਧਾਉਣ ਦੀ ਗੱਲ) ਆਪਣੇ ਡੇਰੇ ਕਰਤਾਰਪੁਰ ਵਿੱਚ ਹੀ ਬਾਦਸ਼ਾਹ ਨੂੰ ਸੁਣਾਈ ਸੀ, ਪਰ ਉਸ ਨੇ ਪੂਰੀ ਪੜਤਾਲ ਕਰਨ ਤੋਂ ਬਾਦ, ਮਾਫ਼ੀ ਦਾ ਹੁਕਮ 11 ਪੋਹ ਨੂੰ ਸਰਹੰਦ ਦੇ ਪੜਾਉ ਤੋਂ ਜਾਰੀ ਕੀਤਾ।"*

*(ਜੀਵਨ ਸੰਦੇਸ਼ ਪਟਿਆਲਾ, ਇਤਿਹਾਸ ਨੰਬਰ 1951, ਪੰਨਾ 87 ਤੇ ਰਸਾਲਾ ਸੀਸ ਗੰਜ ਦਿੱਲੀ, ਮਈ 1969)*

ਇਸ ਤੋਂ ਪਤਾ ਲਗਦਾ ਹੈ ਕਿ ਸਿੱਖ ਇਤਿਹਾਸਕਾਰਾਂ ਤੋਂ ਛੁੱਟ ਦੂਜੇ ਲੇਖਕਾਂ ਨੇ ਵੀ ਇਸ ਗੱਲ ਨੂੰ ਵਰਣਨ ਕੀਤਾ ਹੈ ਕਿ ਗੁਰੂ ਅਰਜਨ ਜੀ ਦਾ ਅਕਬਰ ਨਾਲ ਤੇ ਅਕਬਰ ਦਾ ਗੁਰੂ ਜੀ ਨਾਲ ਵੱਡਾ ਪ੍ਰੇਮ ਸੀ ਤੇ ਬਾਦਸ਼ਾਹ ਨੇ ਗੁਰੂ ਜੀ ਦੇ ਆਖੇ ਪੰਜਾਬ ਦੇ ਲੋਕਾਂ ਦੇ ਮਾਮਲੇ ਵਿੱਚ ਦਸਵੇਂ ਬਾਰ੍ਹਵੇਂ ਹਿੱਸੇ ਦੀ ਮਾਫ਼ੀ ਦੇ ਦਿੱਤੀ ਸੀ। ਅਬੁਲ ਫ਼ਜ਼ਲ ਤੋਂ ਛੁੱਟ ਇਸ ਦਾ ਵਰਣਨ ਮੁਨਸ਼ੀ ਸੁਜਾਨ ਰਾਇ ਭੰਡਾਰੀ ਨੇ ਵੀ ਆਪਣੀ ਪੁਸਤਕ - ਖ਼ੁਲਾਸਾ ਤਵਾਰੀਖ਼ ਵਿੱਚ ਕੀਤਾ ਹੈ। (ਵੇਖੋ ਜੀਵਨ ਸੰਦੇਸ਼ ਪਟਿਆਲਾ ਦਾ ਇਤਿਹਾਸ ਅੱਕ 1951, ਪੰਨਾ 87)। ਕਈ ਸਿੱਖ ਵਿਦਵਾਨਾਂ ਨੇ ਵੀ ਇਸ ਦਾ ਵਰਣਨ ਕੀਤਾ ਹੈ। (ਰਸਾਲਾ ਸੀਸ਼ ਗੰਜ, ਦਿੱਲੀ, ਮਈ 1969)

ਇੱਕ ਸਿੱਖ ਵਿਦਵਾਨ ਨੇ 'ਅਕਬਰਨਾਮੇ' ਦੇ ਹਵਾਲੇ ਨਾਲ ਲਿਖਿਆ ਹੈ :-

*"ਇਸ ਦਿਨ ਗੁਰੂ ਅਰਜਨ ਦਾ ਮਹਲ ਬਾਦਸ਼ਾਹੀ ਕਦਮਾਂ ਨਾਲ ਜਗਮਗਾ ਉੱਠਿਆ।... ਉਹਨਾਂ ਦੀ ਇੱਛਿਆ ਸ਼ਰਧਾ ਪ੍ਰੇਮ ਭਰਪੂਰ ਸੀ; ਇਸ ਲਈ ਮੰਨੀ ਗਈ।"* *(ਗੁਰਮਤਿ ਪ੍ਰਕਾਸ਼, ਜੂਨ 1962)*

ਇੱਕ ਹੋਰ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :-

*"ਅਕਬਰ ਬੜਾ ਸਿਆਣਾ ਨੀਤੀਵਾਨ ਸੀ। ਉਹ ਗੁਰੂ ਘਰ ਦੇ ਵਿਰੁੱਧ ਸੁਣੀਆਂ ਸ਼ਿਕਾਇਤਾਂ ਨੂੰ ਅਣਸੁਣੀਆਂ ਕਰਦਾ ਰਿਹਾ।"*

*(ਗੁਰਮਤਿ ਅੰਮ੍ਰਿਤਸਰ, ਜੂਨ 1962)*

## ਜਹਾਂਗੀਰ ਬਾਦਸ਼ਾਹ ਤੇ ਸਿੱਖ ਗੁਰੂ

ਅਕਬਰ ਦੇ ਦੇਹਾਂਤ ਮਗਰੋਂ ਉਸ ਦਾ ਸਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ ਸੀ। ਇਸ ਦੇ ਸਮੇਂ ਗੁਰੂ ਘਰ ਨਾਲ ਹਕੂਮਤ ਦਾ ਕੁਝ ਵਿਗਾੜ ਹੋ ਗਿਆ ਸੀ। ਇੱਥੇ ਅਸੀਂ ਉਸ ਵਿਗਾੜ ਦੇ ਕਾਰਨਾਂ ਬਾਰੇ ਹੋਰ ਕੁਝ ਨਹੀਂ ਕਹਿਣਾ ਚਾਹੁੰਦੇ, ਕੇਵਲ ਇੰਨਾ ਹੀ ਦੱਸਣਾ ਚਾਹੁੰਦੇ ਹਾਂ ਕਿ ਉਸ ਵਿਚ ਬਹੁਤ ਵੱਡਾ ਹੱਥ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀਚੰਦ ਤੇ ਚੰਦੂ ਲਾਲ ਦਾ ਸੀ। ਓਹਨਾਂ ਨੇ ਰਲ ਕੇ ਝੂਠੀਆਂ ਰੀਪੋਰਟਾਂ ਦੇ ਦੇ ਕੇ ਜਹਾਂਗੀਰ ਤੇ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਗਾੜ ਦਿੱਤੇ ਸਨ। ਸਿੱਖ ਇਤਿਹਾਸਕਾਰ ਇਹ ਮੰਨਦੇ ਹਨ ਕਿ ਜਹਾਂਗੀਰ ਤੋਂ ਪਹਿਲਾਂ ਜਿੰਨੇ ਵੀ ਮੁਗ਼ਲ ਪਾਤਸ਼ਾਹ ਹੋਏ, ਓਹਨਾਂ ਨੇ ਗੁਰੂ-ਘਰ ਨਾਲ ਵੱਡਾ ਪਿਆਰ ਕੀਤਾ; ਜਿਹਾ ਕਿ ਇੱਕ ਵਿਦਵਾਨ ਜੀ ਦਾ ਕਥਨ ਹੈ :-

*"ਕਿਸੇ ਵੀ ਮੁਗ਼ਲ ਬਾਦਸ਼ਾਹ-ਬਾਬਰ, ਹਮਾਯੂੰ ਜਾਂ ਅਕਬਰ ਨੇ ਕਿਸੇ ਵੀ ਗੁਰੂ ਸਾਹਿਬ-ਗੁਰੂ ਨਾਨਕ ਤੋਂ ਗੁਰੂ ਰਾਮਦਾਸ ਜੀ ਤਕ ਕਿਸੇ ਨੂੰ ਵੀ ਕਿਸੇ ਕਿਸਮ ਦੀ ਤਕਲੀਫ਼ ਨਹੀਂ ਦਿੱਤੀ; ਸਗੋਂ ਚੰਗੀ ਨਜ਼ਰ ਨਾਲ ਵੇਖਦੇ ਤੇ ਸਤਿਕਾਰਦੇ ਰਹੇ, ਪਰ ਇਸ ਤੋਂ ਮਗਰੋਂ ਕਾਂਟਾ ਬਦਲ ਗਿਆ। ਜ਼ਮੀਨ ਅਸਮਾਨ ਦਾ ਫ਼ਰਕ ਪੈ ਗਿਆ। ਕੁਝ ਹੋਰ ਦਾ ਹੋਰ ਹੋ ਗਿਆ।"* *(ਸਤਿਜੁਗ, ਪੋਹ ਸੰ: 2012)*

ਇੱਕ ਹੋਰ ਵਿਦਵਾਨ ਸ: ਰਣਧੀਰ ਸਿੰਘ ਜੀ ਹਿਸਟਰੀ ਰੀਸਰਚ ਸਕਾਲਰ ਸ਼੍ਰੋ: ਗੁ: ਪ੍ਰ: ਕਮੇਟੀ ਲਿਖਦੇ ਹਨ ਕਿ :-

*"ਬਾਬਾ ਨਾਨਕ ਜੀ ਦੀ ਗੱਦੀ ਤੇ ਬਾਬਰ ਦੇ ਘਰਾਨੇ ਦੇ ਲੋਕਾਂ ਦੇ*

*ਸੰਬੰਧ ਕਈ ਪੁਸ਼ਤਾਂ ਤਕ ਵੱਡੇ ਚੰਗੇ ਰਹੇ, ਪਰ ਜਹਾਂਗੀਰ ਦੇ ਤਖ਼ਤ ਤੇ ਬੈਠਦਿਆਂ ਹੀ ਇਹ ਵਿਗਾੜ ਦੀ ਆਖਰੀ ਹੱਦ ਤੇ ਜਾ ਪੁੱਜੇ। ਇਤਿਹਾਸ ਵਿੱਚ ਇਹ ਇੱਕ ਅਜੀਬ ਗੱਲ ਭਾਸਦੀ ਹੈ ਕਿ ਇਸ ਵਿਗਾੜ ਦੇ ਕਾਰਨ ਉਸ ਸਮੇਂ ਦੇ ਕਿਸੇ ਵੀ ਸਿੱਖ ਲਿਖਾਰੀ ਨੇ ਵਰਨਣ ਨਹੀਂ ਕੀਤੇ। ਸਿੱਖ ਲਿਖਾਰੀਆਂ ਤੇ ਖੁਦ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਘਟਨਾ ਤੇ ਕੋਈ ਚਾਨਣਾ ਨਹੀਂ ਪਾਇਆ।''* (ਸੰਤ ਸਿਪਾਹੀ, ਜੂਨ 1948)

ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਦੇ ਰਾਜ ਬਾਰੇ ਇਹ ਫ਼ਰਮਾਇਆ ਹੈ :-

ਬਾਬੇ ਕੇ ਬਾਬਰ ਕੇ ਦੋਊ ॥
ਆਪ ਕਰੇ ਪਰਮੇਸਰ ਸੋਊ ॥
ਦੀਨ ਸਾਹ ਇਨ ਕੋ ਪਹਿਚਾਨੋ ॥
ਦੁਨੀ ਪਤਿ ਉਨ ਕੈ ਅਨੁਮਾਨੋ ॥
ਜੋ ਬਾਬੇ ਕੇ ਦਾਮ ਨ ਦੈਹੈ ॥
ਤਿਨ ਤੇ ਗਹਿ ਬਾਬਰ ਕੇ ਲੈਹੈ ॥

(ਦਸਮ ਗ੍ਰੰਥ, ਪੰਨਾ 64)

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਨੇ ਇੱਕ ਸਮੇਂ ਭਾਰਤ ਵਿੱਚ ਦੋ ਗੱਦੀਆਂ ਚਲਾਈਆਂ। ਇੱਕ ਗੁਰੂ ਨਾਨਕ ਜੀ ਦੀ ਗੱਦੀ ਤੇ ਦੂਜੀ ਬਾਬਰ ਦੀ ਗੱਦੀ। ਬਾਬਰ ਦੀ ਗੱਦੀ ਦੇ ਜ਼ਿੰਮੇਂ ਗੁਰੂ ਨਾਨਕ ਜੀ ਦੀ ਗੱਦੀ ਦੀ ਰਾਖੀ ਲਾਈ ਗਈ।

ਕਈ ਲੋਕਾਂ ਦਾ ਵਿਚਾਰ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਜੋ ਕੁਰਬਾਨੀਆਂ ਦਿੱਤੀਆਂ ਹਨ, ਓਹਨਾਂ ਦਾ ਮੂਲ ਕਾਰਨ ਮੁਸਲਮਾਨ ਹੁਕਮਰਾਨਾਂ ਦਾ ਤਅੱਸੁਬ ਸੀ। ਇਸ ਬਾਰੇ ਸ: ਬਲਜੀਤ ਸਿੰਘ ਐਮ. ਏ. ਦਾ ਇਹ ਕਥਨ ਹੈ ਕਿ :-

*''ਕਈ ਇਤਿਹਾਸਕਾਰ ਭੁਲੇਖਾ ਖਾ ਗਏ ਹਨ ਅਤੇ ਓਹਨਾਂ ਨੇ ਕਈਆਂ ਨੂੰ ਭੁਲੇਖੇ ਵਿਚ ਪਾਈ ਰਖਿਆ, ਜਿਸ ਕਾਰਨ ਸਾਨੂੰ ਹੁਣ ਤਾਈਂ ਨੁਕਸਾਨ ਉਠਾਉਣਾ ਪੈ ਰਿਹਾ ਹੈ। ਏਹਨਾਂ ''ਜਾਣਨਕਾਰਾਂ'' ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਾਂ ਦੂਜੇ ਸਿੱਖ ਗੁਰੂਆਂ ਨੇ ਮੁਸਲਮ ਧਰਮ ਦੇ ਖ਼ਿਲਾਫ਼, ਅਰਥਾਤ ਮੁਸਲਮਾਨ ਧਰਮ ਨੂੰ ਨਾ ਕਬੂਲਣ ਲਈ ਕੁਰਬਾਨੀਆਂ ਦਿੱਤੀਆਂ ਹਨ। ਇਹ ਬਿਲਕੁਲ ਗਲਤ ਹੈ।... ਮੁਸਲਮਾਨੀ ਧਰਮ ਨੂੰ ਨਾ ਕਬੂਲਦਿਆਂ ਜਾਨਾਂ ਵਾਰਨੀਆਂ ਇਸ ਕਿਸਮ ਦੀ ਗੱਲ ਸਾਡੀ ਕੌਮੀਅਤ ਦੇ ਜਜ਼ਬਾਤ*

*ਦੇ ਵਿਰੁੱਧ ਜਾਂਦੀ ਹੈ।" (ਸਗਲ ਜਮਾਤੀ, ਪੰਨਾ 92)*

ਅਰਥਾਤ :-

*"ਸਾਡੀ ਇਕ ਮੁਸ਼ਕਿਲ ਇਹ ਭੀ ਹੈ ਕਿ ਸਿੱਖਾਂ ਅਤੇ ਸਿੱਖ ਇਤਿਹਾਸ ਨੂੰ ਆਮ ਲੋਕਾਂ ਨੇ ਹੀ ਨਹੀਂ; ਬਲਕਿ ਇਤਿਹਾਸਕਾਰਾਂ ਨੇ ਵੀ ਠੀਕ ਨਹੀਂ ਸਮਝਿਆ। ਜੋ ਭੀ ਕੋਈ ਸਿੱਖ ਇਤਿਹਾਸ ਦੀ ਵਿਆਖਿਆ ਕਰਨ ਲੱਗਦਾ ਹੈ, ਉਹ ਤੁਰਦਾ ਹੀ ਮਨ ਵਿਚ ਇਹ ਗੱਲ ਨਿਸਚੇ ਕਰਕੇ ਹੈ ਕਿ ਸਿੱਖਾਂ ਅਤੇ ਮੁਸਲਮਾਨਾਂ ਦਾ ਜਨਮ ਜਨਮਾਤਰਾਂ ਤੋਂ ਸਿਰ ਵੱਢਨਾ ਵੈਰ ਸੀ। ਇਹ ਇੱਕ ਬੜਾ ਭਾਰੀ ਭੁਲੇਖਾ ਹੈ।"*

*(ਅਕਾਲੀ ਪ੍ਰਤ੍ਰਿਕਾ, 28 ਮਾਰਚ 1964; ਕੌਮੀ ਦਰਦ, 24 ਫ਼ਰਵਰੀ 1967)*

# ਜਹਾਂਗੀਰ ਤੇ ਗੁਰੂ ਅਰਜਨ ਜੀ

ਇਤਿਹਾਸ ਦੀ ਫੋਲਾ ਫਾਲੀ ਕੀਤਿਆਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਤੇ ਜਹਾਂਗੀਰ ਦੇ ਸੰਬੰਧ ਆਰੰਭ ਕਾਲ ਤੋਂ ਹੀ ਨਹੀਂ ਵਿਗੜੇ; ਸਗੋਂ ਇੱਕ ਸਮੇਂ ਅਜਿਹਾ ਵੀ ਸੀ, ਜਦ ਕਿ ਜਹਾਂਗੀਰ ਗੁਰੂ ਅਰਜਨ ਜੀ ਦਾ ਸਤਿਕਾਰ ਕਰਦਾ ਸੀ। ਪ੍ਰਸਿੱਧ ਸਿੱਖ ਸਕਾਲਰ ਸ: ਬ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਜਹਾਂਗੀਰ ਨੇ ਆਪਣੀ ਸ਼ਹਿਜ਼ਾਦਗੀ ਦੇ ਸਮੇਂ - ਜਦ ਕਿ ਉਹ ਅਜੇ ਸਲੀਮ ਦੇ ਰੂਪ ਵਿਚ ਹੀ ਵਿਚਾਰਦਾ ਸੀ - ਇੱਕ ਚੋਖੀ ਜਾਗੀਰ ਗੁਰੂ ਅਰਜਨ ਦੇਵ ਜੀ ਦੀ ਭੇਟ ਕੀਤੀ ਸੀ, ਜਿਹਾ ਕਿ ਉਕਤ ਸਰਦਾਰ ਜੀ ਲਿਖਦੇ ਹਨ ਕਿ :-

*"ਅਕਬਰ ਦੇ ਜ਼ਮਾਨੇ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨੇ ਇਸ (ਕਰਤਾਰਪੁਰ) ਦੀ ਮੁਆਫ਼ੀ ਦਾ ਪਟਾ ਧਰਮਸਾਲਾ ਦੇ ਨਾਉ ਸੰਮਤ 1655 ਵਿੱਚ ਦਿੱਤਾ, ਜਿਸ ਵਿੱਚ ਰਕਬਾ 9946 ਘੁਮਾਉ, 7 ਕਨਾਲ, 15 ਮਰਲੇ ਦਰਜ ਹੈ।"*

*(ਮਹਾਨ ਕੋਸ਼, ਪੰਨਾ 902 ਤੇ ਗੁਰਦੁਆਰਾ ਗਜ਼ਟ, ਸਤੰਬਰ 1976*

ਯਾਦ ਰਹੇ ਕਿ ਜਹਾਂਗੀਰ ਪਾਦਸ਼ਾਹ ਵਲੋਂ ਦਿੱਤੀ ਗਈ ਇਸ ਜਾਗੀਰ ਦਾ ਵਰਣਨ ਗੁਰੂ ਗ੍ਰੰਥ ਸਾਹਿਬ ਦੀ ਉਸ ਹਸਤ-ਲਿਖਤ ਬੀੜ ਦੇ ਵਾਧੂ ਪਤਰਿਆਂ ਤੇ ਵੀ ਸੀ, ਜਿਸ ਨੂੰ ਵਧੇਰੇ ਲੋਕ ਅਸਲ ਬੀੜ ਮੰਨਦੇ ਹਨ। ਜੋ ਅੱਜ ਕਲ ਕਰਤਾਰਪੁਰ ਦੇ ਸੋਢੀਆਂ ਕੋਲ ਹੈ। (ਵੇਖੋ ਰਾਗਮਾਲਾ ਖੰਡਨ, ਪੰਨਾ 7 ਤੇ ਪ੍ਰਾਚੀਨ ਬੀੜਾਂ, ਪੰਨਾ 265; ਸਿੱਖ ਇਤਿਹਾਸ, ਭਾਗ 1, ਪੰਨਾ 203)

ਇੱਕ ਸਿੱਖ ਵਿਦਵਾਨ ਜੀ ਨੇ ਬਿਨਾਂ ਸੋਚੇ ਵਿਚਾਰੇ ਇਸ ਤੋਂ ਸਿਰ ਫੇਰ ਦਿੱਤਾ ਹੈ ਤੇ ਇਹ ਵਰਣਨ ਕੀਤਾ ਹੈ ਕਿ :-

*"ਇੱਕ ਹੋਰ ਹੈਰਾਨੀ ਵਾਲੀ ਗੱਲ ਹੈ ਕਿ ਕਰਤਾਰਪੁਰ ਬੀੜ ਦੇ ਇੱਕ ਪਤਰੇ ਤੇ ਦਰਜ ਹੈ ਕਿ 1655 ਨੂੰ ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰਪੁਰ ਦਿੱਤਾ ਧਰਮਸ਼ਾਲਾ ਨੂੰ । ਤੀਸਰੀ ਜਮਾਤ ਦੇ ਮੁੰਡੇ ਵੀ ਜਾਣਦੇ ਹਨ ਕਿ ਸੰਮਤ 1663 ਮੁਤਾਬਕ 1605 ਈ: ਦੇ ਅਕਤੂਬਰ ਨੂੰ ਅਕਬਰ ਆਗਰੇ ਜਾ ਕੇ ਮਰ ਗਿਆ । ਉਸ ਦੇ ਪੁੱਤਰ ਜਹਾਂਗੀਰ ਨੂੰ ਇਸ ਦੇ ਮਰਨ ਪਿੱਛੋਂ ਤਖ਼ਤ ਪ੍ਰਾਪਤ ਹੋਇਆ, ਸਾਫ਼ ਜ਼ਾਹਰ ਹੈ ਕਿ ਸੰਮਤ 1655 ਨੂੰ ਜਹਾਂਗੀਰ ਬਾਦਸ਼ਾਹ ਹੀ ਨਹੀਂ ਬਣਿਆ ਸੀ । ਰਕਬਾ ਦੇਣ ਲਈ ਬਾਦਸ਼ਾਹ ਜਹਾਂਗੀਰ ਕਿੱਥੇ ਆ ਗਿਆ ?" (ਖਾਲਸਾ ਪਾਰਲੀਮੈਂਟ ਗਜ਼ਟ, ਸਤੰਬਰ 1955)*

ਉਸ ਸਮੇਂ ਸੰਮਤ 1655 ਵਿੱਚ ਜਹਾਂਗੀਰ ਨੇ ਨਹੀਂ, ਸਲੀਮ ਨੇ ਜ਼ਮੀਨ ਦਿੱਤੀ ਸੀ; ਇਸ ਲਈ ਇਹ ਸ਼ੰਕਾ ਗ਼ਲਤ ਹੈ । ਸਲੀਮ ਬਾਦਸ਼ਾਹ ਬਣਨ ਮਗਰੋਂ ਜਹਾਂਗੀਰ ਕਹਾਇਆ ਸੀ ।

ਜਹਾਂਗੀਰ ਬਾਦਸ਼ਾਹ ਨੇ ਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੂੰ ਜਾਗੀਰ ਦਿੱਤੀ ਸੀ; ਜਿਹਾ ਕਿ ਗਿਆਨੀ ਈਸ਼ਰ ਸਿੰਘ ਜੀ ਨਾਰਾ ਨੇ ਲਿਖਿਆ ਹੈ :-

*"ਬਾਦਸ਼ਾਹ (ਜਹਾਂਗੀਰ) ਨੇ ਧੰਨਵਾਦ ਵਜੋਂ ਪਖੋਕੇ 1, ਠੇਠਰ ਕੇ 2, ਨਾਨਕ ਚੱਕ 3, ਕਰਤਾਰਪੁਰ 4 ਅਤੇ ਬਾਹਠ 5 ਪਿੰਡਾ ਦੀ ਮੁਆਫ਼ੀ ਤੇ ਮਾਲਕੀ ਦਾ ਪਟਾ ਪੇਸ਼ ਕਰ ਕੇ ਖਿਮਾਚਾਹੀ ਕਿ ਆਪ ਨੂੰ ਇੱਥੇ ਬੁਲਾ ਕੇ ਭਾਰੀ ਖੇਚਲ ਦਿੱਤੀ ਹੈ । ਸ੍ਰੀ ਬਾਬਾ ਜੀ ਨੇ ਫ਼ਰਮਾਇਆ ਕਿ ਅਸੀਂ ਤਾਂ ਵਿਰੱਕਤ ਹਾਂ, ਕਿਸੇ ਚੀਜ਼ ਦੀ ਲੋੜ ਨਹੀਂ, ਪਰ ਤੁਸੀਂ ਜੇਕਰ ਆਪਣੇ ਲਈ ਕੋਈ ਸਵਾਬ ਜਾਣਦੇ ਤੇ ਆਪਣੇ ਪਿਤਾ ਵਾਂਗ ਸਭ ਦੇ ਸਾਂਝੇ ਲੰਗਰ ਵਾਸਤੇ ਦੇਣਾ ਚਾਹੋ, ਤਾਂ ਧਰਮ ਚੰਦ ਪਾਸ ਕਰਤਾਰਪੁਰ ਭਿਜਵਾ ਦਿਓ । ਬਾਦਸ਼ਾਹ ਨੇ ਐਸਾ ਹੀ ਕੀਤਾ ।"*

*(ਇਤਿਹਾਸ ਬਾਬਾ ਸ੍ਰੀ ਚੰਦ, ਪੰਨਾ 410)*

ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਜੀ ਨੂੰ ਵਾਕੇ ਵਿੱਚ ਪੰਜ ਸੌ ਏਕੜ ਜ਼ਮੀਨ ਭੇਟ ਕੀਤੀ ਸੀ । (ਅਜੀਤ ਜਲੰਧਰ 5 ਅਕਤੂਬਰ 1978)

ਜਦ ਜਹਾਂਗੀਰ ਤਖ਼ਤ ਤੇ ਬੈਠਾ ਸੀ, ਤਾਂ ਸ਼ੁਰੂ ਸ਼ੁਰੂ ਵਿੱਚ ਉਸ ਦੇ ਸੰਬੰਧ ਗੁਰੂ-

ਘਰ ਨਾਲ ਬਹੁਤ ਹੀ ਚੰਗੇ ਸਨ। ਉਹ ਗੁਰੂ ਜੀ ਦਾ ਵੱਡਾ ਸਤਿਕਾਰ ਕਰਦਾ ਸੀ। ਇੱਕ ਵਾਰ ਪ੍ਰਿਥੀਚੰਦ ਨੇ ਉਸ ਪਾਸ ਵੀ ਗੁਰੂ ਜੀ ਨੂੰ ਗੁਰੂਤਾ ਤੋਂ ਅੱਡ ਕਰਨ ਦਾ ਦਾਅਵਾ ਕੀਤਾ ਸੀ। ਜਹਾਂਗੀਰ ਨੇ ਇਸ ਮੁਕੱਦਮੇ ਦਾ ਜੋ ਫ਼ੈਸਲਾ ਕੀਤਾ ਸੀ, ਉਸ ਨੂੰ ਗੁਰ-ਬਿਲਾਸ ਪਾ: 6 ਵਿੱਚ ਇਉ ਅੰਕਿਤ ਕੀਤਾ ਗਿਆ ਹੈ :-

ਗੁਰੂ ਨਾਨਕ ਕੇ ਗ੍ਰਿਹਿ ਕੇ ਹਮ ਦਾਸ ।
ਇਸ ਕਾ ਨਿਆਉ ਸ੍ਰੀ ਗੁਰ ਪਾਸ ।
ਗੁਰ ਰਾਮਦਾਸ ਦੀਨੀ ਗੁਰਿਆਈ ।
ਸੋ ਹਮ ਤੇ ਨਹੀਂ ਜਾਤ ਮਿਟਾਈ ।
ਜੇ ਗੁਰਿਆਈ ਤੁਮ ਕੋ ਹੋਤੀ ।
ਜੀਵਨ ਦੇਵਤ ਸ੍ਰੀ ਗੁਰ ਜੋਤੀ ।
ਅਬ ਤਿਨ ਕੇ ਤੁਮ ਲਾਗੋ ਪਾਈ ।
ਜਹਾਂਗੀਰ ਅਸ ਬੈਨ ਅਲਾਈ ।

(ਗੁਰ ਬਿਲਾਸ ਪਾ: 6, ਅ: 3)

ਅਰਥਾਤ :- ਜਹਾਂਗੀਰ ਨੇ ਇਹ ਫੈਸਲਾ ਦਿੱਤਾ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਆਪ ਗੁਰਿਆਈ ਦੇ ਗਏ ਹਨ। ਅਸੀਂ ਉਹਨਾਂ ਨੂੰ ਗੁਰ-ਗੱਦੀ ਤੋਂ ਅੱਡ ਨਹੀਂ ਕਰ ਸਕਦੇ। ਅਸੀਂ ਤਾਂ ਗੁਰੂ ਨਾਨਕ ਦੇ ਘਰ ਦੇ ਦਾਸ ਹਾਂ। ਤੇਰੇ ਲਈ ਏਹੋ ਯੋਗ ਹੈ ਕਿ ਤੂੰ ਗੁਰੂ ਅਰਜਨ ਜੀ ਦੀ ਸ਼ਰਨ ਵਿੱਚ ਚਲਾ ਜਾਹ।

ਇਸ ਦੇ ਨਾਲ ਹੀ ਜਹਾਂਗੀਰ ਨੇ ਉਸ ਨੂੰ ਇਹ ਵੀ ਕਿਹਾ :-

ਅਬ ਵਹਾਂ ਨਾ ਜਾਉ ਗ੍ਰਹ ਹਮ ਤੇ ਇਕ ਪਾਉ,
ਤੁਮ ਰਚੋ ਘਰ ਤਹਾਂ ਜੇਡ ਤੇਰੇ ਮਨਿ ਆਈ ਹੈ ।
ਗਰਾਮ ਪਟਾ ਸ਼ਾਹ ਲਿਖ ਦੀਨੇ ਪ੍ਰਿਥੀਏ ਹਾਥ ।
ਮੁਖ ਕਹਿਓ ਸਾਚਿ ਲਾਹੌਰ ਤਬ ਚਲਿਓ ਮਮ ਸਾਥ ।

(ਗੁਰ ਬਿਲਾਸੁ ਪਾ: 6, ਅ: 3)

ਬਾਵਾ ਸਰੂਪ ਚੰਦ ਭੱਲਾ ਲਿਖਦੇ ਹਨ ਕਿ ਇੱਕ ਵਾਰ ਗੁਰੂ ਹਰਿਗੋਬਿੰਦ ਜੀ ਦੇ ਦੋਖੀਆਂ ਨੇ ਜਹਾਂਗੀਰ ਨੂੰ ਗੁਰੂ ਜੀ ਦੇ ਵਿਰੁੱਧ ਝੂਠੀਆਂ ਸੱਚੀਆਂ ਸੁਣਾ ਕੇ ਬਾਦਸ਼ਾਹ ਨੂੰ ਗੁਰੂ ਜੀ ਦੇ ਵਿਰੁੱਧ ਭੜਕਾਉਣ ਦਾ ਯਤਨ ਕੀਤਾ ਸੀ, ਪਰ ਬਾਦਸ਼ਾਹ ਨੇ ਇਹ ਕਿਹਾ ਸੀ ਕਿ :-

ਤਬ ਬਾਦਸ਼ਾਹ ਨੇ ਇਉ ਕਹਿਓ ਬਖਾਨ ।
ਜਿਸ ਦਈ ਬਡਾਈ ਰਬੁ ਸੁਬਹਾਨ ।

ਕੀਆ ਬਖੀਲੀ ਕਛੂ ਨਾ ਹੋਇ ।
ਅੱਲਾ ਚਾਹੈ ਹੋਵੈ ਸੋਇ ।
ਨਾਨਕ ਕੇ ਘਰ ਕੀ ਕਹੀ ਨਾ ਜਾਇ ।
ਦਈ ਬਡਾਈ ਜਿਨਹਿ ਖੁਦਾਇ ।
ਸੁਨ ਸਭਨ ਖਾਮੋਸ਼ ਹੋ ਰਹੇ ।
ਬਾਦਸ਼ਾਹ ਸਵਾਰ ਪੁਨ ਭਏ ।
ਪੁਨ ਆਵੈ ਸਤਿਗੁਰ ਨਿਜਖਾਨੇ ।
ਜੈ ਜੈ ਕਾਰ ਸਭ ਜਗਤ ਬਖਾਨੇ ।

(ਮਹਿਮਾ ਪ੍ਰਕਾਸ਼, ਸਾਖੀ 147, ਪੰਨਾ 437)

ਸੋ ਗੱਲ ਕੀ ਜਹਾਂਗੀਰ ਦੇ ਮਨ ਵਿੱਚ ਗੁਰੂ-ਘਰ ਲਈ ਕੋਈ ਖੋਟ ਨਹੀਂ ਸੀ । ਉਹ ਸਿੱਖ ਗੁਰੂ ਸਾਹਿਬਾਨ ਦਾ ਪੂਰਨ ਸਤਿਕਾਰ ਕੀਤਾ ਕਰਦਾ ਸੀ । ਇਸੇ ਤਰ੍ਹਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਇੱਕ ਵਾਰ ਜਹਾਂਗੀਰ ਲਾਹੌਰ ਆਇਆ, ਤਾਂ ਚੰਦੂ ਲਾਲ ਨੇ ਪ੍ਰਿਥੀਚੰਦ ਨੂੰ ਗੁਰੂ ਜੀ ਤੋਂ ਉਸ ਦਾ ਹੱਕ ਦੁਆਉਣ ਲਈ ਬਾਦਸ਼ਾਹ ਕੋਲ ਸਿਫ਼ਾਰਸ਼ ਕੀਤੀ, ਪਰ ਜਹਾਂਗੀਰ ਨੇ ਅਜਿਹਾ ਕਰਨ ਤੋਂ ਨਾਹ ਕਰ ਦਿੱਤੀ ਤੇ ਏਹੋ ਕਿਹਾ ਕਿ ਅਸੀਂ ਇਸ ਮਾਮਲੇ ਵਿੱਚ ਦਖ਼ਲ ਦੇਣਾ ਯੋਗ ਨਹੀਂ ਸਮਝਦੇ ।

*(ਗੁਰ-ਬਿਲਾਸ ਪਾ: 9, ਅਧਿਆਇ 3)*

ਇੱਕ ਸਿੱਖ ਵਿਦਵਾਨ ਗਿਆਨੀ ਸ਼ੇਰ ਸਿੰਘ ਜੀ ਨੇ ਪ੍ਰਿਥੀਚੰਦ ਦੇ ਇਸ ਰਵੱਈਏ ਨੂੰ ਮੁੱਖ ਰੱਖ ਕੇ ਇਹ ਲਿਖਿਆ ਹੈ ਕਿ :-

*"ਗੁਰੂ ਅਰਜਨ ਦੇਵ ਜੀ ਦਾ ਮੁਕਾਬਲਾ ਪ੍ਰਿਥੀਚੰਦ ਨੇ ਅਤਿ ਖੋਟੀ ਨੀਅਤ ਨਾਲ ਕੀਤਾ । ਉਹਨਾਂ ਦੇ ਬਰਖ਼ਿਲਾਫ਼ ਜ਼ਾਲਮ ਹਾਕਮਾਂ ਨਾਲ ਮਿਲ ਕੇ ਬੁਰੀਆਂ ਵਿਉਤਾਂ ਵਿਉਤੀਆਂ । ਸਾਰੇ ਧਨ ਦੌਲਤ ਤੇ ਜਾਇਦਾਦ ਉਪਰ ਆਪਣਾ ਕਬਜ਼ਾ ਜਮਾਇਆ । ਭੋਲੇ ਭਾਲੇ ਸਿੱਖਾਂ ਨੂੰ ਧੋਖਾ ਦੇ ਕੇ ਲੰਗਰ ਦੀ ਪੂਜਾ ਭੇਟ ਆਪਣੇ ਕਬਜ਼ੇ ਕੀਤੀ ।"*

*(ਖੰਡੇ ਦੀ ਧਾਰ ਵਿੱਚ ਅੰਮ੍ਰਿਤ ਦਾ ਗਿਆਨ, ਪੰਨਾ 23)*

ਏਹਨਾਂ ਇਤਿਹਾਸਿਕ ਘਟਨਾਵਾਂ ਤੋਂ, ਜੋ ਸਿੱਖ ਇਤਿਹਾਸਕਾਰਾਂ ਨੇ ਆਪ ਹੀ ਵਰਨਣ ਕੀਤੀਆਂ ਹਨ, ਇਹ ਵਿਦਤ ਹੁੰਦਾ ਹੈ ਕਿ ਜਹਾਂਗੀਰ ਸਦਾ ਹੀ ਗੁਰੂ ਅਰਜਨ ਜੀ ਦੇ ਹੱਕਾਂ ਦੀ ਰਾਖੀ ਕਰਦਾ ਰਿਹਾ । ਜੇ ਉਸ ਦੇ ਦਰਬਾਰ ਵਿੱਚ ਗੁਰੂ ਜੀ ਦਾ ਕੋਈ ਵੈਰੀ ਕਦੇ ਕੋਈ ਰੀਪੋਰਟ ਗੁਰੂ ਜੀ ਦੇ ਵਿਰੁੱਧ ਕਰਦਾ ਸੀ, ਤਾਂ ਉਹ ਸਦਾ ਹੀ ਨਿਆਇਕਾਰੀ ਨੂੰ ਮੁੱਖ ਰਖਦਾ ਸੀ । ਉਸ ਦੇ ਮਨ ਵਿੱਚ ਗੁਰੂ-ਘਰ ਦਾ

ਵੱਡਾ ਸਤਿਕਾਰ ਸੀ। ਉਹ ਆਪਣੇ ਆਪ ਨੂੰ ਗੁਰੂ-ਘਰ ਦਾ ਇੱਕ ਸੇਵਕ ਤੇ ਦਾਸ ਜਾਣਦਾ ਸੀ।

ਵਿਚਾਰਵਾਨ ਵਿਚਾਰ ਕਰ ਸਕਦੇ ਹਨ ਕਿ ਜੇ ਸੱਚਮੁਚ ਹੀ ਜਹਾਂਗੀਰ ਦੇ ਮਨ ਵਿੱਚ ਕੋਈ ਖੋਟ ਸੀ ਤੇ ਉਹ ਗੁਰੂ ਅਰਜਨ ਜੀ ਨੂੰ ਕੋਈ ਹਾਨ ਪਹੁੰਚਾਉਣ ਦਾ ਚਾਹਵਾਨ ਸੀ, ਤਾਂ ਉਸ ਲਈ ਇਹ ਸੌਖਾ ਰਾਹ ਸੀ ਕਿ ਉਹ ਪ੍ਰਿਥੀਚੰਦ ਦੇ ਹੱਕ ਵਿੱਚ ਫ਼ੈਸਲਾ ਦੇ ਕੇ ਦੋਹਾਂ ਭਰਾਵਾਂ ਦੀ ਟੱਕਰ ਕਰਵਾ ਦਿੰਦਾ ਅਤੇ ਆਪ ਲਾਂਭੇ ਰਹਿ ਕੇ ਹੀ ਸਭ ਕੁਝ ਕਰ ਲੈਂਦਾ। ਫੇਰ ਉਹ ਅਜਿਹਾ ਫ਼ੈਸਲਾ ਕਦੇ ਨ ਕਰਦਾ ਕਿ ਅਸੀਂ ਗੁਰੂ ਘਰ ਦੇ ਦਾਸ ਹਾਂ ਤੇ ਗੁਰੂ ਅਰਜਨ ਜੀ ਨੂੰ ਗੁਰ-ਗੱਦੀ ਤੋਂ ਬੇ-ਦਖ਼ਲ ਨਹੀਂ ਕਰ ਸਕਦੇ।

ਪਿੰਡ ਚੋਲ੍ਹਾ ਸਾਹਿਬ ਦੀ ਸਾਰੀ ਆਮਦਨ ਮੁਗ਼ਲ ਹਕੂਮਤ ਨੇ ਗੁਰੂ ਅਰਜਨ ਦੇ ਲੰਗਰ ਨਾਲ ਲਾ ਦਿੱਤੀ ਸੀ; ਜਿਹਾ ਕਿ ਵਰਣਨ ਹੈ ਕਿ :-

*"ਨਗਰ ਚੋਹਲੇ ਦੀ ਸਰਕਾਰੋਂ ਮੁਆਫ਼ੀ... ਕਚਹਿਰੀਓਂ ਇਹ ਹੁਕਮ ਮਿਲਣ ਤੇ ਕਿ ਹੁਣ ਤੁਸੀਂ ਚੋਲ੍ਹਾ ਸਾਹਿਬ ਦਾ ਹਾਲੀ ਮੁਆਮਲਾ ਸਰਕਾਰੇ ਦਰਬਾਰੇ ਤਾਰਨ ਦੀ ਥਾਵੇਂ ਉਥੇ ਗੁਰੂ ਅਰਜਨ ਦੇਵ ਜੀ ਦੇ ਲੰਗਰ ਵਿੱਚ ਹੀ ਪਾ ਦਿਆ ਕਰੋ।"* *(ਗੁਰਦਆਰਾ ਗਜ਼ਟ, ਜੂਨ 1980)*

ਅਰਥਾਤ :-

*"ਪਿੰਡ ਦਾ ਹਾਲੀ ਮੁਆਮਲਾ ਜੋ ਬਾਦਸ਼ਾਹੀ ਨਾਲ... ਸ੍ਰੀ ਗੁਰੂ ਅਰਜਨ ਦੇਵ ਦੇ ਲੰਗਰ ਦੀ ਸਹਾਇਤਾ ਵਾਸਤੇ ਦੇਣਾ ਪ੍ਰਵਾਨ ਹੋਇਆ ਸੀ।"* *(ਗੁਰਦੁਆਰਾ ਗਜ਼ਟ, ਜੂਨ 1980)*

ਗੁਰ ਬਿਲਾਸ ਪਾ: 6 ਵਿੱਚ ਇਹ ਲਿਖਿਆ ਵੀ ਮਿਲਦਾ ਹੈ ਕਿ ਇੱਕ ਵਾਰ ਜਹਾਂਗੀਰ ਦੀ ਜਨਮ-ਪੱਤਰੀ ਗੁਆਚ ਗਈ। ਚੰਦੂਲਾਲ ਨੇ ਪਾਤਸ਼ਾਹ ਨੂੰ ਇਹ ਕਿਹਾ ਕਿ ਆਪ ਦੀ ਜਨਮ-ਪੱਤਰੀ ਤੇ ਬਹੁਤ ਸਾਰਾ ਧਨ ਗੁਰੂ ਅਰਜਨ ਨੇ ਸ਼ਾਹੀ ਖ਼ਜ਼ਾਨੇ ਤੋਂ ਚੋਰੀ ਕਰਵਾ ਲਿਆ ਹੈ। ਇਸ ਤੇ ਜਹਾਂਗੀਰ ਨੇ ਗੁਰੂ ਜੀ ਦੇ ਵਿਰੁੱਧ ਕੋਈ ਐਕਸ਼ਨ ਲੈਣ ਦੀ ਥਾਂ ਇਹ ਕਿਹਾ ਕਿ :-

ਬਾਦਸ਼ਾਹ ਐਸ ਕਹਾ ਹਮਰੀ ਦਿਸ ਕਰ ਜੋਰ।
ਲੰਗਰ ਖ਼ਰਚ ਅਧਿਕ ਹੈ ਲੀਜੈ ਗਰਾਮ ਸੋ ਹੋਰ।
ਚੋਰੀ ਨਿੰਦ ਹੁਏ ਜਗ ਸਾਰੇ ਨਹੀਂ ਬਨੇ ਸ੍ਰੀ ਗੁਰ ਹਮਾਰੇ।
ਅਬ ਚਲੇਂ ਸੋ ਬੀਚ ਲਾਹੌਰ ਤੁਮ ਗੁਰ ਪ੍ਰਭ ਆਓ ਤਿਹ ਠੌਰ।

(ਗੁਰ ਬਿਲਾਸ ਪਾ: 6, ਅ: 3)

ਅਰਥਾਤ :- ਜਹਾਂਗੀਰ ਨੇ ਚੰਦੂਲਾਲ ਨੂੰ ਇਹ ਕਿਹਾ ਕਿ ਸਾਡੇ ਵੱਲੋਂ ਗੁਰੂ ਅਰਜਨ ਜੀ ਨੂੰ ਇਹ ਬੇਨਤੀ ਕੀਤੀ ਜਾਏ ਕਿ ਜੇ ਲੰਗਰ ਦਾ ਖ਼ਰਚ ਵਧੇਰੇ ਹੈ, ਤਾਂ ਅਸੀਂ ਹੋਰ ਜਾਗੀਰ ਦੇ ਦਿੰਦੇ ਹਾਂ। ਇਸ ਤਰ੍ਹਾਂ ਚੋਰੀਆਂ ਕਰਨ-ਕਰਾਉਣ ਨਾਲ ਨਿੰਦਾ ਵਿੱਚ ਵਾਧਾ ਹੋਵੇਗਾ। ਅਸੀਂ ਲਾਹੌਰ ਜਾ ਰਹੇ ਹਾਂ। ਤੂੰ ਗੁਰੂ ਜੀ ਤੋਂ ਪੁੱਛ ਕੇ ਉੱਥੇ ਆ ਜਾਈਂ।

ਇਤਿਹਾਸ ਇਹ ਵੀ ਦੱਸਦਾ ਹੈ ਕਿ ਗੁਰੂ ਅਰਜਨ ਜੀ ਦੇ ਵੈਰੀਆਂ ਨੇ ਜਹਾਂਗੀਰ ਕੋਲ ਇਹ ਸ਼ਕਾਇਤ ਕੀਤੀ ਸੀ ਕਿ ਗੁਰੂ ਜੀ ਨੇ ਬਾਈਬਲ ਤੇ ਵੇਦਾਂ ਦੇ ਟਾਕਰੇ ਤੇ ਇੱਕ ਵੱਖਰੀ ਪੁਸਤਕ ਤਿਆਰ ਕੀਤੀ ਹੈ। ਉਸ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੀ ਵੱਡੀ ਨਿੰਦਾ ਕੀਤੀ ਹੈ ਅਤੇ ਏਹਨਾਂ ਦੋਹਾਂ ਜਾਤੀਆਂ ਦੇ ਮਹਾਂਪੁਰਖਾਂ ਨੂੰ ਵੀ ਪਾਣੀ ਪੀ ਪੀ ਕੇ ਕੋਸਿਆ ਹੈ। ਇਸ ਸ਼ਕਾਇਤ ਤੇ ਜਹਾਂਗੀਰ ਨੇ ਗੁਰੂ ਗ੍ਰੰਥ ਸਾਹਿਬ ਸੁਣਨ ਲਈ ਮੰਗਵਾਇਆ। ਗੁਰੂ ਜੀ ਨੇ ਆਪਣੇ ਪੰਜ ਨਿਕਟਵਰਤੀ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਕੇ ਭੇਜ ਦਿੱਤੇ। ਬਾਦਸ਼ਾਹ ਨੇ ਜਦ ਆਪ ਹੀ ਪੱਤਰੇ ਉਲਟਾ ਕੇ ਪੜ੍ਹਨ ਦਾ ਹੁਕਮ ਦਿੱਤਾ, ਤਾਂ ਇਹ ਸ਼ਬਦ ਸਾਹਮਣੇ ਆਇਆ :-

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤ ॥
ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਕਪਿ ਉਤਾਰਿ ॥

(52 ਲੈਕਚਰ, ਪੰਨਾ 119)

ਇਸ ਤੋਂ ਬਿਨਾਂ ਜਹਾਂਗੀਰ ਨੇ ਹੋਰ ਵੀ ਕਈ ਥਾਵਾਂ ਤੋਂ ਗੁਰੂ ਗ੍ਰੰਥ ਸਾਹਿਬ ਸੁਣਿਆ। ਉਸ ਨੇ ਇਸ ਛਾਣਬੀਣ ਮਗਰੋਂ ਓਹਨਾਂ ਸ਼ਕਾਇਤੀਆਂ ਨੂੰ ਵੱਡਾ ਡਾਂਟਿਆ ਕਿ ਤੁਸੀਂ ਇਹ ਝੂਠੀ ਸ਼ਕਾਇਤ ਕਿਉਂ ਕੀਤੀ ਹੈ ? ਬਾਦਸ਼ਾਹ ਨੇ 51 ਮੁਹਰਾਂ ਗੁਰੂ ਗ੍ਰੰਥ ਸਾਹਿਬ ਦੀ ਭੇਟਾ ਕਰਕੇ ਸਿੱਖਾਂ ਨੂੰ ਵਾਪਸ ਕਰ ਦਿੱਤਾ।

(52 ਲੈਕਚਰ, ਪੰਨਾ 119*)

---

** ਇੱਥੇ ਅਸੀਂ ਇਹ ਦੱਸ ਦੇਣਾ ਵੀ ਯੋਗ ਸਮਝਦੇ ਹਾਂ ਕਿ ਇੱਕ ਵਾਰ ਬੁਖਾਰੇ ਦੇ ਇੱਕ ਨਵਾਬ ਪਾਸ ਵੀ ਗੁਰੂ ਗ੍ਰੰਥ ਸਾਹਿਬ ਬਾਰੇ ਏਹੋ ਜਿਹੀ ਸ਼ਕਾਇਤ ਕੀਤੀ ਗਈ ਸੀ ਕਿ ਇਸ ਵਿੱਚ ਇਸਲਾਮ ਦੀ ਨਿੰਦਾ ਕੀਤੀ ਗਈ ਹੈ। ਉਸ ਨਵਾਬ ਨੇ ਵੀ ਗੁਰੂ ਗ੍ਰੰਥ ਸਾਹਿਬ ਸੁਣ ਕੇ ਇਹ ਨਿਸਚਾ ਕਰ ਲਿਆ ਸੀ ਕਿ ਇਸ ਪੁਸਤਕ ਵਿੱਚ ਪ੍ਰੇਮ ਭਰੀਆਂ ਗੱਲਾਂ ਤੋਂ ਛੁਟ ਕੁਝ ਵੀ ਨਹੀਂ।*

(ਵੇਖੋ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 534)

ਸੋ ਇਹ ਇਕ ਅਸਲੀਅਤ ਹੈ ਕਿ ਬਾਦਸ਼ਾਹ ਦੀ ਇੱਛਾ ਗੁਰੂ ਅਰਜਨ ਦੇਵ ਜੀ ਨੂੰ ਹਾਨ ਪਹੁੰਚਾਣ ਦੀ ਨਹੀਂ ਸੀ। ਜੇ ਉਹ ਗੁਰੂ ਜੀ ਦਾ ਵੈਰੀ ਹੁੰਦਾ, ਤਾਂ ਅਜੇਹੀਆਂ ਸ਼ਕਾਇਤਾਂ ਸਮੇਂ ਉਹ ਵੱਡੇ ਸੌਖ ਨਾਲ ਸਭ ਕੁਝ ਕਰ ਸਕਦਾ ਸੀ, ਪਰ ਉਸ ਨੇ ਕਿਸੇ ਸਮੇਂ ਵੀ ਅਦਲਿ-ਜਹਾਂਗੀਰੀ ਨੂੰ ਲੀਕ ਨਾ ਲੱਗਣ ਦਿੱਤੀ। ਅਸੀਂ ਜਹਾਂਗੀਰ ਜਾਂ ਕਿਸੇ ਹੋਰ ਦੀ ਕੋਈ ਬੇਜਾ ਹਮਾਇਤ ਨਹੀਂ ਕਰਨਾ ਚਾਹੁੰਦੇ; ਸਗੋਂ ਸਿੱਖ ਲਿਟਰੇਚਰ ਦੇ ਆਧਾਰ ਤੇ ਹੀ ਅਜੇਹੀਆਂ ਗੱਲਾਂ ਪੇਸ਼ ਕਰ ਰਹੇ ਹਾਂ, ਜੋ ਇਹ ਦਸਦੀਆਂ ਹਨ ਕਿ ਜਹਾਂਗੀਰ ਦੇ ਮਨ ਵਿੱਚ ਗੁਰੂ ਅਰਜਨ ਜੀ ਬਾਰੇ ਕੋਈ ਖੋਟ ਨਹੀਂ ਸੀ; ਸਗੋਂ ਉਸ ਨੇ ਹਰ ਸਮੇਂ ਗੁਰੂ ਜੀ ਦੇ ਹੱਕਾਂ ਦੀ ਰਾਖੀ ਕੀਤੀ ਸੀ। ਤੇ ਨਿਆਇਕਾਰੀ ਨੂੰ ਹੀ ਮੁੱਖ ਰਖਿਆ ਸੀ।

ਤੋਜ਼ਕਿ ਜਹਾਂਗੀਰ ਦੀ ਕਿਸੇ ਇਬਾਰਤ ਦਾ ਸਹਾਰਾ ਲੈ ਕੇ ਕੋਈ ਵਿਚਾਰ ਪੇਸ਼ ਕਰਨਾ ਤੇ ਸਿੱਖ ਬਜ਼ੁਰਗਾਂ ਦੀਆਂ ਲਿਖਤਾਂ ਦਾ ਖੰਡਨ ਕਰਨਾ ਕੋਈ ਸ਼ੋਭਨੀਕ ਗੱਲ ਨਹੀਂ। ਹੋ ਸਕਦਾ ਹੈ ਕਿ ਤੋਜ਼ਕਿ ਜਹਾਂਗੀਰ ਵਿੱਚ ਮਗਰੋਂ ਵਾਧੇ ਘਾਟੇ ਕੀਤੇ ਗਏ ਹੋਣ; ਕਿਉਂਕਿ ਅਜੇਹੀਆਂ ਪੁਸਤਕਾਂ ਵਿੱਚ ਮਗਰੋਂ ਵਾਧਿਆਂ ਘਾਟਿਆਂ ਦਾ ਹੋਣਾ ਅਸੰਭਵ ਨਹੀਂ।

ਤੋਜ਼ਕਿ ਜਹਾਂਗੀਰੀ ਬਾਰੇ ਇੱਕ ਇਹ ਵੀ ਖੋਜ ਹੈ ਕਿ ਇਹ ਕੋਈ ਪ੍ਰਮਾਣੀਕ ਪੁਸਤਕ ਨਹੀਂ ਤੇ ਨਾ ਇਹ ਜਹਾਂਗੀਰ ਦੀ ਲਿਖਤ ਹੈ; ਸਗੋਂ ਜਹਾਂਗੀਰ ਤੋਂ ਚੋਖਾ ਸਮਾਂ ਮਗਰੋਂ ਹੋਂਦ ਵਿਚ ਆਈ ਹੈ। ਇਸ ਬਾਰੇ ਵਰਣਨ ਹੈ ਕਿ :-

> *ਕਪਤਾਨ (ਲੈਸ) ਨੇ ਚੋਖੀ ਲਾਭਦਾਇਕ ਖੋਜ ਪੇਸ਼ ਕਰਦਿਆਂ ਹੋਇਆਂ ਦੱਸਿਆ ਹੈ ਕਿ ਇਹ ਕਥਨ ਉੱਕਾ ਹੀ ਗ਼ਲਤ ਹੈ ਕਿ ਉਹ ਤੋਜ਼ਕਿ ਜਹਾਂਗੀਰੀ ਜਿਸ ਨੂੰ ਮੁਹੰਮਦ ਹਾਦੀ ਨੇ ਮੁਹੰਮਦ ਸ਼ਾਹੀ ਸਮੇਂ ਸੰਗ੍ਰਹਿ ਕੀਤਾ ਸੀ, ਜਹਾਂਗੀਰ ਦੀ ਆਪਣੀ ਲਿਖਤ ਹੈ।... ਵਰਤਮਾਨ ਤੋਜ਼ਕ ਮੁਹੰਮਦ ਹਾਦੀ ਦੀ ਸੰਗ੍ਰਹਿ ਕੀਤੀ ਹੋਈ ਹੈ, ਇਸ ਤੋਂ ਛੁੱਟ ਮੁੱਢਲੇ ਸਮਾਚਾਰਾਂ ਬਾਰੇ ਦੋ ਅੱਡ ਅੱਡ ਕਾਪੀਆਂ ਹਨ ਤੇ ਏਹਨਾਂ ਦੋਹਾਂ ਵਿੱਚ ਏਨਾ ਮਤਿਭੇਦ ਹੈ ਕਿ ਵੇਖ ਕੇ ਵੱਡਾ ਅਚੰਭਾ ਹੁੰਦਾ ਹੈ ਤੇ ਖੋਜੀਆਂ ਨੇ ਇਸ ਕਾਪੀ ਨੂੰ ਜੋ ਆਪਣੇ ਜਵਾਹਰਾਤ ਤੇ ਪਸ਼ੂਆਂ ਦੇ ਵਰਣਨ ਕਰਨ ਵਿੱਚ ਅਤਿ ਕਥਨੀ ਭਾਸਦਾ ਹੈ, ਬਣਾਉਟੀ ਸਿੱਧ ਕੀਤਾ ਹੈ।"*
>
> *(ਰੁਕਅਤਿ ਆਲਮਗੀਰੀ, ਪੰਨਾ 93)*

ਅਸੀਂ ਇਹ ਜਾਣਦੇ ਹਾਂ ਕਿ ਜੇ ਜਹਾਂਗੀਰ ਸੱਚਮੁਚ ਹੀ ਕੋਈ ਪਾਪੀ ਜਾਂ ਅਤਿਆਚਾਰੀ ਪਾਤਸ਼ਾਹ ਹੁੰਦਾ, ਤਾਂ ਗੁਰੂ ਗੋਬਿੰਦ ਸਿੰਘ ਜੀ ਉਸ ਨੂੰ ਕਦੇ

"ਆਦਿਲ" ਨਾ ਆਖਦੇ; ਜਿਹਾ ਕਿ ਉਹਨਾਂ ਨੇ ਫ਼ਰਮਾਇਆ ਹੈ ਕਿ :-

*ਜਹਾਂਗੀਰ ਆਦਿਲ ਮਰ ਗਯੋ ॥ (ਦਸਮ ਗ੍ਰੰਥ, ਪੰਨਾ 124)*

ਇੱਕ ਹੋਰ ਥਾਂ ਆਪ ਦਾ ਇਹ ਕਥਨ ਦਰਜ ਹੈ :-

*"ਅਕਬਰ ਦਾ ਬੇਟਾ ਜਹਾਂਗੀਰ ਧਰਮਾਤਮਾ ਪਾਤਸ਼ਾਹ ਚੰਗੇਰਾ ਸੀ।" (ਵਿਜੈ ਮੁਕਤ, 31)*

ਇੱਕ ਸਿੱਖ ਵਿਦਵਾਨ ਸ: ਮੰਗਤ ਸਿੰਘ ਜੀ ਲਿਖਦੇ ਹਨ ਕਿ :-

*"ਜਹਾਂਗੀਰ ਬਾਰੇ ਤਾਂ ਇਨਸਾਫ਼ ਆਪਣੀ ਸਿਖ਼ਰ ਤੇ ਸੀ। ਉਸ ਨੂੰ ਗੁਰੂ ਅਰਜਨ ਸਾਹਿਬ ਨੂੰ ਕੋਈ ਨਾ ਕੋਈ ਠੋਸ ਸਬੂਤ ਇਨਸਾਫ਼ ਦੇ ਸਾਹਮਣੇ ਜ਼ਰੂਰ ਰੱਖਣਾ ਪੈਣਾ ਸੀ।*

*(ਅਜੀਤ ਜਾਲੰਧਰ, 24 ਮਈ 1966)*

ਪ੍ਰੋਫ਼ੈਸਰ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਇੱਕ ਵਾਰ ਜਹਾਂਗੀਰ ਬਾਦਸ਼ਾਹ ਨੇ ਰਾਜਕਾਰ ਤਿਆਗ ਕੇ ਤਾਰਕ ਦੁਨੀਆਂ (ਉਦਾਸੀ) ਹੋਣ ਦਾ ਵਿਚਾਰ ਪਰਗਟ ਕੀਤਾ। ਇਸ ਤੇ ਸਾਈਂ ਮੀਆਂ ਮੀਰ ਜੀ ਨੇ ਉਸ ਨੂੰ ਕਿਹਾ :-

*"ਜਹਾਂਗੀਰ ਐਸਾ ਕਰਨਾ ਠੀਕ ਨਹੀਂ। ਤੁਹਾਡੀ ਹਸਤੀ ਲੋਕ-ਭਲਾਈ ਲਈ ਹੈ। ਤੁਹਾਡੀ ਬਰਕਤ ਨਾਲ ਫ਼ਕੀਰ ਤਕ ਯਾਦ ਇਲਾਹੀ ਵਿਚ ਮਸਤ ਰਹਿੰਦੇ ਹਨ। ਲੋਕ ਸੁਖ ਨਾਲ ਕੰਮਾਂ ਵਿੱਚ ਲਗੇ ਹੋਏ ਹਨ। ਪਹਿਲਾਂ ਕੋਈ ਆਪਣੇ ਜਿਹਾ ਨਿਗਾਹਬਾਨ ਪੈਦਾ ਕਰੋ, ਫਿਰ ਦੁਨੀਆਂ ਤਿਆਗਣ ਦਾ ਖ਼ਿਆਲ ਦਿਲ ਵਿਚ ਲਿਆਉਣਾ।"*

*(ਪੁਰਾਤਨ ਇਤਿਹਾਸ ਜੀਵਨੀਆਂ, ਪੰਨਾ 62; ਗੁਰੂ ਸੰਦੇਸ਼ ਯਮਨਾ ਨਗਰ, ਮਈ 1961; ਫਤਹਿ ਟੂਰਿਸਟ ਨੰਬਰ 1969)*

ਸਾਈਂ ਮੀਆਂ ਮੀਰ ਜੀ ਸਿੱਖ ਜਗਤ ਵਿੱਚ ਵੱਡੇ ਸਤਿਕਾਰੇ ਜਾਂਦੇ ਹਨ। ਜਹਾਂਗੀਰ ਬਾਦਸ਼ਾਹ ਬਾਰੇ ਉਹਨਾਂ ਦੀ ਜੋ ਰਾਇ ਸੀ, ਉਸ ਤੋਂ ਵੀ ਉਸ ਦਾ ਨਿਆਂਇਕਾਰੀ ਹੋਣਾ ਹੀ ਸਿੱਧ ਹੁੰਦਾ ਹੈ। ਇਕ ਹੋਰ ਸਿੱਖ ਵਿਦਵਾਨ ਜੀ ਨੇ ਜਹਾਂਗੀਰ ਦੇ ਇਨਸਾਫ਼ ਬਾਰੇ ਇਹ ਗਵਾਹੀ ਦਿੱਤੀ ਹੈ ਕਿ :-

*"ਸਮਾਂ ਪਾ ਕੇ ਜਦੋਂ ਲੋਧੀਆਂ ਨੇ ਏਥੋਂ ਦੀ ਹਿੰਦੂ ਪਰਜਾ ਨੂੰ ਦੁਖ ਦਿੱਤਾ, ਤਾਂ ਉਹਨਾਂ ਨੇ ਜਹਾਂਗੀਰ (ਮੁਗ਼ਲ) ਬਾਦਸ਼ਾਹ ਪਾਸ (ਜੋ ਕਿ ਲਾਹੌਰ ਨੂੰ ਦੌਰੇ ਤੇ ਜਾ ਰਿਹਾ ਸੀ) ਫ਼ਰਿਆਦ ਕੀਤੀ। ਉਸ ਨੇ ਕੁਝ ਲੋਧੀ ਪਠਾਣ ਕਤਲ ਕਰਵਾ ਕੇ ਅਮਨ ਕਾਇਮ ਕੀਤਾ।"*

*(ਮਾਲਵਾ ਇਤਿਹਾਸ, ਭਾਗ 1, ਪੰਨਾ 643)*

ਅਰਥਾਤ :-

*"ਜਹਾਂਗੀਰ ਨੇ ਲੋਧੀਆਂ ਨੂੰ ਉਹਨਾਂ ਦੀ ਬਦਕਾਰੀ ਤੇ ਬਦਮਾਸ਼ੀ ਦੀ ਸਜ਼ਾ ਕਈ ਵਾਰ ਦਿੱਤੀ ਸੀ।"*

*(ਖ਼ਾਲਸਾ ਇਤਿਹਾਸ ਭਾਗ 1, ਪੰਨਾ 53)*

ਗੁਰੂ ਅਰਜਨ ਦੇਵ ਜੀ ਨੇ ਆਪ ਵੀ ਆਪਣੇ ਸਮੇਂ ਦੇ ਰਾਜ ਨੂੰ ਨਿਆਇਕਾਰੀ ਤੇ ਹਲੇਮੀ ਰਾਜ ਪਰਗਟ ਕੀਤਾ ਹੈ; ਜਿਹਾ ਕਿ ਲਿਖਿਆ ਹੈ :-

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥

(ਸਿਰੀ ਰਾਗ ਮ: 5, ਪੰਨਾ 74)

ਅਰਥਾਤ :-

*"ਬੱਸ ਹੁਣ ਮਿਹਰਬਾਨ ਮਾਲਕ ਦਾ ਹੁਕਮ ਹੋ ਗਿਆ ਹੈ ਕਿ ਕੋਈ ਕਿਸੇ ਤੇ ਪੈ ਕੇ (ਪ੍ਰਬਲ ਹੋ ਕੇ) ਉਸ ਨੂੰ ਦੁਖ ਨਹੀਂ ਦੇ ਸਕੇਗਾ - ਸਾਰੀ ਰਈਅਤ ਸੁਖ ਨਾਲ ਵਸੇਗੀ। ਐਸਾ ਨਰਮੀ ਵਾਲਾ ਰਾਜ ਹੋ ਗਿਆ ਹੈ।"* *(ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 74)*

ਗੁਰੂ ਅਰਜਨ ਦੇਵ ਜੀ ਦੇ ਸਮੇਂ ਜਹਾਂਗੀਰ ਦਾ ਰਾਜ ਸੀ। ਗੁਰੂ ਜੀ ਨੇ ਆਪਣੇ ਸਮੇਂ ਦੇ ਰਾਜ ਨੂੰ ਹਲੇਮੀ ਰਾਜ ਵਰਣਨ ਕੀਤਾ ਹੈ। ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਜੀ ਦੇ ਨਜ਼ਦੀਕ ਵੀ ਜਹਾਂਗੀਰ ਦਾ ਰਾਜ ਨਿਆਇਕਾਰੀ ਸੀ, ਜਿਸ ਵਿਚ ਕਿਸੇ ਨਾਲ ਕੋਈ ਧੱਕਾ ਨਹੀਂ ਕੀਤਾ ਜਾਂਦਾ ਸੀ ਤੇ ਸਾਰੇ ਲੋਕ ਸੁਖੀ ਵੱਸਦੇ ਸਨ।

ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਇਸ ਦੇ ਨਿਆਇਕਾਰੀ ਹੋਣ ਦੀ ਇੱਕ ਉਦਾਹਰਣ ਵੀ ਪੇਸ਼ ਕੀਤੀ ਹੈ, ਜਿਹਾ ਕਿ ਲਿਖਿਆ ਹੈ ਕਿ :-

*"ਨਿਆਇਕਾਰੀ ਅਜਿਹਾ ਸੀ ਕਿ ਇਸ ਦੇ ਸ਼ਹਿਜ਼ਾਦੇ ਖ਼ਿਸਰੋ ਨੇ ਕਿਸੇ ਖੱਤਰੀ ਦੀ ਬੇਟੀ ਰੂਪਵਤੀ ਵੇਖ ਕੇ ਧੱਕੇ ਨਾਲ ਆਪਣੇ ਮਹਿਲ ਵਿੱਚ ਪਾ ਲਈ। ਖੱਤਰੀਆਂ ਨੇ ਕੱਠੇ ਹੋ ਕੇ ਫ਼ਰਿਆਦ ਕੀਤੀ। ਜਹਾਂਗੀਰ ਨੇ ਖ਼ਿਸਰੋ ਦੇ ਫੜਨ ਲਈ ਫ਼ੌਜ ਭੇਜੀ। ਓਨ ਮੁਕਾਬਲਾ ਕੀਤਾ। ਓੜਕ ਹਾਰ ਕੇ ਕਾਬਲ ਵਲ ਨੱਠ ਤੁਰਿਆ। ਜਦ ਉਹ ਜੇਹਲਮ ਪਾਸ ਇੱਕ ਮਸੀਤ ਵਿੱਚ ਨਿਮਾਜ਼ ਪੜ੍ਹਦਾ ਹੋਇਆ ਮੁਲਾਣੇ ਨੇ ਫੜਾ ਦਿੱਤਾ ਤੇ*

*ਜਹਾਂਗੀਰ ਦੇ ਰੂਬਰੂ ਆਇਆ, ਤਾਂ ਉਸ ਦੇ ਸਾਥੀ ਜ਼ਮੀਨ ਵਿੱਚ ਗਡਵਾ ਦਿੱਤੇ ਤੇ ਉਸ ਨੂੰ ਕਤਲ ਕਰਾ ਦਿੱਤਾ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 720)*

ਇਸ ਤੋਂ ਬਿਨਾਂ ਉਕਤ ਗਿਆਨੀ ਜੀ ਨੇ ਇਹ ਵੀ ਲਿਖਿਆ ਹੈ ਕਿ ਇਸ ਬਾਦਸ਼ਾਹ ਨੇ ਬੇਗਾਰੀ ਦਾ ਰਿਵਾਜ ਵੀ ਉੱਕਾ ਹੀ ਬੰਦ ਕਰ ਦਿੱਤਾ ਸੀ। ਇਸ ਦੇ ਰਾਜ ਵਿੱਚ ਕਿਸੇ ਵੱਡੇ ਤੋਂ ਵੱਡੇ ਅਫ਼ਸਰ ਨੂੰ ਵੀ ਇਹ ਹੱਕ ਨਹੀਂ ਸੀ ਕਿ ਉਹ ਕਿਸੇ ਛੋਟੇ ਤੋਂ ਛੋਟੇ ਪ੍ਰਾਣੀ ਨੂੰ ਬੇਗਰੀ ਵਿਚ ਫੜ ਸਕੇ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਸ ਬਾਦਸ਼ਾਹ ਦੇ ਰਾਜ ਵਿੱਚ ਹਰੇਕ ਅਮੀਰ ਗ਼ਰੀਬ ਨੂੰ ਇੱਕੋ ਜਿਹਾ ਇਨਸਾਫ਼ ਮਿਲਦਾ ਸੀ। ਇਸਨੇ ਇੱਕ ਘੜਿਆਲ ਰੱਖਿਆ ਹੋਇਆ ਸੀ, ਜਿਸ ਨੂੰ ਵਜਾ ਕੇ ਹਰੇਕ ਪ੍ਰਾਣੀ ਇਸ ਤੋਂ ਇਨਸਾਫ਼ ਮੰਗ ਸਕਦਾ ਸੀ ਤੇ ਇਸ ਤਕ ਅਪੜ ਕੇ ਆਪ-ਬੀਤੀ ਸੁਣਾ ਸਕਦਾ ਸੀ। (ਗੁਰ ਪ੍ਰਤਾਪ ਸੂਰਜ, ਰਾਸ 3, ਅੰਸੂ 27) ਇਸ ਤੋਂ ਛੁੱਟ ਇਸ ਨੇ ਪਸ਼ੂਆਂ ਬਾਰੇ ਵੀ ਇਹ ਹੁਕਮ ਦਿੱਤਾ ਹੋਇਆ ਸੀ ਕਿ ਓਹਨਾਂ ਤੇ ਵਧੇਰੇ ਭਾਰ ਨਾ ਲੱਦਿਆ ਜਾਵੇ, ਜੋ ਵਧੇਰੇ ਭਾਰ ਲੱਦੇਗਾ, ਉਸ ਨੂੰ ਦੰਡ ਦਿੱਤਾ ਜਾਵੇਗਾ।

(ਗੁਰ ਪ੍ਰਤਾਪ ਸੂਰਜ; ਰਾਸ 3, ਅੰਸੂ 27, ਅੰਕ 24)

ਇੱਕ ਵਿਦਵਾਨ ਜੀ ਨੇ ਜਹਾਂਗੀਰ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ :-

*"ਤਖ਼ਤ ਤੇ ਬੈਠਦਿਆਂ ਹੀ ਜਹਾਂਗੀਰ ਨੇ ਕੁਝ ਸੁਧਾਰ ਚਾਲੂ ਕੀਤੇ। ਉਸ ਨੇ ਦੋਸ਼ੀਆਂ ਦੇ ਨੱਕ ਤੇ ਕੰਨ ਆਦਿ ਕੱਟਣ ਦੀਆਂ ਭੈੜੀਆਂ ਸਜਾਵਾਂ ਹਟਾ ਦਿੱਤੀਆਂ। ਸ਼ਰਾਬਾਂ ਅਤੇ ਹੋਰ ਨਸ਼ੇ ਪੀਣ ਉੱਤੇ ਕਰੜੀਆਂ ਬੰਦਸ਼ਾਂ ਲਾ ਦਿੱਤੀਆਂ।... ਫੌਜੀ ਅਫ਼ਸਰਾਂ ਦਾ ਆਮ ਲੋਕਾਂ ਦੇ ਘਰਾਂ ਵਿੱਚ ਰਹਿਣਾ ਬੰਦ ਕਰ ਦਿੱਤਾ, ਕਿਉਂਕਿ ਇਸ ਤੋਂ ਓਹਨਾਂ ਨੂੰ ਤਕਲੀਫ਼ ਹੁੰਦੀ ਸੀ। ਵਪਾਰੀਆਂ ਲਈ ਸੌਖ ਕਰ ਦਿੱਤਾ। ਆਮ ਜਨਤਾ ਲਈ ਸ਼ਫਾਖ਼ਾਨੇ ਖੋਲ੍ਹੇ।" (ਹਿੰਦ ਦਾ ਇਤਿਹਾਸ, ਪੰਨਾ 290-291)*

ਜਹਾਂਗੀਰ ਤੋਂ ਪਹਿਲਾਂ ਬੱਚਿਆਂ ਨੂੰ ਖੱਸੀ ਕਰਨ ਦੀ ਵੀ ਭੈੜੀ ਰਸਮ ਸੀ, ਜਿਸ ਨੂੰ ਜਹਾਂਗੀਰ ਨੇ ਬੰਦ ਕਰ ਦਿੱਤਾ ਸੀ; ਜਿਹਾ ਕਿ ਵਰਨਣ ਹੈ :-

*"ਬੱਚੇ ਖੱਸੀ ਕਰਕੇ ਮੁਆਮਲੇ ਦੇ ਹਾਕਮਾਂ ਨੂੰ ਦਿੱਤੇ ਜਾਂਦੇ ਸਨ ਅਰ ਹਾਕਿਮ ਬਾਦਸ਼ਾਹ ਦੇ ਪੇਸ਼ ਕਰਦੇ ਸਨ। ਜਹਾਂਗੀਰ ਨੇ ਇਹ ਰਸਮ ਹੁਕਮਨ ਬੰਦ ਕਰ ਦਿੱਤੀ ਸੀ। (ਮਹਾਨ ਕੋਸ਼ ਦੇ ਨਵੇਂ ਵਾਧੇ, ਪੰਨਾ 40)*

ਗਿਆਨੀ ਈਸ਼ਰ ਸਿੰਘ ਨਾਰਾ ਨੇ ਇਹ ਵੀ ਲਿਖਿਆ ਹੈ ਕਿ :-

*''ਵੱਡੇ ਭਰਾਤਾ ਪ੍ਰਿਥੀਚੰਦ ਨੇ ਦਿੱਲੀ ਜਾ ਕੇ ਚੰਦੂਲਾਲ ਨੂੰ ਵੀ ਆਪਣਾ ਸਾਖੀ ਬਣਾ ਲਿਆ ਤੇ ਦੋਹਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਕਈ ਤਰ੍ਹਾਂ ਦੇ ਝੂਠ ਮੂਠ ਨਾਲ ਭੜਕਾਇਆ ਕਿ ਗੁਰੂ ਅਰਜਨ ਨੇ ਹਿੰਦੂ ਵੈਦ ਸ਼ਾਸਤਰਾਂ ਵਿਰੁੱਧ ਅਤੇ ਆਪ ਦੇ ਪੈਗੰਬਰ ਹਜ਼ਰਤ (ਮੁਹੰਮਦ) ਸਾਹਿਬ ਦੇ ਅਸੂਲਾ ਦੇ ਖਿਲਾਫ਼ ਇੱਕ ਕਿਤਾਬ ਲਿਖਵਾਈ ਹੈ ਜੋ ਦੀਨੇ ਇਸਲਾਮ ਦੇ ਮੁਨਾਫ਼ੀ ਹੈ। ਅਦੀਲੇ ਗੁਰੂ ਨੇ ਕੁਝ ਚੋਰ ਧਾੜਵੀ ਰੱਖੇ ਹੋਏ ਹਨ ਤੇ ਬਦ ਅਮਨੀ ਫੈਲਾਂਦਾ ਹੈ।''*

*(ਇਤਿਹਾਸ ਬਾਬਾ ਸ੍ਰੀ ਚੰਦ, ਪੰਨਾ 386)*

ਮਾਤਾ ਗੰਗਾ ਜੀ ਨੇ ਜਹਾਂਗੀਰ ਨੂੰ ਇਹ ਅਸੀਸ ਦਿੱਤੀ ਸੀ ਕਿ :-

ਸੁਨੋ ਸ਼ਾਹ ਗੁਰ ਹੋਹ ਸਹਾਈ ।
ਲੋਹ ਪ੍ਰਲੋਕ ਵਿਖੇ ਸੁਖਦਾਈ ।
ਯੋਂ ਸੁਨ ਮਾਤਾ ਕੇ ਤਬ ਬੈਨਾ ।
ਜਹਾਂਗੀਰ ਮਨ ਆਯੋ ਚੈਨਾ ।

(ਗੁਰ ਬਿਲਾਸ ਪਾ: 6, ਅ: 8)

ਮਹਿਮਾ ਪ੍ਰਕਾਸ਼ ਵਿੱਚ ਗੁਰੂ ਅਰਜਨ ਦੇਵ ਜੀ ਬਾਰੇ ਵੱਡੀ ਅਜੀਬ ਗੱਲ ਇਹ ਵਰਨਣ ਕੀਤੀ ਗਈ ਹੈ ਕਿ :-

*''ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਉਪਰ ਤੇਲ ਪਾ ਕੇ ਆਤਮਘਾਤ ਕੀਤਾ।'' (ਗੁਰਦੁਆਰਾ ਗਜ਼ਟ, ਸਤੰਬਰ 1971)*

ਮਹਿਮਾ ਪ੍ਰਕਾਸ਼ ਦਾ ਕਥਨ ਹੈ :-

ਤਬ ਸਤਿਗੁਰ ਦਿਆਲ ਪੁਰਖ ਪਰਬੀਨਾ ।
ਤੇਲ ਮੰਗਾਇ ਮਰਦਨ ਤਨ ਚੀਨਾ ।
ਤਪਤ ਨੀਰ ਸੋ ਕੀਆ ਸਨਾਨ ।
ਭੂਮ ਆਸਨ ਕੀਨਾ ਕੇਵਲ ਗਿਆਨ ।
ਪੁਨ ਬਸਤ੍ਰ ਓਢ ਸੁੰਦਰ ਤਨ ਲੀਆ ।
ਪਰਮ ਧਾਮ ਕੋ ਪਿਆਨਾ ਕੀਆ ।

(ਮਹਿਮਾ ਪ੍ਰਕਾਸ਼, ਸਾਖੀ 143)

ਅਰਥਾਤ :-

*''ਗੁਰੂ ਅਰਜਨ ਜੀ ਦੀ ਸ਼ਹੀਦੀ ਸੰਬੰਧੀ ਵੇਰਵੇ ਵਿੱਚ ਕੁਝ ਸੱਚ ਤੇ*

*ਕੁਝ ਝੂਠ ਹੈ। ਸ਼ਹੀਦੀ ਦਾ ਕਾਰਣ ਸਾਹਬਜ਼ਾਦੇ ਦੀ ਸਹਾਇਤਾ ਕਰਨੀ ਤੇ ਸ਼ਹੀਦੀ ਆਪ ਆਪਣੇ ਉਪਰ ਤੇਲ ਪਾ ਕੇ ਆਤਮਘਾਤ ਨਾਲ ਹੋਈ।" (ਮਹਿਮਾ ਪ੍ਰਕਾਸ਼ ਭੂਮਿਕਾ, ਪੰਨਾ 36)*

ਬਸ, ਇਹ ਇੱਕ ਅਸਲੀਅਤ ਹੈ ਕਿ ਸਿੱਖ ਲਿਟਰੇਚਰ ਵਿੱਚ ਜਹਾਂਗੀਰ ਨੂੰ ਇੱਕ ਨਿਆਇਕਾਰੀ ਬਾਦਸ਼ਾਹ ਪਰਗਟ ਕੀਤਾ ਗਿਆ ਹੈ। ਸ਼ੁਰੂ ਵਿੱਚ ਉਸ ਦੇ ਸੰਬੰਧ ਗੁਰੂ-ਘਰ ਨਾਲ ਚੰਗੇ ਸਨ। ਉਸ ਦੇ ਮਨ ਵਿੱਚ ਸਿੱਖ ਗੁਰੂਆਂ ਬਾਰੇ ਵੱਡਾ ਸਤਿਕਾਰ ਸੀ। ਉਹ ਆਪਣੇ ਆਪ ਨੂੰ ਗੁਰੂ-ਘਰ ਦਾ ਇੱਕ ਦਾਸ ਸਮਝਦਾ ਸੀ। ਇਸ ਦੇ ਨਾਲ ਹੀ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਗੇ ਚਲ ਕੇ ਗੁਰੂ ਅਰਜਨ ਜੀ ਤੇ ਜਹਾਂਗੀਰ ਦੇ ਸੰਬੰਧ ਬਹੁਤ ਹੀ ਵਿਗੜ ਗਏ। ਜੇ ਵਿਚਾਰ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਸਾਫ਼ ਪਤਾ ਲਗਦਾ ਹੈ ਕਿ ਇਸ ਵਿਗਾੜ ਦਾ ਮੂਲ ਕਾਰਣ ਪ੍ਰਿਥੀਚੰਦ ਤੇ ਚੰਦੂਲਾਲ ਜੇਹੇ ਗੁਰੂ ਧਰੋਹੀਆਂ ਦੀਆਂ ਸਾਜਸ਼ਾਂ ਅਤੇ ਝੂਠੀਆਂ ਤੇ ਨਿਰਮੂਲ ਰੀਪੋਰਟਾਂ ਸਨ। ਗੁਰੂ ਅਰਜਨ ਜੀ ਦੀ ਸ਼ਹੀਦੀ ਦਾ ਮੂਲ ਕਾਰਣ ਵੀ ਵਾਸਤਵ ਵਿੱਚ ਚੰਦੂਲਾਲ ਹੀ ਸੀ। ਇੱਕ ਸਿੱਖ ਵਿਦਵਾਨ ਦਾ ਕਥਨ ਹੈ :-

*"ਇਸ (ਚੰਦੂਲਾਲ) ਨੇ ਊਜਾਂ ਲਾ ਲਾ ਕੇ ਤੇ ਸਾਜ਼ਸ਼ਾਂ ਘੜ ਘੜ ਕੇ ਬਾਦਸ਼ਾਹ ਜਹਾਂਗੀਰ ਪਾਸੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜੁਰਮਾਨਾ ਕਰਵਾਇਆ ਅਰ ਕੈਦ ਵਿੱਚ ਫਸਾ ਕੇ ਤਸੀਹੇ ਦਿੱਤੇ।"*

*(ਗੁਰੂ ਬੰਸਾਵਲੀ, ਪੰਨਾ 190)*

ਚੰਦੂ ਤੋਂ ਛੁੱਟ ਗੁਰੂ ਜੀ ਦਾ ਆਪਣਾ ਵੱਡਾ ਭਾਈ ਪ੍ਰਿਥੀਆ ਵੀ ਆਪਦੇ ਵਿਰੁੱਧ ਜਹਾਂਗੀਰ ਪਾਸ ਰੀਪੋਰਟਾਂ ਕਰਦਾ ਰਹਿੰਦਾ ਸੀ, ਜਿਹਾ ਕਿ ਇੱਕ ਵਿਦਵਾਨ ਜੀ ਲਿਖਦੇ ਹਨ :-

*"ਇਹ ਪ੍ਰਿਥੀਆ ਹੀ ਸੀ ਜਿਸ ਨੇ ਜਹਾਂਗੀਰ ਕੋਲ, ਗੁਰੂ ਜੀ ਦੇ ਵਿਰੁੱਧ ਰੀਪੋਰਟਾਂ ਭੇਜੀਆਂ। ਇਹ ਵੀ ਕਿਹਾ ਗਿਆ ਕਿ ਗੁਰੂ ਅਰਜਨ ਦੇਵ, ਮੁਗ਼ਲ ਰਾਜ ਦੇ ਵਿਰੁੱਧ ਬਗ਼ਾਵਤ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਏਹਨਾਂ ਬੇ-ਬੁਨਿਆਦ ਤੇ ਝੂਠੀਆਂ ਰੀਪੋਰਟਾਂ ਨੂੰ ਸੁਣ ਕੇ ਹੀ ਜਹਾਂਗੀਰ ਗੁਰੂ ਜੀ ਦਾ ਵਿਰੋਧੀ ਬਣਿਆ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਜਨਵਰੀ 1958)*

ਪ੍ਰਸਿੱਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ :-

*"ਜਿਸ ਦੋਸ਼ ਦੀ ਊਜ ਬਣਾ ਕੇ ਬਾਦਸ਼ਾਹ ਤੋਂ ਕਹਿਰ ਵਰਤਾਇਆ ਗਿਆ ਸੀ, ਉਹ ਗੁਰ-ਧ੍ਰੋਹੀਆਂ ਦੀ ਘੜੀ ਹੋਈ ਸੀ ਤੇ ਚੰਦੂਲਾਲ*

*ਪਾਤਸ਼ਾਹ ਨੂੰ ਨਿਸਰੇ ਕਰਵਾਉਣ ਦਾ ਜ਼ਿੰਮੇਵਾਰ ਸੀ ।"*

*(ਫੁਲਵਾੜੀ ਦਾ ਇਤਿਹਾਸ ਨੰਬਰ, ਪੰਨਾ 214 ਤੇ ਗੁਰ ਪ੍ਰਤਾਪ, ਸੂਰਜ ਗ੍ਰੰਥ, ਸੰਪਾਦਿਤ, ਪੰਨਾ 524)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਜਿੱਥੇ ਅਸੀਂ ਗੁਰੂ ਮਹਾਰਾਜ ਦੀ ਸ਼ਹਾਦਤ ਦੀ ਜ਼ਿੰਮੇਵਾਰੀ ਚੰਦੂ ਜਾਂ ਜਹਾਂਗੀਰ ਬਾਦਸ਼ਾਹ ਦੇ ਸਿਰ ਥਪਦੇ ਹਾਂ, ਉੱਥੇ ਪ੍ਰਿਥੀਆ ਵੀ ਘੱਟ ਜ਼ਿੰਮੇਵਾਰ ਨਹੀਂ; ਸਗੋਂ ਇਉ ਕਹਿਣਾ ਚਾਹੀਦਾ ਹੈ ਕਿ ਇਸ ਸ਼ਹਾਦਤ ਦੇ ਕਾਂਡ ਦਾ ਅਸਲ ਮੋਢੀ ਪ੍ਰਿਥੀਆ ਹੀ ਸੀ ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਜਨਵਰੀ 1958)*

ਇਸੇ ਤਰ੍ਹਾਂ ਇੱਕ ਹਿੰਦੂ ਵਿਦਵਾਨ ਲਾਲਾ ਸ਼ਿਵਬਰਤ ਲਾਲ ਵਰਮਨ ਨੇ ਗੁਰੂ ਅਰਜਨ ਜੀ ਬਾਰੇ ਇਹ ਲਿਖਿਆ ਹੈ ਕਿ :-

"ਇਹ ਸ੍ਰੀ ਗੁਰੂ ਘਰਾਣੇ ਦੇ ਪਹਿਲੇ ਸ਼ਹੀਦ ਹਨ, ਜੋ ਮੁਸਲਮਾਨਾਂ ਦੇ ਹੱਥੋਂ ਨਹੀਂ, ਕਿੰਤੂ ਖ਼ਾਸ ਇੱਕ ਅਪਵਿੱਤਰ ਪੰਥਕ ਘਾਤਕ ਹਿੰਦੂ ਖੱਤਰੀ ਦੇ ਹੱਥੋਂ ਪਰਮਧਾਮ ਨੂੰ ਸਿਧਾਰੇ ਜੋਤੀ ਜੋਤ ਸਮਾਏ ।" (ਪੰਜਾਬੀ ਸੂਰਮਾ, ਪੰਨਾ 216)

ਇੱਕ ਸਿੱਖ ਵਿਦਵਾਨ ਨੇ ਗੁਰੂ ਅਰਜਨ ਜੀ ਦੀ ਸ਼ਹੀਦੀ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ :-

*"ਕਲੇਜਾ ਮੂੰਹ ਕੋ ਆਤਾ ਹੈ ਕਿ ਸ਼ਹੀਦੋਂ ਕੇ ਸੁਲਤਾਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਕੋ ਇਸੀ ਮੁਖ਼ਾਲਿਫ਼ ਟੋਲੇ ਨੇ ਬੜੀ ਬੇਰਹਿਮੀ ਸੇ ਲਾਹੌਰ ਮੇਂ ਸ਼ਹੀਦ ਕਰਾ ਕਰ ਅਪਨੇ ਸੀਨੇ ਕੋ ਠੰਡਾ ਕੀਆ ।"*

*(ਸਿੱਖ ਹਿੰਦੂ ਨਹੀਂ, ਪੰਨਾ 9)*

ਸਿੱਖ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਜਹਾਂਗੀਰ ਬਾਦਸ਼ਾਹ ਨੇ ਵਾਪਸ ਆ ਕੇ ਜਦ ਚੰਦੂਲਾਲ ਤੋਂ ਗੁਰੂ ਜੀ ਦਾ ਹਾਲ-ਚਾਲ ਪੁੱਛਿਆ, ਤਾਂ ਉਸ ਨੇ ਇਹ ਕੂੜ ਤੋਲਿਆ ਸੀ ਕਿ ਗੁਰੂ ਜੀ ਬਾਦਸ਼ਾਹ ਦੇ ਜਾਣ ਤੋਂ ਕੁਝ ਦਿਨ ਮਗਰੋਂ ਹੀ ਹੈਜ਼ੇ ਨਾਲ ਚੜ੍ਹਾਈ ਕਰ ਗਏ ਸਨ । (ਵੇਖੋ ਗੁਰ-ਬਿਲਾਸ ਪਾਤਸ਼ਾਹੀ 6, ਅਧਿਆਇ 8, ਗੁਰ ਪ੍ਰਤਾਪ ਸੂਰਜ, ਰਾਸ 4, ਅੰਸੂ 46 ਤੇ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 770)

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਸਚਮੁਚ ਹੀ ਚੰਦੂਲਾਲ ਨੇ ਗੁਰੂ ਅਰਜਨ ਜੀ ਨੂੰ ਸ਼ਾਹੀ ਹੁਕਮ ਅਨੁਸਾਰ ਮਾਰਿਆ ਸੀ ਤਾਂ ਉਸ ਨੂੰ ਇਹ ਕੂੜ ਮਾਰਨ ਦੀ ਕੀ ਲੋੜ ਸੀ ? ਉਹ ਸਾਫ਼ ਕਹਿ ਸਕਦਾ ਸੀ ਕਿ ਬਾਦਸ਼ਾਹ ਸਲਾਮਤ ਆਪ ਦੇ ਹੁਕਮ ਅਨੁਸਾਰ ਗੁਰੂ ਅਰਜਨ ਜੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ।

ਇਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਇਹ ਕਾਰਾ ਆਪ ਹੀ ਆਪਣੀ ਮਰਜ਼ੀ ਨਾਲ ਕੀਤਾ ਸੀ, ਤਾਹੀਂ ਝੂਠ ਬੋਲ ਕੇ ਪਿੱਛਾ ਛੁਡਾਉਣ ਦਾ ਯਤਨ ਕੀਤਾ ਸੀ।

ਸਿੱਖ ਇਤਿਹਾਸਕਾਰ ਇਹ ਵੀ ਮੰਨਦੇ ਹਨ ਕਿ ਜਦ ਬਾਦਸ਼ਾਹ ਦੇ ਸਾਹਮਣੇ ਏਹ ਗੱਲਾਂ ਆਈਆਂ ਕਿ ਚੰਦੂਲਾਲ ਨੇ ਕਹਿਰ ਕਮਾਇਆ ਹੈ ਤੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਹੈ, ਤਾਂ ਉਸ ਨੇ ਚੰਦੂਲਾਲ ਨੂੰ ਕੰਨੋਂ ਫੜ ਕੇ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਸੀ ਅਤੇ ਇਹ ਕਿਹਾ ਸੀ ਕਿ ਇਹ ਤੁਹਾਡੇ ਗੁਰੂ-ਪਿਤਾ ਦਾ ਕਾਤਲ ਹੈ। ਤੁਸੀਂ ਇਸ ਨੂੰ ਜੋ ਚਾਹੋ, ਦੰਡ ਦਿਓ।

ਪ੍ਰਸਿੱਧ ਸਿੱਖ ਇਤਿਹਾਸਕ ਗਿਆਨੀ ਗਿਆਨ ਸਿੰਘ ਜੀ ਨੇ ਇਹ ਲਿਖਿਆ ਹੈ ਕਿ ਜਦ ਗੁਰੂ ਹਰਿਗੋਬਿੰਦ ਜੀ ਨੇ ਜਹਾਂਗੀਰ ਨੂੰ ਇਹ ਕਿਹਾ ਕਿ ਚੰਦੂ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਹਨ, ਤਾਂ ਉਸ ਨੂੰ ਵੱਡਾ ਕ੍ਰੋਧ ਹੋਇਆ ਤੇ ਉਸ ਨੇ ਗੁਰੂ ਜੀ ਨੂੰ ਇਹ ਕਿਹਾ ਕਿ :-

*"ਮੈਨੂੰ ਕੁਝ ਪਤਾ ਨਹੀਂ ਕਿ ਇਸ ਨੇ ਗੁਰੂ ਜੀ ਨਾਲ ਕੀ ਵਰਤਾਉ ਕੀਤਾ ਹੈ।"* *(ਤਵਾਰੀਖ ਗੁਰੂ ਖ਼ਾਲਸਾ, ਪੰਨਾ 520)*

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜਹਾਂਗੀਰ ਨੇ ਇਹ ਕਿਹਾ ਸੀ ਕਿ :-

ਇਹ ਅਪਰਾਧੀ ਨਿਰਨੈ ਲਹਯੋ ॥
ਸਾਥ ਹਮਾਰੇ ਫ਼ਰਜ਼ ਨਾ ਰਹੈ ॥
ਜੋ ਅਪਰਾਧੀ ਵਡੋ ਹਮਾਰਾ ॥
ਦੇਕਰ ਅਪਨੇ ਕਾ ਦੋਸ਼ ਉਤਾਰਾ ॥

(ਗੁਰ ਪ੍ਰਤਾਪ ਸੂਰਜ, ਰਾਸ 5, ਅੰਸੂ 3)

ਲਾਲਾ ਸ਼ਿਵਬਰਤ ਲਾਲ ਜੀ ਨੇ ਲਿਖਿਆ ਹੈ ਕਿ :-

*"ਬਾਦਸ਼ਾਹ ਕੋ ਗੁਰੂ ਅਰਜਨ ਦੇਵ ਜੀ ਕੇ ਆਖ਼ਰੀ ਹਾਲ ਕੀ ਕੁਝ ਖ਼ਬਰ ਨਾ ਥੀ। ਤਅੱਜਬ ਮੇਂ ਆਇਆ। ਫ਼ੌਰਨ ਚੰਦੂਲਾਲ ਕੀ ਜਾਇਦਾਦ ਜ਼ਬਤੀ ਕਾ ਹੁਕਮ ਦੀਆ।" (ਪੰਜਾਬੀ ਸੂਰਮਾ, ਪੰਨਾ 21)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਬਾਦਸ਼ਾਹ ਨੂੰ... ਗੁਰੂ ਅਰਜਨ ਜੀ ਦੀ ਸ਼ਹੀਦੀ ਦਾ ਜ਼ਿੰਮੇਦਾਰ ਚੰਦੂ ਨੂੰ ਠਹਿਰਾ ਕੇ ਉਸ ਨੂੰ ਸਤਿਗੁਰਾਂ ਦੇ ਹਵਾਲੇ ਕਰ ਦਿੱਤਾ ਸੀ। ਫੇਰ ਸੱਤ ਤੋਪਾਂ ਤੇ ਪੰਜ ਹਜ਼ਾਰ ਫੌਜ ਸਤਿਗੁਰਾਂ ਦੇ ਤਹਿਤ ਕਰ ਕੇ ਪੰਜਾਬ ਦੇ ਹਾਕਮਾਂ ਦਾ ਨਿਗਾਹਬਾਨ ਬਣਾ ਦਿੱਤਾ।"*

*(ਸੰਤ ਸਿਪਾਹੀ, ਅੰਮ੍ਰਿਤਸਰ, ਮਈ 1961)*

ਸਿੱਖ ਇਤਿਹਾਸ ਦੱਸਦਾ ਹੈ ਕਿ ਜਹਾਂਗੀਰ ਨੂੰ ਜਦ ਪਤਾ ਲੱਗਾ ਕਿ ਚੰਦੂ ਨੇ ਗੁਰੂ ਅਰਜਨ ਜੀ ਤੋਂ ਆਪਣਾ ਵੈਰ ਲੈਣ ਲਈ ਜਾਨੋਂ ਮਾਰ ਦਿੱਤਾ ਹੈ, ਤਾਂ ਬਾਦਸ਼ਾਹ ਨੇ ਉਸ ਨੂੰ ਉਸ ਵੇਲੇ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ, ਜਿਨ੍ਹਾਂ ਉਸ ਨੂੰ ਮੌਤ ਦੀ ਸਜ਼ਾ ਦੇ ਕੇ ਉਸ ਦੀ ਲਾਸ਼ ਕੁੱਤਿਆਂ ਨੂੰ ਪਾ ਦਿੱਤੀ; ਜਿਹਾ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

> *"ਗੁਰਦਿੱਤੇ ਭੜਭੂੰਜੇ ਨੇ... ਤੱਤੀ ਰੇਤ ਦੇ ਕੜਛੇ ਚੰਦੂ ਦੇ ਸਿਰ ਪਾ ਕੇ ਇੱਕ ਕੜਛਾ ਐਸਾ ਪਾਇਆ ਕਿ ਤੜਫ਼ ਤੜਫ਼ ਕੇ ਉਸ ਦੇ ਪ੍ਰਾਣ ਨਿਕਲ ਗਏ, ਤਾਂ ਦਰਿਆ ਕਿਨਾਰੇ ਉਸ ਦੀ ਦੇਹ ਕੁੱਤਿਆਂ ਨੂੰ ਪਾਈ ਗਈ।"* *(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 794)*

ਇਹ ਠੀਕ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਜਹਾਂਗੀਰ ਦੇ ਰਾਜ ਦੀ ਇੱਕ ਸ਼ੋਕਦਾਇਕ ਘਟਨਾ ਹੈ। ਇਸ ਨਾਲ ਸਿੱਖ-ਮੁਸਲਿਮ ਏਕਤਾ ਤੇ ਭੈੜਾ ਅਸਰ ਪਿਆ, ਪਰ ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਚੰਦੂਲਾਲ ਨੇ ਗੁਰੂ ਜੀ ਨੂੰ ਜੋ ਜੋ ਤਸੀਹੇ ਦਿੱਤੇ ਸਨ, ਓਹਨਾਂ ਦਾ ਜਹਾਂਗੀਰ ਨੂੰ ਕੋਈ ਪਤਾ ਨਹੀਂ ਸੀ। ਓਹਨਾਂ ਦੀ ਸਾਰੀ ਜ਼ਿੰਮੇਵਾਰੀ ਚੰਦੂਲਾਲ ਦੇ ਸਿਰ ਸੀ। ਇਸ ਬਾਰੇ ਸਿੱਖ ਇਤਿਹਾਸਕਾਰ ਸਹਿਮਤ ਹਨ ਕਿ ਇਸ ਨੂੰ ਗੁਰੂ ਜੀ ਨਾਲ ਜ਼ਾਤੀ ਵੈਰ ਸੀ। ਏਹੀ ਕਾਰਨ ਹੈ ਕਿ ਜਦ ਜਹਾਂਗੀਰ ਨੂੰ ਏਹਨਾਂ ਤਸੀਹਿਆਂ ਦਾ ਪਤਾ ਲੱਗਾ, ਤਾਂ ਉਸ ਨੇ ਬਿਨਾਂ ਕਿਸੇ ਢਿੱਲ ਦੇ ਚੰਦੂਲਾਲ ਨੂੰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਤੇ ਇਸ ਗੁਰਘਾਤਕ ਨੂੰ ਦੰਡ ਦੇ ਕੇ ਇਸ ਦੀ ਅਲਖ ਮੁਕਾ ਦਿੱਤੀ।

ਵਰਤਮਾਨ ਸਮੇਂ ਦੇ ਕਈ ਵਿਦਵਾਨ ਇਹ ਵਿਚਾਰ ਰਖਦੇ ਹਨ ਕਿ ਜਹਾਂਗੀਰ ਗੁਰੂ ਦੀ ਦਾ ਵੈਰੀ ਸੀ ਤੇ ਉਸ ਨੇ ਉਹਨਾਂ ਨੂੰ ਹਾਣ ਪਹੁੰਚਾਉਣ ਲਈ ਝੂਠੀਆਂ ਊਜਾਂ ਲਾਈਆਂ ਸੀ, ਇਸ ਬਾਰੇ ਅਸੀਂ ਆਪਣੇ ਖ਼ਿਆਲਾਤ ਦੀ ਥਾਂ ਇੱਕ ਸਿੱਖ ਵਿਦਵਾਨ ਸਰਦਾਰ ਕਪੂਰ ਸਿੰਘ ਜੀ ਆਈ. ਸੀ. ਐਸ. ਦੇ ਵਿਚਾਰ ਪਰਗਟ ਕਰਨ ਤੇ ਹੀ ਸੰਕੋਚ ਕਰਦੇ ਹਾਂ। ਉਕਤ ਸਰਦਾਰ ਜੀ ਲਿਖਦੇ ਹਨ ਕਿ :-

> *"ਇਹ ਮੰਨਣਾ ਕਠਨ ਹੋਵੇਗਾ ਕਿ ਜਹਾਂਗੀਰ ਕੋਈ ਝੂਠੀ ਰਾਜਨੀਤਕ ਊਜ ਗੁਰੂ ਜੀ ਉੱਤੇ ਲਗਵਾਉਣਾ ਚਾਹੁੰਦਾ ਸੀ। ਜੇ ਇਉ ਹੁੰਦਾ, ਤਾਂ ਝੂਠੀ ਜਾਂ ਰਾਜਨੀਤਕ ਊਜ ਕਿਸੇ ਵੇਲੇ ਵੀ ਲਗਵਾਈ ਜਾ ਸਕਦੀ ਸੀ। ਸ਼ਹਿਨਸ਼ਾਹ ਦੇ ਇਸ਼ਾਰਾ ਕਰਨ ਦੀ ਹੀ ਲੋੜ ਸੀ। ਪ੍ਰਿਥੀਆ ਜਾਂ ਗੋਇੰਦਵਾਲ ਦੇ ਲਾਗੇ ਚਾਗੇ ਦੇ ਮੁਲਾਂ-ਕਾਜ਼ੀ ਝੂਠੀਆਂ ਸੱਚੀਆਂ ਗਵਾਹੀਆਂ ਦੇਣ ਵਾਲੇ ਬਥੇਰੇ ਲੱਭ ਪੈਣੇ ਸਨ, ਪਰ ਅਜਿਹੀ*

*ਇੱਛਾ ਸ਼ਹਿਨਸ਼ਾਹ ਦੀ ਕਿਸੇ ਸਮੇਂ ਵੀ ਨਹੀਂ ਸੀ। ਇਹ ਗੱਲ ਉੱਕੀ ਹੀ ਨਿਰਮੂਲ ਜਾਪਦੀ ਹੈ।" (ਰਸਾਲਾ ਪੰਜ ਦਰਿਆ, ਜਨਵਰੀ 1953)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਜਹਾਂਗੀਰ ਦਾ ਇਹ ਹੁਕਮ ਸੀ ਕਿ ਗੁਰੂ ਅਰਜਨ ਜੀ ਨੂੰ ਮੇਰੇ ਸਾਹਮਣੇ ਪੇਸ਼ ਕੀਤਾ ਜਾਏ; ਜਿਹਾ ਕਿ ਲਿਖਿਆ ਹੈ - ਹੁਕਮ ਤਾਂ ਦਿੱਤਾ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਮੇਰੇ ਸਾਹਮਣੇ ਪੇਸ਼ ਕਰੋ, ਪਰ ਆਪ ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਪੇਸ਼ੀ ਤੋਂ ਪਹਿਲਾਂ ਹੀ ਉਹਨਾਂ ਦਾ ਮਾਮਲਾ ਆਪਣੇ ਅਹਿਲਕਾਰਾਂ ਦੇ ਸਪੁਰਦ ਕਰ ਕੇ ਦਿੱਲੀ ਨੂੰ ਤੁਰਦਾ ਹੋਇਆ। ਗੁਰੂ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਕੰਮ ਚੰਦੂ ਨਾਮੇ ਅਹਿਲਕਾਰ ਨੇ ਆਪਣੇ ਜ਼ਿੰਮੇ ਲੈ ਲਿਆ। ਉਸ ਨੂੰ ਗੁਰੂ ਜੀ ਨਾਲ ਚਿਰੋਕਣਾ ਵੈਰ ਸੀ।" (ਗੁਰਮਤਿ ਅੰਮ੍ਰਿਤਸਰ, ਜੂਨ 1962)*

ਅਰਥਾਤ :-

*"ਹੁਕਮ ਤਾਂ ਦਿੱਤਾ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕਰੋ, ਪਰ ਆਪ ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਪੇਸ਼ੀ ਤੋਂ ਪਹਿਲਾਂ ਹੀ ਉਹਨਾਂ ਦਾ ਮਾਮਲਾ ਅਹਿਲਕਾਰ ਦੇ ਹਵਾਲੇ ਕਰ ਕੇ ਦਿੱਲੀ ਨੂੰ ਤੁਰਦਾ ਹੋਇਆ।... ਚੰਦੂ ਲਾਹੌਰ ਦਾ ਵਸਨੀਕ ਸੀ ਤੇ ਦਿੱਲੀ ਦਰਬਾਰ ਵਿੱਚ ਅਹਿਲਕਾਰ ਸੀ।... ਚੰਦੂ ਨੇ ਇੱਕ ਲੱਖ ਰੁਪਈਆ ਦੇ ਕੇ ਗੁਰੂ ਜੀ ਨੂੰ ਆਪਣੇ ਕਬਜ਼ੇ ਵਿੱਚ ਲਿਆ ਸੀ।"*

*(ਸਿੱਖ ਇਤਿਹਾਸ, ਪੰਨਾ 217)*

ਸੋ ਇਹ ਕਹਿਣਾ ਕਿ ਬਾਦਸ਼ਾਹ ਦੇ ਮਨ ਵਿੱਚ ਖੋਟ ਸੀ ਤੇ ਉਸ ਨੇ ਗੁਰੂ ਜੀ ਨੂੰ ਹਾਣ ਪਹੁੰਚਾਉਣ ਲਈ ਝੂਠੀ ਊਜ ਲਾਈ ਸੀ, ਉੱਕਾ ਹੀ ਨਿਰਮੂਲ ਹੈ। ਜੇ ਕੋਈ ਊਜ ਗੁਰੂ ਜੀ ਤੇ ਲਾਈ ਗਈ ਸੀ, ਤਾਂ ਉਸ ਵਿੱਚ ਜਹਾਂਗੀਰ ਦਾ ਕੋਈ ਹੱਥ ਨਹੀਂ ਸੀ। ਉਹ ਗੁਰੂ ਜੀ ਦੇ ਵਿਰੋਧੀ ਪ੍ਰਿਥੀਚੰਦ ਤੇ ਚੰਦੂਲਾਲ ਦੀ ਸਾਜ਼ਿਸ਼ ਦਾ ਸਿੱਟਾ ਸੀ। ਬਾਦਸ਼ਾਹ ਨੂੰ ਉਸ ਦਾ ਕੋਈ ਪਤਾ ਨਹੀਂ ਸੀ ਤੇ ਬਾਦਸ਼ਾਹ ਨੂੰ ਇਸ ਦੀ ਵੀ ਕੋਈ ਲੋੜ ਨਹੀਂ ਸੀ ਕਿ ਉਹ ਕੋਈ ਝੂਠੀ ਊਜ ਲਾਉਂਦਾ।

## ਸਾਈਂ ਮੀਆਂ ਮੀਰ ਜੀ ਤੇ ਗੁਰੂ ਅਰਜਨ ਦੇਵ ਜੀ

ਸਾਈਂ ਮੀਆਂ ਮੀਰ ਜੀ ਇੱਕ ਪ੍ਰਸਿੱਧ ਮੁਸਲਮਾਨ ਬਜ਼ੁਰਗ ਹੋਏ ਹਨ।

ਬਾਦਸ਼ਾਹ ਜਹਾਂਗੀਰ ਵੀ ਆਪ ਦਾ ਵੱਡਾ ਸਤਿਕਾਰ ਕਰਦਾ ਸੀ। ਗੁਰੂ ਅਰਜਨ ਜੀ ਨਾਲ ਸਾਈਂ ਜੀ ਦੇ ਮਿੱਤਰਤਾ ਭਰੇ ਸੰਬੰਧ ਸਨ ਤੇ ਗੁਰੂ ਅਰਜਨ ਦੇਵ ਜੀ ਦੇ ਦਿਲ ਵਿੱਚ ਵੀ ਸਾਈਂ ਜੀ ਲਈ ਵੱਡਾ ਪਿਆਰ ਸੀ। ਇਤਿਹਾਸ ਦਸਦਾ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਦੀ ਨੀਂਹ ਧਰਨ ਲੱਗੇ, ਤਾਂ ਉਸ ਸਮੇਂ ਆਪ ਨੇ ਕਈ ਸਾਧਾਂ; ਸੰਤਾ ਤੇ ਪੀਰਾਂ ਫ਼ਕੀਰਾਂ ਨੂੰ ਸੱਦਾ ਦਿੱਤਾ। ਆਪ ਨੇ ਇਸ ਭਾਰੇ ਇਕੱਠ ਵਿੱਚੋਂ ਜੇ ਕਿਸੇ ਨੂੰ ਹਰਿਮੰਦਰ ਦੀ ਨੀਂਹ ਰੱਖਣ ਦੇ ਯੋਗ ਸਮਝਿਆ, ਤਾਂ ਉਹ ਸਾਈਂ ਮੀਆਂ ਮੀਰ ਜੀ ਹੀ ਸਨ।

(ਤਵਾਰੀਖ ਗੁਰੂ ਖ਼ਾਲਸਾ, ਪੰਨਾ 98, ਨਾਮਧਾਰੀ ਇਤਿਹਾਸ, ਪੰਨਾ 24)

ਸਰਦਾਰ ਊਧਮ ਸਿੰਘ ਜੀ ਨੇ ਹਜ਼ਰਤ ਮੀਆਂ ਮੀਰ ਜੀ ਦਾ ਦਰਬਾਰ ਸਾਹਿਬ ਦੀ ਨੀਂਹ ਰੱਖਣਾ ਵਰਣਨ ਕੀਤਾ ਹੈ। (ਵੇਖੋ ਦਰਬਾਰ ਸਾਹਿਬ ਅੰਮ੍ਰਿਤਸਰ ਪੰਨਾ 84 ਤੇ 85)

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਸਾਈਂ ਫ਼ਕੀਰ ਮੀਆਂ ਮੀਰ ਜੀ ਤੋਂ ਰਖਵਾਈ ਸੀ; ਕਿਉਂਕਿ ਉਹ ਇਹ ਦੱਸਣਾ ਚਾਹੁੰਦੇ ਸਨ ਕਿ ਸਿੱਖ ਮਤ ਅਨੁਸਾਰ ਸਾਰੇ ਧਰਮਾਂ ਦੇ ਮਨੁੱਖ ਇੱਕੋ ਜੇਹੇ ਹਨ ਅਤੇ ਇੱਜ਼ਤ ਤੇ ਸਤਿਕਾਰ ਕੇਵਲ ਉਸ ਮਨੁੱਖ ਨੂੰ ਮਿਲਣਾ ਚਾਹੀਦਾ ਹੈ, ਜਿਹੜਾ ਰੱਬ ਦਾ ਪਿਆਰਾ ਹੋਵੇ, ਭਾਵੇਂ ਉਹ ਕਿਸੇ ਧਰਮ ਵਿੱਚ ਵੀ ਵਿਸ਼ਵਾਸ ਕਿਉ ਨਾ ਰਖਦਾ ਹੋਵੇ। ਗੁਰੂ ਸਾਹਿਬ ਨੇ ਨਾ ਕੇਵਲ ਇਸ ਪਵਿੱਤਰ ਅਸਥਾਨ ਦੀ ਨੀਂਹ ਹੀ ਇੱਕ ਪਵਿੱਤਰ ਮੁਸਲਮਾਨ ਹੱਥੋਂ ਰਖਵਾਈ ਸੀ; ਸਗੋਂ ਧਰਤੀ ਵੀ ਹਰਿਮੰਦਰ ਲਈ ਉਹ ਚੁਣੀ ਜਿਹੜੀ ਕਿ ਇੱਕ ਮੁਸਲਮਾਨ ਬਾਦਸ਼ਾਹ ਅਕਬਰ ਵਲੋਂ ਭੇਟਾ ਹੋਈ ਸੀ।... ਹਰਿਮੰਦਰ ਸਾਹਿਬ ਦੇ ਇਮਾਰਤੀ ਹੁਨਰ ਨੂੰ ਵੇਖਿਆ ਜਾਵੇ, ਤਾਂ ਪਤਾ ਲੱਗਦਾ ਹੈ ਕਿ ਇਸ ਵਿੱਚ ਵੀ ਹਿੰਦੂ ਅਤੇ ਮੁਸਲਮਾਨ ਇਮਾਰਤੀ ਹੁਨਰਾਂ ਨੂੰ ਇੱਕ ਥਾਂ ਇਕੱਠਾ ਕਰ ਵਿਖਾਇਆ ਹੈ।"*

*(ਭਾਰਤੀ ਰਾਸ਼ਟਰੀਆ ਕਾਂਗਰਸ, ਅੰਮ੍ਰਿਤਸਰ 1956, ਪੰਨਾ 23)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ :-

*"1589 ਈ: ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਲਾਹੌਰ ਦੇ ਨੇਕ ਸੀਰਤ ਫ਼ਕੀਰ ਮੀਆਂ ਮੀਰ ਨੇ ਰਖਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸੋਨੇ ਦੀ ਜੜ੍ਹਤ ਕਰਨ ਦਾ ਕੰਮ*

*ਇੱਕ ਮੁਸਲਮਾਨ ਇੰਜੀਨੀਅਰ ਮੁਹੰਮਦ ਯਾਰ ਖ਼ਾਨ ਦੀ ਨਿਗਰਾਨੀ ਹੇਠ ਹੋਇਆ ਸੀ। 1923 ਵਿੱਚ ਜਦੋਂ ਸਰੋਵਰ ਦੀ ਕਾਰ ਸੇਵਾ ਕੀਤੀ ਗਈ ਸੀ ਤਾਂ ਮਲੇਰ ਕੋਟਲੇ ਦੇ ਨਵਾਬ ਦੀ ਜਥੇਦਾਰੀ ਹੇਠ 200 ਮੁਸਲਮਾਨ ਪਵਿੱਤਰ ਗਾਰੇ ਦੀਆਂ ਟੋਕਰੀਆਂ ਢੋਣ ਵਾਸਤੇ ਅੰਮ੍ਰਿਤਸਰ ਆਏ ਸਨ।"*

*(ਰਸਾਲਾ ਖ਼ਾਲਸਾ ਪਾਰਲੀਮੈਂਟ ਗਜ਼ਟ, ਅਕਤੂਬਰ 1956)*

ਸਿੱਖ ਇਤਿਹਾਸ ਦੱਸਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਮੁਸਲਮਾਨਾਂ ਲਈ ਇੱਕ ਮਸੀਤ ਵੀ ਬਣਵਾਈ ਸੀ; ਜਿਹਾ ਕਿ :-

*"ਮਸਜਦ ਸ੍ਰੀ ਗੁਰੂ ਅਰਜਨ ਸਾਹਿਬ ਨੇ ਬਣਵਾਈ, ਹਾਥੀ ਦਰਵਾਜ਼ੇ ਗਲੀ ਅਚਾਰਜਾਂ।"*

*(ਸ੍ਰੀ ਗੁਰੂ ਸਿੰਘ ਸਭਾ ਪ੍ਰਿਕ੍ਰਿਕਾ, ਨਵੰਬਰ 1977)*

ਪ੍ਰਿੰਸੀਪਾਲ ਸਤਿਬੀਰ ਸਿੰਘ ਜੀ ਦਾ ਕਥਨ ਹੈ ਕਿ :-

*"ਕੀ ਇਹ ਸੰਸਾਰ ਵਿਚ ਹੈਰਾਨੀ ਨਾਲ ਨਹੀਂ ਪੜ੍ਹਿਆ ਜਾਏਗਾ ਕਿ ਪਹਿਲਾਂ... ਮੁਸਲਮਾਨਾਂ ਲਈ ਮਸੀਤ ਗੁਰੂ ਅਰਜਨ ਜੀ ਆਪ ਬਣਾਉਣ। ਕਿਧਰੇ ਹੈ ਦੁਨੀਆਂ ਵਿੱਚ ਅਜਿਹੀ ਉਦਾਹਰਣ।"*

*(ਗੁਰਦੁਆਰਾ ਗਜ਼ਟ, ਦਸੰਬਰ 1977)*

ਜੇ ਦੁਨੀਆਂ ਵਿੱਚ ਇਸ ਦੀ ਉਦਾਹਰਣ ਨਹੀਂ; ਤਾਂ ਇਸ ਦੀ ਵੀ ਉਦਾਹਰਣ ਨਹੀਂ ਮਿਲੇਗੀ ਕਿ ਕਿਸੇ ਸਾਥੀ ਨੇ ਆਪਣੇ ਗੁਰੂ ਦੀ ਯਾਦਗਾਰ ਨੂੰ ਆਪ ਹੀ ਮਿਟਾ ਦਿੱਤਾ ਹੋਵੇ। ਇੱਕ ਸਿੱਖ ਵਿਦਵਾਨ ਜੀ ਗੁਰੂ ਅਰਜਨ ਜੀ ਦੀ ਬਣਵਾਈ ਇਸ ਮਸੀਤ ਬਾਰੇ ਲਿਖਦੇ ਹਨ ਕਿ :-

*"ਪੰਚਮ ਪਾਤਸ਼ਾਹ ਜੀ ਨੇ ਇੱਕ ਮਸੀਤ ਬਣਵਾਈ, ਹਾਥੀ ਦਰਵਾਜ਼ੇ ਗਲੀ ਅਚਾਰਜਾਂ ਵਿੱਚ ਸੀ।... ਦੇਸ਼ ਦਾ ਬਟਵਾਰਾ ਹੋਇਆ ਅਤੇ ਬਦਲੇ ਹੋਏ ਹਾਲਾਤ ਵਿੱਚ ਹੌਲੀ ਹੌਲੀ ਸਦਾ ਲਈ ਮਿਟ ਗਈ, ਜਿਹੜੀ ਕਿ ਨਹੀਂ ਸੀ ਮਿਟਣੀ ਚਾਹੀਦੀ।"*

*(ਗੁਰਦੁਆਰਾ ਗਜ਼ਟ, ਅਕਤੂਬਰ 1977)*

ਸਾਨੂੰ ਸ਼ੋਕ ਹੈ ਕਿ ਸਿੱਖ ਜਗਤ ਨੇ ਵਿਗੜੇ ਹੋਏ ਹਾਲਾਤ ਤੋਂ ਪ੍ਰਭਾਵਤ ਹੋ ਕੇ ਗੁਰੂ ਅਰਜਨ ਜੀ ਦੀ ਬਣਾਈ ਹੋਈ ਮਸੀਤ ਵਿੱਚੋਂ ਢਾਹ ਫੇਰੀ ਕਰ ਦਿੱਤੀ; ਹਾਲਾਂਕਿ ਇਹ ਗੁਰੂ ਜੀ ਦੀ ਇਤਿਹਾਸਕ ਯਾਦਗਾਰ ਸੀ।

ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਚੰਦੂਲਾਲ ਨੇ ਗੁਰੂ ਅਰਜਨ ਦੇਵ ਜੀ

ਨੂੰ ਤਸੀਹੇ ਦੇਣੇ ਸ਼ੁਰੂ ਕੀਤੇ, ਤਾਂ ਸਾਈਂ ਮੀਆਂ ਮੀਰ ਨੂੰ ਪਤਾ ਲੱਗਾ ਕਿ ਚੰਦੂਲਾਲ ਜ਼ੁਲਮ ਕਮਾ ਰਿਹਾ ਹੈ, ਤਾਂ ਆਪ ਵੱਡੀ ਬਿਹਬਲਤਾ ਤੇ ਵਿਆਕੁਲਤਾ ਨਾਲ ਗੁਰੂ ਜੀ ਕੋਲ ਗਏ। ਇੱਕ ਸਿੱਖ ਵਿਦਵਾਨ ਨੇ ਉਸ ਸਮੇਂ ਦਾ ਦ੍ਰਿਸ਼ ਇਉਂ ਅੰਕਿਤ ਕੀਤਾ ਹੈ :-

ਚਾਰ ਤਰਫ਼ੋਂ ਅੱਗ ਬਰਸੇ ਸੇਕ ਸੀ ਤਨ ਸਾੜਦਾ ।
ਛਾਲੇ ਛਾਲੇ ਹੋ ਗਿਆ ਜੁੱਸਾ ਸੱਚੀ ਸਰਕਾਰ ਦਾ ।
ਸਾਈਂ ਮੀਆਂ ਮੀਰ ਡਿੱਠਾ ਹਾਲ ਆ ਜਦ ਯਾਰ ਦਾ ।
ਹੋ ਵਿਆਕੁਲ ਰੋ ਪਿਆ ਚੀਕੇ ਤੇ ਢਾਹੀਂ ਮਾਰਦਾ ।
ਸੁਣ ਕਿਹਾ ਸਤਿਗੁਰ ਮੀਆਂ ਛੋਡੋ ਪ੍ਰੀਤੀ ਰਾਮ ਸੇ ।
ਕਿਆ ਹੁਆ ਤਨ ਜਲ ਰਿਹਾ ਹਮ ਸ਼ਾਂਤ ਹੈਂ ਹਰਿਨਾਮ ਸੇ ।

ਇਸ ਤੋਂ ਵੀ ਇਹੋ ਪਤਾ ਲਗਦਾ ਹੈ ਕਿ ਸਾਈਂ ਮੀਆਂ ਮੀਰ ਜੀ ਦੀ ਗੁਰੂ ਅਰਜਨ ਦੇਵ ਜੀ ਨਾਲ ਵੱਡੀ ਮਿੱਤਰਤਾ ਸੀ ਤੇ ਸਾਈਂ ਜੀ ਗੁਰੂ ਜੀ ਦੇ ਦੁਖ ਨੂੰ ਆਪਣਾ ਦੁਖ ਸਮਝਦੇ ਸਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਇਹ ਵਿਦਤ ਹੁੰਦਾ ਹੈ ਕਿ ਆਪ ਦੇ ਮਨ ਵਿੱਚ ਮੁਸਲਮਾਨਾਂ ਲਈ ਪਿਆਰ-ਭਰੇ ਭਾਵ ਸਨ। ਆਪ ਦਾ ਇਹ ਵਾਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ :-

ਮੁਸਲਮਾਨ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆਂ ਰੰਗ ਨਾ ਆਵੈ ਨੇੜੈ ॥
ਜਿਉ ਕੁਸਮ ਪਾਟੁ ਘਿਓ ਪਾਕੁ ਹਰਾ ॥

(ਮਾਰੂ ਮ: 5)

ਸਿੱਖ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਜਾਲੰਧਰ ਦਾ ਸੂਬਾ ਅਜ਼ੀਮ ਖ਼ਾਨ ਵੀ ਗੁਰੂ ਜੀ ਦਾ ਵੱਡਾ ਪ੍ਰੇਮੀ ਸੀ ਤੇ ਗੁਰੂ ਜੀ ਨੇ ਉਸ ਦੀ ਬੇਨਤੀ ਪਰਵਾਨ ਕਰ ਕੇ ਹੀ ਕਰਤਾਰਪੁਰ (ਜ਼ਿਲਾ ਜਾਲੰਧਰ) ਵਸਾਇਆ ਸੀ; ਜਿਹਾ ਕਿ ਵਰਨਣ ਹੈ ਕਿ :-

*"ਇੱਕ ਸਮੇਂ ਗੁਰੂ ਅਰਜਨ ਜੀ ਦੁਆਬੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਸਿੱਖੀ ਦੇ ਪੁਰਾਣੇ ਕੇਂਦਰ ਡੱਲੇ ਨਗਰ ਜਾ ਠਹਿਰੇ। ਏਥੇ ਜਾਲੰਧਰ ਦਾ ਸੂਬਾ, ਅਜ਼ੀਮ ਖ਼ਾਨ, ਗੁਰੂ ਜੀ ਦੇ ਦਰਸ਼ਨਾਂ ਲਈ ਆਇਆ।... ਉਸ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਦੁਆਬੇ*

*ਵਿੱਚ ਵੀ ਕੋਈ ਨਗਰ ਵਸਾਓ, ਧਰਮ ਅਸਥਾਨ ਬਣਾਓ ਅਤੇ ਇਸ ਇਲਾਕੇ ਨੂੰ ਭਾਗ ਲਾਓ। ਅਜ਼ੀਮ ਖ਼ਾਨ ਦੀ ਬੇਨਤੀ ਮੰਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 21 ਮੱਘਰ ਸੰਮਤ 1650 ਨੂੰ ਕਰਤਾਰਪੁਰ (ਜਾਲੰਧਰ) ਦੀ ਨੀਂਹ ਰੱਖੀ।... ਅਕਬਰ ਬਾਦਸ਼ਾਹ ਵਲੋਂ 1655 ਵਿੱਚ ਦੋ ਹਜ਼ਾਰ ਘੁਮਾਉ ਜ਼ਮੀਨ ਦਾ ਪਟਾ ਗੁਰਦੁਆਰੇ ਦੇ ਨਾਂ ਲਾ ਦਿੱਤਾ ਗਿਆ।" (ਸਿੱਖ ਇਤਿਹਾਸ, ਪੰਨਾ 203 ਤੇ ਗੁਰਦਆਰਾ ਗਜ਼ਟ, ਸਤੰਬਰ 1976)*

ਇਸ ਤੋਂ ਛੁੱਟ ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ ਦੇ ਪਰਮ ਪਵਿੱਤਰ ਪੁਸਤਕ – ਗੁਰੂ ਗ੍ਰੰਥ ਸਾਹਿਬ – ਵਿੱਚ ਮੁਸਲਮਾਨ ਭਗਤਾਂ ਦੀ ਬਾਣੀ ਦਾ ਦਰਜ ਕਰਨਾ ਤੇ ਸਿੱਖ ਜਨਤਾ ਦਾ ਉਸ ਬਾਣੀ ਨੂੰ ਵੱਡੇ ਸਤਿਕਾਰ ਨਾਲ ਪੜ੍ਹਨਾ ਵੀ ਇਸ ਗੱਲ ਦਾ ਸੂਚਕ ਹੈ ਕਿ ਆਪ ਸਾਰੇ ਮੁਸਲਮਾਨਾਂ ਨੂੰ ਭੈੜਾ ਨਹੀਂ ਸਮਝਦੇ ਸਨ; ਸਗੋਂ ਓਹਨਾਂ ਦੇ ਦਿਲ ਵਿੱਚ ਮੁਸਲਮਾਨ ਭਰਾਵਾਂ ਤੇ ਪੀਰਾਂ ਫ਼ਕੀਰਾਂ ਬਾਰੇ ਵੱਡਾ ਪਿਆਰ ਸਤਿਕਾਰ ਸੀ। ਇਸੇ ਤਰ੍ਹਾਂ ਮੁਸਲਮਾਨ ਵੀ ਆਪ ਨੂੰ ਪਿਆਰਦੇ ਤੇ ਸਤਿਕਾਰਦੇ ਸਨ। ਇਹ ਦਸਿਆ ਜਾ ਚੁੱਕਾ ਹੈ ਕਿ ਜਹਾਂਗੀਰ ਨੇ ਆਪਣੀ ਸ਼ਹਿਜ਼ਾਦਗੀ ਦੇ ਸਮੇਂ ਚੋਖੀ ਜ਼ਮੀਨ ਗੁਰੂ ਅਰਜਨ ਜੀ ਦੀ ਭੇਟ ਕੀਤੀ ਸੀ ਅਤੇ ਗੁਰੂ ਜੀ ਨੇ ਉਸ ਜ਼ਮੀਨ ਵਿੱਚ ਕਰਤਾਰਪੁਰ ਆਬਾਦ ਕੀਤਾ ਸੀ ਤੇ ਧਰਮਸਾਲਾ ਵੀ ਬਣਾਈ ਸੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਨੂੰ ਕਰਤਾਰਪੁਰ ਵਸਾਉਣ ਦੀ ਪ੍ਰੇਰਨਾ ਵੀ ਇੱਕ ਮੁਸਲਮਾਨ ਸੱਯਦ ਅਜ਼ੀਮ ਖ਼ਾਨ ਨੇ ਦਿੱਤੀ ਸੀ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 715)

ਇਸੇ ਤਰ੍ਹਾਂ ਇੱਕ ਮੁਸਲਮਾਨ ਹਾਕਮ ਤਾਹਰ ਬੇਗ਼ ਖ਼ਾਨ ਨੇ ਪ੍ਰਿਥੀਚੰਦ ਤੇ ਗੁਰੂ ਅਰਜਨ ਦੇਵ ਜੀ ਦੀ ਸੁਲਹ ਕਰਾਉਣ ਦਾ ਜਤਨ ਵੀ ਕੀਤਾ ਸੀ ਕਿ ਕਿਸੇ ਤਰ੍ਹਾਂ ਏਹਨਾਂ ਦੋਹਾਂ ਭਰਾਵਾਂ ਦਾ ਝਗੜਾ ਮੁਕ ਜਾਵੇ। (ਗੁਰਧਾਮ ਦੀਦਾਰ, ਪੰਨਾ 260)

ਮੁਗ਼ਲ ਬਾਦਸ਼ਾਹਾਂ ਵਲੋਂ ਗੁਰੂ ਅਰਜਨ ਜੀ ਦੇ ਸਮੇਂ ਗੋਇੰਦਵਾਲ ਦੇ ਨਾਂ 1155) ਰੁਪੈ ਦੀ ਸਾਲਾਨਾ ਜਾਗੀਰ ਲਾਈ ਗਈ ਸੀ।

(ਮਹਾਨ ਕੋਸ਼, ਪੰਨਾ 1277)

ਇਸੇ ਤਰਾਂ ਚੋਲ੍ਹਾ ਪਿੰਡ ਦੇ ਨਾਲ ਵੀ ਮੁਗ਼ਲ ਬਾਦਸ਼ਾਹਾਂ ਨੇ ਜਾਗੀਰ ਲਾਈ ਸੀ। (ਮਹਾਨ ਕੋਸ਼, ਪੰਨਾ 1408)

ਇੱਕ ਹੋਰ ਪੁਸਤਕ ਵਿੱਚ ਇਹ ਲਿਖਿਆ ਮਿਲਦਾ ਹੈ ਕਿ ਚੋਲ੍ਹਾ ਪਿੰਡ ਦੇ 580 ਰੁਪਈਏ ਸਾਲਾਨਾ ਦੀ ਜਾਗੀਰ ਮੁਗ਼ਲ ਬਾਦਸ਼ਾਹ ਨੇ ਲਾਈ ਸੀ। (ਵੇਖੋ ਗੁਰਧਾਮ ਦੀਦਾਰ, ਪੰਨਾ 96)

ਇਸੇ ਤਰ੍ਹਾਂ ਇਤਿਹਾਸ ਇਹ ਵੀ ਦੱਸਦਾ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਡੱਬੀ ਬਾਜ਼ਾਰ ਬਾਉਲੀ ਬਨਾਉਣ ਦੀ ਇੱਛਾ ਪਰਗਟ ਕੀਤੀ ਸੀ, ਤਾਂ ਲਾਹੌਰ ਦਾ ਹਾਕਮ ਹਸਨ ਖਾਂ ਆਪਣੇ ਨਾਲ ਕੁਝ ਅਮੀਰਾਂ ਨੂੰ ਲੈ ਕੇਆਪ ਦੀ ਸੇਵਾ ਵਿੱਚ ਹਾਜ਼ਰ ਹੋਇਆ ਸੀ ਤੇ ਆਪ ਨੂੰ ਬਾਉਲੀ ਤਿਆਰ ਕਰਨ ਵਿੱਚ ਚੋਖੀ ਸਹਾਇਤਾ ਦਿੱਤੀ ਸੀ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 96)

ਇਸ ਬਾਉਲੀ ਤੇ ਇੱਕ ਮੁਸਲਮਾਨ ਦੀਆਂ 142 ਮੁਹਰਾਂ ਵੀ ਲੱਗੀਆਂ ਸਨ।
(ਗੁਰਧਾਮ ਦੀਦਾਰ, ਪੰਨਾ 261 ਤੇ ਗੁਰੂ ਤੀਰਥ ਸੰਗ੍ਰਹਿ, ਪੰਨਾ 78)

ਇੱਕ ਸਿੱਖ ਦਾ ਕਥਨ ਹੈ :-

*"ਹੁਸੈਨ ਖ਼ਾਨ ਨੇ ਗੁਰੂ ਸਾਹਿਬ ਦੀ ਆਗਿਆ ਪਾ ਕੇ ਲਾਹੌਰ ਡੱਬੀ ਬਾਜ਼ਾਰ ਦੀ ਮਸਜਿਦ ਦੇ ਪਿਛਵਾੜੇ ਬਾਉਲੀ ਸੇਵਾ ਕਰਾ ਕੇ ਗੁਰੂ ਅਰਪਨ ਕੀਤੀ, ਜੋ ਥਾਂ ਅੱਜ ਕਲ੍ਹ ਗੁਰਦੁਆਰਾ ਬਾਉਲੀ ਸਾਹਿਬ ਅਖਵਾਉਂਦੀ ਹੈ।" (ਖ਼ਾਲਸਾ ਪਾਰਲੀਮੈਂਟ ਗਜ਼ਟ, ਅਗਸਤ 1954)*

ਗੁਰੂ ਅਰਜਨ ਜੀ ਨੇ ਤਰਨ ਤਾਰਨ ਦਾ ਸਰੋਵਰ ਬਣਾਇਆ, ਤਾਂ ਇਸ ਦੀ ਜ਼ਮੀਨ ਵੀ ਇੱਕ ਮੁਸਲਮਾਨ ਹਾਕਮ ਨੇ ਭੇਟ ਕੀਤੀ ਸੀ; ਜਿਹਾ ਕਿ :-

"ਇਸ ਜ਼ਮੀਨ ਦੀ ਸਨਦ ਗੁਰੂ ਜੀ ਨੂੰ ਫ਼ਤਹਿਬਾਦ ਦੇ ਹਾਕਮ ਅਬਦੁੱਲ ਵਜੀਦ ਖ਼ਾਨ ਨੇ ਦਿੱਤੀ ਸੀ। (ਗੁਰਦੁਆਰਾ ਗਜ਼ਟ, ਸਤੰਬਰ 1976)

ਇੱਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ :-

"ਅੰਮ੍ਰਿਤਸਰ ਦਾ ਤਾਲ ਸੰਪੂਰਣ ਕਰਕੇ ਵਿਚਕਾਰ ਹਰਿਮੰਦਰ ਸਾਹਿਬ ਦੀ ਨੀਂਹ ਆਪ ਨੇ ਹਜ਼ਰਤ ਮੀਆਂ ਮੀਰ ਹੱਥੀਂ ਰਖਵਾ ਕੇ ਧਾਰਮਕ ਸੰਸਾਰ ਵਿੱਚ ਖੁਲ੍ਹ ਦਿਲੀ ਅਤੇ ਮਨੁੱਖਤਾ ਦੀ ਬਰਾਬਰੀ ਦੀ ਲਾਸਾਨੀ ਮਿਸਾਲ ਕਾਇਮ ਕੀਤੀ। ਇਸ ਮਿਸਾਲ ਨੂੰ ਚਾਰ ਚੰਨ ਲਾਉਣ ਲਈ ਹਰਿਗੋਬਿੰਦਪੁਰ ਆਬਾਦ ਕਰਕੇ ਮੁਸਲਮਾਨਾਂ ਲਈ ਮਸੀਤ ਬਣਵਾਈ।" (ਫ਼ਤਹਿ ਦਿੱਲੀ ਸਾਲਾਨਾ ਨੰਬਰ 1960)

ਇਤਿਹਾਸ ਇਹ ਵੀ ਦੱਸਦਾ ਹੈ ਕਿ ਜੇ ਮੁਸਲਮਾਨ ਗੁਰੂ ਜੀ ਨਾਲ ਪ੍ਰੇਮ ਪਰਗਟ ਕਰਦੇ ਸਨ ਤਾਂ ਗੁਰੂ ਜੀ ਵੀ ਮੁਸਲਮਾਨਾਂ ਨੂੰ ਪਿਆਰਦੇ ਸਨ। ਗੁਰੂ ਜੀ ਦੇ ਮੁਸਲਿਮ-ਪ੍ਰੇਮ ਦਾ ਪਤਾ ਇਸ ਤੋਂ ਵੀ ਲਗਦਾ ਹੈਕਿ ਗੁਰੂ ਜੀ ਨੇ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਦੀ ਸੇਵਾ ਮੁਸਲਮਾਨ ਰਬਾਬੀਆਂ ਦੇ ਸਪੁਰਦ ਕੀਤੀ ਸੀ ਓਹ ਮੁਸਲਮਾਨ ਆਪਣੇ ਸਾਰੇ ਰਸਮੋ ਰਿਵਾਜ ਇਸਲਾਮੀ ਢੰਗ ਨਾਲ ਹੀ ਕਰਦੇ ਸਨ। (ਗੁਰਮਤਿ ਸਿਧਾਂਤ, ਪੰਨਾ 51)

ਇਸੇ ਤਰ੍ਹਾਂ ਆਪ ਦੇ ਦਰਬਾਰੀ ਕੀਰਤਨੀਏ ਵੀ ਮੁਸਲਮਾਨ ਹੀ ਸਨ। ਇਸ

ਤੋਂ ਛੁੱਟ ਗੁਰੂ ਅਰਜਨ ਦੇਵ ਜੀ ਨੇ ਕਰਤਾਰ ਪੁਰ ਤੇ ਅੰਮ੍ਰਿਤਸਰ ਆਦਿ ਨਵੀਆਂ ਨਗਰੀਆਂ ਵਸਾਉਣ ਸਮੇਂ ਓਹਨਾਂ ਵਿੱਚ ਮੁਸਲਮਾਨਾਂ ਨੂੰ ਵੀ ਸਾਰੀਆਂ ਸਹੂਲਤਾਂ ਦਿੱਤੀਆਂ ਸਨ।

ਅੱਜ ਅਸੀਂ ਕਈ ਵਾਰ ਆਪਣੀ ਤੰਗ-ਖ਼ਿਆਲੀ ਤੇ ਤੰਗ ਨਜ਼ਰੀ ਕਰਕੇ ਅੱਲਾਹ, ਰਾਮ ਤੇ ਵਾਹਿਗੁਰੂ ਆਦਿ ਪਦਾਂ ਤੋਂ ਹੀ ਝਗੜ ਪੈਂਦੇ ਹਾਂ ਤੇ ਖ਼ੂਨ ਖ਼ਰਾਬੇ ਤੋਂ ਵੀ ਸੰਕੋਚ ਨਹੀਂ ਕਰਦੇ। ਇਸ ਬਾਰੇ ਗੁਰੂ ਅਰਜਨ ਦੇਵ ਜੀ ਨੇ ਜੋ ਵਿਚਾਰ ਪਰਗਟ ਕੀਤੇ ਹਨ ਓਹ ਏਹ ਹਨ :-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ||
ਕੋਈ ਸੇਵੈ ਗੁਸਈਆ ਕੋਈ ਅਲਾਹਿ ||
ਕਾਰਣ ਕਰਣ ਕਰੀਮ || ਕਿਰਪਾ ਧਾਰਿ ਰਹੀਮ ||
ਕੋਈ ਨਾਵੈ ਤੀਰਥਿ ਕੋਈ ਹਜ ਜਾਇ ||
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ||
ਕੋਈ ਪੜੈ ਬੇਦ ਕੋਈ ਕਤੇਬ ||
ਕੋਈ ਓਢੈ ਨੀਲ ਕੋਈ ਸੁਪੇਦ ||
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ||
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ||
ਕਹੁ ਨਾਨਕ ਜਿਨਿ ਹੁਕਮੁ ਪਛਾਤਾ ||
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ||

(ਰਾਮਕਲੀ ਮ: 5, ਪੰਨਾ 885)

# ਜਹਾਂਗੀਰ ਬਾਦਸ਼ਾਹ ਤੇ ਗੁਰੂ ਹਰਿ ਗੋਬਿੰਦ ਜੀ

ਗੁਰੂ ਅਰਜਨ ਜੀ ਦੇ ਦੇਹਾਂਤ ਮਗਰੋਂ ਉਹਨਾਂ ਦੇ ਸਪੁੱਤਰ ਗੁਰੂ ਹਰਿ ਗੋਬਿੰਦ ਜੀ ਗੱਦੀ ਤੇ ਬੈਠੇ ਸਨ। ਇਸ ਗੁਰੂ ਜੀ ਦੇ ਸਮੇਂ ਸਿੱਖ ਜਾਤੀ ਫ਼ਕੀਰੀ ਦੀ ਥਾਂ ਮੀਰੀ ਦੇ ਰੂਪ ਵਿਚ ਆ ਗਈ ਸੀ। ਆਪ ਨੇ ਗੁਰ-ਗੱਦੀ ਤੇ ਬੈਠਦਿਆਂ ਹੀ ਤਲਵਾਰਾਂ ਧਾਰਨ ਕਰ ਲਈਆਂ ਸਨ। ਇਸ ਕਰਕੇ ਆਪ ਨੂੰ ਖੜਗਧਾਰੀ ਗੁਰੂ ਵੀ ਕਿਹਾ ਜਾਂਦਾ ਹੈ। ਇਹਨਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਸਨ। (ਤਵਾਰੀਖ਼ ਗੁਰੂ ਖ਼ਾਲਸਾ ਪੰਥ, ਪੰਨਾ 497 ਤੇ ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 221)

ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇਕ ਵਾਰ ਜਹਾਂਗੀਰ ਨੇ ਗੁਰੂ ਜੀ ਤੋਂ ਤਲਵਾਰਾਂ ਧਾਰਨ ਕਰਨ ਦਾ ਕਾਰਨ ਪੁਛਿਆ ਸੀ, ਤਾਂ ਗੁਰੂ ਜੀ ਨੇ ਇਹ ਉੱਤਰ ਦਿੱਤਾ ਸੀ :-

ਪੂਨ ਏਕ ਆਪ ਕੇ ਸ਼ਤਰੂ ਹੇਤ ||
ਹੈ ਦੂਤੀ ਦੋਖ਼ੀਅਨ ਗੁਰਨ ਕੇਤ ||

(ਪੰਥ ਪ੍ਰਕਾਸ਼, ਨਿਵਾਸ 16)

ਅਰਥਾਤ :- ਇੱਕ ਤਲਵਾਰ ਆਪ ਦੇ ਵੈਰੀਆਂ ਲਈ ਹੈ ਤੇ ਦੂਜੀ ਗੁਰੂ ਘਰ ਦੇ ਦੋਖੀਆਂ ਲਈ ਹੈ।

ਗਿਆਨੀ ਸ਼ੇਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਇਹ ਐਲਾਨ ਵੀ ਕੀਤਾ ਸੀ ਕਿ :-

*''ਹੁਣ ਹਰੇਕ ਸਿੱਖ ਤਲਵਾਰ ਧਾਰਨ ਕਰੇ ਤੇ ਘੋੜੇ ਦੀ ਸਵਾਰੀ ਸਿੱਖੇ।'' (ਖੰਡੇ ਦੀ ਧਾਰ ਵਿੱਚ ਅੰਮ੍ਰਿਤ ਦਾ ਗਿਆਨ, ਪੰਨਾ 40)*

ਦੂਜੇ ਸਿੱਖ ਇਤਿਹਾਸਕਾਰਾਂ ਨੇ ਵੀ ਗੁਰੂ ਜੀ ਦਾ ਸਿੱਖਾਂ ਨੂੰ ਫ਼ੌਜੀ ਰੰਗ ਵਿੱਚ ਰੰਗ ਦੇਣਾ ਵਰਣਨ ਕੀਤਾ ਹੈ। ਇਸ ਦੇ ਨਾਲ ਹੀ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਗੁਰੂ ਜੀ ਦੀ ਇਸ ਰਹਿਤ ਬਹਿਤ ਨੂੰ ਸਭ ਤੋਂ ਵਧੀਕ ਸ਼ੱਕ ਦੀ ਨਜ਼ਰ ਨਾਲ ਉਹਨਾਂ ਦੇ ਆਪਣੇ ਘਰਾਣੇ ਦੇ ਲੋਕਾਂ ਨੇ ਹੀ ਵੇਖਿਆ ਸੀ। ਗੁਰੂ ਜੀ ਦੇ ਚਚੇਰੇ ਭਰਾ ਸੋਢੀ ਮਿਹਰਬਾਨ ਨੇ ਤਾਂ ਬਥੇਰਾ ਟਿਲ ਲਾਇਆ ਸੀ ਕਿ ਪੰਜਾਬ ਦੇ ਹਾਕਮ ਗੁਰੂ ਜੀ ਦੇ ਵਿਰੁੱਧ ਕੋਈ ਕਾਰਵਾਈ ਕਰਨ ਤੇ ਉਹਨਾਂ ਦੀ ਫ਼ੌਜੀ ਤਾਕਤ ਦਾ ਭੋਗ ਪਾ ਦੇਣ, ਪਰ ਓਹਨਾਂ ਵਿੱਚੋਂ ਕੋਈ ਵੀ ਗੁਰੂ ਜੀ ਦੇ ਵਿਰੁੱਧ ਕੋਈ ਐਕਸ਼ਨ ਲੈਣ ਲਈ ਤਿਆਰ ਨਾ ਹੋਇਆ। ਅੰਤ ਉਹ ਚੰਦੂ ਲਾਲ ਕੋਲ ਗਿਆ ਤੇ ਉਸ ਨੂੰ ਗੁਰੂ ਜੀ ਦੇ ਵਿਰੁੱਧ ਭੜਕਾਉਣ ਦਾ ਜਤਨ ਕੀਤਾ। ਚੂੰਕਿ ਉਸ ਨੂੰ ਗੁਰੂ ਜੀ ਦੇ ਵਿਰੁੱਧ ਪਹਿਲਾਂ ਹੀ ਵੱਡਾ ਵੈਰ ਸੀ; ਇਸ ਲਈ ਉਹ ਮਿਹਰਬਾਨ ਦੇ ਨਾਲ ਰਲ ਗਿਆ। ਇਹ ਦੋਵੇਂ ਮਿਲ ਕੇ ਗੁਰੂ ਜੀ ਦੇ ਵਿਰੁੱਧ ਗੋਂਦਾਂ ਗੁੰਦਣ ਲਗ ਪਏ। ਏਹਨਾਂ ਨੇ ਬਹਾਨੇ ਨਾਲ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਭਿਜਵਾ ਦਿੱਤਾ। ਇਸ ਬਾਰੇ ਏਹਨਾਂ ਨੇ ਇਹ ਚਾਲ ਚਲੀ ਕਿ ਇੱਕ ਵਾਰ ਬਾਦਸ਼ਾਹ ਕੁਝ ਬੀਮਾਰ ਹੋ ਗਿਆ। ਏਹਨਾਂ ਨੇ ਇਹ ਤਜਵੀਜ਼ ਪੇਸ਼ ਕੀਤੀ ਕਿ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿੱਚ ਤਪ ਕਰਨ, ਤਾਂ ਆਪ ਨੂੰ ਅਰੋਗਤਾ ਪ੍ਰਾਪਤ ਹੋ ਸਕਦੀ ਹੈ। ਬਾਦਸ਼ਾਹ ਨੇ ਗੁਰੂ ਜੀ ਨੂੰ ਸੌ ਰੁਪਈਆ ਰੋਜ਼ਾਨਾ ਹਵਨ ਦੀ ਸਮੱਗਰੀ ਆਦਿ ਲਈ ਦੇਣਾ ਪਰਵਾਨ ਕਰਕੇ ਗੁਰੂ ਜੀ ਨੂੰ ਗਵਾਲੀਅਰ ਭੇਜ ਦਿੱਤਾ। ਗੁਰ-ਧਰੋਹੀਆਂ ਨੇ ਤਾਂ ਇਹ ਸੋਚਿਆ ਸੀ

ਕਿ ਇਸ ਤਰ੍ਹਾਂ ਓਹ ਗੁਰੂ ਜੀ ਨੂੰ ਕੈਦ ਕਰਾਉਣ ਵਿੱਚ ਸਫ਼ਲ ਹੋਣਗੇ, ਪਰ ਓਹਨਾਂ ਦੀ ਇਹ ਗੱਲ ਓਹਨਾਂ ਦੇ ਉਲਟ ਹੀ ਪਈ। ਜਦ ਬਾਦਸ਼ਾਹ ਨੇ ਗੁਰੂ ਜੀ ਨੂੰ ਵਾਪਸ ਬੁਲਾਇਆ, ਤਾਂ ਓਹਨਾਂ ਨੇ ਕਿਹਾ ਕਿ ਜਦ ਤਕ ਗਵਾਲੀਅਰ ਵਿਚ ਕੈਦ ਕੀਤੇ 52 ਸ਼ਾਹੀ ਕੈਦੀ ਰਿਹਾ ਨਾ ਕੀਤੇ ਜਾਣ, ਉਹ ਗਵਾਲੀਅਰ ਦੇ ਕਿਲ੍ਹੇ ਤੋਂ ਬਾਹਰ ਨਹੀਂ ਆਉਣਗੇ। ਬਾਦਸ਼ਾਹ ਨੇ ਗੁਰੂ ਜੀ ਦੀ ਇਸ ਆਗਿਆ ਦਾ ਪਾਲਣ ਕੀਤਾ ਤੇ 52 ਸ਼ਾਹੀ ਕੈਦੀ ਗੁਰੂ ਜੀ ਦੇ ਕਹਿਣ ਤੇ ਰਿਹਾ ਕਰ ਦਿੱਤੇ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 811)

ਬਾਵਾ ਸਰੂਪ ਦਾਸ ਭੱਲਾ ਦੇ ਕਥਨ ਅਨੁਸਾਰ ਵੀ ਜਹਾਂਗੀਰ ਦੇ ਦਿਲ ਵਿੱਚ ਗੁਰੂ ਘਰ ਦਾ ਵੱਡਾ ਸਤਿਕਾਰ ਸੀ। ਉਹ ਲਿਖਦੇ ਹਨ ਕਿ ਜਦ ਗੁਰੂ ਦੋਖੀਆਂ ਨੇ ਬਾਦਸ਼ਾਹ ਕੋਲ ਗੁਰੂ ਜੀ ਦੀ ਸ਼ਿਕਾਇਤ ਕੀਤੀ ਸੀ, ਤਾਂ ਉਸ ਨੇ ਕਿਹਾ ਸੀ ਕਿ :-

ਤਬ ਬਾਦਸ਼ਾਹ ਇਉ ਕਹਿਓ ਜਬਾਨ ।
ਜਿਸ ਦਈ ਬਡਾਈ ਰਬ ਸੁਬਹਾਨ ।
ਕੀਐ ਬਖੀਲੀ ਕਛੁ ਨ ਹੋਇ ।
ਨਾਨਕ ਕੇ ਘਰ ਕੀ ਕਹੀ ਨ ਸੋਇ ।
ਦਈ ਬਡਾਈ ਜਿਨਹਿ ਖੁਦਾਇ ।
ਸੁਨਾ ਸਭਨ ਖ਼ਾਮੋਸ਼ ਹੋ ਰਹੇ ।
ਬਾਦਸ਼ਾਹ ਸਵਾਰ ਪੁਨ ਭਏ ।

(ਮਹਿਮਾ ਪ੍ਰਕਾਸ਼, ਸਾਖੀ 4, ਪੰਨਾ 437)

ਇਸੇ ਤਰ੍ਹਾਂ, ਗੁਰੂ-ਧਰੋਹੀਆਂ ਨੇ ਇੱਕ ਵਾਰ ਲਾਹੌਰ ਦੇ ਸੂਬੇਦਾਰ ਹਾਕਮ ਬੇਗ਼ ਰਾਹੀਂ ਗੁਰੂ ਜੀ ਦੇ ਵਿਰੁੱਧ ਇਹ ਰੀਪੋਰਟ ਕਰਵਾਈ ਕਿ ਗੁਰੂ ਜੀ ਨੇ ਆਪਣੇ ਵੱਡੇ ਗੁਰੂਆਂ ਦੇ ਫ਼ਕੀਰੀ ਢੰਗ ਨੂੰ ਤਿਆਗ ਕੇ ਚੋਰਾਂ ਤੇ ਡਾਕੂਆਂ ਦੀ ਰਹਿਤ ਧਾਰਨ ਕਰ ਲਈ ਹੈ ਤੇ ਇੱਕ ਚਬੂਤਰੇ ਦਾ ਨਾਂ ਅਕਾਲ ਤਖ਼ਤ ਰਖ ਕੇ ਦਰਬਾਰ ਲਾਉਂਦਾ ਹੈ। ਸੈਂਕੜੇ ਚੋਰ, ਡਾਕੂ ਤੇ ਧਾੜਵੀ ਇਸ ਨੇ ਆਪਣੇ ਆਲੇ ਦੁਆਲੇ ਇਕੱਤਰ ਕਰ ਲਏ ਹਨ ਤੇ ਦੇਸ ਵਿੱਚ ਉਪੱਦਰ ਮਚਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਜੇ ਹੁਣ ਤੋਂ ਹੀ ਇਸ ਦਾ ਬਾਨ੍ਹਣੂ ਨਾ ਬੰਨ੍ਹਿਆ ਗਿਆ, ਤਾਂ ਸਾਰੇ ਦੇਸ਼ ਵਿੱਚ ਰੌਲਾ ਪੈ ਜਾਵੇਗਾ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 508)

ਜਦ ਇਹ ਰੀਪੋਰਟ ਬਾਦਸ਼ਾਹ ਕੋਲ ਪੁੱਜੀ, ਤਾਂ ਉਸ ਨੇ ਆਪਣੇ ਨਾਇਬ ਵਜ਼ੀਰ ਵਜ਼ੀਰਖ਼ਾਨ ਤੇ ਗ਼ੁੰਚਾ ਬੇਗ਼ ਖ਼ਾਨ ਦਸ ਹਜ਼ਾਰੀ ਨੂੰ ਗੁਰੂ ਜੀ ਕੋਲ ਭੇਜਿਆ ਕਿ ਓਹ ਓਹਨਾਂ ਨੂੰ ਨਾਲ ਲੈ ਆਉਣ। ਵਜ਼ੀਰ ਖ਼ਾਂ ਜਦ ਗੁਰੂ ਜੀ ਕੋਲ ਪੁੱਜਾ, ਤਾਂ

ਉਸ ਨੇ ਵੱਡੇ ਸਤਿਕਾਰ ਨਾਲ ਸਵਾ ਸੌ ਮੁਹਰਾਂ ਗੁਰੂ ਜੀ ਦੀ ਭੇਟ ਕੀਤੀਆਂ ਤੇ ਇਹ ਬੇਨਤੀ ਕੀਤੀ ਕਿ ਬਾਦਸ਼ਾਹ ਨੇ ਆਪ ਨੂੰ ਯਾਦ ਕੀਤਾ ਹੈ। ਗੁਰੂ ਜੀ ਪਹਿਲਾਂ ਹੀ ਚਾਹੁੰਦੇ ਸਨ ਕਿ ਬਾਦਸ਼ਾਹ ਨਾਲ ਮੁਲਾਕਾਤ ਕਰਨ ਦਾ ਸਮਾਂ ਮਿਲੇ। ਸੋ ਉਹ ਬਾਦਸ਼ਾਹ ਨੂੰ ਮਿਲਣ ਲਈ ਤਿਆਰ ਹੋ ਗਏ।

(ਜਨਮ ਸਾਖੀ ਛੇਵੀਂ ਪਾਤਸ਼ਾਹੀ, ਪੰਨਾ 13)

ਜਦ ਗੁਰੂ ਜੀ ਬਾਦਸ਼ਾਹ ਦੇ ਦਰਬਾਰ ਵਿੱਚ ਗਏ, ਤਾਂ ਉਸ ਨੇ ਆਪ ਦਾ ਵੱਡਾ ਸਤਿਕਾਰ ਕੀਤਾ ਤੇ ਬਚਨ ਬਿਲਾਸ ਕਰਕੇ ਵੱਡੀ ਖ਼ੁਸ਼ੀ ਪ੍ਰਾਪਤ ਕੀਤੀ। ਉਸ ਨੇ ਗੁਰੂ ਜੀ ਦਾ ਪੰਜ ਸੌ ਰੁਪਈਆ ਰੋਜ਼ਾਨਾ ਨੀਅਤ ਕਰ ਦਿੱਤਾ। (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 97 ਤੇ ਤਵਾਰੀਖ਼ ਗੁਰੂ ਖ਼ਾਲਸਾ ਗੁਰਮੁਖੀ, ਪੰਨਾ 790)

ਗੁਰੂ ਜੀ ਤੇ ਜਹਾਂਗੀਰ ਦੀ ਇਸ ਮਿਲਣੀ ਬਾਰੇ ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

*"22 ਹਾੜ ਸੰਮਤ 1673 ਬਿ: ਨੂੰ ਬਾਦਸ਼ਾਹ ਨੇ ਬੜੇ ਅਦਬ ਨਾਲ ਮੁਲਾਕਾਤ ਕੀਤੀ। ਚੰਦਨ ਦੀ ਚੌਕੀ ਤੇ ਬਿਠਾਇਆ। ਗੁਰੂ ਜੀ ਦੇ ਬਚਨ ਬਿਲਾਸ ਤੇ ਸੁਭਾਵ ਨੂੰ ਦੇਖ ਕੇ ਤੇ ਅਨੇਕਾਂ ਪ੍ਰਕਾਰ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋਇਆ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 774)*

ਵਿਚਾਰਵਾਨ ਵਿਚਾਰ ਕਰ ਸਕਦੇ ਹਨ ਕਿ ਜਹਾਂਗੀਰ ਕੋਲ ਗੁਰੂ ਜੀ ਦੇ ਵਿਰੁੱਧ ਰੀਪੋਰਟ ਤਾਂ ਇਹ ਕੀਤੀ ਜਾਂਦੀ ਹੈ ਕਿ ਓਹਨਾਂ ਨੇ ਆਪਣੇ ਆਲੇ ਦੁਆਲੇ ਚੋਰ ਤੇ ਡਾਕੂ ਇਕੱਤਰ ਕੀਤੇ ਹੋਏ ਹਨ ਤੇ ਦੇਸ਼ ਵਿੱਚ ਉਪੱਦਰ ਮਚਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਪਰ ਜਹਾਂਗੀਰ ਓਹਨਾਂ ਨੂੰ ਆਪਣੇ ਦਰਬਾਰ ਵਿੱਚ ਸੱਦ ਕੇ ਵੱਡਾ ਸਤਿਕਾਰ ਦਿੰਦਾ ਹੈ, ਹਾਲਾਂਕਿ ਉਹ ਰੀਪੋਰਟ ਕਰਨ ਵਾਲੇ ਕੋਈ ਓਪਰੇ ਬੰਦੇ ਨਹੀਂ ਸਨ, ਸਗੋਂ ਗੁਰੂ ਜੀ ਦੇ ਘਰਾਣੇ ਦੇ ਲੋਕ ਵੀ ਓਹਨਾਂ ਵਿੱਚ ਸ਼ਾਮਲ ਸਨ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਜਹਾਂਗੀਰ ਦੇ ਮਨ ਵਿੱਚ ਗੁਰੂ-ਘਰ ਬਾਰੇ ਕੋਈ ਖੋਟ ਨਹੀਂ ਸੀ। ਤੋਜ਼ਕਿ ਜਹਾਂਗੀਰੀ ਆਦਿ ਦੇ ਆਧਾਰ ਤੇ ਜੋ ਕੁਝ ਕਿਹਾ ਜਾਂਦਾ ਹੈ। ਵਧੇਰੇ ਸੰਭਵ ਹੈ ਕਿ ਉਹ ਕਿਸੇ 'ਤੀਜੇ' ਦੀਆਂ ਆਪਣੀ ਨੀਤਕ ਚਾਲ ਦੇ ਆਧਾਰ ਤੇ ਪਿੱਛੋਂ ਘੜੀਆਂ ਤੇ ਮਗਰੋਂ ਮਿਲਾਈਆਂ ਗੱਲਾਂ ਹੋਣ; ਕਿਉਂਕਿ ਸੰਸਾਰ ਦੀਆਂ ਬਹੁਤ ਸਾਰੀਆਂ ਪੁਸਤਕਾਂ ਵਿੱਚ ਏਹੋ ਜੇਹੀਆਂ ਮਿਲਾਵਟਾਂ ਦੀਆਂ ਆਮ ਮਿਸਾਲਾਂ ਮਿਲਦੀਆਂ ਹਨ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਹਾਂਗੀਰ ਨੇ ਇੱਕ ਮੁਲਾਕਾਤ

ਸਮੇਂ ਗੁਰੂ ਹਰਿਗੋਬਿੰਦ ਜੀ ਦੀ ਭੇਟ ਪੰਜ ਹਜ਼ਾਰੀ ਖ਼ਿਲਅਤ, ਜਿਗ੍ਹਾ, ਕਲਗੀ, ਸਰਪੰਚ, ਮੋਤੀ ਮਾਲਾ, ਇਕ ਕੰਠਾ, ਸੱਤ ਹਥਿਆਰ ਤੇ ਪੰਜ ਘੋੜੇ ਵੀ ਕੀਤੇ ਸਨ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 803)

ਇਸੇ ਤਰ੍ਹਾਂ ਦਿੱਲੀ ਤੋਂ ਰਵਾਨਗੀ ਸਮੇਂ ਜਦ ਜਹਾਂਗੀਰ ਨੇ ਗੁਰੂ ਜੀ ਨਾਲ ਮੁਲਾਕਾਤ ਕੀਤੀ ਸੀ, ਤਾਂ ਫੇਰ ਪੰਜ ਹਜ਼ਾਰੀ ਖ਼ਿਲਅਤ, ਮੋਤੀ ਮਾਲਾ, ਰਤਨ ਜੜਾਊ, ਕੰਠਾ ਜੜਾਊ, ਮਠ ਦੀ ਤਲਵਾਰ ਤੇ 2100 ਅਕਬਰੀ ਮੋਹਰਾਂ ਤੇ ਪੰਜ ਘੋੜੇ ਜਿਨ੍ਹਾਂ ਤੇ ਚਾਂਦੀ ਸੋਨੇ ਦੀਆਂ ਕਾਠੀਆਂ ਸਨ, ਗੁਰੂ ਜੀ ਦੇ ਭੇਟਾ ਕੀਤੇ ਸਨ। ਗੁਰੂ ਜੀ ਦੇ ਸਾਥੀ ਸਿੱਖਾਂ ਨੂੰ ਬਹੁਮੁੱਲੇ ਦੁਸ਼ਾਲੇ ਦਿੱਤੇ ਸਨ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 806)

ਇੱਕ ਸੱਜਣ ਜੀ ਲਿਖਦੇ ਹਨ ਕਿ ਜਹਾਂਗੀਰ ਨੇ ਗੁਰੂ ਜੀ ਅੱਗੇ ਅਕਾਲ ਤਖ਼ਤ ਦੀ ਇਮਾਰਤ ਮੁਕੰਮਲ ਕਰਾਉਣ ਦੀ ਪੇਸ਼ਕਸ਼ ਵੀ ਕੀਤੀ ਸੀ। (ਭਾਰਤੀ ਰਾਸ਼ਟਰੀਆ ਕਾਂਗਰਸ, 1956, ਪੰਨਾ 43 ਨਾਮਧਾਰੀ ਇਤਿਹਾਸ ਭਾਗ ਪਹਿਲਾ, ਪੰਨਾ 33 ਤੇ ਸਿੱਖ ਇਤਿਹਾਸ, ਪੰਨਾ 239)

ਗੱਲ ਕੀ, ਜਹਾਂਗੀਰ ਨੇ ਗੁਰੂ ਜੀ ਨਾਲ ਮਿੱਤਰਤਾ ਭਰੇ ਸੰਬੰਧ ਅੰਤ ਤਕ ਕਾਇਮ ਰੱਖੇ। ਭਾਵੇਂ ਗੁਰੂ-ਧਰੋਹੀਆਂ ਨੇ ਇਸ ਸੰਬੰਧ ਨੂੰ ਵਿਗਾੜਨ ਦੇ ਬਥੇਰੇ ਜਤਨ ਕੀਤੇ ਤੇ ਸਾਜ਼ਸ਼ਾਂ ਕੀਤੀਆਂ, ਪਰ ਜਹਾਂਗੀਰ ਆਪਣੇ ਵੱਲੋਂ ਬਹੁਤ ਹੱਦ ਤਕ ਅਡੋਲ ਰਿਹਾ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਹਾਂਗੀਰ ਬਚਨ ਦਾ ਪੱਕਾ ਸੀ। ਉਸ ਨੇ ਗੁਰੂ ਜੀ ਨਾਲ ਜੋ ਵੀ ਬਚਨ ਕੀਤਾ, ਉਸ ਨੂੰ ਅੰਤ ਤਕ ਪੂਰਾ ਕੀਤਾ। ਉਸ ਦੇ ਬਹੁਤ ਸਾਰੇ ਦਰਬਾਰੀ ਗੁਰੂ ਜੀ ਵਿਰੁੱਧ ਚੁਗ਼ਲੀਆਂ ਵੀ ਕਰਦੇ ਰਹਿੰਦੇ ਸਨ, ਪਰ ਉਹ ਓਹਨਾਂ ਦੀ ਇੱਕ ਨਹੀਂ ਸੁਣਦਾ ਸੀ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 720)

ਜਹਾਂਗੀਰ ਦੇ ਸਮੇਂ ਉਸ ਦਾ ਪਰਸਿੱਧ ਅਹਿਲਕਾਰ ਵਜ਼ੀਰ ਖ਼ਾਨ ਹੋਇਆ ਹੈ। ਇਸ ਦੇ ਦਿਲ ਵਿੱਚ ਵੀ ਗੁਰੂ ਘਰ ਬਾਰੇ ਪ੍ਰੇਮ-ਭਾਵਨਾ ਸੀ; ਜਿਹਾ ਕਿ ਵਰਣਨ ਹੈ ਕਿ :-

*"ਵਜ਼ੀਰ ਖ਼ਾਨ ਦੇ ਦਿਲ ਵਿੱਚ ਗੁਰੂ ਜੀ ਦਾ ਕਿਤਨਾ ਸਤਿਕਾਰ ਸੀ, ਇਸ ਦਾ ਸਬੂਤ ਸਿੱਖ ਇਤਿਹਾਸ ਵਿਚੋਂ ਮਿਲਦਾ ਹੈ। ਜਦ ਕਦੇ ਬਾਦਸ਼ਾਹੀ ਫੌਜ ਸ੍ਰੀ ਗੁਰੂ ਹਰਿਗੋਬਿੰਦ ਜੀ (ਛੇਵੇਂ ਗੁਰੂ) ਨਾਲ ਲੜਾਈ ਕਰਨ ਵਾਸਤੇ ਚੜ੍ਹਦੀ, ਤਾਂ ਵਜ਼ੀਰ ਖ਼ਾਨ ਹਮੇਸ਼ਾ ਗੁਰੂ ਜੀ ਦਾ ਪੱਖ ਲੈਂਦਾ ਸੀ ਤੇ ਮੁਗ਼ਲ ਦਰਬਾਰ ਵਿੱਚ ਸਵਾਲ ਛਿੜਨ ਤੇ ਗੁਰੂ ਸਾਹਿਬ ਦੇ*

*ਵਿਰੁੱਧ ਸ਼ਕਾਇਤਾਂ ਦੇ ਜਵਾਬ ਖਰੇ ਖਰੇ ਉੱਤਰ ਦੇ ਕੇ ਬਾਦਸ਼ਾਹ ਨੂੰ ਸ਼ਾਂਤ ਕਰ ਦਿਆ ਕਰਦਾ ਸੀ ।" (ਸਿੱਖੀ ਤੇ ਸਿੱਖ ਇਤਿਹਾਸ, ਪੰਨਾ 70)*

ਸ: ਸਾਧੂ ਸਿੰਘ ਜੀ ਹਮਦਰਦ ਨੇ ਲਿਖਿਆ ਹੈ ਕਿ :-

*"ਢਾਕੇ ਵਿੱਚ ਸਥਿਤ ਗੁਰਦੁਆਰਾ ਅਖਾੜਾ ਨਾਨਕਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਉਹਨਾਂ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਵਲੋਂ ਉਸਾਰਿਆ ਗਇਆ ਸੀ । ਇਹ ਇਤਿਹਾਸਕ ਗੁਰਦੁਆਰਾ ਹੈ, ਜਿਸ ਨੂੰ ਉਸ ਵੇਲੇ ਦੇ ਸ਼ਹਿਨਸ਼ਾਹ ਜਹਾਂਗੀਰ ਵਲੋਂ ਪੰਜ ਸੌ ਏਕੜ ਜ਼ਮੀਨ ਲਾਈ ਗਈ ਸੀ ।"*

*(ਅਜੀਤ ਜਾਲੰਧਰ, 5 ਅਕਤੂਬਰ, 1978)*

ਇਤਿਹਾਸਕਾਰ ਇਹ ਵੀ ਸਵੀਕਾਰ ਕਰਦੇ ਹਨ ਕਿ ਜਹਾਂਗੀਰ ਨੇ ਗੁਰੂ ਜੀ ਨੂੰ ਸੱਤ ਤੋਪਾਂ ਤੇ ਇੱਕ ਹਜ਼ਾਰ ਪਿਆਦੇ ਤੇ ਪੰਜ ਸੌ ਸਵਾਰ ਰੱਖਣ ਦੀ ਵੀ ਆਗਿਆ ਦੇ ਦਿੱਤੀ ਸੀ । ਇਸ ਤੋਂ ਛੁੱਟ ਪੰਜਾਬ ਦੇ ਸਾਰੇ ਹਾਕਮਾਂ ਤੇ ਅਫ਼ਸਰਾਂ ਦਾ ਨਿਗਰਾਨ ਵੀ ਨੀਅਤ ਕਰ ਦਿੱਤਾ ਸੀ । (ਵੇਖੋ ਇਤਿਹਾਸ ਗੁਰੂ ਖ਼ਾਲਸਾ ਹਿੰਦੀ, ਪੰਨਾ 261; ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 99; ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 237; ਤਵਾਰੀਖ਼ ਗੁਰੂ ਖ਼ਾਲਸਾ ਪੰਥ, 520; ਦਸਾਂ ਗੁਰੂਆਂ ਦਾ ਸੰਖੇਪ ਜੀਵਨ ਚਰਿਤ੍ਰ, ਪੰਨਾ 8; ਗੁਰਮਤਿ ਇਤਿਹਾਸ ਗੁਰੂ ਖ਼ਾਲਸਾ, ਪੰਨਾ 128; ਮੁਖਤਸਿਰ ਵਾ ਮੁਕੰਮਲ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 120 ਤੇ ਰਸਾਲਾ ਅੰਮ੍ਰਿਤ, ਜਨਵਰੀ – ਫਰਵਰੀ, 1946, ਪੰਨਾ 85 ਆਦਿ)

ਗੁਰੂ ਜੀ ਵੀ ਜਹਾਂਗੀਰ ਦੇ ਇੱਕ ਚੰਗੇ ਸਾਥੀ ਤੇ ਮਿੱਤਰ ਸਨ । ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਰਾਜਾ ਤਾਰਾਚੰਦ ਨਾਲਾ ਗੜ੍ਹੀਆ ਬਾਦਸ਼ਾਹ ਦੀ ਆਗਿਆਕਾਰੀ ਤੋਂ ਬਾਗ਼ੀ ਹੋ ਗਿਆ । ਜਹਾਂਗੀਰ ਨੇ ਗੁਰੂ ਹਰਿਗੋਬਿੰਦ ਜੀ ਤੋਂ ਸਹਾਇਤਾ ਮੰਗੀ ਤੇ ਉਹਨਾਂ ਨੂੰ ਆਪਣੀ ਫ਼ੌਜ ਦਾ ਸੈਨਾਪਤੀ ਨੀਅਤ ਕਰਕੇ ਇੱਕ ਮੁਹਿੰਮ ਤੇ ਭੇਜਿਆ । ਗੁਰੂ ਜੀ ਨੇ ਜਾਂਦਿਆਂ ਹੀ ਵੱਡੀ ਯੋਗਤਾ ਨਾਲ ਉਸ ਤੇ ਜਿੱਤ ਪ੍ਰਾਪਤ ਕੀਤੀ ਤੇ ਉਸ ਨੂੰ ਬਾਦਸ਼ਾਹ ਦੀ ਆਗਿਆਕਾਰੀ ਪ੍ਰਵਾਨ ਕਰਾ ਕੇ ਜਹਾਂਗੀਰ ਨਾਲ ਮਿਲਾ ਦਿੱਤਾ । (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 104)

ਇਹ ਹਵਾਲੇ ਦੱਸਦੇ ਹਨ ਕਿ ਜਹਾਂਗੀਰ ਨੇ ਬਾਵਜੂਦ ਇਸ ਦੇ ਕਿ ਗੁਰੂ ਜੀ ਦੇ ਘਰਾਣੇ ਦੇ ਲੋਕ ਬਾਦਸ਼ਾਹ ਨੂੰ ਗੁਰੂ ਜੀ ਦੇ ਵਿਰੁਧ ਕਰਨ ਦੀਆਂ ਗੋਂਦਾਂ ਦਿਨ ਰਾਤ ਗੁੰਦਦੇ ਰਹਿੰਦੇ ਸਨ, ਸਦਾ ਹੀ ਗੁਰੂ ਜੀ ਨਾਲ ਪ੍ਰੇਮ ਤੇ ਸਤਿਕਾਰ ਭਰਿਆ ਵਰਤਾਉ ਕੀਤਾ । ਆਪ ਵੀ ਭੇਟਾ ਦਿੱਦਾ ਰਿਹਾ ਤੇ ਦੂਜਿਆਂ ਰਾਜਿਆਂ-ਮਹਾਰਾਜਿਆਂ ਤੋਂ ਵੀ

ਗੁਰੂ ਜੀ ਨੂੰ ਭੇਟਾ ਦਿਵਾਉਂਦਾ ਰਿਹਾ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 114 ਤੇ ਤਵਾਰੀਖ਼ ਗੁਰੂ ਖ਼ਾਲਸਾ ਗੁਰਮੁਖੀ, ਪੰਨਾ 511 ਆਦਿ)

ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ ਜਦ ਗੁਰੂ ਹਰਿਗੋਬਿੰਦ ਮਾਈ ਭਾਗਭਰੀ ਦੇ ਪ੍ਰੇਮ ਕਾਰਨ ਕਸ਼ਮੀਰ ਗਏ ਸਨ, ਤਾਂ ਜਹਾਂਗੀਰ ਵੀ ਉਹਨੀਂ ਦਿਨੀਂ ਕਸ਼ਮੀਰ ਸੀ, ਉਸ ਨੇ ਗੁਰੂ ਜੀ ਨੂੰ ਆਪਣੇ ਕੋਲ ਠਹਿਰਾਇਆ ਸੀ। ਗੁਰੂ ਜੀ ਦਾ ਤੰਬੂ ਬਾਦਸ਼ਾਹ ਦੇ ਤੰਬੂ ਦੇ ਨਾਲ ਸੀ। ਰੋਜ਼ਾਨਾ ਬਾਦਸ਼ਾਹ ਗੁਰੂ ਜੀ ਨੂੰ ਸ਼ਿਕਾਰ ਖੇਡਣ ਲਈ ਨਾਲ ਲੈ ਜਾਇਆ ਕਰਦਾ ਸੀ। (ਨਿਆਰਾ ਖ਼ਾਲਸਾ, ਪੰਨਾ 54)

ਇਸੇ ਤਰ੍ਹਾਂ ਇੱਕ ਵਿਦਵਾਨ ਜੀ ਦਾ ਕਥਨ ਹੈ ਕਿ ਸ਼ਾਹ ਜਹਾਨ ਦੇ ਸਮੇਂ ਸਿੰਧ ਵਿੱਚ ਬਗ਼ਾਵਤ ਹੋ ਗਈ। ਹਕੂਮਤ ਵਲੋਂ ਵਜ਼ੀਰ ਖ਼ਾਨ ਨੂੰ ਬਗ਼ਾਵਤ ਦਬਾਉਣ ਲਈ ਭੇਜਿਆ ਗਿਆ। ਗੁਰੂ ਹਰਿਗੋਬਿੰਦ ਸਿੰਘ ਜੀ ਨੇ ਇਸ ਸਮੇਂ ਵਜ਼ੀਰ ਖ਼ਾਨ ਨੂੰ ਅਸ਼ੀਰਵਾਦ ਦਿੱਤੀ ਸੀ। ਇਸ ਮੁਹਿੰਮ ਵਿਚ ਸਫ਼ਲਤਾ ਪ੍ਰਾਪਤ ਹੋਈ ਸੀ।

(ਇਤਿਹਾਸਕ ਜੀਵਨੀਆਂ, ਪੰਨਾ 71)

ਇਸ ਤੋਂ ਬਿਨਾਂ ਸਿੱਖ ਲਿਟਰੇਚਰ ਤੋਂ ਇਹ ਵੀ ਪਤਾ ਲਗਦਾ ਹੈ ਕਿ ਜਦ ਜਹਾਂਗੀਰ ਨੂੰ ਪਤਾ ਲੱਗਾ ਕਿ ਚੰਦੂ ਲਾਲ ਨੇ ਗੁਰੂ ਅਰਜਨ ਜੀ ਨੂੰ ਬਹੁਤ ਦੁਖ ਦਿੱਤੇ ਹਨ; ਤਾਂ ਉਸ ਨੇ ਉਸੇ ਸਮੇਂ ਚੰਦੂ ਲਾਲ ਨੂੰ ਕੰਨੋਂ ਫੜ ਕੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਤੇ ਇਹ ਕਿਹਾ ਕਿ ਇਹ ਆਪ ਦੇ ਪਿਤਾ ਗੁਰੂ ਦਾ ਕਾਤਲ ਹੈ, ਇਸ ਨੂੰ ਜੋ ਚਾਹੋ ਦੰਡ ਦਿਓ। (ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 5, ਅੰਸੂ 3; ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 100; ਤਵਾਰੀਖ ਗੁਰੂ ਖ਼ਾਲਸਾ ਗੁਰਮੁਖੀ, ਪੰਨਾ 520; ਮੁਖ਼ਤਸਿਰ ਵਾ ਮੁਕੰਮਲ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 120; ਤਵਾਰੀਖ਼ ਗੁਰੂ ਖ਼ਾਲਸਾ ਪੰਥ, ਪੰਨਾ 521; ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 235, ਦਸਾਂ ਗੁਰੂਆਂ ਦਾ ਸੰਖੇਪ ਜੀਵਨ ਚਰਿਤ੍ਰ, ਪੰਨਾ 8; ਖੰਡੇ ਦੀ ਧਾਰ ਵਿੱਚ ਅੰਮ੍ਰਿਤ ਦਾ ਗਿਆਨ, ਪੰਨਾ 76, ਇਤਿਹਾਸ ਗੁਰੂ ਖ਼ਾਲਸਾ ਹਿੰਦੀ, ਪੰਨਾ 263, ਸ੍ਰੀ ਗੁਰ ਪੁਰ ਪ੍ਰਕਾਸ਼ ਮਹਲ 6, ਮੰਦਰ 9, ਪੰਨਾ 492; ਗੁਰ ਬਿਲਾਸ ਪਾ: 6, ਅ: 8 ਮੈਕਾਲਿਫ਼ ਇਤਿਹਾਸ, ਹਿੱਸਾ 3, ਪੰਨਾ 31; ਗੁਰਮਤਿ ਲੈਕਚਰ, ਪੰਨਾ 237; ਜੀਵਨ ਬ੍ਰਿਤਾਂਤ ਦਸ ਗੁਰੂ ਸਾਹਿਬਾਨ, ਪੰਨਾ 15; ਤਾਰੀਖ਼ਿ ਪੰਜਾਬ, ਪੰਨਾ 31 ਤੇ ਗੁਰਮਤਿ ਇਤਿਹਾਸ ਗੁਰੂ ਖ਼ਾਲਸਾ, ਪੰਨਾ 129 ਆਦਿ)

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਨੂੰ ਇਹ ਕਿਹਾ ਸੀ ਕਿ :-

*"ਤੁਹਾਡੇ ਵੱਡੇ ਜਹਾਂਗੀਰ ਨੇ ਮੇਰੇ ਦਾਦੇ ਹਰਿਗੋਬਿੰਦ ਜੀ ਦੇ ਹੱਥ*

*ਚੰਦੂ ਦੁਸ਼ਟ ਦੀ ਬਾਂਹ ਫੜਾਈ ਸੀ ਤੇ ਉਸ ਨੂੰ ਉਹਨਾਂ ਨੇ ਮਨ ਭਾਈ ਸਜ਼ਾ ਦਿੱਤੀ ਸੀ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1394)*

ਪੰਚ ਖ਼ਾਲਸਾ ਦੀਵਾਨ ਵਲੋਂ ਪ੍ਰਕਾਸ਼ਤ ਜ਼ਫ਼ਰਨਾਮਾ ਸਟੀਕ ਤੋਂ ਵੀ ਉਕਤ ਕਥਨ ਦੀ ਪੁਸ਼ਟੀ ਹੁੰਦੀ ਹੈ। ਵੇਖੋ, ਪੰਨਾ 124)

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਚੰਦੂ ਲਾਲ ਗੁਰੂ ਅਰਜਨ ਦਾ ਕਾਤਲ ਨਹੀਂ ਸੀ। ਉਸ ਨੇ ਜੋ ਕੁਝ ਵੀ ਕੀਤਾ ਸੀ, ਉਹ ਬਾਦਸ਼ਾਹ ਦੇ ਹੁਕਮ ਨਾਲ ਕੀਤਾ ਸੀ। ਇਸ ਤਰ੍ਹਾਂ ਕਤਲ ਦੀ ਸਿੱਧੀ ਜ਼ਿੰਮੇਵਾਰੀ ਬਾਦਸ਼ਾਹ ਦੇ ਸਿਰ ਸੀ, ਪਰ ਇੱਕ ਸਿੱਖ ਵਿਦਵਾਨ ਦਾ ਕਥਨ ਹੈ ਕਿ :-

*"ਸਾਰੇ ਵਿਦਵਾਨ ਇਸ ਗੱਲੇ ਸਹਿਮਤ ਹਨ ਕਿ ਗੁਰੂ ਹਰਿਗਬਿੰਦ ਜੀ ਨੇ ਚੰਦੂ ਨੂੰ ਜਹਾਂਗੀਰ ਕੋਲੋਂ ਫੜ ਕੇ ਸਿੱਖਾਂ ਦੇ ਹਵਾਲੇ ਕੀਤਾ।... ਜੇ ਚੰਦੂ ਇੱਕ ਅਪਰਾਧੀ ਨਹੀਂ ਸੀ, ਤਾਂ ਹਰਿਗੋਬਿੰਦ ਜੀ ਨੇ ਨਿਰਦੋਸ਼ ਚੰਦੂ ਨੂੰ ਪ੍ਰਾਣ ਦੰਡ ਦਾ ਅਪਰਾਧ ਕਿਉ ਕੀਤਾ।"*

*(ਸੀਸ ਗੰਜ, ਮਈ 1969)*

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਜਹਾਂਗੀਰ ਨੇ ਚੰਦੂ ਲਾਲ ਨੂੰ ਗੁਰੂ ਅਰਜਨ ਦੇਵ ਜੀ ਦਾ ਕਾਤਲ ਸਮਝ ਕੇ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਸੀ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ :-

*"ਪਾਤਸ਼ਾਹ ਦੇ ਚੰਦੂ ਨੂੰ ਸਤਿਗੁਰੂ ਜੀ ਦੇ ਹਵਾਲੇ ਕਰ ਦੇਣ ਤੋਂ ਪਤਾ ਲੱਗਦਾ ਹੈ ਕਿ... ਪਾਤਸ਼ਾਹ ਨੂੰ ਨਿਸਚਾ ਹੋ ਗਿਆ ਸੀ ਕਿ ਗੁਰੂ ਅਰਜਨ ਦੇਵ ਜੀ ਤੇ ਜੋ ਦੂਸ਼ਣ ਲਾਇਆ ਗਿਆ ਸੀ, ਸੋ ਗ਼ਲਤ ਸੀ।... ਆਪਣੇ ਆਪ ਨੂੰ ਬੇਗੁਨਾਹ ਤੇ ਖ਼ੂਨ ਦੇ ਦੋਸ਼ ਤੋਂ ਬਚਾਉਣ ਲਈ ਪਾਤਸ਼ਾਹ ਨੇ ਚੰਦੂ ਸਤਿਗੁਰਾਂ ਦੇ ਹਵਾਲੇ ਕੀਤਾ। ਇਹ ਉਸ ਸਮੇਂ ਇਕ ਰਿਵਾਜ ਸੀ ਕਿ ਹਾਕਮ ਲੋਕ, ਭਾਰੇ ਅਪਰਾਧੀ ਨੂੰ ਜਿਨ੍ਹਾਂ ਦਾ ਉਸ ਨੇ ਅਪਰਾਧ ਕੀਤਾ ਹੋਵੇ, ਉਸ ਦੇ ਹਵਾਲੇ ਕਰ ਦਿੰਦੇ ਸਨ, ਤਾਕਿ ਜੋ ਦੰਡ ਉਹ ਚਾਹੁਣ, ਦੇ ਕੇ ਆਪਣਾ ਮਨ ਠੰਡਾ ਕਰ ਲੈਣ।"*

*(ਫੁਲਵਾੜੀ ਦਾ ਇਤਿਹਾਸ ਨੰਬਰ, ਪੰਨਾ 113 ਤੇ ਗੁਰੂ ਪ੍ਰਤਾਪ ਸੂਰਜ, ਸੰਪਾਦਿਤ, ਪੰਨਾ 1381)*

ਮਿਸਟਰ ਮੈਕਾਲਿਫ਼ ਲਿਖਦੇ ਹਨ ਕਿ ਇੱਕ ਵਾਰ ਜਹਾਂਗੀਰ ਬਾਦਸ਼ਾਹ ਗੁਰੂ ਹਰਿਗੋਬਿੰਦ ਜੀ ਨਾਲ ਅੰਮ੍ਰਿਤਸਰ ਆਇਆ ਸੀ। ਉਦੋਂ ਅਜੇ ਹਰਿਮੰਦਰ ਸਾਹਿਬ

ਦੀ ਇਮਾਰਤ ਅਧੂਰੀ ਸੀ। ਬਾਦਸ਼ਾਹ ਨੇ ਉਸ ਅਧੂਰੀ ਇਮਾਰਤ ਨੂੰ ਵੇਖ ਕੇ ਗੁਰੂ ਸਾਹਿਬ ਨੂੰ ਇਹ ਕਿਹਾ ਸੀ ਕਿ ਤੁਸੀਂ ਹਰਿਮੰਦਰ ਸਾਬਿਹ ਦੀ ਇਮਾਰਤ ਨੂੰ ਪੂਰਨ ਕਰਵਾ ਲਓ। ਇਸ ਦਾ ਸਾਰਾ ਖ਼ਰਚ ਮੈਂ ਦੇ ਦਿਆਂਗਾ। ਇਸ ਸਮੇਂ ਉਸ ਨੇ ਪ੍ਰਸ਼ਾਦ ਭੀ ਭੇਟ ਕੀਤਾ ਸੀ। (ਵੇਖੋ ਮੈਕਾਲਿਫ਼ ਇਤਿਹਾਸ, ਹਿੱਸਾ 3, ਪੰਨਾ 36)

ਇਸੇ ਤਰ੍ਹਾਂ ਕਈ ਇਤਿਹਾਸਕਾਰ ਇਹ ਲਿਖਦੇ ਹਨ ਕਿ ਜਦ ਜਹਾਂਗੀਰ ਨੇ ਚੰਦੂ ਲਾਲ ਨੂੰ ਗੁਰੂ ਅਰਜਨ ਦੇਵ ਜੀ ਦਾ ਕਾਤਲ ਸਮਝ ਕੇ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕੀਤਾ ਸੀ, ਤਾਂ ਉਸ ਦੀ ਜ਼ਬਤ ਕੀਤੀ ਜਾਇਦਾਦ ਵਿਚੋਂ ਰੁਹੀਲਾ ਨਾਂ ਦਾ ਪਿੰਡ ਗੁਰੂ ਜੀ ਦੇ ਅਰਪਣ ਕਰ ਦਿੱਤਾ ਸੀ। (ਦਸਾਂ ਗੁਰੂਆਂ ਦਾ ਸੰਖੇਪ ਜੀਵਨ ਚਰਿਤ੍ਰ, ਪੰਨਾ 15 ਤੇ ਗੁਰਧਾਮ ਸੰਗ੍ਰਹਿ, ਪੰਨਾ 111)

ਜਹਾਂਗੀਰ ਇੱਕ ਮੁਸਲਮਾਨ ਬਾਦਸ਼ਾਹ ਸੀ, ਉਹ ਮਸੀਤਾਂ ਤੇ ਮੰਦਰਾਂ ਦੀ ਸੇਵਾ ਵੀ ਕਰਦਾ ਰਹਿੰਦਾ ਸੀ। ਲਾਲਾ ਸੁਜਾਨ ਰਾਇ ਭੰਡਾਰੀ ਲਿਖਦੇ ਹਨ ਕਿ :-

*"ਹਜ਼ਰਤ ਖਾਦਨ (ਜਹਾਂਗੀਰ) ਯਹਾਂ ਸੇ ਜ਼ਿਲਾ ਕਾਂਗੜਾ ਪਰ ਤਸ਼ਰੀਫ਼ ਲੇ ਗਏ। ਉਸ ਕਾ ਨਜ਼ਾਰਾ ਕਰਕੇ ਅਜ਼ਾਨ ਨਿਮਾਜ਼ ਸ਼ਰਾਇ ਇਸਲਾਮ ਰਾਇਜ ਕੀਏ ਔਰ ਹੁਕਮ ਦੀਆ ਕਿ ਯਹਾਂ ਆਲੀਸ਼ਾਨ ਮਸਜਿਦ ਤਾਮੀਰ ਕੀ ਜਾਏ।" (ਖ਼ੁਲਾਸਾ ਤੁੱਤਵਾਰੀਖ਼, ਪੰਨਾ 600)*

ਜੇ ਜਹਾਂਗੀਰ ਨੇ ਮਸੀਤ ਬਨਾਉਣ ਦਾ ਹੁਕਮ ਦਿੱਤਾ, ਤਾਂ ਮੰਦਰ ਦੀ ਸੇਵਾ ਵੀ ਕਰਵਾਈ, ਜਿਹਾ ਕਿ ਵਰਨਣ ਹੈ :-

*"ਯਹਾਂ ਇੱਕ ਮੂਰਤੀ ਊਪਰ ਬੜਾ ਸਾ ਚਤਰ ਕਾਇਮ ਹੈ। ਕਹਿਤੇ ਹੈਂ ਕਿ ਕੌਰੋ ਪਾਂਡੋ ਦੇ ਵਕਤ ਕਾ ਹੈ। ਬਾਦਸ਼ਾਹ ਨੇ ਉਸ ਕੇ ਨੀਚੇ ਛੋਟਾ ਸਾ ਚਤਰ ਔਰ ਬਨਾ ਦੀਆ।" (ਖ਼ੁਲਾਸਾ ਤੁੱਤਵਾਰੀਖ਼, ਪੰਨਾ 60)*

ਅੱਜ ਅਸੀਂ ਮੰਦਰਾਂ ਤੇ ਮਸੀਤਾਂ ਤੋਂ ਇੱਕ ਦੂਜੇ ਦਾ ਘਾਤ ਕਰਨੋਂ ਵੀ ਨਹੀਂ ਸੰਗਦੇ। ਕਈ ਵਾਰ ਤਾਂ ਅਸੀਂ ਮੰਦਿਰਾਂ, ਮਸੀਤਾਂ ਤੇ ਗੁਰਦੁਆਰਿਆਂ ਨੂੰ ਢਾਹ ਦੇਣਾ ਜਾਂ ਸਾੜ ਦੇਣਾ ਵੀ ਆਪਣੇ ਧਰਮ, ਦੇਸ਼ ਤੇ ਜਾਤੀ ਦੀ ਵੱਡੀ ਸੇਵਾ ਸਮਝਦੇ ਹਾਂ, ਪਰ ਇਤਿਹਾਸ ਸਾਖੀ ਹੈ ਕਿ ਸਾਡੇ ਬੀਤ ਚੁੱਕੇ ਬਜ਼ੁਰਗ ਨਾ ਕੇਵਲ ਇਹ ਕਿ ਇੱਕ ਦੂਜੇ ਦੇ ਧਰਮ-ਅਸਥਾਨ ਦੀ ਰਾਖੀ ਕਰਨਾ ਹੀ ਜ਼ਰੂਰੀ ਸਮਝਦੇ ਸਨ; ਸਗੋਂ ਓਹਨਾਂ ਨਾਲ ਜਗੀਰਾਂ ਲਾਉਣੀਆਂ ਵੀ ਆਪਣਾ ਪਰਮ-ਧਰਮ ਸਮਝਦੇ ਸਨ।

ਇਤਿਹਾਸ ਦੱਸਦਾ ਹੈ ਕਿ ਜਿੱਥੇ ਅਕਬਰ ਤੇ ਜਹਾਂਗੀਰ ਨੇ ਗੁਰੂ-ਘਰ ਨੂੰ ਕਈ ਕਈ ਪਿੰਡਾਂ ਦੀਆਂ ਜਗੀਰਾਂ ਭੇਟ ਕੀਤੀਆਂ, ਉੱਥੇ ਕਈ ਸਿੱਖ ਗੁਰੂਆਂ ਨੇ ਆਪਣੇ ਖਰਚ ਤੇ ਮੁਸਲਮਾਨਾਂ ਲਈ ਮਸੀਤਾਂ ਬਣਵਾਈਆਂ। ਗਿਆਨੀ ਗਿਆਨ ਸਿੰਘ ਜੀ

ਲਿਖਦੇ ਹਨ ਕਿ ਜਦ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਜੀ ਨੂੰ ਰੁਹੀਲਾ ਪਿੰਡ ਭੇਟ ਕੀਤਾ ਤੇ ਗੁਰੂ ਜੀ ਨੇ ਉਸ ਨੂੰ ਨਵੇਂ ਸਿਰਿਓਂ ਆਬਾਦ ਕੀਤਾ, ਤਾਂ ਉਥੇ ਆਪ ਨੇ ਆਪਣੇ ਖ਼ਰਚ ਤੇ ਮੁਸਲਮਾਨਾਂ ਲਈ ਮਸੀਤ ਬਣਵਾਈ। ਭਗਵਾਨਾਂ ਨਾਂ ਦੇ ਇੱਕ ਸੱਜਣ ਨੇ ਉਸ ਮਸੀਤ ਨੂੰ ਢਾਹੁਣ ਲਈ ਹੱਲਾ ਬੋਲਿਆ, ਜਿਸ ਵਿੱਚ ਉਹ ਮਾਰਿਆ ਗਿਆ। (ਵੇਖੋ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 598)

ਇੱਕ ਸੱਜਣ ਲਿਖਦੇ ਹਨ ਕਿ :-

*"ਛੇਵੇਂ ਪਾਤਸ਼ਾਹ ਨੇ ਏਥੇ (ਹਰਿਗੋਬਿੰਦ ਪੁਰਾ) ਮੁਸਲਮਾਨਾਂ ਲਈ ਮਸੀਤ ਬਣਵਾਈ, ਜੋ ਖੁਲ੍ਹ ਦਿਲੀ ਦੀ ਹੁਣ ਤਕ ਯਾਦਗਾਰ ਹੈ।"*

*(ਗੁਰਮਤਿ ਲੈਕਚਰ, ਪੰਨਾ 230)*

ਇਸ ਤੋਂ ਬਿਨਾਂ ਗੁਰੂ ਜੀ ਨੇ ਕਰਤਾਰਪੁਰ ਤੇ ਅੰਮ੍ਰਿਤਸਰ ਆਦਿ ਥਾਈਂ ਵੀ ਮਸੀਤਾਂ ਬਣਵਾਈਆਂ ਸਨ; ਜਿਹਾ ਕਿ ਪ੍ਰਸਿੱਧ ਵਿਦਵਾਨ ਗਿਆਨੀ ਸ਼ੇਰ ਸਿੰਘ ਜੀ ਲਿਖਦੇ ਹਨ ਕਿ :-

*"ਗੁਰੂ (ਹਰਿਗੋਬਿੰਦ ਜੀ) ਨੂੰ ਮੁਸਲਮਾਨਾਂ ਦਾ ਵੈਰੀ ਆਖਣਾ ਸੱਚਾਈ ਦਾ ਘਾਤ ਕਰਨਾ ਹੈ; ਸਗੋਂ ਓਹਨਾਂ ਨੇ ਅੰਮ੍ਰਿਤਸਰ ਕਰਤਾਰਪੁਰ ਤੇ ਹਰਿਗੋਬਿੰਦਪੁਰ ਆਦਿ ਕਈ ਥਾਈਂ ਮੁਸਲਮਾਨਾਂ ਵਾਸਤੇ ਮਸੀਤਾਂ ਬਣਵਾਈਆਂ ਸਨ।"*

*(ਖੰਡੇ ਦੀ ਧਾਰ ਵਿਚ ਅੰਮ੍ਰਿਤ ਦਾ ਗਿਆਨ, ਪੰਨਾ 363)*

ਇੱਕ ਹੋਰ ਵਿਦਵਾਨ ਜੀ ਦਾ ਕਥਨ ਹੈ :-

*"ਗੁਰੂ ਹਰਿਗੋਬਿੰਦ ਜੀ ਨੇ ਪੈਂਦੇ ਖ਼ਾਨ ਵਾਸਤੇ ਸ੍ਰੀ ਹਰਿਗੋਬਿੰਦਪੁਰ ਵਿੱਚ ਮਸੀਤ ਬਣਵਾਈ ਸੀ।" (ਗੁਰਮਤਿ ਪ੍ਰਕਾਸ਼, ਜੂਨ 1964)*

ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*"ਜਹਾਂਗੀਰ ਨੇ ਗੁਰੂ ਹਰਿਗੋਬਿੰਦ ਜੀ ਦੇ ਨਾਂ ਲੁਧਿਆਣੇ ਵਿੱਚ ਚੋਖੀ ਜ਼ਮੀਨ ਲਗਾਈ ਸੀ। ਗੁਰੂ ਜੀ ਨੇ ਉਥੇ ਕਈ ਧਰਮਸਾਲਾਂ ਬਣਾਈਆਂ ਸਨ।" (ਮਾਲਵਾ ਇਤਿਹਾਸ, ਭਾਗ ਪਹਿਲਾ, ਪੰਨਾ 53)*

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

*"ਏਕ ਦਫ਼ਾ ਦਾ ਜ਼ਿਕਰ ਹੈ ਕਿ ਜਹਾਂਗੀਰ ਬਾਦਸ਼ਾਹ ਨੇ ਆਪਣੇ ਬੇਟੇ ਸ਼ਾਹ ਜਹਾਨ ਦਾ ਹਾਥ ਗੁਰੂ ਸਾਹਿਬ ਕੇ ਹਾਥ ਮੇਂ ਦੇ ਕਰ ਕਹਾ ਕਿ ਯਿਹ ਮੇਰਾ ਲੜਕਾ ਹੈ। ਆਪ ਇਸ ਪਰ ਨਜ਼ਰਿ ਕਰਮ ਰਖਨਾ।"*

*(ਤਵਾਰੀਖ ਗੁਰੂ ਖ਼ਾਲਸਾ, ਪੰਨਾ 117)*

ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

*"ਜਿੰਨਾਂ ਚਿਰ ਜਹਾਂਗੀਰ ਜਿਉਂਦਾ ਰਿਹਾ, ਉਸ ਨੇ ਸ੍ਰੀ ਗੁਰੂ ਹਰਿਗੋਬਿੰਦ ਦੇ ਕੰਮ ਵਿੱਚ ਦਖਲ ਨਹੀਂ ਦਿੱਤਾ ਅਤੇ ਮਿੱਤ੍ਰਤਾ ਕਾਇਮ ਰੱਖੀ।"* *(ਸਿੱਖ ਇਤਿਹਾਸ, ਭਾਗ ਪਹਿਲਾ, ਪੰਨਾ 25)*

ਅਰਥਾਤ :-

*"ਜਹਾਂਗੀਰ ਨੂੰ ਸਮਝ ਆ ਗਈ, ਉਸ ਨੇ ਗੁਰੂ ਸਾਹਿਬ ਨਾਲ ਤਅੱਲਕਾਤ ਪੈਦਾ ਕਰ ਲਏ।"*

*(ਫਤਹਿ ਦਿੱਲੀ, ਸਲਾਨਾ ਨੰਬਰ 1962)*

# ਸ਼ਾਹ ਜਹਾਨ ਬਾਦਸ਼ਾਹ ਤੇ ਸਿੱਖ ਗੁਰੂ

ਜਹਾਂਗੀਰ ਤੋਂ ਮਗਰੋਂ ਉਸ ਦਾ ਪੁੱਤਰ ਸ਼ਹਾਬੁੱਦੀਨ ਸ਼ਾਹ ਜਹਾਨ ਦਾ ਉਪਨਾਮ ਰੱਖ ਕੇ ਗੱਦੀ ਤੇ ਬੈਠਾ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

ਜਹਾਂਗੀਰ ਆਦਿਲ ਮਰ ਗਯੋ ॥
ਸ਼ਾਹ ਜਹਾਂ ਹਜ਼ਰਤਿ ਨੂੰ ਭਯੋ ॥

(ਦਸਮ ਗ੍ਰੰਥ, ਪੰਨਾ 924)

ਬਾਵਾ ਸਰੂਪ ਦਾਸ ਜੀ ਭੱਲਾ ਲਿਖਦੇ ਹਨ :-

ਸ਼ਾਹ ਜਹਾਂ ਦਿੱਲੀ ਪਾਤਿਸਾਹੁ ।
ਚਲੇ ਅਦਾਲਤ ਆਦਲ ਕੇ ਰਾਹ ।
ਰਹਮ ਬਡਾ ਪਰਜਾ ਪਰ ਕਰੇ ।
ਤੁਰਕ ਹਿੰਦੂ ਕਾ ਪਖ ਨ ਕਰੇ ।

(ਮਹਿਮਾ ਪ੍ਰਕਾਸ਼, ਪੰਨਾ 547)

ਗਿਆਨੀ ਗਿਆਨ ਸਿੰਘ ਜੀ ਨੇ ਇਸ ਬਾਦਸ਼ਾਹ ਬਾਰੇ ਇਹ ਲਿਖਿਆ ਹੈ :-

*"ਸ਼ਾਹ ਜਹਾਂ ਦਾ ਪਹਿਲਾ ਨਾਂ ਸ਼ਹਾਬੁੱਦੀਨ ਸੀ। ਤ਼ਖ਼ਤ ਤੇ ਬੈਠ ਕੇ ਸ਼ਾਹ ਜਹਾਂ ਹੋਇਆ। ਇਸ ਨੇ ਜਹਾਂਗੀਰ ਦੇ ਮਰੇ ਤੋਂ ਸੰ: 1682 ਈ: ਨੂੰ ਤ਼ਖ਼ਤ ਸੰਭਾਲ ਕੇ ਚੰਗੇ ਚੰਗੇ ਕੰਮ ਕੀਤੇ। ਰੱਯਤ ਆਬਾਦ ਕੀਤੀ। ਸ਼ਾਹੀ ਖ਼ਜ਼ਾਨੇ ਵਿੱਚ ਬਹੁਤ ਦੌਲਤ ਜਮ੍ਹਾਂ ਕੀਤੀ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 735)*

ਪੁਸਤਕ 'ਖੰਡੇ ਦੀ ਧਾਰ' ਵਿੱਚ ਅੰਮ੍ਰਿਤ ਦਾ ਗਿਆਨ ਤੇ ਪੰਨਾ 312 ਤੇ ਵੀ ਇਸ ਉਕਤ ਕਥਨ ਦੀ ਪੁਸ਼ਟੀ ਕੀਤੀ ਗਈ ਹੈ।

# ਸ਼ਾਹ ਜਹਾਨ ਤੇ ਗੁਰੂ ਹਰਿਗੋਬਿੰਦ ਜੀ

ਇਸ ਬਾਦਸ਼ਾਹ ਦੇ ਸਮੇਂ ਹਕੂਮਤ ਨਾਲ ਗੁਰੂ ਹਰਿਗੋਬਿੰਦ ਜੀ ਦੀਆਂ ਦੋ ਚਾਰ ਲੜਾਈਆਂ ਹੋਈਆਂ ਸਨ, ਜੋ ਗੁਰੂ ਧਰੋਹੀਆਂ ਵਲੋਂ ਗੁਰੂ ਜੀ ਦੇ ਵਿਰੁੱਧ ਫੈਲਾਈਆਂ ਗਈਆਂ ਗ਼ਲਤ-ਫ਼ਹਿਮੀਆਂ ਦੇ ਅਧਾਰ ਤੇ ਹੀ ਹੋਈਆਂ ਸਨ। ਅਸੀਂ ਇਸ ਵੇਲੇ ਓਹਨਾਂ ਲੜਾਈਆਂ ਦੇ ਕਾਰਨਾਂ ਵਲ ਨਹੀਂ ਜਾਣਾ ਚਾਹੁੰਦੇ; ਕਿਉ ਜੁ ਇਹ ਸਾਡਾ ਵਿਸ਼ਾ ਨਹੀਂ। ਇੱਥੇ ਅਸੀਂ ਇਹ ਦਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਸਿੱਖ ਇਤਿਹਾਸ ਇਹ ਦੱਸਦਾ ਹੈ ਕਿ ਸ਼ਾਹਜਹਾਨ ਤੇ ਗੁਰੂ ਹਰਿਗੋਬਿੰਦ ਜੀ ਦੇ ਸੰਬੰਧ ਵਿਗਾੜਨ ਵਿੱਚ ਪ੍ਰਿਥੀਚੰਦ ਤੇ ਚੰਦੂਲਾਲ ਦੇ ਪੁੱਤਰਾਂ ਦਾ ਵੱਡਾ ਹੱਥ ਸੀ। ਇਸ ਦੇ ਨਾਲ ਹੀ ਧੀਰਮਲ ਆਦਿ ਨੇ ਵੀ ਘੱਟ ਨਹੀਂ ਗੁਜਾਰੀ ਸੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਪ੍ਰਿਥੀਚੰਦ ਦੇ ਪੁੱਤਰ ਮਿਹਰਵਾਨ ਤੇ ਚੰਦੂਲਾਲ ਦੇ ਪੁੱਤਰ ਨੇ ਮਿਲ ਕੇ ਸ਼ਾਹਜਹਾਨ ਕੋਲ ਗੁਰੂ ਜੀ ਦੇ ਵਿਰੁੱਧ ਦੋ ਦਾਅਵੇ ਵੀ ਕਰ ਦਿੱਤੇ ਸਨ। ਮਿਹਰਵਾਨ ਨੇ ਗੁਰਿਆਈ ਦੀ ਗੱਦੀ ਤੇ ਆਪਣਾ ਹੱਕ ਜਤਾਇਆ ਸੀ ਤੇ ਚੰਦੂ ਦੇ ਪੁੱਤਰ ਨੇ ਆਪਣੇ ਪਿਤਾ ਦੇ ਖ਼ੂਨ ਦਾ ਦਾਅਵਾ ਕੀਤਾ ਸੀ ਵਜ਼ੀਰ ਖ਼ਾਨ ਨੇ ਬਾਦਸ਼ਾਹ ਅੱਗੇ ਸਾਰੀ ਅਸਲੀਅਤ ਪ੍ਰਗਟ ਕਰ ਦਿੱਤੀ ਸੀ। ਜਿਸ ਤੇ ਏਹ ਦੋਵੇਂ ਮੁੱਕਦਮੇਂ ਖ਼ਾਰਜ ਹੋ ਗਏ ਸਨ। ਬਾਦਸ਼ਾਹ ਨੇ ਇੱਕ ਬਹੁਮੁੱਲਾ ਖ਼ਿਲਅਤ ਵੀ ਗੁਰੂ ਜੀ ਦੀ ਭੇਟ ਕੀਤਾ ਸੀ। (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 117)

ਇਸੇ ਤਰ੍ਹਾਂ ਇਕ ਵਾਰ ਚੰਦੂ ਦੇ ਪੁੱਤਰਾਂ ਨੇ ਵੱਡੀ ਚਲਾਕੀ ਨਾਲ ਬਾਦਸ਼ਾਹ ਤੋਂ ਗੁਰੂ ਜੀ ਦੇ ਵਿਰੁੱਧ ਚੜ੍ਹਾਈ ਦਾ ਹੁਕਮ ਵੀ ਪ੍ਰਾਪਤ ਕਰ ਲਿਆ ਸੀ। ਪਰ ਵਜ਼ੀਰਖ਼ਾਨ ਨੇ ਬਾਦਸ਼ਾਹ ਤੋਂ ਚੜ੍ਹਾਈ ਦਾ ਹੁਕਮ ਵਾਪਸ ਕਰਾ ਦਿੱਤਾ ਸੀ।

(ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 108 ਤੇ ਤਵਾਰੀਖ਼ ਰਾਜ ਖ਼ਾਲਸਾ, ਪੰਨਾ 56)

ਸਿੱਖ ਇਤਿਹਾਸ ਦੱਸਦਾ ਹੈ ਕਿ ਗੁਰੂ ਘਰ ਦੇ ਏਹੋ ਜੇਹੇ ਦੋਖੀ ਸਦਾ ਹੀ ਗੁਰੂ ਘਰ ਨੂੰ ਹਾਣ ਪਹੁੰਚਾਣ ਲਈ ਤੱਤਪਰ ਰਹਿੰਦੇ ਸਨ। ਇੱਕ ਵਿਦਵਾਨ ਜੀ ਦਾ ਕਥਨ ਹੈ ਕਿ :-

*"ਈਰਖਾਲੂ ਲੋਕ ਸ਼ਾਹ ਜਹਾਨ, ਬਾਦਸ਼ਾਹ ਨੂੰ ਗੁਰੂ ਜੀ ਦੇ ਵਿਰੁੱਧ ਚੁਕਦੇ ਰਹੇ; ਪ੍ਰੰਤੂ ਦਾਰਾ ਸ਼ਿਕੋਹ ਤੇ ਜੇਹੜੇ ਨੇਕ ਦਿਲ ਲੋਕ ਸਨ,*

*ਬਾਦਸ਼ਾਹ ਨੂੰ ਇਸ ਕੰਮ ਤੋਂ ਰੋਕਦੇ ਰਹੇ । ਇੱਕ ਵਾਰ... ਗੱਲ ਇੱਥੋਂ ਤਕ ਪੁੱਜ ਗਈ ਕਿ ਬਾਦਸ਼ਾਹ ਨੇ ਹਰਿਗੋਬਿੰਦ ਪੁਰਾ ਨਗਰ ਢਾਹ ਦੇਣ ਦਾ ਹੁਕਮ ਦੇ ਦਿੱਤਾ । ਵਜ਼ੀਰ ਖ਼ਾਨ ਨੇ ਨੀਤੀ ਵਰਤੀ । ਗੁਰੂ ਜੀ ਨੇ ਇੱਕ ਮਸਜਦ ਵੀ ਉਸ ਨਗਰ ਵਿੱਚ ਬਣਾਈ ਹੋਈ ਸੀ । ਵਜ਼ੀਰ ਖ਼ਾਨ ਤੇ ਦਾਰਾ ਨੂੰ ਇੱਕ ਦਲੀਲ ਵਿਸ਼ੇਸ਼ ਤੌਰ ਪਰ ਮਿਲ ਗਈ ਕਿ ਜਿਸ ਗੁਰੂ ਨੇ ਮਸਜਦ ਬਣਵਾਈ ਹੈ, ਉਹ ਕਿਸੇ ਦੂਜੇ ਧਰਮ ਦਾ ਦੋਖੀ ਨਹੀਂ ਹੋ ਸਕਦਾ, ਨਗਰ ਤਬਾਹੀ ਤੋਂ ਬਚ ਗਿਆ ।''*

*(ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ 71)*

ਇਸੇ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਵਲੀ ਖ਼ਾਨ ਨੇ ਗੁਰੂ ਜੀ ਦੇ ਵਿਰੁੱਧ ਸ਼ਿਕਾਇਤ ਕੀਤੀ ਸੀ, ਜਿਸ ਤੇ ਵਜ਼ੀਰ ਖ਼ਾਨ ਨੇ ਬਾਦਸ਼ਾਹ ਨੂੰ ਇਹ ਕਿਹਾ ਸੀ ਕਿ ਜੋ ਸ਼ਕਾਇਤ ਤੁਹਾਡੇ ਤਕ ਪੁੱਜੀ ਹੈ, ਉਹ ਦੁਸ਼ਮਣੀ ਤੇ ਵੈਰ ਤੇ ਨਿਰਭਰ ਹੈ । ਗੁਰੂ ਹਰਿਗੋਬਿੰਦ ਜੀ ਗੁਰੂ ਨਾਨਕ ਦੇ ਗੱਦੀ-ਨਸ਼ੀਨ ਹਨ। ਆਪ ਦੇ ਪਿਤਾ ਨੇ ਇਹਨਾਂ ਨੂੰ ਕੁਝ ਜ਼ਮੀਨ ਦਿੱਤੀ ਸੀ, ਜਿਥੇ ਇਹਨਾਂ ਨੇ ਇੱਕ ਪਿੰਡ ਆਬਾਦ ਕੀਤਾ ਸੀ ਤੇ ਇੱਕ ਮਸੀਤ ਤੇ ਸਰਾਇ ਵੀ ਬਣਵਾਈ ਸੀ । ਏਹੋ ਜਹੇ ਫ਼ਕੀਰਾਂ ਨਾਲ ਕਿਸੇ ਦੀ ਸ਼ਕਾਇਤ ਤੇ ਲੜਨਾ ਚੰਗੀ ਗੱਲ ਨਹੀਂ ।

(ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 108)

ਤਵਾਰੀਖ਼ ਗੁਰੂ ਖ਼ਾਲਸਾ ਦੇ ਗੁਰਮੁਖੀ ਐਡੀਸ਼ਨ ਵਿੱਚ ਇਹ ਲਿਖਿਆ ਮਿਲਦਾ ਹੈ ਕਿ ਬਾਦਸ਼ਾਹ ਨੇ ਵਜ਼ੀਰ ਖ਼ਾਨ ਨੂੰ ਇਹ ਕਿਹਾ ਕਿ ਮੈਂ ਆਪ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਗੁਰੂ ਨਾਨਕ ਸ਼ਾਹ ਦਾ ਘਰਾਣਾ ਸੁਲਾਹਕੁਲ ਤੇ ਦੋਹਾਂ ਧਰਮਾਂ ਦਾ ਸਾਂਝਾ ਹੈ । ਇਸ ਧੋਖੇਬਾਜ਼ ਵਲੀਖ਼ਾਨ ਨੂੰ ਮੇਰੇ ਦਰਬਾਰ ਤੋਂ ਅੱਡ ਕੀਤਾ ਜਾਵੇ ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 598)

ਇੱਕ ਵਿਦਵਾਨ ਜੀ ਲਿਖਦੇ ਹਨ :-

*''ਜਦ ਵੀ ਕਿਸੇ ਨੇ ਗੁਰੂ ਜੀ ਬਾਰੇ ਮੁਗ਼ਲ ਦਰਬਾਰ ਵਿੱਚ ਕੋਈ ਗੱਲ ਕਰਨੀ ਚਾਹੀ, ਤਾਂ ਆਪ (ਵਜ਼ੀਰ ਖ਼ਾਨ) ਨੇ ਉਥੇ ਹੀ ਟੋਕ ਦਿੱਤਾ । ਇਸੇ ਕਾਰਨ ਉਹਨਾਂ ਨੂੰ ਸਿੱਖ ਘਰ ਵਿੱਚ ਗੁਰੂ ਦਾ ਹੁਕਾਰਾ ਕਰ ਕੇ ਲਿਖਿਆ ਹੈ । ਜਦ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਵਸਾਉਣ ਲਈ ਉਧਰ ਚਲੇ ਗਏ, ਤਾਂ ਵਜ਼ੀਰ ਖ਼ਾਨ ਕੀਰਤਪੁਰ ਪੁੱਜੇ ਤੇ ਬਹੁਤ ਹੀ ਭੇਟਾਵਾਂ ਪੇਸ਼ ਕੀਤੀਆਂ । ਇਤਿਹਾਸ ਵਿੱਚ ਜ਼ਿਕਰ ਹੈ :-*

ਤਬ ਵਜ਼ੀਰ ਖ਼ਾਨ ਹੁਕਾਰਾ ।

ਆਪੋ ਲੇਕਰ ਭਏ ਉਦਾਰਾ ।

*ਸੱਚੀ ਗੱਲ ਇਹ ਹੈ ਕਿ ਜਦ ਵੀ ਉਲਝਣਾਂ ਪੈਣ ਲੱਗੀਆਂ, ਆਪ ਜੀ ਦੀ ਸਿਆਣਪ ਨੇ ਹੀ ਉਹਨਾਂ ਦਾ ਹੱਲ ਲੱਭਿਆ ।''*

*(ਇਤਿਹਾਸਕ ਪੁਰਾਤਨ ਜੀਵਨੀਆਂ, ਪੰਨਾ 70)*

ਸਿੱਖ ਵਿਦਵਾਨ ਦੱਸਦੇ ਹਨ ਕਿ ਜਦ ਵਜ਼ੀਰ ਖ਼ਾਨ ਨੇ ਚਲਾਣਾ ਕੀਤਾ ਤਾਂ ਗੁਰੂ ਹਰਿਗੋਬਿੰਦ ਜੀ ਨੇ ਪੁਸ਼ਾਕ ਆਦਿ ਕਈ ਚੀਜ਼ਾਂ ਉਸ ਦੇ ਪੁੱਤਰਾਂ ਲਈ ਭੇਜੀਆਂ ਸਨ; ਜਿਹਾ ਕਿ ਵਰਨਣ ਹੈ ਕਿ :-

*''1641 ਦੇ ਅਰੰਭ ਵਿੱਚ ਉਹਨਾਂ ਦੀ ਮ੍ਰਿਤੂ ਹੋ ਗਈ ।... ਗੁਰੂ ਹਰਿਗੋਬਿੰਦ ਜੀ ਨੇ ਵੀ ਕੀਰਤਪੁਰੋਂ ਖ਼ਾਸ ਪੁਸ਼ਾਕ ਦੇ ਬਸਤਰ ਉਹਨਾਂ ਦੇ ਪੁੱਤਰਾਂ ਸਈਦ ਖ਼ਾਨ ਤੇ ਸਲਾਹੁੱਦੀਨ ਖ਼ਾਨ, ਮੀਰ ਤੋਜ਼ਕ ਲਈ ਭੇਜੀਆਂ ।''* *(ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ 73)*

ਇਹ ਲਿਖਿਆ ਵੀ ਮਿਲਦਾ ਹੈ ਕਿ ਸਿੱਖ ਰਾਜ ਦੇ ਕਈ ਮੁਖੀਆਂ ਨੇ ਲਾਹੌਰ ਵਿੱਚ ਬਣੀ ਇਸੇ ਵਜ਼ੀਰ ਖ਼ਾਨ ਦੀ ਮਸੀਤ ਤੋਂ ਵਿਦਿਆ ਪ੍ਰਾਪਤ ਕੀਤੀ ਸੀ ।

(ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ 74)

ਗਿਆਨੀ ਸ਼ੇਰ ਸਿੰਘ ਜੀ ਦੇ ਕਥਨ ਅਨੁਸਾਰ ਬਾਦਸ਼ਾਹ ਨੇ ਚੜ੍ਹਾਈ ਬੰਦ ਕਰ ਦਿੱਤੀ ਸੀ ਤੇ ਇਹ ਕਿਹਾ ਸੀ ਕਿ :-

*''ਗੁਰੂ ਦਾ ਟਾਕਰਾ ਰੱਬ ਦਾ ਟਾਕਰਾ ਹੈ । ਅਗੇ ਤੋਂ ਗੁਰੂ ਜੀ ਦੇ ਵਿਰੁੱਧ ਕਦੇ ਵੀ ਚੜ੍ਹਾਈ ਨਾ ਕੀਤੀ ਜਾਵੇ ।''*

*(ਖੰਡੇ ਦੀ ਧਾਰ ਵਿਚ ਅੰਮ੍ਰਿਤ ਦਾ ਗਿਆਨ, ਪੰਨਾ 212)*

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਗੁਰੂ ਹਰਿਗੋਬਿੰਦ ਜੀ ਦੇ ਪੋਤਰੇ ਧੀਰਮਲ ਨੇ ਵੀ ਬਾਦਸ਼ਾਹ ਪਾਸ ਆਪ ਦੇ ਵਿਰੁੱਧ ਇੱਕ ਰੀਪੋਰਟ ਕੀਤੀ ਸੀ, ਜਿਸ ਵਿੱਚ ਇਹ ਲਿਖਿਆ ਸੀ ਕਿ ਮੇਰੇ ਦਾਦਾ ਗੁਰੂ ਹਰਿਗੋਬਿੰਦ ਜੀ ਨੇ ਬਾਦਸ਼ਾਹੀ ਸੈਨਾ ਦਾ ਟਾਕਰਾ ਕਰ ਕੇ ਚੰਗਾ ਕੰਮ ਨਹੀਂ ਕੀਤਾ । ਮੈਂ ਨਾਜ਼ਮ ਕੁਤਬ ਖ਼ਾਨ ਤੇ ਸਿਪਹਸਲਾਰ ਕਾਲੇ ਖ਼ਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੰਦਾ ਰਿਹਾ ਹਾਂ ਤੇ ਭੇਤ ਦਸਦਾ ਰਿਹਾ ਹਾਂ । ਮੇਰੀ ਗੁਰੂ ਨਾਲ ਅਣਬਣ ਹੋ ਗਈ ਹੈ । ਹੁਣ ਮੈਂ ਹਜ਼ੂਰ ਦੀ ਸ਼ਰਨ ਹਾਂ । (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 702)

ਪ੍ਰਸਿੱਧ ਸਿੱਖ ਬਜ਼ੁਰਗ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਜੀ ਦੇ ਸਮੇਂ ਦੇ ਕਈ ਸਿੱਖਾਂ ਨੇ ਵੀ ਗੁਰੂ ਜੀ ਦੀ ਰਹਿਤ-ਬਹਿਤ ਤੇ ਸ਼ੰਕੇ ਕੀਤੇ ਸਨ ਤੇ ਉਸ ਨੂੰ ਪਹਿਲੇ ਗੁਰੂਆਂ ਦੀ ਰਹਿਣੀ-ਬਹਿਣੀ ਦੇ ਉਲਟ ਜਾਤਾ ਸੀ । (ਵਾਰ 26, ਪਉੜੀ 24)

ਇੱਕ ਸਿੱਖ ਵਿਦਵਾਨ ਭਾਈ ਜੀ ਦੇ ਇਸ ਕਥਨ (ਵਾਰ 26, ਪਉੜੀ 24) ਬਾਰੇ ਇਹ ਲਿਖਦੇ ਹਨ ਕਿ :-

*"ਇਸ ਪੌੜੀ ਵਿੱਚ ਓਹੋ ਉਲ੍ਹਾਮੇ ਹਨ, ਜੋ ਲੋਕੀਂ ਗੁਰੂ ਹਰਿਗੋਬਿੰਦ ਜੀ ਦਾ ਬੀਰ ਰਸੀ ਜੀਵਨ ਵੇਖ ਕੇ ਕਰਨ ਲੱਗ ਪਏ ਸਨ।"*

*(ਵਾਰਾਂ ਭਾਈ ਗੁਰਦਾਸ ਸਟੀਕ, ਪੰਨਾ 540)*

ਸਿੱਖ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਗੁਰੂ ਜੀ ਦਾ ਮੁਸਲਮਾਨਾਂ ਨਾਲ ਚੰਗਾ ਪ੍ਰੇਮ ਸੀ। ਇੱਕ ਵਾਰ ਗੁਰੂ ਜੀ ਲਾਹੌਰ ਦੇ ਸਿੱਖਾਂ ਦੇ ਸੱਦੇ ਤੇ ਲਾਹੌਰ ਗਏ। ਉੱਥੇ ਆਪ ਆਪਣੇ ਪਿਤਾ ਦੇ ਮਿੱਤਰ ਸਾਂਈ ਮੀਆਂ ਮੀਰ ਜੀ ਨੂੰ ਮਿਲਣ ਲਈ ਉਹਨਾਂ ਦੇ ਘਰ ਗਏ। ਸਾਂਈ ਜੀ ਨੇ ਆਪ ਨੂੰ ਵੱਡੇ ਪ੍ਰੇਮ ਨਾਲ ਜੀਉ ਆਇਆਂ ਨੂੰ ਕਿਹਾ ਤੇ ਗੁਰੂ ਜੀ ਦੇ ਘੋੜੇ ਦੀ ਆਪ ਵਾਗ ਫੜੀ ਤੇ ਉਹਨਾਂ ਨੂੰ ਘੋੜੇ ਤੋਂ ਉਤਾਰਿਆ। ਇਸ ਸਮੇਂ ਸਾਂਈ ਜੀ ਦੇ ਕੋਲ ਸ਼ੇਖ਼ ਜਾਨ ਮੁਹੰਮਦ ਲਾਹੌਰੀ, ਮੁਹੰਮਦ ਇਸਮਾਈਲ ਤੇ ਸ਼ੇਖ਼ ਕਰਮ ਸ਼ਾਹ ਕੁਰੈਸ਼ੀ ਬੈਠੇ ਸਨ। ਏਹਨਾਂ ਨਾਲ ਗੁਰੂ ਜੀ ਨੇ ਵੱਡੇ ਪ੍ਰੇਮ ਭਰੇ ਬਚਨ ਬਿਲਾਸ ਕੀਤੇ ਸਨ। (ਛੇਵੀਂ ਪਾਤਸ਼ਾਹੀ ਦੀ ਜਨਮ ਸਾਖੀ, ਪੰਨਾ 11 ਤੇ ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 783)

ਇਸੇ ਤਰ੍ਹਾਂ ਇੱਕ ਹੋਰ ਇਤਿਹਾਸਕਾਰ ਲਿਖਦੇ ਹਨ ਕਿ ਪੀਰ ਕੈਵਾਲੀ, ਪੀਰ ਫ਼ਜ਼ਲ ਈਰਾਨੀ ਤੇ ਪੀਰ ਹਸਨ ਅਲੀ ਅਰਬੀ, ਜਿਸ ਨੂੰ ਮਾਰਫ਼ਤ ਵਿੱਚ ਅਸਮਾਨ ਦਾ ਤਾਰਾ ਕਿਹਾ ਜਾਂਦਾ ਸੀ, ਗੁਰੂ ਜੀ ਦੇ ਕੋਲ ਕਈ ਦਿਨ ਠਹਿਰੇ ਸਨ ਤੇ ਵੱਡੇ ਪ੍ਰੇਮ ਨਾਲ ਗਿਆਨ-ਚਰਚਾ ਕੀਤੀ ਸੀ। ਗੁਰੂ ਜੀ ਨੇ ਓਹਨਾਂ ਨਾਲ ਵੱਡਾ ਪ੍ਰੇਮ-ਭਰਿਆ ਵਰਤਾਓ ਕੀਤਾ ਸੀ, ਜਿਸ ਦੀ ਓਹਨਾਂ ਨੇ ਦਾਰਾ ਸ਼ਿਕੋਹ ਪਾਸ ਵੱਡੀ ਸਲਾਹੁਤਾ ਕੀਤੀ ਸੀ। (ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 261)

ਪੰਡਿਤ ਤਾਰਾ ਸਿੰਘ ਜੀ ਨਰੋਤਮ ਲਿਖਦੇ ਹਨ ਕਿ :-

*"ਜਹਾਂਗੀਰ ਨੇ ਗੁਰੂ ਹਰਿਗੋਬਿੰਦ ਜੀ ਕੋ ਕਹਾ ਇਸ (ਸ਼ਾਹ ਜਹਾਂ) ਪਰ ਕਿਰਪਾ ਕਰਨੀ।" (ਗੁਰਤੀਰਥ ਸੰਗ੍ਰਹਿ, ਪੰਨਾ 252)*

ਅਰਥਾਤ :-

ਜਹਾਂਗੀਰ ਪੁਨ ਬਿਨਤਿ ਅਲਾਇ ।
ਮਮ ਸੁਤ ਕੀ ਇਹ ਬਾਂਹ ਗਹਾਇ ।

(ਗੁਰ ਬਿਲਾਸ ਪਾ: 6, ਅ: 8)

ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਦੁਬਿਸਤਾਨਿ-ਮਜ਼ਾਹਬ ਦਾ ਕਰਤਾ ਮੁਹਸਨ ਫ਼ਾਨੀ ਵੀ ਗੁਰੂ ਜੀ ਦਾ ਚੰਗਾ ਮਿੱਤਰ ਸੀ ਤੇ ਉਹ ਕਈ ਵਾਰ ਗੁਰੂ ਜੀ ਨੂੰ

ਮਿਲਿਆ ਵੀ ਸੀ। (ਕੁਝ ਕੁ ਇਤਿਹਾਸਕ ਪੱਤਰੇ, ਪੰਨਾ 2 ਤੇ ਮਹਾਨ ਕੋਸ਼, ਆਦਿ)

ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*"ਗੁਰੂ ਹਰਿਗੋਬਿੰਦ ਜੀ ਨਾਲ ਮੁਹਸਨ ਫ਼ਾਨੀ ਦੀ ਚੰਗੀ ਵਾਕਫ਼ੀ ਸੀ।... ਇਸ ਨੇ... ਸ੍ਰੀ ਹਰਿਗੋਬਿੰਦ ਜੀ ਤੇ ਸ੍ਰੀ ਗੁਰੂ ਹਰਿਰਾਇ ਜੀ ਲਈ... ਬੜੀ ਇੱਜ਼ਤ ਤੇ ਸ਼ਰਧਾ ਭਰੇ ਸ਼ਬਦ ਵਰਤ ਕੇ ਆਪਣੇ ਦਿਲ ਦੀ ਨਿਡਰਤਾ ਦਾ ਸਬੂਤ ਦਿੱਤਾ ਹੈ।" (ਕੁਝ ਕੁ ਇਤਿਹਾਸਕ ਪੱਤਰੇ, ਪੰਨਾ 2)*

ਗੱਲ ਕੀ, ਜਿੱਥੋਂ ਤਕ ਅਸਲੀਅਤ ਦਾ ਸੰਬੰਧ ਹੈ, ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਮੁਸਲਮਾਨਾਂ ਦੇ ਵੈਰੀ ਨਹੀਂ ਸਨ। ਜਹਾਂਗੀਰ ਤੇ ਸ਼ਾਹਜਹਾਨ ਨਾਲ ਓਹਨਾਂ ਦੇ ਚੰਗੇ ਸੰਬੰਧ ਸਨ। ਇਹ ਠੀਕ ਹੈ ਕਿ ਸ਼ਾਹਜਹਾਨ ਦੇ ਸਮੇਂ ਓਹਨਾਂ ਦੀਆਂ ਕੁਝ ਲੜਾਈਆਂ ਵੀ ਹੋਈਆਂ ਸਨ, ਪਰ ਉਹਨਾਂ ਲੜਾਈਆਂ ਨੂੰ ਉਵੇਂ ਹੀ ਸਮਝਣਾ ਚਾਹੀਦਾ ਹੈ, ਜਿਵੇਂ ਕਿ ਦੋ ਅੰਮਾਂ-ਜਾਏ ਭਰਾਵਾਂ ਵਿੱਚ ਗ਼ਲਤ-ਫ਼ਹਿਮੀਆਂ ਪੈਦਾ ਹੋ ਜਾਣ ਤੇ ਹੋ ਜਾਇਆ ਕਰਦੀਆਂ ਹਨ। ਇਤਿਹਾਸਕਾਰ ਤਾਂ ਇਹ ਵੀ ਦੱਸਦੇ ਹਨ ਕਿ ਗੁਰੂ ਹਰਿਗੋਬਿੰਦ ਜੀ ਦੇ ਮੁਸਲਮਾਨਾਂ ਨਾਲ ਮੇਲਜੋਲ ਨੂੰ ਉਸ ਸਮੇਂ ਦੇ ਕਈ ਤੰਗ-ਖ਼ਿਆਲ ਲੋਕਾਂ ਨੇ ਨਾ-ਪਸੰਦ ਕੀਤਾ ਸੀ, ਪਰ ਗੁਰੂ ਜੀ ਨੇ ਏਹਨਾਂ ਗੱਲਾਂ ਵਲ ਕੋਈ ਧਿਆਨ ਨਹੀਂ ਦਿੱਤਾ ਸੀ।

ਸਿੱਖ ਇਤਿਹਾਸ ਦੱਸਦਾ ਹੈ ਕਿ ਹਜ਼ਰਤ ਮੀਆਂ ਮੀਰ ਜੀ ਦੇ ਦਿਲ ਵਿੱਚ ਵੀ ਗੁਰੂ ਹਰਿਗੋਬਿੰਦ ਜੀ ਲਈ ਵੱਡਾ ਸਤਿਕਾਰ ਸੀ। ਬਾਵਾ ਸਰੂਪ ਚੰਦ ਜੀ ਲਿਖਦੇ ਹਨ ਕਿ :-

ਮੀਆਂ ਮੀਰ ਕੇ ਗ੍ਰਿਹ ਪ੍ਰਭ ਗਏ।
ਗੁਰ ਆਗਮਨ ਮੀਆਂ ਜੀ ਜਾਨਤ ਭਏ।
ਸ਼ਾਹ ਮੀਰ ਗ੍ਰਹ ਬਾਹਰ ਆਏ।
ਤਬ ਲਗ ਸਤਿਗਰ ਪਹੁੰਚੇ ਜਾਏ।
ਪਕੜ ਰਕਾਬ ਗੁਰ ਦਿਆਲ ਉਤਾਰਾ।
ਨਿਜ ਆਸਨ ਪਰ ਜਾਇ ਬੈਠਾਰਾ।
ਪੁਨ ਉੱਠਿ ਦਿਆਲ ਗੁਰ ਬਾਹਰ ਆਏ।
ਸ਼ਾਹ ਮੀਰ ਜੀ ਸੰਗ ਸਿਧਾਏ।
ਪਕੜ ਰਕਾਬ ਸਵਾਰੀ ਦੀਨਾ।
ਕਰ ਪ੍ਰੀਤ ਭਾਉ ਵਿਦਾ ਗੁਰ ਕੀਨਾ।

(ਮਹਿਮਾ ਪ੍ਰਕਾਸ਼, ਸਾਖੀ 150, ਪੰਨਾ 853-54)

ਇਹ ਪ੍ਰਸੰਗ ਹੋਰ ਥਾਂ ਵੀ ਲਿਖਿਆ ਮਿਲਦਾ ਹੈ। (ਵੇਖੋ ਪੁਰਾਤਨ ਇਤਹਾਸਕ ਜੀਵਨੀਆਂ, ਪੰਨਾ 66)

ਸ਼ਾਹਜਹਾਨ ਪਾਤਸ਼ਾਹ ਵਲੋਂ ਆਪਣੇ ਰਾਜ ਸਮੇਂ ਗੁਰੂ ਨਾਨਕ ਜੀ ਦੇ ਗੱਦੀ-ਨਸ਼ੀਨਾਂ ਦੇ ਨਾਂ ਚੋਖੀ ਜ਼ਮੀਨ ਕਰਤਾਰਪੁਰ ਜ਼ਿਲਾ ਜਲੰਧਰ ਵਿੱਚ ਦਿੱਤੀ ਗਈ ਸੀ ਤੇ ਇਸ ਜਾਗੀਰ ਦਾ ਇੱਕ ਪਟਾ ਵੀ ਦਿੱਤਾ ਗਿਆ ਸੀ। ਇਹ ਪਟਾ ਸਰਦਾਰ ਗੰਡਾ ਸਿੰਘ ਜੀ ਐਮ. ਏ;. ਦੇ ਕਥਨ ਅਨੁਸਾਰ ਪ੍ਰਿੰਸੀਪਲ ਜੋਧ ਸਿੰਘ ਜੀ ਐਮ. ਏ. ਨੇ ਕਰਤਾਪੁਰ ਵਿੱਚ ਪਏ ਉਸ ਹਸਤ ਲਿਖ ਗੁਰੂ ਗ੍ਰੰਥ ਸਾਹਿਬ ਤੋਂ ਨਕਲ ਕੀਤਾ ਸੀ ਜਿਸ ਨੂੰ ਆਮ ਤੌਰ ਤੇ ਗੁਰੂ ਜੀ ਹੱਥੀਂ ਤਿਆਰ ਹੋਇਆ ਅਸਲ ਗੁਰੂ ਗ੍ਰੰਥ ਮੰਨਿਆ ਜਾਂਦਾ ਹੈ। ਉਹ ਪਟਾ ਇਸ ਤਰ੍ਹਾਂ ਹੈ :-

ਤੁਗਰਾ

'ਅੱਲਾਹੁ ਅਕਬਰ'
ਯਾ ਸ਼ਾਫ਼ੀ ਤੈਮੂਰ ਯਾ ਨਾਸਰ
ਸ਼ਾਹ ਜਹਾਨ
ਯਾ ਕੁਰਾਨ ਯਾ ਹਾਫ਼ਜ਼

*"ਚੂੰ ਵਵਸਾਤਤ ਵਜ਼ੀਰੁੱਵਮੁਮਾਲਿਕ ਉਮੱਤੁਲ ਮੁਲਕੀ ਵ ਮਦਾਰੁੱਲ ਮਹਾਮੀ ਅਫਜ਼ਲ ਖ਼ਾਨ ਬਅਰਜ਼ ਮੁੱਕਦਸ ਮੁਅੱਲਾ ਰਸੀਦ ਸਜਾਦਾ ਅਹਿਲਿ ਸਿਲਸਿਲਾ ਨਾਨਕ ਸ਼ਾਹ ਕਿ ਮਾਲਕ ਮਮਾਲਕ ਵ ਮੁਦਆ ਬਕਾਇ ਦੌਲਤ ਅਬਦ ਮੁਦਤ ਸ਼ਹਿਸ਼ਾਹੀ ਇਸਤਿਹਮਾਲ ਦਾਰਦ ਵ ਅਜ਼ ਹੇਚ ਦੀਗਰ ਵਜਾ ਮਅਸੀਅਤ ਨਦਾਰਦ ਹੁਕਮ ਜਹਾ ਮੁਤਾਅ ਮੀਤੀ ਮੁਤੀਆ ਸਾਦਰ ਸ਼ੁਦਕਿ ਜੁਮਲਾ ਬਿਅ ਜ਼ਮੀਨ ਰਕਬਾ ਕਰਤਾਰਪੁਰ ਆਲਾ ਪਰਗਨਾ ਜਾਲੰਧਰ ਮੁਜ਼ਾਫ਼ ਸੂਬਾ ਲਾਹੌਰ ਅਜ਼ ਰਬੀਉਲ ਅੱਵਲ ਬਤਰੀਕਿ ਆਲ ਤਇਮਾ ਦਰ ਵਜਾ ਨਿਨਾਮ ਮੁਸ਼ਾਰਨ ਅਲੈਹ ਮੁਇ ਫ਼ਰਜ਼ੰਦਦਾ ਹਸਬੁਲ ਜ਼ਿਮਨ ਮੁਰਹਮਤ ਫਰਮੂਦੇਮ ਬਾਇਦ ਕਿ ਹੁਕਮ ਵ ਅਮਾਲ ਵ ਮੁਤਾਦੀਅਨ ਮੁਹਿਮਾਤ ਵ ਜਾਗੀਰਦਾਰਾਨ ਵ ਕਰੋੜੀਆਨ ਹਾਲ ਵ ਇਸਤਿਕਬਾਲ ਇਰਾਜ਼ੀ ਮਜ਼ਕੂਰਾ ਰਹਾ ਬਤਸਰਫ਼ ਮੁਅੱਜ਼ਲਾ ਬਾਜ ਗੁਜ਼ਾਰੰਦ ਵ ਬਇੱਲਤ ਪੇਸ਼ਕਸ਼ ਵਗੈਰ ਅਸਬਾਬ ਮਮਨੂਆ ਬਾਰਗਾਹ ਸਲਾਤੀਨ ਪਨਾਹ ਮੁਆਫ਼ ਵ ਮਰਫੂਉਲਹਕਮ ਸ਼ੁਮਾਰੰਦ ਦਰੀਂ ਬਾਬ ਹਰ ਸਾਲ ਸਨਦ ਮੁਜੱਦਦ ਨ ਬੁਲਬੰਧਦ ਬੇਸਤ ਵ ਹਫ਼ਤਮ ਸਹਰ ਰਮਜ਼ਾਨੁਲ ਮੁਬਾਰਕ ਸਾਲ ਹਫ਼ਤਮ ਅਜ਼ ਜਲੂਸ ਵਾਲਾ ਨਵਿਸ਼ਤਾ ਸ਼ੁਦਹ।" (ਦੂਜੇ ਪਾਸੇ ਨਾਂ ਲਿਖਿਆ ਹੈ, ਰਾਮਦਾਸ ਸਣੇ*

*ਆਪਣੀ ਸੰਤਾਨ ਦੇ) ।* *(ਤਾਰੀਖ਼ ਮਾਖਜ਼ਿ ਸਿੱਖਾਂ 51-52)*

ਸ਼ਾਹਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਕੋਹ ਦਾ ਵੀ ਗੁਰੂ ਘਰ ਨਾਲ ਚੰਗਾ ਪਿਆਰ ਸੀ । ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ :-

*"ਦਾਰਾ ਸ਼ਕੋਹ ਸ਼ਾਹ ਜਹਾਨ ਦਾ ਵੱਡਾ ਸਪੁੱਤਰ ਸੀ ।... ਦਾਰਾ ਸ਼ਕੋਹ ਦੇ ਅੰਦਰ ਗੁਰੂ ਘਰ ਦੀ ਉਚੱਤਾ ਘਰ ਕਰ ਗਈ । ਮੌਕਾ ਮਿਲਣ ਤੇ ਦਾਰਾ ਗੁਰੂ ਹਰਿਰਾਇ ਨੂੰ ਮਿਲਦਾ ਰਿਹਾ । ਉਸ ਨੇ ਇੱਕ ਵਾਹੀ ਗੁਰੂ ਦੇ ਲੰਗਰ ਵਾਸਤੇ ਜਾਗੀਰ ਦੇਣ ਦੀ ਵੀ ਪੇਸ਼ਕਸ਼ ਕੀਤੀ ।"*

*(ਸੰਤ ਸਿਪਾਹੀ ਅੰਮ੍ਰਿਤਸਰ, ਅਗਸਤ 1953)*

# ਔਰੰਗਜ਼ੇਬ ਬਾਦਸ਼ਾਹ ਤੇ ਸਿੱਖ ਗੁਰੂ

ਸ਼ਾਹਜਹਾਨ ਦੇ ਮਗਰੋਂ ਔਰੰਗਜ਼ੇਬ ਭਾਰਤ ਦਾ ਸ਼ਹਿਨਸ਼ਾਹ ਬਣਿਆ ਤੇ ਦਿੱਲੀ ਦੇ ਤਖ਼ਤ ਤੇ ਬਿਰਾਜਮਾਨ ਹੋਇਆ । ਇਸ ਨੇ ਵੱਡੇ ਲੰਮੇ ਸਮੇਂ ਤਕ ਰਾਜ ਕਮਾਇਆ । ਇਸ ਦੇ ਸਮੇਂ ਵਿੱਚ ਚਾਰਸਿੱਖ ਗੁਰੂ ਸਾਹਿਬਾਨ - ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ਼ ਬਹਾਦੁਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਹੋਏ ਹਨ। ਇੰਨੇ ਗੁਰੂ ਕਿਸੇ ਹੋਰ ਮੁਗ਼ਲ ਬਾਦਸ਼ਾਹ ਦੇ ਸਮੇਂ ਨਹੀਂ ਹੋਏ । ਇਸ ਦਾ ਜੀਵਨ ਵੱਡਾ ਸਾਦਾ ਸੀ । ਬਾਦਸ਼ਾਹ ਹੁੰਦਿਆਂ ਵੀ ਇਹ ਕਿਰਤ ਕਰ ਕੇ ਰੋਟੀ ਖਾਂਦਾ ਸੀ । ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਇਸ ਦੇ ਸਾਦਾ ਜੀਵਨ ਬਾਰੇ ਲਿਖਿਆ ਹੈ :-

"ਇਹ ਸੁੰਨੀ ਮਤਿ ਦਾ ਪੱਕਾ ਮੁਸਲਮਾਨ ਬਾਦਸ਼ਾਹ, ਵਿਦਵਾਨ, ਮਿਹਨਤੀ ਅਤੇ ਰਾਜ-ਪ੍ਰਬੰਧ ਕਰਨ ਵਿੱਚ ਵੱਡਾ ਚਤੁਰ ਸੀ । ਇਹ ਬਹੁਤ ਸਾਦੇ ਕਪੜੇ ਪਹਿਨਦਾ ਤੇ ਸਾਦੀ ਖ਼ੁਰਾਕ ਖਾਂਦਾ ਸੀ । ਸ਼ਰਾਬ ਜਾਂ ਕੋਈ ਹੋਰ ਨਸ਼ਾ ਨਹੀਂ ਵਰਤਦਾ ਸੀ । ਆਪਣੇ ਨਿਜ ਦੇ ਖ਼ਰਚ ਇਸ ਨੇ ਬਹੁਤ ਘਟਾਏ ਹੋਏ ਸਨ । ਵਿਹਲੇ ਸਮੇਂ ਇਹ ਆਪਣੇ ਹੱਥੀਂ ਟੋਪੀਆਂ ਬਣਾਨ ਤੇ ਕੁਰਾਨ ਦੀਆਂ ਖ਼ੁਸ਼ਖ਼ਤ ਨਕਲਾਂ ਕਰਨ ਦਾ ਕੰਮ ਕਰਦਾ ਸੀ ।" (ਮਹਾਨ ਕੋਸ਼, ਪੰਨਾ 329)

ਲੇਨਪੋਲ, ਜੋ ਔਰੰਗਜ਼ੇਬ ਦਾ ਵੱਡਾ ਵਿਰੋਧੀ ਸੀ, ਇਸ ਦੇ ਸਾਦਾ ਜੀਵਨ ਬਾਰੇ ਇਹ ਲਿਖਦਾ ਹੈ :-

*"Aurangzib only drank a little water and ate a small quantity of millet bread." (Aurangzib, P. 65)*

ਅਰਥਾਤ - ਔਰੰਗਜ਼ੇਬ ਦਾ ਖਾਣ-ਪੀਣ ਅਤਿ ਸਾਦਾ ਸੀ ।

ਇੱਕ ਹੋਰ ਥਾਂ ਮਿਸਟਰ ਲੇਨਪੋਲ ਨੇ ਇਸ ਗੱਲ ਦੀ ਹਾਮੀ ਭਰੀ ਹੈ ਕਿ ਔਰੰਗਜ਼ੇਬ ਤੇ ਜਿੰਨੀਆਂ ਵੀ ਨੁਕਤਾਚੀਨੀਆਂ ਕੀਤੀਆਂ ਜਾਂਦੀਆਂ ਹਨ, ਉਹ ਉਸ ਦੀ ਸ਼ਹਿਜ਼ਾਦਗੀ ਦੇ ਸਮੇਂ ਨਾਲ ਸੰਬੰਧਤ ਹਨ, ਜਦ ਲੋਕ ਇਸ ਦੀ ਹਕੂਮਤ ਬਾਰੇ ਕੁਝ ਲਿਖਦੇ ਹਨ, ਤਾਂ ਸਲਾਹੁਤਾ ਕੀਤੇ ਬਿਨਾਂ ਨਹੀਂ ਰਹਿ ਸਕਦੇ । ਇਸ ਨੇ 50 ਸਾਲ ਦੀ ਲੰਮੀ ਹਕੂਮਤ ਵਿੱਚ ਕਿਸੇ ਤੇ ਕੋਈ ਜ਼ੁਲਮ ਤੇ ਧੱਕਾ ਨਹੀਂ ਕੀਤਾ; ਜਿਹਾ ਕਿ ਉਹਨਾਂ ਨੇ ਲਿਖਿਆ ਹੈ :-

*"The hostile criticism of travellers regard chiefly Aurangzib's conduct as Prince, to his acts as Empror they manifest little save admiration. Throughout his long reign of nearly fifty years no single deed of cruelty has been proved aganist him. Even his persecution of the Hindus, which was of a piece with his puritanical character, was admittedly marked by no execution or tortures."* *(Aurangzib, P. 64)*

ਲੇਨਪੋਲ ਨੇ ਔਰੰਗਜ਼ੇਬ ਬਾਰੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ :-

*"ਔਰੰਗਜ਼ੇਬ ਫੁਰਸਤ ਕੇ ਵਕਤ ਕੁਲੇ ਬਨਾਇਆ ਕਰਤਾ ਥਾ । ਕੁਲੋਂ ਕਾ ਬਨਾਨਾ ਯਕੀਨੀ ਹੋ ਨਾ ਹੋ, ਲੇਕਿਨ ਇਸ ਕਦਰ ਯਕੀਨੀ ਹੈ ਕਿ ਆਲਮਗੀਰ ਖ਼ੁਦ ਅਪਨੇ ਹਾਥ ਅਪਨੀ ਖੁਰਾਕ ਬਹਮ ਪਹੁੰਚਾਤਾ ਥਾ ।"* *(ਔਰੰਗਜ਼ੇਬ ਆਲਮਗੀਰ ਪਰ ਏਕ ਨਜ਼ਰ, ਪੰਨਾ 161)*

ਔਰੰਗਜ਼ੇਬ ਦੇ ਨਿਆਂ ਦਾ ਵਰਨਣ ਕਰਦਿਆਂ ਇਹ ਵਾਰਤਾ ਲਿਖੀ ਗਈ ਹੈ ਕਿ :-

*"ਔਰੰਗਜ਼ੇਬ ਦੇ ਵੇਲੇ ਲੁਧਿਆਣੇ ਦਾ ਹਾਕਮ ਏਸ ਇਲਾਕੇ ਦੀ ਪਰਜਾ ਨੂੰ ਦੁਖ ਦੇਣ ਤੋਂ ਇਲਾਵਾ ਉਹਨਾਂ ਦੀਆਂ ਲੜਕੀਆਂ ਜ਼ਬਰਦਸਤੀ ਚੁਕ ਕੇ ਲੈ ਜਾਂਦਾ ਸੀ । ਧਾਂਦਰੇ ਦੇ ਚੌਧਰੀ ਦੀ ਸੁੰਦਰ ਲੜਕੀ ਨੂੰ ਉਸ ਦੇ ਭੇਜੇ ਹੋਏ ਬੁਰਛੇ ਚੁਕਣ ਲਈ ਆਏ, ਤਾਂ ਲੋਕਾਂ ਨੇ ਉਸ ਵੇਲੇ ਚੰਗਾ ਟਾਕਰਾ ਕੀਤਾ ਤੇ ਲੜਕੀ ਛੁਡਾ ਲਈ ਅਤੇ ਚੌਧਰੀ ਨੂੰ ਭੇਜ ਕੇ ਨਵਾਬ ਨਾਲ ਲੜਕੀ ਦਾ ਨਿਯਮ ਅਨੁਸਾਰ ਵਿਆਹ ਕਰ ਦੇਣਾ ਠਹਿਰਾ ਲਿਆ । ਏਸ ਜਗ੍ਹਾ ਜੰਞ ਲਈ ਤੰਬੂ ਲਾਏ ਗਏ । ਓਧਰੋਂ ਔਰੰਗਜ਼ੇਬ ਦੇ ਸਰਦਾਰ ਲਸ਼ਕਰੀ ਖ਼ਾਨ ਨੇ ਚਾਵੇ ਦੇ ਕੋਲ ਸੜਕ ਤੇ*

*ਇਕ ਸਰਾਂ ਬਣਾ ਕੇ ਬਾਦਸ਼ਾਹ ਨੂੰ ਉਸ ਦੀ ਖ਼ੁਸੀ ਮਨਾਉਣ ਲਈ ਸੱਦਿਆ ਹੋਇਆ ਸੀ। ਧਾਂਦਰੇ ਵਾਲੇ ਚੌਧਰੀ ਨੇ ਗੁਪਤ ਰੀਤੀ ਨਾਲ ਬਾਦਸ਼ਾਹ ਅੱਗੇ ਫ਼ਰਿਆਦ ਕੀਤੀ। ਤਾਂ ਬਾਦਸ਼ਾਹ ਨੇ ਵਿਆਹ ਦੇ ਟੀਰੇ ਤੇ ਗੁਪਤ ਭੇਸ ਵਿੱਚ ਏਥੇ ਆਉਣ ਦਾ ਇਕਰਾਰ ਕਰ ਲਿਆ; ਜਦੋਂ ਨੀਅਤ ਸਮੇਂ ਤੇ ਲਾੜਾ ਜੰਞ ਲੈ ਕੇ ਜਾ ਪੁੱਜਾ ਅਤੇ ਨਕਾਹ ਦੀਆਂ ਤਿਆਰੀਆਂ ਹੋਣ ਲੱਗੀਆਂ; ਤਾਂ ਫਟ ਦੇ ਕੇ ਬਾਦਸ਼ਾਹ ਨੇ ਭੀ, ਜੋ ਭੇਸਧਾਰੀ ਹੋ ਕੇ ਜਾਂਞੀ ਬਣਿਆ ਬੈਠਾ ਸੀ, ਪ੍ਰਗਟ ਹੋ ਕੇ ਹੁਕਮ ਦਿੱਤਾ – ਪਕੜੋ ਇਸ ਬਦਮਾਸ਼ ਨੂੰ। ਤੇ ਸਰਕਾਰੀ ਆਦਮੀ ਅਜੇ ਉਠਦੇ ਹੀ ਸੀ, ਬਾਦਸ਼ਾਹ ਨੇ ਆਪ ਹੀ ਉਸ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ। ਇਲਾਕੇ ਦੇ ਲੋਕਾਂ ਨੇ ਬਾਦਸਾਹ ਦੀ ਵੱਡੀ ਸੇਵਾ ਕੀਤੀ ਅਤੇ ਉਸ ਦੇ ਨਾਉ ਤੇ ਇਹ (ਆਲਮਗੀਰ ਨਗਰ) ਵਸਾਇਆ।"*

*(ਮਾਲਵਾ ਇਤਿਹਾਸ, ਭਾਗ ਪਹਿਲਾ, ਭੂਮਿਕਾ, ਪੰਨਾ 108)*

ਸੌ ਸਾਖੀ ਵਿੱਚ ਔਰੰਗਜ਼ੇਬ ਬਾਰੇ ਇਹ ਲਿਖਿਆ ਮਿਲਦਾ ਹੈ :-

ਦਿਵਸ ਬੰਦਗੀ ਮੱਕੇ ਜਾਵੇ ।
ਮਾਂਗੇ ਇਹ ਮੂੰਹ ਨੂਰ ਸਲਾਹੇ ।

(ਸੌ ਸਾਖੀ, ਸਾਖੀ 15)

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

ਅਹੁਰੰਗ ਦਮ ਕੋ ਕਰਤਿ ਸਦਾਈ ।
ਤਿਸ ਕੇ ਬਲ ਕਰ ਜਾਤ ਹਮੇਸ਼ ।
ਕਾਬੇ ਕਰਹਿ ਨਿਵਾਜ ਅਸ਼ੇਸ਼ ।

(ਗੁਰ ਪ੍ਰਤਾਪ ਸੂਰਜ, ਐਨ 1, ਅੰਸੂ 31)

ਅਥਵਾ :-

ਮੱਕੇ ਹੇਤ ਬੰਦਗੀ ਜਾਹੈ ।
ਮਾਂਗੇ ਇਹੁ ਮੁਹਿ ਨੂਰ ਸਲਾਹੈ ।

(ਗੁਰ ਪ੍ਰਤਾਪ ਸੂਰਜ, ਰੁਤ 3, ਅੰਸੂ 37)

ਅਰਥਾਤ – ਔਰੰਗਜ਼ੇਬ ਰੋਜ਼ਾਨਾ ਪ੍ਰਾਣਾਯਾਮ ਦੁਆਰਾ ਮੱਕੇ ਹਾਜ਼ਰ ਹੋ ਕੇ ਕਾਬੇ ਦੇ ਹਜ਼ੂਰ ਨਿਮਾਜ਼ ਪੜ੍ਹਿਆ ਕਰਦਾ ਸੀ।

ਜਦ ਦਾਰਾ ਸ਼ਕੋਹ ਨੇ ਔਰੰਗਜ਼ੇਬ ਦੇ ਵਿਰੁੱਧ ਉਪੱਦਰ ਮਚਾਇਆ, ਤਾਂ ਸ਼ਾਹ ਜਹਾਨ ਦਾਰਾ ਸ਼ਕੋਹ ਨੂੰ ਜੰਗ ਕਰਨ ਤੋਂ ਰੋਕਦਾ ਹੀ ਰਿਹਾ। ਉਸ ਨੇ ਇਹ ਵੀ ਕਿਹਾ

ਕਿ ਪੁੱਤਰ ਪਿਉ ਨੂੰ ਮਿਲਣ ਵਾਸਤੇ ਆ ਰਿਹਾ ਹੈ ਤੇ ਤੂੰ ਉਸ ਦੇ ਵਿਰੁੱਧ ਲਾਮਬੰਦੀ ਕਰ ਰਿਹਾ ਹੈ। (ਖ਼ੁਲਾਸਾ ਤੁੱਤਵਾਰੀਖ਼, ਪੰਨਾ 634) ਜਦ ਔਰੰਗਜ਼ੇਬ ਦੀ ਜਿੱਤ ਹੋ ਗਈ, ਤਾਂ ਉਸ ਨੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਇੱਕ ਬੇਨਤੀ-ਪੱਤਰ ਲਿਖਿਆ। ਇਸ ਬਾਰੇ ਮੁਨਸ਼ੀ ਸੁਜਾਨ ਰਾਇ ਜੀ ਲਿਖਦੇ ਹਨ ਕਿ :-

*"ਸ਼ਾਹ ਜਹਾਨ ਨੇ ਔਰੰਗਜ਼ੇਬ ਕੀ ਅਰਜ਼ਦਾਸ਼ਤ ਕੇ ਹਾਸ਼ੀਏ ਪਰ ਆਲਮੀਰ ਨਾਮੀ ਅਪਨੇ ਹਾਥ ਸੇ ਜਵਾਬ ਲਿਖ ਕਰ ਤਲਵਾਰ ਫ਼ਾਜ਼ਲ ਖ਼ਾਨ ਔਰ ਮੀਰ ਜ਼ਮਾਨ ਕੇ ਹਾਥ ਅਰਸਾਲ ਕੀ। ਅਰਬਾਬ ਦਾਨਸ਼ ਨੇ ਮੁਬਾਰਕਬਾਦ ਦੀ ਕਿ ਇਸ ਤਲਵਾਰ ਕੇ ਅਤਾ ਹੋਨੇ ਕੋ ਸਲਤਨਤ ਕੀ ਫਾਲ ਸਮਝੀਏ।" (ਖ਼ੁਲਾਸਾ ਤੁੱਤਵਾਰੀਖ਼, ਪੰਨਾ 646)*

ਇਸ ਤੋਂ ਛੁੱਟ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਵੀ ਇਸ ਬਾਦਸ਼ਾਹ ਦੀ ਵੱਡੀ ਸਲਾਹੁਤਾ ਕੀਤੀ ਹੈ, ਜਿਹਾ ਕਿ ਆਪ ਨੇ ਫ਼ਰਮਾਇਆ ਹੈ :-

ਖੁਸ਼ਸ਼ ਸ਼ਾਹ ਸ਼ਾਹਾਨਿ ਔਰੰਗਜ਼ੇਬ।
ਕਿ ਚਾਲਾਕ ਦਸਤ ਅਸਤੁ ਚਾਬਕ ਰਕੇਬ।
ਚਿ ਹੁਸਨੁਲ ਜਮਾਲ ਅਸਤ ਰੁਓਸ਼ਨ ਜ਼ਮੀਰ।
ਖ਼ੁਦਾਵੰਦ ਮੁਲਕ ਅਸਤ ਸਾਹਿਬ ਅਮੀਰ।
ਕਿ ਤਰਤੀਬ ਦਾਨਸ਼ ਬਤਦਬੀਰ ਤੇਗ਼।
ਖ਼ੁਦਾਵੰਦਿ ਦੇਗ਼ੋ ਖ਼ੁਦਾਵੰਦਿ ਤੇਗ਼।
ਕਿ ਰਉਸ਼ਨ ਜ਼ਮੀਰ ਅਸਤ ਹੁਸਨਲ ਜਮਾਲ।
ਖ਼ੁਦਾਵੰਦ ਬਖ਼ਸ਼ਿੰਦਾ ਇ ਮੁਲਕੁ ਮਾਲ।
ਕਿ ਬਖ਼ਸ਼ਿਸ਼ ਕਬੀਰ ਅਸਤ ਦਰ ਜੰਗ ਕੋਹ।
ਮਲਾਇਕ ਸਿਫ਼ਤ ਚੂੰ ਸੁਰੱਯਾ ਸ਼ਕੋਹ।
ਸ਼ਹਿਨਸ਼ਾਹਿ ਰਾ ਬੰਦਾ ਇ ਚਾਕਰੇਮ।
ਅਗਰ ਹੁਕਮ ਆਇਦ ਬਜਾ ਹਾਜ਼ਰੇਮ।

(ਦਸਮ ਗ੍ਰੰਥ, ਪੰਨਾ 1255)

ਸਿੱਖ ਵਿਦਵਾਨ ਇਹ ਮੰਨਦੇ ਹਨ ਕਿ ਗੁਰੂ ਜੀ ਨੇ ਆਪਣੇ ਉਕਤ ਵਾਕਾਂ ਵਿੱਚ ਔਰੰਗਜ਼ੇਬ ਦੇ ਗੁਣਾਂ ਦੀ ਸਲਾਹੁਤਾ ਕੀਤੀ ਹੈ। (ਵੇਖੋ ਦੇਗ਼ ਤੇਗ਼ ਦਾ ਮਾਲਕ, ਪੰਨਾ 497; ਧਰਮ ਦਾ ਛਤਰ, ਪੰਨਾ 339; ਪਰਮ ਮਨੁਖ, ਪੰਨਾ 88; ਅਖ਼ਬਾਰ ਖ਼ਾਲਸਾ ਸੇਵਕ ਅੰਮ੍ਰਿਤਸਰ, 3 ਜਨਵਰੀ 1933 ਤੇ ਰਸਾਲਾ ਸੰਤ ਸਿਪਾਹੀ, ਮਾਰਚ 1952)

ਪ੍ਰਸਿੱਧ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

*"ਔਰੰਗਜ਼ੇਬ ਗੁਰੂ ਜੀ ਦਾ ਸਭ ਤੋਂ ਵੱਡਾ ਦੁਸ਼ਮਣ ਸੀ । ਫ਼ਿਰ ਭੀ... ਉਸ ਦੀਆਂ ਖ਼ੂਬੀਆਂ ਭੀ ਉਹ ਦੱਸੀਆਂ ਹਨ, ਜੋ ਸ਼ਾਇਦ ਕਿਸੇ ਕੱਟੜ ਮੁਸਲਮਾਨ ਨੇ ਵੀ ਨਾ ਦੱਸੀਆਂ ਹੋਣ । ਉਸ ਨੂੰ ਲਿਖਦੇ ਹਨ :-*

*ਹੇ ਬਾਦਸ਼ਾਹਾਂ ਦੇ ਬਾਦਸ਼ਾਹ ਤੂੰ ਕਿਹਾ ਚੰਗਾ ਹੈਂ ਤੂੰ ਫੁਰਤੀਲਾ ਹੈਂ, ਸਵਾਰੀ ਵਿਚ ਤਕੜਾ ਹੈਂ, ਤੂੰ ਰੂਪ ਦਾ ਸੁੰਦਰ ਹੈਂ, ਮਨ ਦਾ ਸਿਆਣਾ ਹੈਂ, ਤੂੰ ਮੁਲਕ ਦਾ ਮਲਾਕ ਹੈਂ, ਦੌਲਤਮੰਦਾਂ ਦਾ ਸਰਦਾਰ ਹੈਂ, ਤੂੰ ਰਾਜਨੀਤਿ ਵਿਚ ਨਿਪੁੰਨ ਹੈਂ, ਅਤੇ ਜੰਗ ਦੇ ਨਿਯਮਾਂ ਤੋਂ ਵਾਕਫ਼ ਹੈਂ, ਤੂੰ ਦੇਗ ਤੇਗ ਦਾ ਧਨੀ ਹੈਂ, ਤੂੰ ਸਿਆਣਾ ਤੇ ਸੋਹਣਾ ਹੈਂ । ਲੋਕਾਂ ਨੂੰ ਮੁਲਕ ਤੇ ਮਾਲ ਬਖਸ਼ਣ ਵਾਲਾ ਹੈਂ, ਤੂੰ ਵੱਡਾ ਹੈਂ । ਤੂੰ ਵੱਡਾ ਦਾਤਾ ਹੈਂ ਅਤੇ ਜੰਗ ਵਿੱਚ ਪਹਾੜ ਵਾਂਗਰ ਅਹਿਲ ਹੈਂ, ਤੂੰ ਫਰਿਸ਼ਤਿਆਂ ਵਾਲੇ ਗੁਣ ਰਖਦਾ ਹੈਂ । ਤੇਰਾ ਪ੍ਰਤਾਪ ਵੱਡਾ ਹੈ । (ਦੇਗ ਤੇਗ ਅੰਮ੍ਰਿਤਸਰ, 30 ਜੁਲਾਈ 1951)*

ਇੱਕ ਹੋਰ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

*"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਨੂੰ ਮਾਵਾਂ ਧੀਆਂ ਦੀਆਂ ਗਾਲ੍ਹਾਂ ਨਹੀਂ ਕੱਢੀਆਂ, ਫਿੱਕੇ ਬਚਨ ਨਹੀਂ ਆਲਾਏ । ਤ੍ਰੁਤਾਲੀ ਸਿਫ਼ਤਾਂ ਉਸ ਦੇ ਆਚਰਣ ਤੇ ਸ਼ਖਸੀਅਤ ਦੀਆਂ ਵਰਣਨ ਕੀਤੀਆਂ ਹਨ । ਉਦਾਹਰਣ ਵਜੋਂ ਕਿਹਾ ਹੈ :-*

*ਔਰੰਗਜ਼ੇਬ ਤੂੰ ਸਾਹਿਬ ਦਿਮਾਗ਼ ਹੈਂ, ਹਠੀਲਾ ਹੈਂ, ਸ਼ਾਹਸਵਾਰ ਹੈਂ, ਹੱਥਾਂ ਨਾਲ ਕਿਰਤ ਕਰਕੇ ਰੋਟੀ ਖਾਣ ਵਾਲਾ ਹੈਂ, ਰੋਸ਼ਨ ਜ਼ਮੀਰ ਹੈਂ,ਪੰਜ ਵਕਤ ਦਾ ਨਿਮਾਜ਼ੀ ਹੈ ।"*

*(ਅਕਾਲੀ ਪਤ੍ਰਿਕਾ, ਜਾਲੰਧਰ, 2 ਜਨਵਰੀ 1963)*

ਸ: ਕਰਮ ਸਿੰਘ ਜੀ ਹਿਸਟੋਰੀਅਨ ਨੇ ਲਿਖਿਆ ਹੈ :-

*"ਇਕ ਬੰਗਾਲੀ ਵਿਦਵਾਨ ਨੇ ਸ੍ਰੀ ਦਸਮੇਸ਼ ਦੇ ਬਚਿਤ੍ਰ ਨਾਟਕ ਤੇ ਜ਼ਫ਼ਰਨਾਮੇ ਦਾ ਉਲਥਾ ਕੀਤਾ ਹੈ । ਉਸ ਨੇ ਇਹ ਸਿੱਟਾ ਕੱਢਿਆ ਹੈ ਕਿ ਸ੍ਰੀ ਦਸਮੇਸ਼ ਜੀ ਔਰੰਗਜ਼ੇਬ ਨੂੰ ਚੰਗਾ ਸਮਝਦੇ ਸਨ ਅਤੇ ਉਸ ਦੇ ਅਦਲ ਉੱਤੇ ਭਰੋਸਾ ਕਰਦੇ ਸਨ ।*

*(ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਪੰਨਾ 27)*

ਇਸ ਵਿਚ ਕੋਈ ਸ਼ੱਕ ਨਹੀ ਕਿ ਔਰੰਗਜ਼ੇਬ ਦੀ ਹਕੂਮਤ ਦੇ ਅਰੰਭਕ ਕਾਲ

ਵੱਡੇ ਕਰੜੇ ਸਨ, ਪਰ ਉਸ ਨੇ ਆਪਣੇ ਸਾਰੇ ਸਮੇਂ ਵਿੱਚ ਕਦੇ ਵੀ ਸਿੱਖਾਂ ਤੇ ਕੋਈ ਸਖ਼ਤੀ ਨਹੀਂ ਕੀਤੀ। ਗਿਆਨੀ ਗਿਆਨ ਸਿੰਘ ਜੀ ਔਰੰਗਜ਼ੇਬ ਦੇ ਸਮੇਂ ਦਾ ਹਾਲ ਵਰਣਨ ਕਰਦੇ ਲਿਖਦੇ ਹਨ :-

> *"ਭਾਵੇਂ ਉਸ ਵੇਲੇ ਤੁਰਕਾਂ ਨੇ ਕਹਿਰ ਦਾ ਕੁਹਾੜਾ ਹਿੰਦੂਆਂ ਉੱਤੇ ਜ਼ੋਰ ਨਾਲ ਚਲਾ ਰਖਿਆ ਸੀ, ਪਰ ਗੁਰੂ ਕੇ ਸਿਖਾਂ ਨੂੰ ਖੁਦਾ ਪ੍ਰਸਤ, ਅਰਥਾਤ ਇੱਕ ਅਕਾਲ ਦੇ ਮੰਨਣ ਵਾਲੇ ਤੇ ਬਾਬੇ ਨਾਨਕ ਸ਼ਾਹ ਦੇ ਸੇਵਕ ਸਮਝ ਕੇ ਕੁਝ ਨਹੀਂ ਆਖਦੇ ਸੇ; ਕਿਉਂਕਿ ਓਹ ਬੁਤ ਪ੍ਰਸਤਾ ਨੂੰ, ਅਰਥਾਤ ਪ੍ਰਿਤਮਾ ਪੂਜਨ ਵਾਲਿਆਂ ਨੂੰ ਕਾਫ਼ਰ ਮੰਨਦੇ ਸੇ। ਸਿੱਖਾਂ ਨੂੰ ਵਾਹਿਦ-ਪ੍ਰਸਤ ਵੇਖ ਕੇ ਕਾਫ਼ਰ ਨਹੀਂ ਮੰਨਦੇ ਸੀ। ਤਦੇ ਹੀ ਉਸ ਭੌਂ ਦੀਅੱਗ ਅੱਗੇ ਗੁਰੂ ਸਿਖੀ ਦਾ ਬਾਗ਼ ਹਰਿਆ ਭਰਿਆ ਬਣਿਆ ਰਿਹਾ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 857)*

ਇਸ ਤੋਂ ਪਤਾ ਲਗਦਾ ਹੈ ਕਿ ਔਰੰਗਜ਼ੇਬ ਬਾਰੇ ਸਿੱਖ ਲਿਟਰੇਚਰ ਵਿੱਚ ਵੀ ਕਈ ਚੰਗੀਆਂ ਗੱਲਾਂ ਲਿਖੀਆਂ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀ ਜੋ ਸਲਾਹੁਤਾ ਕੀਤੀ ਹੈ, ਉਸ ਦੀ ਉਦਾਹਰਣ ਕਿਸੇ ਕੱਟੜ ਤੋਂ ਕੱਟੜ ਮੁਸਲਮਾਨ ਦੀ ਲਿਖਿਤ ਤੋਂ ਵੀ ਨਹੀਂ ਮਿਲਦੀ। ਉਸ ਦੇ ਕੱਟੜ ਵਿਰੋਧੀਆਂ ਨੂੰ ਵੀ ਇਸ ਦਾ ਇਕਰਾਰ ਹੈ ਕਿ ਉਸ ਦਾ ਜੀਵਨ ਅਤਿ ਸਾਦਾ ਸੀ।

ਕਈ ਲੋਕ ਮੁਸਲਮਾਨ ਪਾਤਸ਼ਾਹਾਂ ਤੇ ਲੋਕਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣ ਦਾ ਦੋਸ਼ ਲਾਉਂਦੇ ਹਨ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਦੀ ਇਹ ਲਿਖਤ ਪੇਸ਼ ਕਰਨ ਤੇ ਹੀ ਸੰਕੋਚ ਕਰਦੇ ਹਾਂ :-

> *"ਹਮ ਯਿਹ ਨਹੀਂ ਕਹਿਤੇ ਕਿ ਕੁਲ ਮੁਸਲਮਾਨ ਬਾਦਸ਼ਾਹੋਂ ਨੇ ਹਿੰਦੂਓਂ ਪਰ ਜ਼ੁਲਮ ਕੀਆ। ਬਹੁਤ ਸੇ ਐਸੇ ਭੀ ਹੂਏ ਹੈਂ, ਜੋ ਨੇਕ ਮਜ਼ਾਜ ਥੇ, ਔਰ ਹਿੰਦੂਓਂ ਕੇ ਸਾਥ ਉਮਦਾ ਓਮਦਾ ਸਲੂਕ ਕਰਤੇ ਥੇ; ਕਿਉਂਕਿ ਅਗਰ ਐਸਾ ਨਾ ਹੋਤਾ ਤੋ ਆਠ ਸੌ ਸਾਲ ਕੇ ਅੰਦਰ ਹਿੰਦੂਓਂ ਕਾ ਨਾਮ ਭੀ ਬਾਕੀ ਨ ਰਹਿਤਾ।"*
>
> *(ਤਵਾਰੀਖ਼ ਗੁਰੂ ਖ਼ਾਲਸਾ,ਉਰਦੂ, ਪੰਨਾ 51)*

ਕਈ ਵਿਦਵਾਨਾਂ ਦਾ ਇਹ ਖ਼ਿਆਲ ਹੈ ਕਿ ਔਰੰਗਜ਼ੇਬ ਵੱਡਾ ਪਾਪੀ ਤੇ ਮੁਤਅੱਸਬ ਸੀ। ਉਹ ਜਦ ਤਕ ਸਵਾ ਮਣ ਜਨੇਊ ਨਾ ਉਤਾਰ ਲਏ, ਰੋਟੀ ਨਹੀਂ ਖਾਂਦਾ ਸੀ; ਜਿਹਾ ਕਿ :-

> *"ਔਰੰਗਜ਼ੇਬ ਸਵਾ ਸਵਾ ਮਣ ਜਨੇਊ ਉਤਾਰ ਕੇ ਰੋਟੀ ਖਾਇਆ*

*ਕਰਦਾ ਸੀ।"* *(ਅਕਾਲੀ ਪ੍ਰਤ੍ਰਿਕਾ, 2 ਜਨਵਰੀ 1963)*

ਅਰਥਾਤ :-

*"ਇੱਕ ਮਤ ਦਾ ਵਿਸ਼ਵਾਸ ਔਰੰਗਜ਼ੇਬ ਨੂੰ ਰੋਜ਼ ਸਵਾ ਮਣ ਜਨੇਊ ਲਾਹ ਕੇ ਨਾਸ਼ਤਾ ਕਰਨ ਦੀ ਪ੍ਰੇਰਨਾ ਦੇ ਰਿਹਾ ਸੀ।"*

*(ਅਕਾਲੀ ਪ੍ਰਤ੍ਰਿਕਾ, 2 ਜਨਵਰੀ 1963)*

ਹੋਰ ਵੀ ਕਈ ਵਿਦਵਾਨਾਂ ਨੇ ਏਹੋ ਕੁਝ ਲਿਖਿਆ ਹੈ। (ਵੇਖੋ ਪੰਜਾਬੀ ਸੂਰਮਾ, ਪੰਨਾ 34; ਖ਼ਾਲਸਾ ਪਾਰਲੀਮੈਂਟ ਗਜ਼ਟ, ਅਪ੍ਰੈਲ 1958; ਨਵੰਬਰ 1960)

ਪ੍ਰਸਿੱਧ ਸਿਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

*"ਕਸ਼ਮੀਰ ਔਰੰਗਜ਼ੇਬ ਬਾਦਸ਼ਾਹ ਨੇ ਬੜੀ ਸਖ਼ਤੀ ਕੇ ਸਾਥ ਸਬ ਮੁਲਕ ਕੋ ਮੁਸਲਮਾਨ ਕਰ ਡਾਲਾ।... ਕਸ਼ਮੀਰ ਸਵਾ ਮਣ ਜਨੇਊ ਰੋਜ਼ਾਨਾ ਉਤਾਰੇ ਜਾਨੇ ਲਗੇ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 145)*

ਔਰੰਗਜ਼ੇਬ ਨੇ ਭਾਰਤ ਵਿੱਚ ਅੱਧੀ ਸਦੀ ਤਕ ਰਾਜ ਕੀਤਾ ਹੈ। ਜੇ ਉਹ ਸਚਮੁਚ ਹੀ ਏਦਾਂ ਕੀਤਾ ਕਰਦਾ ਸੀ, ਤਾਂ ਇੰਨੇ ਲੰਮੇ ਸਮੇਂ ਵਿੱਚ ਭਾਰਤ ਵਿੱਚ, ਇਕ ਵੀ ਹਿੰਦੂ ਨਾ ਬਚਦਾ। ਜੇ ਇਹ ਮੰਨ ਲਿਆ ਜਾਏ ਕਿ ਉਹ ਦਿਨ ਵਿੱਚ ਤਿੰਨ ਵਾਰ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਖਾਣਾ ਖਾਇਆ ਕਰਦਾ ਸੀ, ਤਾਂ ਫੇਰ ਉਸ ਰਾਹੀ ਰੋਜ਼ ਤਿੰਨ ਮਣ ਤੀਹ ਸੇਰ ਵਜ਼ਨ ਦੇ ਜਨੇਊ ਉਤਾਰੇ ਜਾਂਦੇ ਸਨ। ਮਹੰਤ ਗਣੇਸ਼ ਸਿੰਘ ਜੀ ਲਿਖਦੇ ਹਨ :-

*"50 ਲੱਖ ਜਨੇਊ ਦਾ ਸਵਾ ਮਣ ਹੁੰਦਾ ਹੈ।"*

*(ਭਾਰਤ ਮਤਿ ਦਰਪਣ, ਪੰਨਾ 46 ਟੂਕ)*

ਸ਼ਾਇਦ ਇਸੇ ਕਰਕੇ ਹੀ ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*"ਯਿਹ ਬਾਤ ਸ਼ੁਹਰਤ ਪਾ ਗਈ ਹੈ ਕਿ ਔਰੰਗਜ਼ੇਬ ਰੋਜ਼ਾਨਾ ਸਵਾ ਮਣ ਜਨੇਊ ਉਤਾਰ ਕਰ ਖ਼ਾਨਾ ਖਾਤਾ ਥਾ, ਇਹ ਬਾਤ ਝੂਟੀ ਹੈ।"*

*(ਤਵਾਰੀਖ ਗੁਰੂ ਖ਼ਾਲਸਾ, ਉਰਦੂ, ਪੰਨਾ 187)*

## ਔਰੰਗਜ਼ੇਬ ਤੇ ਗੁਰੂ ਹਰਿਰਾਇ ਜੀ

ਗੁਰੂ ਹਰਿਰਾਇ ਜੀ ਸਿੱਖਾਂ ਦੇ ਸੱਤਵੇਂ ਗੁਰੂ ਹੋਏ ਹਨ। ਆਪ ਗੁਰੂ ਹਰਿਗੋਬਿੰਦ ਜੀ ਦੇ ਪੋਤਰੇ ਸਨ। ਜਦ ਸ਼ਾਹਜਹਾਨ ਦੇ ਪੁੱਤਰ ਹਕੂਮਤ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਲੜ ਰਹੇ ਸਨ, ਤਾਂ ਆਪ ਨੇ ਦਾਰਾ ਸ਼ਿਕੋਹ ਦੀ ਸਹਾਇਤਾ ਕੀਤੀ ਸੀ।

(ਗੁਰ ਪ੍ਰਤਾਪ ਸੂਰਜ, ਰਾਸ 9, ਅੰਸੂ 18; ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 757 ਅਤੇ ਮਹਾਨ ਕੋਸ਼, ਪੰਨਾ 1886)

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਜਦ ਦਾਰਾ ਸ਼ਿਕੋਹ ਦੇ ਪਿੱਛੇ ਔਰੰਗਜ਼ੇਬ ਚੜ੍ਹਿਆ ਆ ਰਿਹਾ ਸੀ, ਤਾਂ ਗੁਰੂ ਜੀ ਨੇ ਆਪਣੇ ਸ਼ਸਤਰ-ਧਾਰੀ ਸਿੱਖ ਔਰੰਗਜ਼ੇਬ ਦੇ ਟਾਕਰੇ ਤੇ ਲਿਆ ਖੜੇ ਕੀਤੇ ਸਨ ਅਤੇ ਦਰਿਆ ਬਿਆਸ ਦੇ ਪੱਤਣ ਦੀਆਂ ਸਾਰੀਆਂ ਬੇੜੀਆਂ ਆਪਣੇ ਕਬਜ਼ੇ ਵਿੱਚ ਕਰ ਲਈਆਂ ਸਨ ਤੇ ਰਾਹ ਰੋਕ ਲਿਆ ਸੀ। (ਗੁਰ ਪ੍ਰਤਾਪ ਸੂਰਜ, ਰਾਸ 19, ਅੰਸੂ 18; ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 759; ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 272; ਤਵਾਰੀਖ਼ ਗੁਰੂ ਖ਼ਾਲਸਾ ਪੰਥ, ਪੰਨਾ 338; ਮਹਾਨ ਕੋਸ਼, ਪੰਨਾ 1886 ਤੇ ਰਸਾਲਾ ਅੰਮ੍ਰਿਤ, ਨਵੰਬਰ 1937 ਆਦਿ)

ਗਿਆਨੀ ਗਿਆਨ ਸਿੰਘ ਜੀ ਇਹ ਵੀ ਲਿਖਦੇ ਹਨ ਕਿ ਦਾਰਾ ਸ਼ਿਰੋਹ ਨੇ ਗੁਰੂ ਜੀ ਤੋਂ ਫ਼ੌਜੀ ਸਹਾਇਤਾ ਪ੍ਰਾਪਤ ਕਰਨ ਤੋਂ ਪਹਿਲਾਂ 51 ਮੁਹਰਾਂ ਤੇ ਹੋਰ ਵਧੀਆ ਸੁਗਾਤਾਂ ਵੀ ਭੇਟ ਕੀਤੀਆਂ ਸਨ। ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 119)

ਇਸ ਤੋਂ ਛੁਟ ਗੁਰੂ ਜੀ ਦੀ ਮਹਿਮਾ ਵਿੱਚ ਇੱਕ ਕਸੀਦਾ ਵੀ ਉਚਾਰਣ ਕੀਤਾ ਸੀ। (ਪੰਥ ਪ੍ਰਕਾਸ਼, ਪੰਨਾ 132 ਤੇ ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ : 132)

ਇੱਕ ਹੋਰ ਵਿਦਵਾਨ ਜੀ ਨੇ ਇਹ ਲਿਖਿਆ ਹੈ ਕਿ :-

> *"ਸ੍ਰੀ ਗੁਰੂ ਜੀ ਦੀ ਭਜਨ ਬੰਦਗੀ ਤੇ ਓਹਨਾਂ ਦੇ ਪਰਉਪਕਾਰਾਂ ਦੀ ਉਸਤਤਿ ਸੁਣ ਕੇ ਦਾਰਾ ਸ਼ਿਕੋਹ, ਲਾਹੌਰ ਜਾਂਦਾ ਹੋਇਆ ਗੁਰੂ ਜੀ ਦੀ ਸੇਵਾ ਵਿੱਚ ਕੀਰਤਪੁਰ ਵਿਖੇ ਹਾਜ਼ਰ ਹੋਇਆ ਤੇ ਕਈ ਪ੍ਰਕਾਰ ਦੀਆਂ ਭੇਟਾਂ ਨਜ਼ਰ ਕੀਤੀਆਂ।"*
>
> *(ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 272)*

ਗਿਆਨੀ ਗਿਆਨ ਸਿੰਘ ਜੀ ਲਿਖ਼ਦੇ ਹਨ ਕਿ ਔਰੰਗਜ਼ੇਬ ਜਦ ਤਖ਼ਤ ਤੇ ਬੈਠਾ, ਗੁਰੂ ਜੀ ਦੇ ਆਪਣੇ ਘਰਾਣੇ ਦੇ ਲੋਕਾਂ ਨੇ ਹੀ ਗੁਰੂ ਜੀ ਦੇ ਵਿਰੁੱਧ ਰੀਪੋਰਟਾਂ ਕੀਤੀਆਂ ਤੇ ਇੱਥੋਂ ਤਕ ਵੀ ਲਿਖਿਆ ਕਿ ਗੁਰੂ ਹਰਿਰਾਇ ਬਾਦਸ਼ਾਹ ਨੂੰ ਕੋਈ ਚੀਜ਼ ਨਹੀਂ ਸਮਝਦਾ ਤੇ ਆਪਣੇ ਨਾਲ ਦੋ ਢਾਈ ਹਜ਼ਾਰ ਸ਼ਸਤਰਧਾਰੀ ਸਿਪਾਹੀ ਰੱਖ ਕੇ ਲੋਕਾਂ ਨੂੰ ਡਰਾਉਂਦਾ ਤੇ ਧਮਕਾਉਂਦਾ ਰਹਿੰਦਾ ਹੈ; ਜਿਹਾ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

> *"ਜਿਹੜੇ ਲੋਕ ਆਪ ਨੂੰ ਗੁਰੂ ਕੇ ਭਾਈ ਤੇ ਸ਼ਰੀਕ ਸਮਝਦੇ ਸੇ, ਓਹਨਾਂ ਨੇ... ਗੁਰੂ ਦੀਆਂ ਸ਼ਕਾਇਤਾਂ ਆਪ ਲਿਖੀਆਂ ਤੇ ਹਾਕਮਾਂ ਪਾਸੋਂ*

*ਲਿਖਵਾਈਆਂ ਕਿ ਗੁਰੂ ਹਰਿਰਾਇ ਬਾਦਸ਼ਾਹ ਨੂੰ ਕੁਝ ਚੀਜ਼ ਨਹੀਂ ਸਮਝਦਾ, ਦੋ ਢਾਈ ਹਜ਼ਾਰ ਸਵਾਰ ਲੈ ਕੇ ਪਰਜਾ ਨੂੰ ਘੂਰ ਘੂਰ ਕੇ ਲੁੱਟ ਲੁੱਟ ਪਿਆ ਖਾਂਦਾ ਹੈ ।'' (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 763)*

ਔਰੰਗਜ਼ੇਬ ਕੋਲ ਜਦ ਗੁਰੂ ਜੀ ਦੇ ਵਿਰੁੱਧ ਏਹੋ ਜਿਹੀਆਂ ਰੀਪੋਰਟਾਂ ਪੁੱਜੀਆਂ, ਤਾਂ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਮੁਜਬ ਉਸ ਨੇ ਗੁਰੂ ਜੀ ਵਲ ਇਹ ਚਿੱਠੀ ਲਿਖੀ ਕਿ :-

*''ਨਾਨਕ ਸ਼ਾਹ ਦੇ ਘਰਾਣੇ ਨੂੰ ਅਸੀਂ ਹੋਰ ਬੁਤ ਪ੍ਰਸਤ ਹਿੰਦੂ ਕਾਫ਼ਰਾਂ ਦੇ ਸਮਾਨ ਨਹੀਂ ਸਮਝਦੇ; ਕਿਉਂਕਿ ਨਾਨਕ ਸ਼ਾਹ ਸੱਚੇ ਫ਼ਕੀਰ ਰੱਬ ਨੂੰ ਪਹੁੰਚੇ ਹੋਏ ਸੁਲਹ ਕੁਲ ਸਨ, ਓਹਨਾਂ ਨੇ ਮੱਕੇ ਦਾ ਹੱਜ ਕੀਤਾ, ਅਨੇਕ ਚਲੀਹੇ ਕੱਟੇ । ਮੁਸਲਮਾਨੀ ਮੁਲਕਾਂ ਵਿੱਚ ਕਈ ਸਾਲ ਫਿਰ ਕੇ ਮੁਸਲਮਾਨਾਂ ਨਾਲ ਮੁਹੱਬਤ ਪੈਦਾ ਕੀਤੀ, ਅਭੇਦ ਵਰਤਦੇ ਰਹੇ, ਓਹਨਾਂ ਨੇ ਦੂਈ ਨੂੰ ਦੂਰ ਕੀਤਾ ਹੋਇਆ ਸੀ । ਆਸ਼ਾ ਹੈ ਕਿ ਆਪ ਭੀ ਉਹੋ ਸਰੂਪ ਹੋ, ਉਸੇ ਰਸਤੇ ਚਲਣ ਵਾਲੇ ਹੋ, ਆਪ ਦੇ ਮਿਲਣ ਨੂੰ ਮੇਰਾ ਮਨ ਬਹੁਤ ਲੋਚਦਾ ਹੈ । ਜ਼ਰੂਰ ਦਰਸ਼ਨ ਦਿਓਗੇ ।''*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 762)*

ਔਰੰਗਜ਼ੇਬ ਦੀ ਇਹ ਚਿੱਠੀ ਜਦ ਗੁਰੂ ਜੀ ਕੋਲ ਪੁੱਜੀ, ਤਾਂ ਉਹਨਾਂ ਨੇ ਬੇਦੀਆਂ ਤੇ ਸੋਢੀਆਂ ਨੂੰ ਕਿਹਾ ਕਿ ਤੁਹਾਡੇ ਵਿੱਚੋਂ ਕੋਈ ਇੱਕ ਸਾਡਾ ਪ੍ਰਤੀਨਿਧ ਬਣ ਕੇ ਬਾਦਸ਼ਾਹ ਪਾਸ ਜਾਵੇ, ਪਰ ਓਹਨਾਂ ਵਿੱਚੋਂ ਕੋਈ ਵੀ ਇਸ ਲਈ ਤਿਆਰ ਨ ਹੋਇਆ, ਓੜਕ ਉਹਨਾਂ ਨੇ ਆਪਣੇ ਪੁੱਤਰ ਬਾਬਾ ਰਾਮਰਾਇ ਨੂੰ, ਜੋ ਉਸ ਵੇਲੇ ਪੰਦਰਾਂ ਸਾਲ ਦੀ ਆਯੂ ਵਿੱਚ ਸਨ, ਜਾਣ ਲਈ ਕਿਹਾ । ਉਹ ਝਟ-ਪਟ ਤਿਆਰ ਹੋ ਗਏ । (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 764; ਦਸਾਂ ਗੁਰਾਂ ਦਾ ਸੰਖੇਪ ਜੀਵਨ ਚਰਿਤ੍ਰ, ਪੰਨਾ 17 ਤੇ ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 281 ਆਦਿ)

ਕਈ ਇਤਿਹਾਸਕਾਰਾਂ ਨੇ ਇਹ ਲਿਖਿਆ ਹੈ ਕਿ ਗੁਰੂ ਜੀ ਆਪ ਦਿੱਲੀ ਇਸ ਲਈ ਨਹੀਂ ਸਨ ਗਏ ਕਿ ਉਹ ਮੁਸਲਮਾਨਾਂ ਦੇ ਮੱਥੇ ਨਹੀਂ ਲਗਣਾ ਚਾਹੁੰਦੇ ਸਨ । ਓਹ ਇਸ ਗੱਲ ਨੂੰ ਭੁਲ ਜਾਂਦੇ ਹਨ ਕਿ ਦਾਰਾ ਸ਼ਿਕੋਹ ਵੀ ਤਾਂ ਇਕ ਮੁਸਲਮਾਨ ਹੀ ਸੀ, ਜਿਸ ਦੀ ਗੁਰੂ ਜੀ ਨੇ ਸਹਾਇਤਾ ਕੀਤੀ ਸੀ । ਜੇ ਗੁਰੂ ਜੀ ਦੇ ਵਿਚਾਰ ਅਨੁਸਾਰ ਕਿਸੇ ਮੁਸਲਮਾਨ ਦੇ ਮੱਥੇ ਲਗਣਾ ਪਾਪ ਸੀ, ਤਾਂ ਉਹ ਦਾਰਾ ਸ਼ਿਕੋਹ ਦੀ ਕਦੇ ਵੀ ਸਹਾਇਤਾ ਨਾ ਕਰਦੇ ਅਤੇ ਸਿੱਖੀ ਸਿਧਾਂਤ ਅਨੁਸਾਰ ਆਪਣੇ ਪੰਜਵੇਂ ਰੂਪ ਵਿੱਚ ਮੁਸਲਮਾਨ ਭਗਤਾਂ ਦੀ ਬਾਣੀ ਕਦੇ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਾ

ਕਰਦੇ ਅਤੇ ਮੁਸਲਮਾਨ ਦੀ ਉਪਮਾ ''ਮੁਸਲਮਾਣੁ ਮੋਮ ਦਿਲਿ ਹੋਵੈ'' ਆਖ ਕੇ ਨਾ ਕਰਦੇ।

ਇਸ ਸੰਬੰਧ ਵਿੱਚ ਇੱਕ ਵਿਦਵਾਨ ਸ: ਮਾਨ ਸਿੰਘ ਜੀ ਨੇ ਇਹ ਵਿਚਾਰ ਪ੍ਰਗਟ ਕੀਤੇ ਹਨ ਕਿ :-

*''ਗੁਰੂ ਹਰਿਰਾਇ ਜੀ ਤਾਂ ਫੁਲ ਦਾ ਦਿਲ ਦੁਖਾਣਾ ਯੋਗ ਨਹੀਂ ਸਮਝਦੇ, ਇਹ ਕਿਵੇਂ ਹੋ ਸਕਦਾ ਹੈਕਿ ਕਿਸੇ ਸ਼੍ਰੇਣੀ ਵਿਰੁੱਧ ਕੋਈ ਫ਼ਤਵਾ ਲਾ ਜਾਂਦੇ। ਫੇਰ ਜੇ ਗੁਰੂ ਹਰਿਕ੍ਰਿਸ਼ਨ ਜੀ ਸ਼ਹਿਜ਼ਾਦੇ ਨੂੰ ਮਿਲ ਸਕਦੇ ਹਨ, ਤਾਂ ਹੋਰ ਤੁਰਕਾਂ ਵਿਰੁੱਧ ਆਪ ਨੂੰ ਕੀ ਸ਼ਕਾਇਤ ਹੋਣੀ ਸੀ ? ਉਹ ਔਰੰਗਜ਼ੇਬ ਨਾਲ ਕਿਸੇ ਤੱਅਸੁਬ ਕਰਕੇ ਕਿਵੇਂ ਮਿਲਣੋਂ ਨਾਂਹ ਕਰ ਸਕਦੇ ਸਨ ?''*

ਬਾਵਾ ਸਰੂਪ ਚੰਦ ਭੱਲਾ ਲਿਖਦੇ ਹਨ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਔਰੰਗਜ਼ੇਬ ਨਾਲ ਮਿਲਣੀ ਕੀਤੀ ਸੀ। ਔਰੰਗਜ਼ੇਬ ਇਸ ਮਿਲਣੀ ਤੇ ਵੱਡਾ ਖੁਸ਼ ਹੋਇਆ ਸੀ; ਜਿਹਾ ਕਿ :-

ਔਰੰਗਜ਼ੇਬ ਜਬ ਦਰਸ਼ਨ ਦੇਖਾ।
ਅਤਿ ਸੁੰਦਰ ਛਬ ਪ੍ਰਤਾਪ ਬਸੇਖਾ।
ਬਾਲਕ ਰੂਪ ਬਡਾ ਪਰਤਾਪ।
ਮੁਖ ਦੇਖਤ ਮਿਟੇ ਸੋਗ ਸੰਤਾਪ।
ਅਉਰੰਗਜ਼ੇਬ ਦੇਖਤ ਮਗਨਾਨੇ।
ਨਾਨਕ ਰੂਪ ਸਿਦਕ ਕਰ ਮਾਨੇ।

(ਮਹਿਮਾ ਪ੍ਰਕਾਸ਼, ਸਾਖੀ 189, ਪੰਨਾ 142-43)

ਹੋਰ ਵੀ ਕਈਆਂ ਗੁਰੂ ਹਰਿਕ੍ਰਿਸ਼ਨ ਜੀ ਤੇ ਔਰੰਗਜ਼ੇਬ ਦੀ ਮਿਲਣੀ ਵਰਨਣ ਕੀਤੀ ਹੈ। (ਵੇਖੋ ਮਹਿਮਾ ਪ੍ਰਕਾਸ਼, ਰਚਿਤ ਭਾਈ ਮੋਤਾ ਸਿੰਘ ਬੰਨੋਆਣੀ, ਪੰਨਾ 163 ਤੇ 144 ਤੇ ਅਜੀਤ ਜਲੰਧਰ, 20 ਜੁਲਾਈ, 1976)

ਇੱਕ ਵਿਦਵਾਨ ਨੇ ਤਾਂ ਇਹ ਵੀ ਲਿਖਿਆ ਹੈ ਕਿ ਇੱਕ ਵਾਰ ਦਾਰਾ ਸ਼ਿਕੋਹ ਨੂੰ ਦਸ ਤੋਲੇ ਹਰੜ ਦੀ ਲੋੜ ਪੈ ਗਈ। ਇਹ ਕਿਤੋਂ ਵੀ ਨਹੀਂ ਮਿਲਦੀ ਸੀ। ਗੁਰੂ ਹਰਿਰਾਇ ਜੀ ਨੇ ਆਪਣੇ ਦਵਾਖ਼ਾਨੇ ਵਿਚੋਂ ਦੇ ਦਿੱਤੀ ਸੀ। (ਵੇਖੋ ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 272)

ਹੁਣ ਸੋਚਣ ਵਾਲੀ ਗੱਲ ਹੈ ਕਿ ਜੇ ਗੁਰੂ ਜੀ ਨੂੰ ਸਾਰੇ ਮੁਸਲਮਾਨਾਂ ਤੋਂ ਘ੍ਰਿਣਾ ਸੀ, ਤਾਂ ਉਹਨਾਂ ਨੇ ਦਾਰਾ ਸ਼ਿਕੋਹ ਨੂੰ ਦੁਰਲੱਭ ਹਰੜ ਕਿਉ ਦਿੱਤੀ ਸੀ ?

ਇਤਿਹਾਸਕਾਰ ਦੱਸਦੇ ਹਨ ਕਿ ਜਦ ਰਾਮਰਾਇ ਔਰੰਗਜ਼ੇਬ ਕੋਲ ਗਿਆ, ਤਾਂ :-

*"ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਪਿਛਲੇ ਸਰਿਸ਼ਤੇ ਅਨੁਸਾਰ ਢਾਈ ਸੌ ਰੁਪਈਆ ਰਸਦ ਤੇ ਪੰਜ ਸੌ ਰੁਪਈਆ ਨਕਦ ਰੋਜ਼ਾਨਾ ਦਿੱਤਾ ਜਾਣ ਦਾ ਹੁਕਮ ਦਿੱਤਾ ਤੇ ਚਾਕਰ ਸੇਵਾ ਕਰਨ ਲਈ ਭੇਜ ਦਿੱਤੇ ਅਤੇ ਲੁੜੀਂਦਾ ਸਮਾਨ ਵੀ ਭੇਜ ਦਿੱਤਾ।"*

*(ਤਵਾਰੀਖ ਗੁਰੂ ਖ਼ਾਲਸਾ, ਪੰਨਾ 765)*

ਇਸੇ ਤਰ੍ਹਾਂ ਇੱਕ ਸੱਜਨ ਜੀ ਇਹ ਲਿਖਦੇ ਹਨ ਕਿ ਔਰੰਗਜ਼ੇਬ ਨੇ ਇਹ ਹੁਕਮ ਵੀ ਦਿੱਤਾ ਸੀ ਕਿ :-

*"ਗੁਰੂ ਰਾਮਰਾਇ ਨੂੰ ਠਹਿਰਾਉਣ ਦਾ ਚੰਗਾ ਪ੍ਰਬੰਧ ਕੀਤਾ ਜਾਏ। ਜਿਸ ਚੀਜ਼ ਦੀ ਲੋੜ ਹੋਵੇ, ਛੇਤੀ ਪੁਰਾਈ ਜਾਵੇ।"*

*(ਗੁਰੂ ਰਾਮਰਾਇ ਔਰ ਉਨ ਕੇ ਚਮਤਕਾਰ, ਪੰਨਾ 26)*

ਸਿੱਖ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਸ੍ਰੀ ਰਾਮਰਾਇ ਜੀ ਜਿੰਨਾ ਚਿਰ ਔਰੰਗਜ਼ੇਬ ਕੋਲ ਰਹੇ, ਉਹ ਉਹਨਾਂ ਨਾਲ ਪ੍ਰੇਮ ਤੇ ਸਤਿਕਾਰ ਭਰਿਆ ਵਰਤਾਉ ਕਰਦਾ ਰਿਹਾ। ਸ: ਬ: ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ :-

*"ਗੁਰੂ ਸਾਹਿਬਾਨ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਜੀ ਨੂੰ ਦਿੱਲੀ ਭੇਜਿਆ। ਸਾਹਿਬਜ਼ਾਦੇ ਨੇ ਚਤੁਰਾਈ ਨਾਲ ਬਾਦਸ਼ਾਹ ਨਾਲ ਪ੍ਰੇਮ ਉਤਪੰਨ ਕੀਤਾ।"* *(ਮਹਾਨ ਕੋਸ਼, ਪੰਨਾ 797)*

ਇਤਿਹਾਸ ਇਹ ਵੀ ਦੱਸਦਾ ਹੈ ਕਿ ਗੁਰੂ ਜੀ ਇੱਕ ਵਾਰ ਨੂਰ ਮਹਲ ਗਏ, ਤਾਂ ਉਥੇ ਕਿਸੇ ਨੇ ਆਪ ਦੀ ਸੇਵਾ ਨਾ ਕੀਤੀ। ਇੱਕ ਮੁਸਲਮਾਨ ਸਾਂਈ ਫ਼ਤਹ ਅਲੀ ਸ਼ਾਹ ਨੇ ਆਪ ਨੂੰ ਵੱਡਾ ਆਦਰ ਦਿੱਤਾ। (ਗੁਰਧਾਮ ਦੀਦਾਰ, ਪੰਨਾ 214)

ਸੋ ਗੱਲ ਕੀ, ਗੁਰ ਹਰਿਰਾਇ ਜੀ ਦੇ ਸੰਬੰਧ ਵੀ ਮੁਸਲਮਾਨਾਂ ਨਾਲ ਭੈੜੇ ਨਹੀਂ ਸਨ। ਹਾਂ, ਉਹਨਾਂ ਦਾ ਵਿਰੋਧੀ ਟੋਲਾ ਉਹਨਾਂ ਬਾਰੇ ਗ਼ਲਤ-ਫ਼ਹਿਮੀਆਂ ਫੈਲਾਉਣ ਵਿੱਚ ਸਦਾ ਰੁੱਝਾ ਰਹਿੰਦਾ ਸੀ, ਇੱਕ ਵਾਰ ਤਾਂ ਇਸ ਵਿਰੋਧੀ ਟੋਲੇ ਨੇ ਆਪ ਤੇ ਹੱਲਾ ਵੀ ਕਰਵਾ ਦਿੱਤਾ ਸੀ; ਜਿਹਾ ਕਿ ਲਿਖਿਆ ਹੈ ਕਿ :-

*"ਗੁਰੂ ਹਰਿਰਾਇ ਸਾਹਿਬ ਏਕ ਦਫ਼ਾ ਦਰਿਆਇ ਸਤਿਲੁਜ ਅਬੂਰ ਕਰ ਰਹੇ ਥੇ ਕਿ ਇਸੀ ਮੁਖਾਲਫ਼ ਟੋਲੇ ਨੇ ਗੁਰੂ ਸਾਹਿਬ ਪਰ ਮੁਹੰਮਦ ਯਾਰ ਬੇਗ ਸੇ ਹਮਲਾ ਕਰਵਾ ਦੀਆ। ਮਗਰ ਮੁਖ਼ਾਲਫ਼ ਕੋ ਮੁਕਾਬਲਾ ਮੇਂ ਮੂੰਹ ਕੀ ਖਾਨੀ ਪੜੀ।"* *(ਸਿੱਖ ਹਿੰਦੂ ਨਹੀਂ, ਪੰਨਾ 11)*

# ਔਰੰਗਜ਼ੇਬ ਤੇ ਗੁਰੂ ਹਰਿਕ੍ਰਿਸ਼ਨ ਜੀ

ਸਿੱਖ ਜਨਤਾ ਹਰਿਰਾਇ ਜੀ ਦੇ ਮਗਰੋਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਆਪਣਾ ਗੁਰੂ ਮੰਨਦੀ ਹੈ। ਆਪ ਗੁਰੂ ਹਰਿਰਾਇ ਜੀ ਦੇ ਛੋਟੇ ਸਪੁੱਤਰ ਸਨ। ਸਿੱਖ ਇਤਿਹਾਸ ਦੱਸਦਾ ਹੈ ਕਿ ਜਦ ਗੁਰੂ ਹਰਿਕ੍ਰਿਸ਼ਨ ਜੀ ਗੁਰੂ ਬਣੇ, ਤਾਂ ਉਹਨਾਂ ਦੇ ਵੱਡੇ ਭਰਾਤਾ ਬਾਬਾ ਰਾਮਰਾਇ ਜੀ ਨੇ ਉਹਨਾਂ ਦੇ ਵਿਰੁੱਧ ਗੋਂਦਾਂ ਗੁੰਦਣੀਆਂ ਤੇ ਪਾਤਸ਼ਾਹ ਕੋਲ ਸ਼ਕਾਇਤਾਂ ਕਰਨੀਆਂ ਅਰੰਭ ਦਿੱਤੀਆਂ। ਇੱਕ ਵਾਰ ਤਾਂ ਉਸ ਨੇ ਗੁਰੂ ਜੀ ਦੇ ਵਿਰੁੱਧ ਇੱਕ ਮੁਕੱਦਮਾ ਵੀ ਕਰ ਦਿੱਤਾ ਸੀ ਕਿ ਮੇਰੇ ਛੋਟੇ ਭਰਾ ਨੂੰ ਖ਼ੁਸ਼ਾਮਦੀਆਂ ਨੇ ਸੱਚਾ ਪਾਤਸ਼ਾਹ ਕਹਿਣਾ ਸ਼ੁਰੂ ਕਰ ਦਿੱਤਾ ਹੈ। ਉਹ ਅਜੇ ਪੰਜਾਂ ਵਰ੍ਹਿਆਂ ਦਾ ਹੈ। ਸਾਡਾ ਸਾਰਾ ਧਨ-ਪਦਾਰਥ ਦੂਜੇ ਲੋਕ ਨਸ਼ਟ ਕਰ ਰਹੇ ਹਨ। ਉਹ ਛੋਟਾ ਹੋਣ ਦੇ ਕਾਰਨ ਗੁਰਤਾ ਦਾ ਕੰਮ ਸੰਭਾਲ ਨਹੀਂ ਸਕਦਾ; ਇਸ ਲਈ ਗੁਰਿਆਈ ਦੀ ਗੱਦੀ ਉਸ ਨੂੰ ਦੁਆਈ ਜਾਵੇ। (ਤਵਾਰੀਖ ਗੁਰੂ ਖ਼ਾਲਸਾ, ਪੰਨਾ 121 ਤੇ ਤਵਾਰੀਖ਼ ਸ੍ਰੀ ਗੁਰੂ ਖ਼ਾਲਸਾ, ਪੰਨਾ 448)

ਬਾਬਾ ਰਾਮ ਰਾਇ ਨੇ ਜਦ ਇਹ ਮੁਕੱਦਮਾ ਪੇਸ ਕੀਤਾ, ਤਾਂ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

*"ਬਾਦਸ਼ਾਹ ਨੇ ਰਾਮਰਾਇ ਜੀ ਨੂੰ ਬਹੁਤ ਸਮਝਾਇਆ ਕਿ ਆਪਸ ਵਿੱਚ ਵਿਰੋਧ ਕਰਨਾ ਤੇ ਬਿਬਾਦ ਵਧਾਉਣਾ ਚੰਗਾ ਨਹੀਂ। ਜੇ ਤੈਨੂੰ ਦੌਲਤ ਦੀ ਲੋੜ ਹੈ, ਤਾਂ ਮੈਥੋਂ ਲੈ, ਜਿੱਥੇ ਆਖੇਂ ਉਥੇ ਮਕਾਨ ਚੰਗੇ ਬਣਵਾ ਕੇ ਜਾਗੀਰ ਲਾ ਦੇਵਾਂਗਾ। ਤੂੰ ਉਸ ਬਾਲਕ ਗੁਰੂ ਨਾਲ ਵਿਰੋਧ ਚੁਕਦਾ ਹੈਂ।... ਉਹ ਭੀ ਤੇਰਾ ਭਾਈ ਹੈ।... ਤੈਨੂੰ ਆਪਣੇ ਪਿਤਾ ਦਾ ਹੁਕਮ ਮੰਨਣਾ ਚਾਹੀਦਾ ਹੈ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 738)*

ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*"ਰਾਮਰਾਇ ਨੇ ਬਾਦਸ਼ਾਹ ਪਾਸ ਇਸ ਗੱਲ ਦੀ ਸ਼ਕਾਇਤ ਕੀਤੀ ਕਿ ਗੁਰੂ ਗੱਦੀ ਉਸ ਦਾ ਆਪਣਾ ਹੱਕ ਹੈ। ਇਹ ਵੀ ਦੱਸਿਆ ਕਿ ਮੈਨੂੰ ਗੁਰਗੱਦੀ ਤੋਂ ਇਸ ਲਈ ਵਾਂਝੇ ਰੱਖਿਆ ਗਿਆ ਹੈ ਕਿ ਮੇਰਾ ਹਕੂਮਤ ਨਾਲ ਮਿਲਵਰਤਨ ਹੈ।" (ਸਤਿਜੁਗ ਅੱਸੂ 2013)*

ਜਾਣੋ, ਰਾਮਰਾਇ ਨੇ ਨੀਤੀ ਤੋਂ ਕੰਮ ਲੈ ਕੇ ਗੁਰੂ ਜੀ ਨੂੰ ਹਾਣ ਪਹੁੰਚਾਉਣ ਦਾ ਜਤਨ ਕੀਤਾ, ਪਰ ਔਰੰਗਜ਼ੇਬ ਨੇ ਉਸ ਨੂੰ ਇਹ ਉੱਤਰ ਦਿੱਤਾ ਕਿ :-

*"ਤੇਰੇ ਪਾਸ ਸਾਡੀ ਦਿੱਤੀ ਜਾਗੀਰ ਹੈ। ਤੈਨੂੰ ਕਿਸੇ ਸ਼ੈ ਦਾ ਘਾਟਾ*

*ਨਹੀਂ। ਤੂੰ ਆਪਣੇ ਛੋਟੇ ਭਰਾ ਨੂੰ ਕਾਹਨੂੰ ਤੰਗ ਕਰਦਾ ਹੈ? ਉਹ ਵੀ ਤੇਰੇ ਪਿਤਾ ਦਾ ਪੁੱਤ ਹੈ। ਅੰਤ ਨੂੰ।" (ਸਿੱਖ ਇਤਿਹਾਸ, ਪੰਨਾ 29)*

ਇੱਕ ਹੋਰ ਸਿੱਖ ਵਿਦਵਾਨ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ :-

*"ਬਾਬਾ ਰਾਮਰਾਇ ਨੂੰ ਗੱਦੀਓਂ ਵਾਂਝਾ ਰਹਿ ਜਾਣ ਦਾ ਵੱਡਾ ਦੁਖ ਹੋਇਆ। ਡੇਹਰਾਦੂਨ ਦੇ ਸ਼ਾਹੀ ਦਰਬਾਰ ਵਿੱਚ ਆਪਣਾ ਮੁਕੱਦਮਾ ਪੇਸ਼ ਕੀਤਾ...*

*ਔਰੰਗਜ਼ੇਬ ਨੇ... ਫੈਸਲਾ ਦਿੱਤਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬੱਚੇ ਹਨ ਤੇ ਰਾਮਰਾਇ ਇਸ ਪਦਵੀ ਦੇ ਯੋਗ ਨਹੀਂ।"*

*(ਫ਼ਤਹਿ ਦਿੱਲੀ ਸਾਲਾਨਾ ਨੰਬਰ 1965)*

ਸ: ਬ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਔਰੰਗਜ਼ੇਬ ਨੇ ਰਾਮਰਾਇ ਨੂੰ ਡੇਹਰਾਦੂਨ ਵਿੱਚ ਚੋਖ਼ੀ ਜਾਗੀਰ ਦੇ ਦਿੱਤੀ ਸੀ। (ਮਹਾਨ ਕੋਸ਼, ਪੰਨਾ 3101)

ਪਰ ਜਦ ਔਰੰਗਜ਼ੇਬ ਦੀਆਂ ਏਹਨਾਂ ਗੱਲਾਂ ਦਾ ਰਾਮਰਾਇ ਤੇ ਕੋਈ ਅਸਰ ਨ ਹੋਇਆ, ਤਾਂ ਉਸ ਨੇ ਔਰੰਗਜ਼ੇਬ ਨੂੰ ਮਜਬੂਰ ਕਰਕੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਲਾਉਣ ਦਾ ਹੁਕਮ ਲਿਖਵਾ ਲਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਬਾਦਸ਼ਾਹ ਨੇ ਇਹ ਵੀ ਲਿਖ ਦਿੱਤਾ ਸੀ ਕਿ :-

*"ਆਪ ਦੇ ਵੱਡੇ ਭਰਾਤਾ ਰਾਮਰਾਇ ਦੇ ਹਠ ਕਰਨੇ ਪਰ ਆਪ ਨੂੰ ਤਕਲੀਫ਼ ਦੇਂਦਾ ਹਾਂ, ਕਿਰਪਾ ਕਰ ਕੇ ਦਿੱਲੀ ਆ ਕਰ ਦਰਸ਼ਨ ਦਿਓ। ਸੰਗਤ ਨੂੰ ਨਿਹਾਲ ਕਰੋ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 764)*

ਇਸ ਦੇ ਨਾਲ ਹੀ ਗਿਆਨੀ ਜੀ ਇਹ ਵੀ ਲਿਖਦੇ ਹਨ ਕਿ ਬਾਦਸ਼ਾਹ ਨੇ ਆਪਣੇ ਇੱਕ ਖ਼ਾਸ ਅਹਿਲਕਾਰ ਦੀਵਾਨ ਪਰਸਰਾਮ ਨੂੰ ਪੰਜਾਹ ਸਵਾਰ, ਇੱਕ ਰੱਥ ਤੇ ਇੱਕ ਪਾਲਕੀ ਗੁਰੂ ਜੀ ਦੀ ਸਵਾਰੀ ਲਈ ਦੇ ਕੇ ਗੁਰੂ ਜੀ ਨੂੰ ਲਿਆਉਣ ਲਈ ਕੀਰਤਪੁਰ ਭੇਜ ਦਿੱਤਾ ਸੀ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 783) ਜਦ ਗੁਰੂ ਜੀ ਦਿੱਲੀ ਪੁੱਜੇ, ਤਾਂ ਔਰੰਗਜ਼ੇਬ ਨੇ ਉਹਨਾਂ ਵਾਸਤੇ ਢਾਈ ਸੌ ਦੀ ਰਸਦ ਤੇ ਪੰਜ ਸੌ ਰੋਜ਼ਾਨਾ ਨੀਅਤ ਕਰ ਦਿੱਤਾ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 786)। ਇੱਕ ਹੋਰ ਇਤਿਹਾਸਕਾਰ ਲਿਖਦੇ ਹਨ ਕਿ ਬਾਦਸ਼ਾਹ ਨੇ ਰਾਜਾ ਜੈ ਸਿੰਘ ਦੀ ਰਾਹੀਂ ਗੁਰੂ ਜੀ ਨੂੰ ਦਿੱਲੀ ਸੱਦਿਆ ਸੀ ਤੇ ਉਥੇ ਗੁਰੂ ਲਈ ਪੰਜ ਸੌ ਰੁਪਈਆ ਰੋਜ਼ਾਨਾ ਨੀਅਤ ਕਰ ਦਿੱਤਾ ਸੀ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 448)

ਇਸ ਤੋਂ ਛੁੱਟ ਇਹ ਲਿਖਿਆ ਵੀ ਮਿਲਦਾ ਹੈ ਕਿ ਇੱਕ ਦਿਨ ਬਾਦਸ਼ਾਹ ਨੇ ਆਪਣਾ ਸ਼ਹਿਜ਼ਾਦਾ ਮੁਅੱਜ਼ਮ ਨੂੰ – ਜੋ ਅੱਗੇ ਚਲ ਕੇ ਬਾਦਸ਼ਾਹ ਬਣਿਆ – ਚਾਰ

ਮੁਸਾਹਿਬ ਤੇ ਖ਼ਿਲਅਤ ਦੇ ਕੇ ਗੁਰੂ ਜੀ ਕੋਲ ਭੇਜਿਆ ਸੀ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 786 ਤੇ ਇਤਿਹਾਸ ਸਿੱਖ ਗੁਰੂ ਸਾਹਿਬਾਨ, ਪੰਨਾ 299)

ਔਰੰਗਜ਼ੇਬ ਦੇ ਇਸ ਪ੍ਰੇਮ ਤੇ ਸਤਿਕਾਰ ਭਰੇ ਵਰਤਾਓ ਨੂੰ ਵੇਖ ਕੇ ਹੀ ਭਾਈ ਮੋਤਾ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਹਰਿਕ੍ਰਿਸ਼ਨ ਨੇ ਔਰਗਜ਼ੇਬ ਨੂੰ ਇਹ ਅਸੀਸ ਦਿੱਤੀ ਕਿ :-

ਰਾਜੀ ਰਖੇ ਖ਼ੁਦਾਇ ਤੁਮ ਕਹਿਓ ਗੁਰੂ ਤੁਰਕੇਸਾ ॥

(ਮਹਿਮਾ ਪ੍ਰਕਾਸ਼, ਪੰਨਾ 144)

ਅਰਥਾਤ – ਹੇ ਮੁਸਲਮਾਨ ਪਾਤਸ਼ਾਹ ! ਤੈਨੂੰ ਪ੍ਰਭੂ ਰਾਜ਼ੀ ਰੱਖੇ।

ਸਿੱਖ ਇਤਿਹਾਸ ਦੱਸਦਾ ਹੈ ਕਿ ਅਜੇ ਗੁਰੂ ਹਰਿਕ੍ਰਿਸ਼ਨ ਜੀ ਬਾਦਸ਼ਾਹ ਨੂੰ ਮਿਲੇ ਹੀ ਨਹੀਂ ਸਨ ਕਿ ਉਹਨਾਂ ਨੂੰ ਮਾਤਾ ਨਿਕਲ ਆਈ ਤੇ ਉਹ ਬੀਮਾਰ ਹੋ ਗਏ। ਜਦ ਔਰੰਗਜ਼ੇਬ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੂੰ ਵੱਡਾ ਸ਼ੋਕ ਹੋਇਆ। ਉਸ ਨੇ ਆਪਣੇ ਸ਼ਾਹੀ ਤਬੀਬ ਗੁਰੂ ਜੀ ਦੇ ਇਲਾਜ ਲਈ ਭੇਜੇ, ਪਰ ਗੁਰੂ ਜੀ ਬਚਪਨ ਦੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਏ। ਰਾਮਰਾਈਆਂ ਦੇ ਵਿਚਾਰ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਦਾ ਦੇਹਾਂਤ ਗੁਰੂ ਹਰਿਰਾਇ ਜੀ ਦੇ ਜੀਉਂਦਿਆਂ ਹੀ ਹੋ ਗਿਆ ਸੀ। (ਵੇਖੋ ਗੁਰੂ ਰਾਮਰਾਇ ਔਰ ਉਨ ਕੇ ਚਮਤਕਾਰ, ਪੰਨਾ 33 ਤੇ ਗੁਰੂ ਰਾਮਰਾਇ ਕਾ ਸੰਛਿਪਤ ਜੀਵਨ, ਪੰਨਾ 167)

ਇੱਕ ਸਿੱਖ ਵਿਦਵਾਨ ਨੇ ਇਸ ਗੁਰੂ ਜੀ ਦੇ ਦੇਹਾਂਤ ਬਾਰੇ ਇਹ ਲਿਖਿਆ ਹੈ ਕਿ :-

*"ਅੱਠਵੀਂ ਪਾਤਸ਼ਾਹੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਵਕਤ ਏਕ ਔਰ ਚਾਲ ਚਲੀ ਕਿ ਬਾਬਾ ਰਾਮਰਾਇ ਕੋ ਉਕਸਾ ਕਰ ਗੁਰੂ ਹਰਿਕ੍ਰਿਸ਼ਨ ਸਾਹਿਬ ਕੇ ਖ਼ਿਲਾਫ਼ ਦਾਅਵਾ ਕਰਾ ਦੀਆ; ਚੁਨਾਂਚਿ ਗੁਰੂ ਸਾਹਿਬ ਕੋ ਦਿਹਲੀ ਬੁਲਾਇਆ ਗਿਆ। ਆਪ ਦੇਹਲੀ ਤਸ਼ਰੀਫ਼ ਲੇ ਗਏ। ਬਾਦਸ਼ਾਹ ਨੇ ਫ਼ੈਸਲਾ ਗੁਰੂ ਸਾਹਿਬ ਕੇ ਹੱਕ ਮੇਂ ਦੀਆ। ਮਗਰ ਇਸ ਮੁਖ਼ਾਲਿਫ਼ ਟੋਲੇ ਕੀ ਸਾਜ਼ਸ਼ ਸੇ ਗੁਰੂ ਸਾਹਿਬ ਕੋ ਜ਼ਹਿਰ ਦੇ ਕਰ ਸ਼ਹੀਦ ਕਰਾਇਆ ਗਿਆ। ਜ਼ਹਿਰ ਕੇ ਸਬੱਬ ਸੇ ਮਹਾਰਾਜ ਕੇ ਮੁਕੱਦਸ ਜਿਸਮ ਪਰ ਆਬਲੇ ਪੜ ਗਏ, ਜਿਸ ਕੋ ਯਾਰ ਲੋਗੋਂ ਨੇ ਬਾਹਦ ਮੇਂ ਚੀਚਕ ਮਸ਼ਹੂਰ ਕਰ ਦੀਆ।" (ਸਿੱਖ ਹਿੰਦੂ ਨਹੀਂ, ਪੰਨਾ 11)*

ਇਸ ਤੋਂ ਵੀ ਇਹੋ ਪਤਾ ਲਗਦਾ ਹੈ ਕਿ ਔਰੰਗਜ਼ੇਬ ਨੇ ਰਾਮਰਾਇ ਦਾ ਦਾਅਵਾ ਖ਼ਾਰਜ ਕਰ ਦਿੱਤਾ ਸੀ।

ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*''ਗੁਰੂ ਜੀ ਦਿੱਲੀ ਨੂੰ ਤਿਆਰ ਹੋਏ ਅਤੇ ਉਹ ਰਾਜਾ ਜੈ ਸਿੰਘ ਦੀ ਹਵੇਲੀ ਜੋ ਕਿ ਬੰਗਲਾ ਦੇ ਨਾਂ ਤੇ ਮਸ਼ਹੂਰ ਸੀ ਤੇ ਇਹੋ ਹੁਣ ਗੁਰਦੁਆਰਾ ਬੰਗਲਾ ਸਾਹਿਬ ਹੈ, ਵਿੱਚ ਠਹਿਰੇ। ਔਰੰਗਜ਼ੇਬ ਇਥੇ ਹੀ ਆ ਕੇ ਗੁਰੂ ਜੀ ਨੂੰ ਮਿਲਿਆ।''*

*(ਅਜੀਤ ਜਾਲੰਧਰ, 20 ਜੁਲਾਈ 1976)*

ਗੁਰੂ ਹਰਿਕ੍ਰਿਸ਼ਨ ਜੀ ਜਦ ਗਏ, ਤਾਂ ਇੱਕ ਪ੍ਰਸਿੱਧ ਵਿਦਵਾਨ ਦੇ ਕਥਨ ਅਨੁਸਾਰ ਔਰੰਗਜ਼ੇਬ ਦਾ ਪੁੱਤਰ ਆਪ ਨੂੰ ਮਿਲਣ ਆਇਆ ਤੇ ਉਸ ਨੇ ਇਹ ਖ਼ਿਲਅਤ ਗੁਰੂ ਜੀ ਦੇ ਅਰਪਨ ਕੀਤਾ ਸੀ।

(ਤਵਾਰੀਖ਼ ਗੁਰੂ ਖ਼ਾਲਸਾ ਪੰਥ, ਪੰਨਾ 652)

# ਔਰੰਗਜ਼ੇਬ ਤੇ ਗੁਰੂ ਤੇਗ ਬਹਾਦੁਰ ਜੀ

ਗੁਰੂ ਹਰਿਕ੍ਰਿਸ਼ਨ ਜੀ ਤੋਂ ਮਗਰੋਂ ਕਈ ਸੋਢੀਆਂ ਨੇ ਸਿੱਖਾਂ ਦੇ ਗੁਰੂ ਹੋਣ ਦਾ ਦਾਅਵਾ ਕੀਤਾ, ਪਰ ਗੁਰੂ ਤੇਗ਼ ਬਹਾਦੁਰ ਜੀ ਹੀ ਨੌਵੇਂ ਗੁਰੂ ਮੰਨੇ ਗਏ। ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਜੀ ਆਪਣੇ ਸ਼ਾਂਤ ਸੁਭਾਉ ਤੇ ਏਕਾਂਤ ਰਹਿਣ ਦੇ ਕਾਰਨ ਇਹ ਜ਼ਿੰਮੇਵਾਰੀ ਚੁਕਣਾ ਨਹੀਂ ਚਾਹੁੰਦੇ ਸਨ, ਪਰ ਸੰਗਤ ਦੀ ਪ੍ਰੇਰਨਾ ਨਾਲ ਤਿਆਰ ਹੋ ਗਏ। ਆਪ ਦੀ ਵਿਰੋਧਤਾ ਸਾਰੇ ਹੀ ਸੋਢੀਆਂ ਨੇ ਕੀਤੀ। ਇੱਕ ਵਾਰ ਓਹਨਾਂ ਨੇ ਰਾਮਰਾਇ ਨੂੰ ਦਿੱਲੀ ਬੁਲਾ ਕੇ ਇਸ ਗੱਲ ਲਈ ਵੀ ਤਿਆਰ ਕੀਤਾ ਕਿ ਉਹ ਬਾਦਸ਼ਾਹ ਕੋਲ ਦਾਅਵਾ ਕਰਕੇ ਗੁਰੂ ਤੇਗ਼ ਬਹਾਦੁਰ ਨੂੰ ਗੁਰਿਆਈ ਦੀ ਗੱਦੀ ਤੋਂ ਬੇਦਖ਼ਲ ਕਰਾ ਦੇਵੇ ਤੇ ਆਪ ਗੁਰੂ ਬਣ ਜਾਵੇ। ਉਸ ਨੇ ਸੋਢੀਆਂ ਦੀ ਪ੍ਰੇਰਨਾ ਨਾਲ ਇੱਕ ਵਾਰ ਬਾਦਸ਼ਾਹ ਨੂੰ ਇਹ ਕਿਹਾ ਕਿ ਗੁਰਿਆਈ ਦੀ ਗੱਦੀ ਤੇ ਮੇਰਾ ਹੱਕ ਹੈ, ਪਰ ਮੇਰੀ ਗ਼ੈਰ-ਹਾਜ਼ਰੀ ਤੋਂ ਲਾਭ ਉਠਾ ਕੇ ਅਯਾਰ ਲੋਕਾਂ ਨੇ ਆਪਣੇ ਹੱਥ ਰੰਗਣ ਲਈ ਇੱਕ ਮਸਤ ਨੂੰ ਗੁਰੂ ਪ੍ਰਸਿੱਧ ਕਰ ਦਿੱਤਾ ਹੈ। ਸਾਡਾ ਸਾਰਾ ਘਰਾਣਾ ਉਸ ਨੂੰ ਗੁਰੂ ਮੰਨਣ ਤੋਂ ਇਨਕਾਰੀ ਹੈ, ਪਰ ਔਰੰਗਜ਼ੇਬ ਨੇ ਇਸ ਮਾਮਲੇ ਵਿੱਚ ਦਖ਼ਲ ਦੇਣੋਂ ਨਾਂਹ ਕਰ ਦਿੱਤੀ। (ਤਵਾਰੀਖ਼ ਗੁਰੂ ਖ਼ਾਲਸਾ ਪੰਥ, ਪੰਨਾ813)

ਇੱਕ ਹੋਰ ਸਿੱਖ ਵਿਦਵਾਨ ਦਾ ਕਥਨ ਹੈ :-

*''ਬਾਬਾ ਧੀਰਮਲ ਕੁਝ ਸਮੇਂ ਤੋਂ ਵਿਸ ਘੋਲ ਰਹੇ ਸਨ। ਔਰੰਗਜ਼ੇਬ ਦੇ ਓਹਨਾਂ ਕੰਨ ਭਰਨੇ ਅਰੰਭੇ। ਦਲੀਲਾਂ ਦਿੱਤੀਆਂ ਕਿ ਗੁਰੂ*

*ਹਰਿਰਾਇ ਸਾਹਿਬ ਜੀ ਨੇ ਉਸ ਦਾ ਗੁਰ ਗੱਦੀ ਵਾਲਾ ਹੱਕ ਖੋਹ ਲਿਆ ਹੈ। ਮੁਸਲਮਾਨਾਂ ਵਿੱਚ ਰਾਜ ਦੇ ਵਿਰੁੱਧ ਨਫ਼ਰਤ ਵੀ ਫ਼ੈਲਾ ਰਿਹਾ ਹੈ। ਹਿੰਦੂ ਰਾਜਿਆਂ ਨੂੰ ਸ਼ਹਿ ਦੇ ਰਿਹਾ ਹੈ। ਔਰੰਗਜ਼ੇਬ ਦੀ ਗੁਰੂ ਘਰ ਨਾਲ ਕੋਈ ਸਿੱਧੀ ਟੱਕਰ ਨਹੀਂ ਸੀ ਹੋਈ; ਇਸ ਲਈ ਉਸ ਨੇ ਬਹੁਤੇ ਕੰਨ ਨਾ ਦਿੱਤੇ।"* *(ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ, 1964)*

ਪੰਥ ਪ੍ਰਕਾਸ਼ ਵਿੱਚ ਇਹ ਲਿਖਿਆ ਮਿਲਦਾ ਹੈ ਕਿ ਇੱਕ ਵਾਰ ਰਾਮਰਾਇ ਨੇ ਗੁਰਗੱਦੀ ਦੀ ਪ੍ਰਾਪਤੀ ਲਈ ਦਾਅਵਾ ਵੀ ਕੀਤਾ ਸੀ, ਜਿਸ ਦਾ ਫ਼ੈਸਲਾ ਕਰਦਿਆਂ ਔਰੰਗਜ਼ੇਬ ਨੇ ਇਹ ਲਿਖਿਆ ਸੀ ਕਿ :-

ਅਰ ਖ਼ੁਦ ਜੀਵਤ ਪਿਦਰ ਤੁਮਾਰੇ ।
ਤੁਮ ਕੋ ਕਰ ਗਏ ਕਿਨਾਰੇ ।
ਹੁਕਮ ਤਮੀਲ ਉਨੈ ਕਾ ਸਿਖੈਂ ।
ਕੀਨੈ ਤੁਹਿ ਖੁਸ ਇਹੋ ਨ ਪਿਖੈਂ ।
ਤੌ ਕਹਿ ਅਬ ਤੁਹਿ ਕੈਸ ਪੁਜੈਹੈਂ ।
ਮੰਨੈ ਤੁ ਬੇਮੁਖ ਗੁਰੂ ਤੇ ਥੇਹੈਂ ।
ਯੌਂ ਹਮ ਸੋ ਨਹਿ ਸਕੈ ਦਿਲਾਏ ।
ਕਰੈਂ ਅਨਦਲ ਤੌਂ ਦੋਜਖ ਜਾਏ ।
ਹਮ ਜਗੀਰ ਤੁਹਿ ਹੇਤ ਗੁਜ਼ਾਰੇ ।
ਦੇਹੈ ਲੇਹੁ ਜਹਾਂ ਮਨ ਧਾਰੇ ।

ਰਾਮਰਾਇ ਇਹ ਮਾਨ ਕਰ,
ਲਈ ਜਾਗੀਰ ਲਿਖਾਇ ।
ਥਿਰਜੋ ਦੂਣ ਗੜ੍ਹਵਾਲ ਮਹਿ,
ਦੇਹੁਰਾ ਅਬ ਜੁ ਕਹਾਇ ।
ਅਰਜ਼ੀ ਖ਼ਾਰਜ ਜੋ ਭਈ,
ਰਾਮਰਾਇ ਕੀ ਐਸ ।
ਧੀਰ ਮਲ ਲੌ ਹਾਰ ਗੇ,
ਸੋਢੀ ਕਰਵਨ ਐਸ ।

(ਪੰਥ ਪ੍ਰਕਾਸ਼, ਪੰਨਾ 114)

ਜਦ ਧੀਰਮਲ ਆਦਿ ਸੋਢੀਆਂ ਦੀ ਵਿਰੋਧਤਾ ਹੱਦ ਤੋਂ ਵਧ ਗਈ, ਤਾਂ ਗੁਰੂ ਜੀ

ਨੇ ਆਪਣਾ ਘਰ ਤਿਆਗ ਦਿੱਤਾ ਤੇ ਤੀਰਥਾਂ ਨੂੰ ਚਲੇ ਗਏ। ਇਸ ਤੇ ਸੋਢੀਆਂ ਨੇ ਮਿਲ ਕੇ ਔਰੰਗਜ਼ੇਬ ਦੇ ਦਰਬਾਰ ਵਿੱਚ ਇਹ ਅਰਜ਼ੀ ਦੇ ਦਿੱਤੀ ਕਿ ਗੁਰੂ ਤੇਗ਼ ਬਹਾਦੁਰ ਜੀ ਗੱਦੀ ਛੱਡ ਕੇ ਚਲੇ ਗਏ ਹਨ, ਉਹਨਾਂ ਦਾ ਕੋਈ ਪਤਾ ਨਹੀਂ ਕਿ ਕਿਧਰ ਗਏ ਹਨ ਤੇ ਕਦ ਵਾਪਸ ਆਉਣ। ਗੁਰ-ਗੱਦੀ ਖ਼ਾਲੀ ਪਈ ਹੈ। ਇਸ ਤੇ ਰਾਮਰਾਇ ਨੂੰ ਗੁਰੂ ਨੀਯਤ ਕਰ ਦਿੱਤਾ ਜਾਵੇ ਤਾਂ ਜੁ ਗੱਦੀ ਖ਼ਾਲੀ ਨਾ ਰਹੇ; ਜਿਹਾ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

*"ਸੋਢੀਆਂ ਨੇ ਮਿਲ ਕੇ (ਗੁਰੂ ਕੇ ਤੀਰਥਾਂ ਨੂੰ ਗਿਆਂ ਪਿਛੋਂ) ਇਹ ਦਰਖ਼ਾਸਤ ਔਰੰਗਜ਼ੇਬ ਪਾਸ ਕਰ ਦਿੱਤੀ ਸੀ ਕਿ ਜਿਸ ਨੂੰ ਸਿੱਖਾਂ ਨੇ ਆਪੇ ਗੁਰੂ ਥਾਪ ਲੀਤਾ ਸੀ, ਉਹ ਤਾਂ ਸਾਡੇ ਨਾ ਮੰਨਣ ਕਰ ਕੇ ਸ਼ਰਮਿੰਦਾ ਹੋ ਕੇ ਕਿਧਰੇ ਚਲਾ ਗਿਆ ਹੈ। ਪਤਾ ਨਹੀਂ ਆਵੇ ਕਿ ਨਾ ਆਵੇ। ਹੁਣ ਗੁਰਗੱਦੀ ਸੁੰਞੀ ਪਈ ਹੈ। ਰਾਮਰਾਇ ਨੂੰ ਹੱਕਦਾਰ ਸਮਝ ਕੇ ਦਿੱਤੀ ਜਾਵੇ; ਕਿਉਂਕਿ ਇਸ ਤੋਂ ਬਿਨਾਂ ਗੁਰੂ ਹਰਿਕ੍ਰਿਸ਼ਨ ਜੀ ਦਾ ਨਜੀਕੀ ਹੱਕਦਾਰ ਭੀ ਕੋਈ ਨਹੀਂ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 855)*

ਔਰੰਗਜ਼ੇਬ ਬਾਦਸ਼ਾਹ ਨੇ ਇਸ ਦਾ ਜੋ ਫ਼ੈਸਲਾ ਕੀਤਾ, ਉਹ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਮੁਜਬ ਇਹ ਸੀ ਕਿ :-

*"ਪਹਿਲੇ ਤਾਂ ਗੁਰੂ ਹਰਿਰਾਇ ਜੀ ਇਸ ਦਾ ਬਾਪ ਇਸ ਨੂੰ ਆਕ ਕਰ ਕੇ ਆਪਣੇ ਹੱਕ ਅਰ ਜਾਇਦਾਦ ਤੋਂ ਖ਼ਾਰਜ ਕਰ ਗਿਆ ਹੈ। ਦੂਜੇ ਜਿਸ ਨੂੰ ਸਿੱਖਾਂ ਨੇ ਗੁਰੂ ਥਾਪ ਲੀਤਾ ਹੈ। ਓਹ ਗੁਰੂ ਹੋਇਆ ਹੈ, ਕਿਉਂਕਿ ਗੁਰੂ ਪੀਰ ਮੁਰੀਦਾਂ ਦਾ ਮੰਨਿਆਂ ਹੋਇਆ ਹੁੰਦਾ ਹੈ; ਨਾਕਿ ਸ਼ਰੀਕਾਂ ਦਾ। ਜਾਂ ਉਸ ਦਾ ਰਾਜ਼ੀਨਾਮਾ ਆਵੇ। ਤਦ ਫੇਰ ਭੀ ਜਿਸ ਨੂੰ ਮੁਰੀਦ ਮੰਨਣ, ਗੁਰੂ ਉਹ ਹੋਵੇਗਾ, ਹੋਰ ਨਹੀਂ ਹੋ ਸਕਦਾ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 855)*

ਔਰੰਗਜ਼ੇਬ ਨੇ ਸੋਢੀਆਂ ਦੀ ਇਸ ਦਰਖ਼ਾਸਤ ਦਾ ਜੋ ਫ਼ੈਸਲਾ ਕੀਤਾ, ਉਹ ਵੱਡਾ ਸੋਹਣਾ ਤੇ ਨਿਆਇ ਪੂਰਬਕ ਹੈ। ਉਸ ਦੇ ਇੱਕ ਇੱਕ ਅੱਖਰ ਤੋਂ ਔਰੰਗਜ਼ੇਬ ਦੀ ਰੂਹ ਬੋਲ ਰਹੀ ਹੈ। ਜੇ ਔਰੰਗਜ਼ੇਬ ਦੇ ਮਨ ਵਿੱਚ ਗੁਰੂ ਜੀ ਬਾਰੇ ਭੈੜੇ ਵਿਚਾਰ ਹੁੰਦੇ, ਜਾਂ ਉਹ ਗੁਰੂ ਜੀ ਨੂੰ ਹਾਣ ਪਹੁੰਚਾਉਣਾ ਚਾਹੁੰਦਾ, ਤਾਂ ਉਹ ਰਾਮਰਾਇ ਦੇ ਹੱਕ ਵਿੱਚ ਫ਼ੈਸਲਾ ਦੇ ਕੇ ਸਭ ਕੁਝ ਕਰ ਸਕਦਾ ਸੀ ਤੇ ਇਸ ਤਰ੍ਹਾਂ ਉਹ ਆਪ ਲਾਂਭੇ ਰਹਿ ਕੇ ਹੀ ਤਮਾਸ਼ਾ ਵੇਖ ਸਕਦਾ ਸੀ, ਪਰ ਉਸ ਨੇ ਅਜਿਹਾ ਨਾ ਕੀਤਾ, ਸਗੋਂ ਨਿਆਇ ਨੂੰ

ਹੀ ਮੁੱਖ ਰੱਖਿਆ, ਹਾਲਾਂਕਿ ਰਾਮਰਾਇ ਨਾਲ ਉਸ ਦੇ ਮਿੱਤਰਤਾ ਭਰੇ ਸੰਬੰਧ ਸਨ ਤੇ ਗੁਰੂ ਜੀ ਨਾਲ ਕੋਈ ਵੱਡਾ ਮੇਲ-ਜੋਲ ਨਹੀਂ ਸੀ।

ਇਤਿਹਾਸਕਾਰ ਦੱਸਦੇ ਹਨ ਕਿ ਜਦ ਗੁਰੂ ਜੀ ਬਾਦਸ਼ਾਹ ਦੇ ਸੱਦੇ ਤੇ ਦਿੱਲੀ ਗਏ, ਤਾਂ ਉਹਨਾਂ ਦਾ ਵੱਡਾ ਸਤਿਕਾਰ ਕੀਤਾ ਗਿਆ, ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਬਾਦਸ਼ਾਹ ਨੇ ਗੁਰੂ ਜੀ ਦਾ ਆਉਣਾ ਸੁਣ ਕੇ ਹੁਕਮ ਦਿੱਤਾ ਕਿ :-

*"ਜਿਸ ਸਵਾਰੀ ਤੇ ਹਿੰਦੂਆਂ ਦਾ ਪੀਰ ਖ਼ੁਸ਼ ਹੋ ਕੇ ਆਵੇ, ਉਸ ਤੇ ਅਦਬ ਤੇ ਸਤਿਕਾਰ ਨਾਲ ਲੈ ਆਓ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 855)*

ਅਤੇ ਜਦ ਗੁਰੂ ਜੀ ਬਾਦਸ਼ਾਹ ਦੇ ਦਰਬਾਰ ਗਏ, ਤਾਂ ਉਥੇ ਵੀ ਆਪ ਦਾ ਵੱਡਾ ਸਤਿਕਾਰ ਕੀਤਾ ਗਿਆ, ਜਿਹਾ ਕਿ ਲਿਖਿਆ ਹੈ ਕਿ :-

*"ਬਾਦਸ਼ਾਹ ਨੇ ਗੁਰੂ ਜੀ ਨੂੰ ਸਿੱਖਾਂ ਸਮੇਤ ਕਚਹਿਰੀ ਬੁਲਾ ਕੇ ਬਹੁਤ ਆਦਰ ਮਾਨ ਕੀਤਾ ਅਤੇ ਉਸੇ ਚੰਨਣ ਦੀ ਚੌਕੀ ਉੱਥੇ ਜਿਸ ਤੇ ਉਸ ਦਾ ਪੀਰ ਬੈਠਦਾ ਸੀ, ਗੁਰੂ ਜੀ ਬੈਠਾਏ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 888)*

ਕਵੀ ਪ੍ਰੇਮ ਸਿੰਘ ਜੀ ਨੇ ਇਸ ਬਾਰੇ ਇਹ ਵਰਨਣ ਕੀਤਾ ਹੈ ਕਿ :-

ਪਿਖ ਨੌਰੰਗੇ ਸਤਿਗੁਰ ਸਬ ਆਏ ।
ਉਠਯੋ ਸਭਾ ਉਤ ਸੀਸ ਨਿਵਾਏ ।
ਰਚਰ ਸਿੰਘਾਸ਼ਨ ਰਖਯੋ ਬਨਾਇ ।
ਸਤਕਾਰਤ ਗੁਰ ਤਿਹ ਬੈਠਾਏ ।

ਪੀਰਨ ਪੀਰ ਜੋ ਜਾਤ ਖੁਦਾਇ ।
ਕਰੀ ਮਿਹਰ ਇਤ ਪਗ ਕੋ ਪਾਇ ।

(ਸ਼੍ਰੀ ਗੁਰਪੁਰ ਪ੍ਰਕਾਸ਼, ਮਹਲਾ 9, ਪੰਨਾ 51)

ਕਈ ਇਤਿਹਾਸਕਾਰ ਦੱਸਦੇ ਹਨ ਕਿ ਬਾਦਸ਼ਾਹ ਨੇ ਕਸ਼ਮੀਰ ਦੇ ਲੋਕਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣ ਲਈ ਹੁਕਮ ਜਾਰੀ ਕੀਤਾ ਸੀ। ਤੇ *ਕਸ਼ਮੀਰ ਦੇ

---

**ਇਕ ਹਿੰਦੂ ਵਿਦਵਾਨ ਦਾ ਕਥਨ ਹੈ :*

*"ਯਿਹ ਕਹਿਨਾ ਕਿ ਔਰੰਗਜ਼ੇਬ ਨੇ ਕਸ਼ਮੀਰ ਕੇ ਪੰਡਤੋਂ ਕੋ ਜਬਰਨ ਮੁਸਲਮਾਨ ਬਨਾਨੇ ਕੇ ਲੀਏ ਕੋਈ ਹੁਕਮ ਜਾਰੀ ਕੀਆ ਥਾ, ਗ਼ਲਤ ਬਿਲਕੁਲ ਗ਼ਲਤ ਹੈ।   (ਹਿੰਦੂ ਜਾਤੀ ਔਰ ਸਿੱਖ ਗੁਰੂ, ਪੰਨਾ 15)*

ਪੰਡਿਤ ਗੁਰੂ ਜੀ ਕੋਲ ਫ਼ਰਿਆਦੀ ਹੋਏ ਸਨ ਓਹਨਾਂ ਨੇ ਇਹ ਕਿਹਾ ਸੀ ਕਿ ਔਰੰਗਜ਼ੇਬ ਨੂੰ ਇਹ ਕਹਿ ਦਿਓ ਕਿ ਜੇ ਗੁਰੂ ਤੇਗ ਬਹਾਦੁਰ ਜੀ ਮੁਸਲਮਾਨ ਬਣ ਜਾਣ, ਤਾਂ ਅਸੀਂ ਵੀ ਇਸਲਾਮ ਧਰਮ ਵਿੱਚ ਪ੍ਰਵੇਸ਼ ਕਰ ਲਵਾਂਗੇ। *ਪਰ ਗਿਆਨੀ ਗਿਆਨ ਸਿੰਘ ਜੀ ਦੱਸਦੇ ਹਨ ਕਿ ਇਹ ਸਭ ਚਾਲ ਗੁਰੂ ਜੀ ਦੇ ਵੈਰੀਆਂ ਦੀ ਸੀ। ਓਹਨਾਂ ਨੇ ਜਦ ਪੂਰਾ ਟਿੱਲ ਲਾ ਕੇ ਵੇਖ ਲਿਆ ਤੇ ਗੁਰੂ ਜੀ ਤੇ ਗੋਲੀਆਂ ਚਲਾ ਕੇ ਵੇਖ ਲਈਆਂ, ਪਰ ਉਹ ਗੁਰੂ ਜੀ ਦਾ ਵਾਲ ਵੀ ਵਿੰਗਾ ਨਾ ਕਰ ਸਕੇ, ਤਾਂ ਓਹਨਾਂ ਨੇ ਇੱਕ ਬੰਨੇ ਬਾਦਸ਼ਾਹ ਨੂੰ ਚੁੱਕਿਆ ਤੇ ਦੂਜੇ ਬੰਨੇ ਬ੍ਰਾਹਮਣਾਂ ਤੋਂ ਇਹ ਅਰਜ਼ੀ ਦੁਆਈ ਕਿ ਜੇ ਗੁਰੂ ਤੇਗ ਬਹਾਦੁਰ ਨੇ ਇਸਲਾਮ ਧਾਰਨ ਕਰ ਲਿਆ, ਤਾਂ ਓਹ ਵੀ ਮੁਸਲਮਾਨ ਬਣ ਜਾਣਗੇ; ਜਿਹਾ ਕਿ ਲਿਖਿਆ ਹੈ ਕਿ :-

*"ਸੋਢੀ ਸਾਹਿਬਾਂ ਨੇ ਜੋ ਗੁਰੂ ਨਾਲ ਸ਼ਰੀਕਾ ਤੇ ਵਾਦ ਵਿਵਾਦ ਰਖਦੇ ਸੇ। ਖੱਤ੍ਰੀਆਂ ਬ੍ਰਾਹਮਣਾਂ ਨੂੰ ਚੁਕ ਚੁਕਾ ਕੇ ਨਵਾਬ ਜ਼ਾਲਮ ਖ਼ਾਂ ਪਾਸ ਅਰਜ਼ੀ ਦੁਆ ਦਿੱਤੀ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 811)*

ਅਰਥਾਤ :-

*"ਬਾਜ਼ ਬਜ਼ੁਰਗੋਂ ਕੀ ਜ਼ਬਾਨੀ ਯਿਹ ਸੁਨਾ ਜਾਤਾ ਹੈ ਕਿ ਧੀਰਮਲ ਵਾ ਰਾਮਰਾਇ ਵਗੈਰਾ ਨੇ ਜੋ ਇਨ ਸੇ ਸਖ਼ਤ ਦੁਸ਼ਮਨੀ ਰਖਤੇ ਥੇ। ਹਿੰਦੂਓਂ ਸੇ ਵਰਗਲਾ ਕਰ ਇਸ ਕਿਸਮ ਕੀ ਅਰਜ਼ੀ ਬਾਦਸ਼ਾਹ ਕੇ ਪਾਸ ਭਿਜਵਾ ਦੀ।" (ਤਵਾਰੀਖ਼ ਗੁਰੂ ਖ਼ਾਲਸਾ ਉਰਦੂ, ਪੰਨਾ 129)*

ਲਾਲਾ ਦੌਲਤ ਰਾਇ ਜੀ ਨੇ ਇਸ ਘਟਨਾ ਬਾਰੇ ਇਹ ਲਿਖਿਆ ਹੈ ਕਿ :-

*"ਕਹਿਤੇ ਹੈਂ ਕਿ ਯਿਹ ਬ੍ਰਾਹਮਨੋਂ ਕੀ ਦੋ ਰੁਖੀ ਚਾਲ ਥੀ, ਕਿਉਂਕਿ ਬ੍ਰਾਹਮਨ ਗੁਰੂ ਕੋ ਅਪਨਾ ਪੇਸ਼ਵਾ ਤਸਲੀਮ ਨ ਕਰਤੇ ਥੇ। ਚਾਲ ਯਿਹ ਥੀ ਕਿ ਅਗਰ ਔਰੰਗਜ਼ੇਬ ਨੇ ਗੁਰੂ ਕੋ ਮੁਸਲਮਾਨ ਬਨਾ ਲਿਆ, ਤੋ ਬ੍ਰਾਹਮਨੋਂ ਕੇ ਦੀਨ ਦਾ ਦੁਸ਼ਮਨ ਉਠ ਗਿਆ, ਅਗਰ ਤੇਗ ਬਹਾਦੁਰ ਨੇ ਜੌਹਰ ਦਿਖਾਇਆ ਔਰ ਮੁਸਲਮਾਨੋਂ ਕੋ ਮੁਕਾਬਲਾ ਮੇਂ ਉਹਦਾਬਰਾ ਹੁਆ ਤੋਂ ਤਾਹਮ ਉਨ ਕਾ ਸਖ਼ਤ ਦੁਸ਼ਮਨ ਜਾਨੀ ਦਫ਼ਾ ਹੁਆ।"*

*(ਸ੍ਵਾਨਿਹ ਉਮਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ 69)*

ਇਸ ਦੇ ਨਾਲ ਹੀ ਓਹਨਾਂ ਨੇ ਬ੍ਰਾਹਮਣਾਂ ਨੂੰ ਚੁਕ ਚੁਕਾ ਕੇ ਗੁਰੂ ਜੀ ਕੋਲ ਵੀ ਭੇਜ ਦਿੱਤਾ ਕਿ ਉਹ ਓਹਨਾਂ ਨੂੰ ਮੁਸਲਮਾਨ ਹੋਣ ਤੋਂ ਬਚਾਉਣ, ਜਿਹਾ ਕਿ ਗਿਆਨੀ

** ਕਸ਼ਮੀਰ ਵਿਚ ਔਰੰਗਜ਼ੇਬ ਤੋਂ ਚੋਖਾ ਸਮਾਂ ਪਹਿਲਾਂ ਕਸ਼ਮੀਰੀਆਂ ਦੀ ਬਹੁ-ਗਿਣਤੀ ਮੁਸਲਮਾਨ ਬਣ ਚੁਕੀ ਸੀ।" (ਮਹਾਨ ਕੋਸ਼, ਪੰਨਾ 855)*

ਜੀ ਲਿਖਦੇ ਹਨ ਕਿ :-

*"ਕਈ ਦੂਰ-ਅੰਦੇਸ਼ ਦਾਨਾਵਾਂ ਦੀ ਰਾਇ ਹੈ ਕਿ ਇਹ ਸਭ ਚਾਲ ਗੁਰੂ ਤੇਗ ਬਹਾਦੁਰ ਜੀ ਦੇ ਸ਼ਰੀਕ ਭਾਈਆਂ ਦੀ ਸੀ, ਜੋ ਪਹਿਲੇ ਦਿਨ ਤੋਂ ਹੀ ਉਹਨਾਂ ਨਾਲ ਬੁਰਾਈਆਂ ਕਰਦੇ ਸੀ। ਹੁਣ ਓਹਨਾਂ ਨੇ-ਵੈਰੀ ਦੀ ਛਾਤੀ ਤੇ ਸੱਪ ਸਿਟਣ ਵਾਂਗੂੰ ਇਹ ਚਾਲ ਚਲੀ ਕਿ ਜੇ ਤਾਂ ਗੁਰੂ ਜੀ ਬ੍ਰਾਹਮਣਾਂ ਦੀ ਬੇਨਤੀ ਮੰਨ ਕੇ ਅੱਗੇ ਹੋ ਖੜੋਤਾ, ਤਾਂ ਔਰੰਗਜ਼ੇਬ ਨੇ ਇਸ ਨੂੰ ਕਤਲ ਕਰਾ ਦੇਣਾ ਹੈ, ਪਿੱਛੋਂ ਗੱਦੀ ਗੁਰਿਆਈ ਅਸੀਂ ਸਾਂਭਾਂਗੇ।... ਦੂਜੀ ਚਾਲ ਜੇ ਗੁਰੂ ਜੀ ਨੇ ਹਿੰਦੂ ਧਰਮ ਦੀ ਮਦਦ ਨਾ ਕੀਤੀ, ਤਾਂ ਬ੍ਰਾਹਮਣ ਇਹਨਾਂ ਦੇ ਬੂਹੇ ਕਟਾਰੀਆਂ ਖਾ ਕੇ ਮਰ ਰਹਿਣਗੇ। ਦੇਸ ਵਿੱਚ ਗੁਰੂ ਦੀ ਨਿੰਦਾ ਹੋਊ। ਉਹਨਾਂ ਨੂੰ ਛੱਡ ਕੇ ਲੋਕ ਸਾਨੂੰ ਮੰਨਣ ਲੱਗ ਪੈਣਗੇ।" (ਤਵਾਰੀਖ ਗੁਰੂ ਖ਼ਾਲਸਾ, ਪੰਨਾ 869)*

ਇੱਕ ਵਿਦਵਾਨ ਜੀ ਦੇ ਕਥਨ ਅਨੁਸਾਰ ਕਸ਼ਮੀਰੀ ਪੰਡਤਾਂ ਦੇ ਇਸ ਵਫ਼ਦ ਵਿੱਚ ਸ਼ੀਆ ਮੁਸਲਮਾਨ ਵੀ ਸ਼ਾਮਲ ਸਨ, ਜਿਹਾ ਕਿ :-

*"ਜਬ ਬ੍ਰਾਹਮਣੋਂ ਕਾ ਵਫ਼ਦ ਗੁਰੂ ਤੇਗ ਬਹਾਦੁਰ ਜੀ ਕੀ ਖ਼ਿਦਮਤ ਮੇਂ ਹਾਜ਼ਰ ਹੁਆ ਤੋ ਬਹੁਤ ਸੇ ਸ਼ੀਆ ਭੀ ਔਰ ਸੂਫ਼ੀ ਮਨੁਸ਼ ਮੁਸਲਮਾਨ ਭੀ ਉਨ ਕੇ ਸਾਥ ਹੋ ਲੀਏ ਥੇ।"*

*(ਸ਼ੇਰਿ ਪੰਜਾਬ ਦਿੱਲੀ, ਸ਼ਹੀਦੀ ਨੰਬਰ 1975)*

ਪ੍ਰੋ: ਕਰਤਾਰ ਸਿੰਘ ਜੀ ਐਮ. ਏ. ਨੇ ਇਸ ਬਾਰੇ ਇਹ ਲਿਖਿਆ ਹੈ :-

*"ਗੁਰੂ ਤੇਗ ਬਹਾਦੁਰ ਜੀ ਨਾਲ ਈਰਖਾ ਰੱਖਣ ਵਾਲਿਆਂ ਨੇ ਗੁਰੂ ਸਾਹਿਬ ਨੂੰ ਆਪਣੇ ਰਾਹੋਂ ਦੂਰ ਕਰਨ ਦਾ ਅਨੋਖਾ ਢੰਗ ਸੋਚਿਆ। ਓਹਨਾਂ ਨੇ ਪੰਡਿਤਾਂ ਨੂੰ ਸਲਾਹ ਦਿੱਤੀ ਕਿ 'ਗੁਰੂ ਤੇਗ ਬਹਾਦੁਰ ਜੀ' ਦੇ ਦਰ ਤੇ ਜਾ ਕੇ ਹਾਲ ਪੁਕਾਰ ਕਰੋ।" (ਜੀਵਨ ਕਥਾ, ਪੰਨਾ 46)*

ਹੁਣ ਦੀ ਖੋਜ ਦੱਸਦੀ ਹੈ ਕਿ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦੁਰ ਜੀ ਕੋਲ ਆਏ ਹੀ ਨਹੀਂ ਸਨ। ਪ੍ਰਾਚੀਨ ਪੁਸਤਕਾਂ ਵਿੱਚ ਇਸ ਦਾ ਕੋਈ ਵਰਣਨ ਨਹੀਂ, ਜਿਹਾ ਕਿ ਡਾ: ਸੁਰਿੰਦਰ ਸਿੰਘ ਜੀ ਦੋਸਾਂਝ ਲਿਖਦੇ ਹਨ :-

*"ਸਰੂਪ ਦਾਸ ਭੱਲਾ ਦੇ ਮਹਿਮਾ ਪ੍ਰਕਾਸ਼ ਤੇ ਕੇਸਰ ਸਿੰਘ ਛਿੱਬਰ ਬੰਸਾਵਲੀਨਾਮ ਵਿੱਚ ਵੀ ਕਸ਼ਮੀਰੀ ਪੰਡਿਤਾਂ ਵਾਲੀ ਕਥਾ ਦਾ ਕਿਤੇ ਜ਼ਿਕਰ ਨਹੀਂ ਆਉਂਦਾ।"*

*(ਗੁਰੂ ਤੇਗ ਬਹਾਦੁਰ ਜੀ ਬਾਰੇ ਸੱਚ ਦੀ ਖੋਜ, ਪੰਨਾ 29)*

ਅਰਥਾਤ :-

*"ਦੱਸਿਆ ਜਾਂਦਾ ਹੈ ਕਿ ਮੁਸਲਮਾਨ ਸੂਬੇਦਾਰ ਸ਼ੇਰ ਅਫ਼ਗਾਨ ਖਾਂ ਦੇ ਅਤਿਆਚਾਰਾਂ ਦੇ ਗ੍ਰਸੇ ਹੋਏ ਕਸ਼ਮੀਰੀ ਪੰਡਤਾਂ ਦਾ ਇੱਕ ਡੈਪੂਟੇਸ਼ਨ ਗੁਰੂ ਸਾਹਿਬ ਕੋਲ ਸਹਾਇਤਾ ਦਾ ਫ਼ਰਿਆਦੀ ਹੋਇਆ।... ਕਸ਼ਮੀਰੀ ਪੰਡਿਤਾਂ ਵਾਲੀ ਕਹਾਣੀ ਜਚਵੀਂ ਨਹੀਂ।"*

*(ਸਮਾਜਕ ਵਿਗਿਆਨ ਪਤ੍ਰ, ਜੁਲਾਈ-ਦਸੰਬਰ 1967)*

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਦੇ ਵੈਰੀ ਸੋਢੀਆਂ ਦੀ ਇਹ ਵੱਡੀ ਭਿਆਨਕ ਚਾਲ ਸੀ। ਇਕ ਬੰਨੇ ਤਾਂ ਓਹਨਾਂ ਨੇ ਔਰੰਗਜ਼ੇਬ ਪਾਸ ਬ੍ਰਾਹਮਣਾਂ ਪਾਸੋਂ ਇਹ ਦਰਖ਼ਾਸਤ ਦੁਆ ਦਿੱਤੀ ਕਿ ਜੇ ਗੁਰੂ ਤੇਗ ਬਹਾਦੁਰ ਜੀ ਇਸਲਾਮ ਧਰਮ ਵਿੱਚ ਪ੍ਰਵੇਸ਼ ਕਰ ਲੈਣਗੇ, ਤਾਂ ਉਹ ਵੀ ਮੁਸਲਮਾਨ ਬਣ ਜਾਣਗੇ ਅਤੇ ਦੂਜੇ ਬੰਨੇ ਓਹਨਾਂ ਨੇ ਬ੍ਰਾਹਮਣਾਂ ਨੂੰ ਗੁਰੂ ਜੀ ਪਾਸ ਭੇਜਿਆ ਕਿ ਓਹਨਾਂ ਨੂੰ ਮੁਸਲਮਾਨ ਹੋਣ ਤੋਂ ਬਚਾਇਆ ਜਾਵੇ। ਔਰੰਗਜ਼ੇਬ ਓਹਨਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣਾ ਚਾਹੁੰਦਾ ਹੈ। ਇਥੇ ਅਸੀਂ ਇਹ ਦਸ ਦੇਣਾ ਚਾਹੁੰਦੇ ਹਾਂ ਕਿ ਕਈਆਂ ਦਾ ਵਿਚਾਰ ਹੈ ਕਿ ਔਰੰਗਜ਼ੇਬ ਰੋਜ਼ਾਨਾ ਸਵਾ ਮਣ ਜਨੇਊ ਉਤਰਵਾਉਣ ਮਗਰੋਂ ਅਨ-ਜਲ ਛਕਦਾ ਸੀ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਦਾ ਇਹ ਕਥਨ ਹੈ :-

*"ਇਹ ਗੱਲ ਪ੍ਰਸਿੱਧ ਹੋ ਗਈ ਹੈ ਕਿ ਔਰੰਗਜ਼ੇਬ ਰੋਜ਼ਾਨਾ ਸਵਾ ਮਣ ਜੰਞੂ ਉਤਾਰਨ ਮਗਰੋਂ ਭੋਜਨ ਕਰਦਾ ਸੀ, ਪਰ ਇਹ ਗੱਲ ਝੂਠ ਹੈ।"* *(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 277)*

ਇਹ ਠੀਕ ਹੈ ਕਿ ਗੁਰੂ ਤੇਗ ਬਾਹਦੁਰ ਜੀ ਦੇ ਦੇਹਾਂਤ ਬਾਰੇ ਵਰਤਮਾਨ ਸਮੇਂ ਦੇ ਸਿੱਖ ਵਿਦਵਾਨ ਜੋ ਕੁਝ ਵਰਨਣ ਕਰਦੇ ਹਨ, ਉਹ ਇੱਕ ਸ਼ੋਕਦਾਇਕ ਘਟਨਾ ਹੈ। ਅਸੀਂ ਉਸ ਬਾਰੇ ਕੁਝ ਹੋਰ ਆਖਣ ਦੀ ਥਾਂ ਇਸ ਵੇਲੇ ਇੰਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਇਸ ਵਿੱਚ ਬਹੁਤ ਵੱਡਾ ਤੇ ਡੂੰਘਾ ਹੱਥ ਗੁਰੂ ਜੀ ਦੇ ਵੈਰੀਆਂ ਦਾ ਸੀ। ਇਤਿਹਾਸਕਾਰ ਤਾਂ ਇਹ ਵੀ ਲਿਖਦੇ ਹਨ ਕਿ ਜਦ ਗੁਰੂ ਤੇਗ ਬਹਾਦੁਰ ਜੀ ਦਾ ਦੇਹਾਂਤ ਹੋਇਆ ਸੀ, ਤਾਂ ਬਾਦਸ਼ਾਹ ਦਿੱਲੀ ਤੋਂ ਦੂਰ ਸੀ, ਜਿਹਾ ਕਿ ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

*"ਸਾਡੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਿਸ ਵਕਤ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ ਉਸ ਵਕਤ ਔਰੰਗਜ਼ੇਬ ਦਿੱਲੀ ਵਿਚ ਮੌਜੂਦ ਸੀ, ਉਸ ਨਾਲ ਗੁਰੂ ਜੀ ਦੀ ਗੱਲਬਾਤ ਹੋਈ।*

*ਇਹ ਗੱਲ ਉਸ ਵਕਤ ਦੇ ਸਮਕਾਲੀ ਲੇਖਕਾਂ ਦੀਆਂ ਲਿਖਤਾ ਤੋਂ*

*ਸਹੀ ਨਹੀਂ ਸਿੱਧ ਹੁੰਦੀ ।...*

*ਉਹ 7 ਅਪ੍ਰੈਲ 1674 ਈ: ਨੂੰ ਪਠਾਣਾਂ ਨੂੰ ਸਰ ਕਰਨ ਲਈ ਦਿੱਲੀਓਂ ਚਲ ਕੇ 26 ਜੂਨ ਨੂੰ ਹਸਨ ਅਬਦਾਲ ਪੁੱਜਾ । ਇਥੇ ਉਸ ਨੇ ਕਾਫ਼ੀ ਚਿਰ ਕਿਆਮ ਕੀਤਾ । 23 ਦਸੰਬਰ 1675 ਈ: (ਮੱਘਰ 1732 ਬਿ:) ਵਿੱਚ ਇਥੋਂ ਵਾਪਸ ਮੁੜਿਆ ।" (ਗੁਰਮਤਿ ਲੈਕਚਰ, ਪੰਨਾ 320)*

ਅਰਥਾਤ :-

*"ਔਰੰਗਜ਼ੇਬ ਉਸ ਵਕਤ ਦਿੱਲੀ ਨਹੀਂ ਸੀ ।"*

*(ਗੁਰਮਤਿ ਲੈਕਚਰ, ਪੰਨਾ 323)*

ਇੱਕ ਸਿੱਖ ਵਿਦਵਾਨ ਸ: ਬਲਵੰਤ ਸਿੰਘ ਜੀ ਬੱਲੀ ਐਮ. ਏ. ਦੇ ਕਥਨ ਅਨੁਸਾਰ ਗੁਰੂ ਤੇਗ ਬਹਾਦੁਰ ਜੀ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਫੜਨ ਆਈ ਮੁਗ਼ਲ ਫੌਜ ਦਾ ਟਾਕਰਾ ਵੀ ਕੀਤਾ ਸੀ, ਜਿਹਾ ਕਿ :-

*"ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਤੇਗ਼ ਦੇ ਧਨੀ ਸਨ । ਆਗਰੇ ਵਿੱਚ ਜਦੋਂ ਔਰੰਗਜ਼ੇਬ ਦੇ ਹੁਕਮ ਨਾਲ ਆਪ ਨੂੰ ਦਿੱਲੀ ਲੈ ਜਾਣ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਉਸ ਤੋਂ ਪਹਿਲਾਂ ਉਹ ਪੂਰੀ ਤਰ੍ਹਾਂ ਮੁਗ਼ਲਾਂ ਦੇ ਸਿਪਾਹੀਆਂ ਨਾਲ ਜੂਝੇ ਸਨ । ਇੱਥੇ ਇਹ ਗੱਲ ਦੱਸਣੀ ਜ਼ਰੂਰੀ ਹੈ ਕਿ ਜਦੋਂ ਓਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਓਹਨਾਂ ਦੇ ਬਲੀਦਾਨ ਬਿਨਾਂ ਹਾਲਾਤ ਨੇ ਪਲਟਾ ਨਹੀਂ ਖਾਣਾ, ਤਾਂ ਲੋਕਾਂ ਦੇ ਜਜ਼ਬਾਤ ਨੂੰ ਮੁਗ਼ਲ ਸਾਮਰਾਜ ਦੇ ਵਿਰੁੱਧ ਹੋਣ ਲਈ ਉਭਾਰਿਆ, ਓਹਨਾਂ ਨੂੰ ਨਿਕਟ ਭਵਿਖਤ ਵਿੱਚ ਲਾਮਬੰਦ ਹੋਣ ਲਈ ਤਿਆਰ ਕੀਤਾ ।" (ਗਰਜ ਦਿੱਲੀ, ਵੈਸਾਖੀ ਨੰਬਰ 1968)*

ਬੱਲੀ ਜੀ ਨੇ ਇਹ ਕਿਸ ਇਤਿਹਾਸ ਦੇ ਆਧਾਰ ਤੇ ਲਿਖਿਆ ਹੈ, ਇਸ ਦਾ ਉਹਨਾਂ ਨੇ ਕੋਈ ਹਵਾਲਾ ਨਹੀਂ ਦਿੱਤਾ । ਆਪ ਦੇ ਨਾਲ ਇਸ ਮੁਹਿੰਮ ਵਿੱਚ ਇੱਕ ਮੁਸਲਮਾਨ ਹਾਫ਼ਜ਼ ਆਦਮ ਵੀ ਦੱਸਿਆ ਹੈ । ਇਸ ਨੂੰ ਇਕ ਨੇ ਸ਼ੀਆ (ਸ਼ੇਰਿ ਪੰਜਾਬ ਸ਼ਹੀਦੀ ਨੰਬਰ 1975) ਤੇ ਦੂਜੇ ਨੇ ਸੁੰਨੀ ਦੱਸਿਆ ਹੈ ।

(ਸੀਸ ਗੰਜ, ਦਿੱਲੀ ਨਵੰਬਰ 1976)

ਉਕਤ ਵਿਦਵਾਨ ਜੀ ਨੇ ਇੱਕ ਹੋਰ ਥਾਂ ਇਹ ਲਿਖਿਆ ਹੈ ਕਿ :-

*"ਔਰੰਗਜ਼ੇਬ ਆਪ ਓਹਨਾਂ ਦਿਨਾਂ ਵਿੱਚ ਕਾਬਲ ਦੀ ਮੁਹਿੰਮ ਦੇ ਕਾਰਨ ਹਸਨ ਅਬਦਾਲ (ਪੰਜੇ ਸਾਹਿਬ) ਠਹਿਰਿਆ ਹੋਇਆ ਸੀ ।"*

*(ਗੁਰਮਤਿ ਫ਼ਲਾਸ਼ਫ਼ੀ, ਪੰਨਾ 291)*

ਹੋਰ ਭੀ ਕਈ ਸਿਖ ਵਿਦਵਾਨਾਂ ਨੇ ਇਸ ਦੀ ਹਾਮੀ ਭਰੀ ਹੈ ਕਿ ਔਰੰਗੇਜ਼ੇਬ ਉਦੋਂ ਦਿੱਲੀ ਨਹੀਂ ਸੀ, ਸਗੋਂ ਹਸਨ ਅਬਦਾਲ ਸੀ (ਵੇਖੋ ਸ: ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ, ਪੰਨਾ 49; ਸਿੱਖ ਇਤਿਹਾਸ, ਪੰਨਾ 335)

ਕਈ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਗੁਰੂ ਜੀ ਦੀ ਸ਼ਹੀਦੀ ਤਿਲਕ ਤੇ ਜਨੇਊ ਦੀ ਰੱਖਿਆ ਲਈ ਹੋਈ ਸੀ, ਪਰ ਇਸ ਬਾਰੇ ਖੋਜੀ ਸਿੱਖ ਵਿਦਵਾਨਾਂ ਦੇ ਇਹ ਵਿਚਾਰ ਹਨ ਕਿ ਇਹ ਗੱਲ ਇਤਿਹਾਸਿਕ ਤੌਰ ਤੇ ਸਿੱਧ ਨਹੀਂ ਹੁੰਦੀ, ਜਿਹਾ ਕਿ ਇੱਕ ਵਿਦਵਾਨ ਦਾ ਕਥਨ ਹੈ ਕਿ :-

*''ਹਾਏ ਕਿਤਨੇ ਅਫ਼ਸੋਸ ਦੀ ਗੱਲ ਹੈ, ਜੋ... ਅਸਾਡੀਆਂ ਲਿਖਤਾਂ ਸਿੱਧ ਕਰਨ ਕਿ ਬਲੀਦਾਨ ਤਿਲਕ ਜੰਞੂ ਵਾਸਤੇਹੋਇਆ । ਕੀ ਕਲਗੀਧਰ ਜੀ ਮਹਾਰਾਜ ਅਜੇਹਾ ਲਿਖ ਸਕਦੇ ਹਨ ? ਕਦਾਚਿਤ ਨਹੀਂ ।''* *(ਦਸਮ ਗ੍ਰੰਥ ਨਿਰਣਾਯ, ਪੰਨਾ 32)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ :-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥

*''ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜਿਸ ਜੰਞੂ ਦਾ ਗੁਰੂ ਨਾਨਕ ਸਾਹਿਬ ਨੇ ਬਾਲ-ਅਵਸਥਾ ਅੰਦਰ ਹੀ ਖੰਡਨ ਕੀਤਾ ਸੀ, ਉਸ ਜੰਞੂ ਦੀ ਗੁਰੂ ਤੇਗ ਬਹਾਦੁਰ ਨਵਮ ਗੁਰੂ ਨਾਨਕ ਨੇ ਰੱਖਿਆ ਕੀਤੀ । ਕਿਤਨੇ ਹਨੇਰ ਦੀ ਗੱਲ ਹੈ ।... ਇਸ ਤੋਂ ਵੱਧ ਕੇ ਹਨੇਰ ਗਰਦੀ ਹੋਰ ਕੀ ਹੋ ਸਕਦੀ ਹੈ ?''* *(ਖਾਲਸਾ ਪਾਰਲੀਮੈਂਟ ਗਜ਼ਟ, ਮਈ 1954)*

ਡਾ: ਸੁਰਿੰਦਰ ਸਿੰਘ ਜੀ ਦੋਸਾਂਝ ਨੇ ਲਿਖਿਆ ਹੈ :-

*''ਸ੍ਰੀ ਗੁਰੂ ਤੇਗ ਬਹਾਦੁਰ ਜੀ ਬਾਬੇ ਨਾਨਕ ਜੀ ਦੀ ਹੀ ਨੌਵੀਂ ਜੋਤਿ ਸਨ । ਤਿਲਕ ਤੇ ਜੰਞੂ ਦੇ ਪਖੰਡ ਦੇ ਕਿਸੇ ਪੱਖੋਂ ਵੀ ਸਹਿਮਤ ਨਹੀਂ ਸਨ । ਇਸਲਾਮ ਦੇ ਕਿਸੇ ਪੱਖੋਂ ਵੀ ਵਿਰੋਧੀ ਨਹੀਂ ਸਨ ।''*

*(ਗੁਰੂ ਤੇਗ ਬਹਾਦੁਰ ਜੀ ਬਾਰੇ ਸੱਚ ਦੀ ਖੋਜ, ਪੰਨਾ 25)*

ਅਰਥਾਤ :-

*''ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਨੂੰ ਕੁਝ ਲੋਕ ਹਿੰਦੂ ਧਰਮ ਦੀ ਰੱਖਿਆ ਲਈ ਬਲੀਦਾਨ ਕਹਿੰਦੇ ਹਨ ।... ਓਹਨਾਂ ਦੀ ਸ਼ਹੀਦੀ ਕੇਵਲ ਹਿੰਦੂ ਧਰਮ ਦੀ ਰੱਖਿਆ ਲਈ ਹੋਈ ਮੇਰੇ ਵਿਚਾਰ ਤੇ ਇਉ ਕਹਿਣਾ ਠੀਕ ਨਹੀਂ ।'' (ਮੇਲ-ਮਿਲਾਪ ਸ਼ਹੀਦੀ ਅੰਕ 1969)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ :-

*"ਔਰੰਗਜ਼ੇਬ ਬਾਦਸ਼ਾਹ ਗੁਰੂ ਜੀ ਨੂੰ ਕਤਲ ਕਰਨਾ ਨਹੀਂ ਚਾਹੁੰਦਾ ਸੀ, ਪਰ ਏਹਨਾਂ (ਵਿਰੋਧੀ) ਹਿੰਦੂਆਂ ਦੇ ਜ਼ੋਰ ਦੇਣ ਤੇ ਓੜਕ ਗੁਰੂ ਜੀ ਲਈ ਇਹ ਵਕਤ ਆ ਹੀ ਗਿਆ।"*

*(ਨਿਹੰਗ ਸਿੰਘ ਸੰਦੇਸ਼, 25 ਦਸੰਬਰ 1951)*

ਇਸ ਤੋਂ ਵੀ ਇਹੋ ਪਤਾ ਲਗਦਾ ਹੈ ਕਿ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਉਹਨਾਂ ਦੇ ਵਿਰੋਧੀਆਂ ਦੀ ਵਿਰੋਧਤਾ ਦਾ ਸਿੱਟਾ ਸੀ। ਏਹੋ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੀ ਚਿੱਠੀ ਜ਼ਫ਼ਰ-ਨਾਮੇ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ। ਇੱਕ ਸਿੱਖ ਵਿਦਵਾਨ ਦਾ ਕਥਨ ਹੈ ਕਿ :-

*"ਗੁਰੂ ਜੀ ਨੇ ਜਦ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ, ਤਾਂ ਉਸ ਵਿੱਚ... ਗੁਰੂ ਤੇਗ ਬਹਾਦੁਰ ਦੀ ਸ਼ਹੀਦੀ ਬਾਰੇ ਕੋਈ ਰੋਸ ਪ੍ਰਗਟ ਨਹੀਂ ਕੀਤਾ।"* *(ਸੰਤ ਸਿਪਾਹੀ, ਜਨਵਰੀ 1951)*

ਇੱਕ ਸਿੱਖ ਵਿਦਵਾਨ ਜੀ ਦੇ ਇਹ ਵਿਚਾਰ ਹਨ ਕਿ :-

*"ਜਦ ਔਰੰਗਜ਼ੇਬ ਨੂੰ ਉਸ ਦੇ ਕਾਲੇ ਕਾਰਨਾਮਿਆਂ ਦਾ ਚੇਤਾ ਕਰਾ, ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਫ਼ਤਹਿਨਾਮਾ ਤੇ ਫਿਰ ਜ਼ਫ਼ਰਨਾਮਾ ਲਿਖਿਆ, ਤਾਂ ਉਸ ਸਮੇਂ ਗੁਰੂ ਸਾਹਿਬ ਨੇ ਇਹਤਿਆਤ ਵਰਤੀ ਕਿ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦਾ ਬਿਲਕੁਲ ਜ਼ਿਕਰ ਨਾ ਕੀਤਾ ਕਿਉਂਕਿ ਇਹ ਸ਼ਹਾਦਤ ਆਪ ਸਹੇੜੀ, ਵਿਹਾਜੀ, Salf-Imposed ਸੀ। ਔਰੰਗਜ਼ੇਬ ਨੇ ਕੋਈ ਫ਼ਤਵਾ, ਇਲਜ਼ਾਮ ਜਾਂ ਦੂਸ਼ਨ ਲਗਾ ਕੇ ਗ੍ਰਿਫ਼ਤਾਰ ਨਹੀਂ ਕੀਤਾ ਸੀ।"*

*(ਗੁਰਮਤਿ ਪ੍ਰਕਾਸ਼, ਦਸੰਬਰ 1964; ਗੁਰਮਤਿ ਮਾਰਗ ਬੰਬਈ, ਦਸੰਬਰ 1966; ਗੁਰ ਸੰਦੇਸ਼, ਯਮੁਨਾ ਨਗਰ, ਦਸੰਬਰ 1966; ਜੀਵਨ, ਬੰਬਈ, ਦਸੰਬਰ 1966; ਫ਼ਤਹਿ ਦਿੱਲੀ ਸਤਿਗੁਰ ਨੰਬਰ 1964)*

ਸੋ ਨਾ ਕੇਵਲ ਇਹ ਕਿ ਜ਼ਫ਼ਰਨਾਮੇ ਵਿੱਚ ਔਰੰਗਜ਼ੇਬ ਤੇ ਕੋਈ ਰੋਸ ਪ੍ਰਗਟ ਨ ਕੀਤਾ, ਸਗੋਂ ਉਸ ਦੀ ਵੱਡੀ ਸਲਾਹੁਤਾ ਕੀਤੀ ਤੇ ਉਸ ਦੇ ਓਹ ਗੁਣ ਵਰਣਨ ਕੀਤੇ ਹਨ, ਜੋ ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਕਥਨ ਅਨੁਸਾਰ ਕਿਸੇ ਕੱਟੜ ਤੋਂ ਕੱਟੜ ਮੁਸਲਮਾਨ ਨੇ ਵੀ ਪ੍ਰਗਟ ਨਹੀਂ ਕੀਤੇ।

ਕਈਂ ਅਨਮਤੀ ਇਤਿਹਾਸਕਾਰਾਂ ਨੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਹਕੂਮਤ ਦੇ ਜ਼ਿੰਮੇਂ ਨਹੀਂ ਲਾਈ। ਇੱਕ ਸਿੱਖ ਵਿਦਵਾਨ ਦਾ ਕਥਨ ਹੈ :-

*"ਫ਼ਾਰਸਟਰ ਨੇ ਸਿੱਖਾਂ ਦਾ ਹਾਲ 1783 ਦੇ ਕਰੀਬ ਕੁਝ ਇਤਿਹਾਸਕ ਟਰੈਕਟਾਂ ਦੇ ਆਧਾਰ ਤੇ ਲਿਖਿਆ।... ਇਸ ਦਾ ਖ਼ਿਆਲ ਹੈ ਕਿ ਔਰੰਗਜ਼ੇਬ ਅਜਿਹਾ ਆਦਮੀ ਨਹੀਂ ਸੀ ਕਿ ਬਹੁਤ ਭੈੜੇ ਅਪਰਾਧ ਕੀਤੇ ਬਿਨਾਂ ਤੇ ਮਾੜੀ ਮੋਟੀ ਗੱਲ ਬਦਲੇ ਕਿਸੇ ਨੂੰ ਜਾਨੋਂ ਮਰਵਾ ਦੇਵੇ। ਇਸੇ ਕਰਕੇ ਇਹ ਲਿਖਾਰੀ ਗੁਰੂ ਤੇਗ਼ ਬਹਾਦੁਰ ਦੀ ਸ਼ਹੀਦੀ ਦੇ ਪ੍ਰਚਲਤ ਹਾਲ ਮੰਨਣ ਨੂੰ ਤਿਆਰ ਨਹੀਂ।" (ਜੀਵਨ ਕਥਾ, ਪੰਨਾ 486)*

ਇੱਕ ਹੋਰ ਵਿਦਵਾਨ ਨੇ ਇਹੋ ਕੁਝ ਲਿਖਿਆ ਹੈ। (ਵੇਖੋ ਰਸਾਲਾ ਸੰਤ ਸਿਪਾਹੀ, ਜੁਲਾਈ 1946)

ਮਿਸਟਰ ਫਾਰਸਟਰ ਨੇ ਇਸ ਵਿਸ਼ੇ ਬਾਰੇ ਜੋ ਕੁਝ ਲਿਖਿਆ ਹੈ, ਉਹ ਓਹਨਾਂ ਦੇ ਆਪਣੇ ਅੱਖਰਾਂ ਵਿੱਚ ਇਹ ਹੈ :-

*"Harikishan was succeeded by Teg Bahadur, his uncle, who appears to have been persecuted with inveterate animosity by the adherents of Ramroy, who being supported by some persons of influence at the court of Aurangzebe, an order was obtained for the isprisonment of the new priest. Teg Bahadur, after remaining in confinement at Delhi for th space of two years, was released at the space of two years, was released at the intreaty of Jay Singh, the powerful chief of Jay Nagar, who was at the time proceeding to Bengal on the service goverment. The sicque (Sikh) accompnied his patron to Bengal, whence he returned to the city of Patna, which become his usual place of abode. The records of the Sicques say that Ramroy still maintained aclaim to the priesthood, and that after a long series of virulent persecution, he accomplished the destuction of Teg Bahadur, who was conveyed to Delhi by an order of court, and in the year 1675,*

*publicly put to deat. the formal execution of a person, against whome, the Sicques say, no criminal charge was exhibited is so repugnant to the character and the actions, of Aurangzebe, that we are obintarily led to charge the Sicques of a wilful misrepresentation of facts, in jurious of the memory of the prince, and extravagantly partial to the cause of their priest. No document for the elueidation of this passage appearing in any of the memories of Hindostan that have reached my knowledge. I am prevented from discovering the quality of the crime which sulyected Teg Bahadur to capital punishment."*

*(A Journey from Bengal to England, p. 300)*

ਕਈ ਸਿੱਖ ਪ੍ਰਚਾਰਕ ਸ੍ਰੀ ਗੁਰੂ ਅਰਜਨ ਜੀ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀਆਂ ਕੁਰਬਾਨੀਆਂ ਨੂੰ ਮੁਖ ਰੱਖ ਕੇ ਸਾਰੇ ਮੁਸਲਮਾਨਾਂ ਨੂੰ ਕੋਸਦੇ ਹਨ। ਇੱਕ ਸਿੱਖ ਵਿਦਵਾਨ ਨੇ ਇਸ ਬਾਰੇ ਕੇਹਾ ਪ੍ਰੇਮ-ਭਰੇ ਵਿਚਾਰ ਪ੍ਰਗਟ ਕੀਤੇ ਹਨ ਕਿ :-

*"ਮੁਸਲਮਾਨਾਂ ਵਿਰੁੱਧ ਸਿੱਖਾਂ ਦਾ ਰੋਸ ਹੋਣ ਦਾ ਇੱਕ ਕਾਰਨ ਇਹ ਵੀ ਹੈ। ਏਸੇ ਕਰਕੇ ਅਣਜਾਣ ਤੇ ਅਨਪੜ੍ਹ ਹੁਣ ਤਕ ਜੋਸ਼ ਵਿੱਚ ਆ ਕੇ ਮੁਸਲਮਾਨਾਂ ਨੂੰ ਤੁਰਕੜੇ ਅਥਵਾ ਹੋਰ ਨਿੰਦਕ ਸ਼ਬਦਾਂ ਨਾਲ ਯਾਦ ਕਰਦੇ ਨੇ। ਮੁਸਲਮਾਨਾਂ ਦੇ ਵਿਰੁੱਧ ਬੇਸਮਝ ਪ੍ਰਚਾਰਕ ਹਮੇਸ਼ਾ ਨਫ਼ਰਤ ਭਰਿਆ ਪ੍ਰਚਾਰ ਕਰਦੇ ਨੇ। ਕਈ ਕਿਸਮ ਦੀਆਂ ਸੱਚੀਆਂ-ਝੂਠੀਆਂ ਅਥਵਾ ਮਨਘੜਤ ਕਹਾਣੀਆਂ ਸੁਣਾ ਕੇ, ਬਲਦੀ ਤੇ ਤੇਲ ਪਾਉਣ ਵਾਲਾ ਕੰਮ ਕਰਦੇ ਨੇ।*

*ਲੋੜ ਹੈ ਕਿ ਇਸ ਵਿਤਕਰੇ ਨੂੰ ਦੂਰ ਕੀਤਾ ਜਾਏ। ਪਲ ਦੀ ਪਲ, ਜੇ ਭਲਾ ਇਹ ਮੰਨ ਲਈਏ ਕਿ ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਜ਼ਾਲਮ ਬਾਦਸ਼ਾਹਾਂ ਨੇ ਸ਼ਹੀਦ ਕੀਤਾ, ਤਾਂ ਇਸ ਦਾ ਇਹ ਮਤਲਬ ਨਹੀਂ ਕਿ ਸਾਰੇ ਮੁਸਲਮਾਨ ਜ਼ਾਲਮ ਸਨ।... ਇਹ ਕਿੰਨਾ ਅਨਿਆਇ ਹੈ ਕਿ ਐਵੇਂ ਝੂਠ ਮੂਠ ਗੱਲਾਂ ਨੂੰ ਸੁਣ ਕੇ ਅਸੀਂ*

*ਸਦੀਆਂ ਤੋਂ ਇੱਕ ਦੂਜੇ ਦੇ ਦੁਸ਼ਮਣ ਬਣੇ ਹੋਏ ਹਾਂ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਸਤੰਬਰ 1962)*

ਇਸੇ ਤਰ੍ਹਾਂ ਕਈ ਸੱਜਣ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਰਤਾ ਨੂੰ ਵੀ ਇਸਲਾਮ ਤੇ ਗੁਰਮਤਿ ਦੀ ਟੱਕਰ ਪ੍ਰਗਟ ਕਰਦੇ ਹਨ, ਇਸ ਬਾਰੇ ਇੱਕ ਸਿੱਖ ਵਿਦਵਾਨ ਦਾ ਕਥਨ ਹੈ ਕਿ :-

*"ਇਸ ਘਟਨਾ ਦਾ ਇਸਲਾਮ ਤੇ ਸਿੱਖੀ ਵਿਚਾਲੇ ਕਿਸੇ ਦੱਸੀ ਜਾਂਦੀ ਟੱਕਰ ਨਾਲ ਕੋਈ ਵਾਸਤਾ ਨਹੀਂ।... ਜੇ ਇਸ ਤਰ੍ਹਾਂ ਹੁੰਦਾ, ਤਾਂ ਨਵਾਬ ਮਲੇਰ ਕੋਟਲਾ ਕਦੇ ਸਾਹਿਬਜ਼ਦਿਆਂ ਦਾ ਸਾਥ ਨ ਦਿੰਦਾ।"*

*(ਅਜੀਤ ਜਾਲੰਧਰ, 27 ਦਸੰਬਰ 1962)*

ਇੱਕ ਹੋਰ ਵਿਦਵਾਨ ਦਾ ਕਥਨ ਹੈ :-

*"ਗੁਰੂ ਸਾਹਿਬ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗੰਗੂ ਨਾਲ ਭੇਜ ਦਿੱਤਾ, ਪਰ ਉਸ ਨੇ ਓਹਨਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਸੂਬਾ ਸਰਹੰਦ ਪਾਸ ਭਿਜਵਾ ਦਿੱਤਾ।" (ਅਜੀਤ, 23 ਦਸੰਬਰ 1963)*

ਇੱਕ ਸਿੱਖ ਵਿਦਵਾਨ ਜੀ ਨੇ ਤਾਂ ਇਹ ਵੀ ਲਿਖਿਆ ਹੈ ਕਿ ਗੁਰੂ ਤੇਗ ਬਹਾਦੁਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਲੈ ਜਾਣ ਦੀ ਸੇਵਾ ਵੀ ਇੱਕ ਮੁਸਲਮਾਨ ਰੰਗੜ ਨੇ ਕੀਤੀ ਸੀ, ਜਿਹਾ ਕਿ ਡਾਕਟਰ ਸੁਰਿੰਦਰ ਸਿੰਘ ਜੀ ਦੋਸਾਂਝ ਨੇ ਲਿਖਿਆ ਹੈ ਕਿ :-

*"ਗੁਰੂ ਜੀ ਦਾ ਸੀਸ ਇੱਕ ਮੁਸਲਮਾਨ ਰੰਗੜ ਜੋ ਗੁਰੂ ਜੀ ਦਾ ਸ਼ਰਧਾਲੂ ਸੀ, ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਚਾਂਦਨੀ ਚੌਕ ਵਿੱਚੋਂ ਚੁਕ ਕੇ ਅਨੰਦਪੁਰ ਸਾਹਿਬ ਪਹੁੰਚਾਇਆ। ਇਸ ਰੰਗੜ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਨੇ ਨਾਲ ਲਾਕੇ ਆਖਿਆ, 'ਰੰਗਰੇਟੇ ਗੁਰੂ ਕੇ ਬੇਟੇ' ਇਹ ਗੱਲ ਸਪੱਸ਼ਟ ਕਰਦੀ ਹੈ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਕਿਸੇ ਧਰਮ ਵਿਰੁੱਧ ਤਅੱਸੁਬ ਨਹੀਂ ਸੀ। ਨੇਕ ਦਿਲ ਮੁਸਲਮਾਨ ਸ੍ਰੀ ਗੁਰੂ ਜੀ ਦੇ ਸ਼ਰਧਾਲੂ ਸਨ।"*

*(ਗੁਰੂ ਤੇਗ ਬਾਰੇ ਸੱਚ ਦੀ ਖੋਜ, ਪੰਨਾ 41)*

ਗੁਰੂ ਜੀ ਦਾ ਸੀਸ ਇੱਕ ਮੁਸਲਮਾਨ ਰੰਘੜ ਦਾ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ ਦਿੱਲੀ ਤੋਂ ਅਨੰਦਪੁਰ ਪਹੁੰਚਾਉਣਾ ਕੋਈ ਸਾਧਾਰਨ ਗੱਲ ਨਹੀਂ ਹੈ। ਇੱਕ ਮਹਾਨ ਸੇਵਾ ਹੈ। ਉਸ ਸਮੇਂ ਸਿੱਖ ਕਹਾਉਣ ਵਾਲੇ ਤਾਂ ਵੱਡੇ ਸਹਿਮੇ ਹੋਏ ਸਨ।

ਇਸ ਸਬੰਧ ਵਿੱਚ ਮਹਾਤਮਾ ਕਲਿਆਨ ਦਾਸ ਜੀ ਲਿਖਦੇ ਹਨ ਕਿ :-

*"ਗੁਰੂ ਤੇਗ ਬਹਾਦੁਰ ਜੀ ਦਾ ਸੀਸ ਅਨੰਦਪੁਰ ਮੱਘਰ ਸੁਦੀ ਯਾਰਾਂ ਨੂੰ ਅਗਨ ਭੇਟ ਕੀਤਾ ਤੇ ਏਸੇ ਦਿਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਾ ਦਿੱਤਾ ਤੇ ਹਿੰਦੂ ਭਾਈ ਗਰੜ ਪੁਰਾਣ ਤੇ ਰਾਮਾਇਣ ਤੇ ਹੋਰ ਆਪਣੀ ਸਮਝ ਨਾਲ ਪੁਰਾਣਾਂ ਦੇ ਪਾਠ ਕਰਦੇ ਰਹੇ ਤੇ ਖ਼ੁਦਾ ਦੇ ਮੰਨਣ ਵਾਲੇ ਨੇਕ ਦਿਲ ਮੁਸਲਮਾਨ ਅੱਲਾਹੁ ਅਕਬਰ ਆਖਦੇ ਸਨ, ਤਅੱਵਜ਼, ਤਸਮੀਆਂ ਤੇ ਫ਼ੇਰ ਸੂਰਤ ਫ਼ਾਤਿਹਾ ਪੜ੍ਹਦੇ ਰਹੇ ਤੇ ਇਸ ਤਰ੍ਹਾਂ ਕਿ ਇੱਕ ਪਾਠ ਪੂਰਾ ਹੁੰਦਾ ਰਿਹਾ ਤੇ ਤੇਰ੍ਹਵੇਂ ਦਿਨ ਪਾਠ ਦਾ ਭੋਗ ਪਾ ਕੇ ਸ੍ਰੀ ਗੁਰੂ ਜੀ ਨੇ ਸਾਰੀਆਂ ਜਾਤਾਂ ਨੂੰ ਇੱਕ ਸੰਗਤ ਵਿਚ ਬੈਠਾ ਕੇ ਪ੍ਰਸ਼ਾਦ ਛਕਾਇਆ।"*

*(ਇਤਿਹਾਸ ਵਿਸ਼ਕ੍ਰਮਾ ਬੰਸ ਬਿੰਦੀ ਬ੍ਰਾਹਮਣ ਜਗਤ ਗੁਰੂ, ਪੰਨਾ 30)*

ਇਸ ਤੋਂ ਛੁਟ ਇਤਿਹਾਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਤੇਗ ਬਹਾਦੁਰ ਜੀ ਦੇ ਕਈ ਮੁਸਲਮਾਨਾਂ ਨਾਲ ਮਿੱਤਰਤਾ ਭਰੇ ਸੰਬੰਧ ਸਨ। ਰਿਆਸਤ ਪਟਿਆਲਾ ਵਿੱਚ ਬਹਾਦੁਰਗੜ੍ਹ ਦੇ ਕਿਲ੍ਹੇ ਲਾਗੇ ਗੁਰੂ ਤੇਗ ਬਹਾਦੁਰ ਜੀ ਦਾ ਇੱਕ ਇਤਿਹਾਸਕ ਗੁਰਦੁਆਰਾ ਹੈ। ਇਸ ਥਾਂ ਗੁਰੂ ਜੀ ਕਈ ਮਹੀਨੇ ਠਹਿਰੇ ਸਨ। ਇਥੇ ਇੱਕ ਮੁਸਲਮਾਨ ਅਲੀ ਖ਼ਾਨ ਨੇ ਆਪ ਦੀ ਵੱਡੀ ਟਹਿਲ-ਸੇਵਾ ਕੀਤੀ ਸੀ।

(ਗੁਰਧਾਮ ਦੀਦਾਰ, ਪੰਨਾ 350)

ਇਥੇ ਸੈਫ਼ ਅਲੀ ਖ਼ਾਂ ਨਾਂ ਦੇ ਇੱਕ ਮੁਸਲਮਾਨ ਨੇ ਵੀ ਗੁਰੂ ਜੀ ਦੀ ਵੱਡੀ ਸੇਵਾ ਕੀਤੀ ਸੀ। (ਗੁਰਧਾਮ ਸੰਗ੍ਰਹਿ, ਪੰਨਾ 193)

ਇਸੇ ਤਰ੍ਹਾਂ ਹਸਨਪੁਰ ਦੇ ਮੁਸਲਮਾਨ ਸ਼ੇਰ ਖਾਂ ਨੇ ਵੀ ਆਪ ਦੀ ਸੇਵਾ ਵੱਡੇ ਪ੍ਰੇਮ ਤੇ ਚਾਉ ਨਾਲ ਕੀਤੀ ਸੀ। ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਥਾਂ ਪੁਜ ਕੇ ਓਹਨਾਂ ਮੁਸਲਮਾਨਾਂ ਨੂੰ ਇੱਕ ਹੁਕਮਨਾਮਾ ਦਿੱਤਾ ਸੀ।

(ਗੁਰਧਾਮ ਦੀਦਾਰ, ਪੰਨਾ 350)

ਪਟਨਾ ਸ਼ਹਿਰ ਦੇ ਕਬਰਸਤਾਨ ਦੇ ਲਾਗੇ ਇੱਕ ਬਾਗ਼ ਹੈ। ਇਸ ਨੂੰ ਅਜ ਕਲ 'ਗੁਰੂ ਕਾ ਬਾਗ਼' ਆਖਦੇ ਹਨ। ਇਹ ਬਾਗ਼ ਪਟਨੇ ਦੇ ਕਾਜ਼ੀਆਂ ਦੀ ਮਲਕੀਅਤ ਸੀ। ਜਦ ਗੁਰੂ ਜੀ ਪਟਨੇ ਆਏ, ਤਾਂ ਕਾਜ਼ੀ ਜੀ ਨੇ ਇਹ ਬਾਗ਼ ਆਪ ਦੀ ਭੇਟਾ ਕਰ ਦਿੱਤਾ ਸੀ। (ਗੁਰਧਾਮ ਸੰਗ੍ਰਹਿ, ਪੰਨਾ 181)

ਸਿੱਖ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਜਦ ਔਰੰਗਜ਼ੇਬ ਦੀ ਫ਼ੌਜ ਨੇ ਆਸਾਮ ਤੇ ਹੱਲਾ ਬੋਲਿਆ ਸੀ, ਤਾਂ ਗੁਰੂ ਤੇਗ ਬਹਾਦੁਰ ਜੀ ਵੀ ਸ਼ਾਹੀ ਸੈਨਾ ਨਾਲ ਰਲ ਕੇ ਉਸ ਮੁਹਿੰਮ ਵਿੱਚ ਗਏ ਸਨ ਅਤੇ ਉਹਨਾਂ ਦੀ ਬਰਕਤ ਨਾਲ ਇਸ ਲੜਾਈ

ਵਿੱਚ ਜਿੱਤ ਪ੍ਰਾਪਤ ਹੋਈ ਸੀ। (ਤਵਾਰੀਖ਼ ਗੁਰੂ ਖਾਲਸਾ, ਪੰਨਾ 1430 ਤੇ ਗੁਰਧਾਮ ਸੰਗ੍ਰਹਿ, ਪੰਨਾ 280 ਤੇ ਤਵਾਰੀਖ ਗੁਰੂ ਖਾਲਸਾ, ਪੰਨਾ 336)

ਹੋਰ ਵੀ ਕਈ ਮੁਸਲਮਾਨਾਂ ਨੇ ਸਮੇਂ ਸਮੇਂ ਗੁਰੂ ਤੇਗ ਬਹਾਦੁਰ ਜੀ ਨਾਲ ਪ੍ਰੇਮ-ਭਰਿਆ ਵਰਤਾਉ ਕੀਤਾ ਸੀ; ਜਿਹਾ ਕਿ ਵਰਣਨ ਹੈ :-

*"ਗੁਰੂ ਤੇਗ ਬਹਾਦੁਰ ਸਾਹਿਬ, ਪੂਰਬੀ ਭਾਰਤ ਨੂੰ ਗੁਰੂ-ਚਰਨਾਂ ਦੀ ਛੋਹ ਬਖਸ਼ ਕੇ ਨਿਹਾਲ ਕਰਨ ਚੜ੍ਹੇ।... ਚੌਧਰੀ ਸੱਯਦ ਅਮੀਰ ਅਲੀ ਰੱਬ ਦੀ ਰਾਹ ਦਾ ਪੰਧਾਊ ਤੇ ਮੁਗਲ ਰਾਜ ਦਾ ਐਮਾਦਾਰ ਸੀ। ਉਸ ਨੇ ਗੁਰੂ ਸਾਹਿਬ ਦੀ ਚੰਗੀ ਸੇਵਾ ਕੀਤੀ।... ਸੱਯਦ ਸਾਹਿਬ ਨੇ ਚਾਰ ਸੌ ਰੁਪਈਏ ਦੀ ਆਮਦਨ ਦੀ ਜ਼ਮੀਨ ਗੁਰੂ ਜੀ ਦੇ ਇੱਕ ਸਿੱਖ ਭਾਈ ਗੰਗੇ ਨੂੰ ਦੇ ਕੇ ਇਸ ਥਾਂ ਟਿਕਾ ਦਿੱਤਾ। ਜਿਥੇ ਕਿ ਭਾਈ ਸਾਹਿਬ ਨੇ ਆਪਣੇ ਵਡਿੱਦੇ ਭਾਈ ਸੈਣਾ ਦੇ ਨਾਂ ਤੇ ਇੱਕ ਪਿੰਡ ਵਸਾਇਆ। ਸੱਯਦਾਂ ਦੀ ਜ਼ਮੀਨ ਵਿੱਚ ਹੋਣ ਕਰਕੇ ਸਿਆਣਾ ਸੱਯਦਾਂ ਨਾਂ ਮਸ਼ਹੂਰ ਹੋ ਗਿਆ।" (ਇਤਿਹਾਸਕ 53, ਸੈਂਚੀ 2, ਅੰਕ 4)*

ਪ੍ਰੋ: ਕਰਤਾਰ ਸਿੰਘ ਜੀ ਲਿਖਦੇ ਹਨ :-

*"ਨਵਾਬ ਕਰੀਮ ਬਖਸ਼ ਤੇ ਕਰੀਬ ਬਖਸ਼ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਪ੍ਰੇਮੀ ਸ਼ਰਧਾਵਾਨ ਸਨ। ਉਹ ਦੋਵੇਂ ਹੀ ਦਸਮੇਸ਼ ਜੀ ਦੇ ਦਰਸ਼ਨਾਂ ਤੇ ਮੋਹਿਤ ਹੋ ਗਏ। ਓਹਨਾਂ ਨੇ ਇੱਕ ਪਿੰਡ ਤੇ ਦੋ ਬਾਗ਼ ਗੁਰੂ ਜੀ ਦੀ ਭੇਟਾ ਕੀਤੇ। ਓਹ ਹੁਣ ਤਕ ਪਟਨਾ ਸਾਹਿਬ ਦੇ ਨਾਂ ਜਾਗੀਰ ਹਨ।" (ਸਿੱਖ ਇਤਿਹਾਸ, ਭਾਗ 1, ਪੰਨਾ 352)*

## ਔਰੰਗਜ਼ੇਬ ਤੇ ਗੁਰੂ ਗੋਬਿੰਦ ਸਿੰਘ ਜੀ

ਗੁਰੂ ਤੇਗ ਬਹਾਦੁਰ ਜੀ ਤੋਂ ਮਗਰੋਂ ਉਹਨਾਂ ਦੇ ਸਪੁੱਤਰ ਗੋਬਿੰਦ ਰਾਏ ਜੀ (ਗੁਰੂ ਗੋਬਿੰਦ ਸਿੰਘ ਜੀ) ਗੁਰ-ਗੱਦੀ ਤੇ ਬਿਰਾਜਮਾਨ ਹੋਏ। ਆਪ ਦੇ ਜੀਵਨ ਦਾ ਵਧੇਰੇ ਹਿੱਸਾ ਜੰਗਾਂ ਜੁੱਧਾਂ ਵਿੱਚ ਹੀ ਬਤੀਤ ਹੋਇਆ। ਇਹ ਜੁਧ ਆਪ ਨੂੰ ਪਹਾੜੀ ਰਾਜਿਆਂ ਨਾਲ ਕਰਨੇ ਪਏ। ਕਈਆਂ ਦਾ ਇਹ ਵਿਚਾਰ ਹੈ ਕਿ ਆਪ ਦੀਆਂ ਇਹ ਲੜਾਈਆਂ ਸਮੇਂ ਦੀ ਇਸਲਾਮੀ ਹਕੂਮਤ ਦੇ ਵਿਰੁੱਧ ਸਨ ਤੇ ਆਪ ਹਕੂਮਤ ਦਾ ਤਖ਼ਤਾ ਉਲਟਾਉਣ ਦੇ ਚਾਹਵਾਨ ਸਨ, ਪਰ ਸਿੱਖ ਇਤਿਹਾਸ ਦੱਸਦਾ ਹੈ ਕਿ ਸਮੇਂ ਦੀ ਹਕੂਮਤ ਦਾ ਆਪ ਨਾਲ ਜਾਂ ਆਪ ਦਾ ਹਕੂਮਤ ਨਾਲ ਕੋਈ ਸਿੱਧਾ ਝਗੜਾ ਨਹੀਂ

ਸੀ; ਸਗੋਂ ਉਸ ਸਮੇਂ ਦੀ ਹਕੂਮਤ ਤੋਂ ਪਹਾੜੀ ਰਾਜਿਆਂ ਨੇ ਸਹਾਇਤਾ ਲਈ ਸੀ। ਇੱਕ ਹਿੰਦੂ ਵਿਦਵਾਨ ਮਹਾਸ਼ਾ ਸੰਤ ਰਾਮ ਜੀ "ਆਸ਼ੁਫ਼ਤਾ" ਲਿਖਦੇ ਹਨ ਕਿ :-

*"ਜਿਤਨੇ ਵਾਕਿਆਤ ਹੈਂ ਔਰ ਉਨ ਕੋ ਗੁਰੂ ਗੋਬਿੰਦ ਸਿੰਘ ਜੀ ਕੀ ਜ਼ਿੰਦਗੀ ਕੇ ਸਾਥ ਤੁਅੱਲਕ ਹੈ, ਉਨ ਸਬ ਸੇ ਹਿੰਦੂ ਪਹਾੜੀ ਰਾਜਾਓਂ ਕੇ ਸਾਥ ਜ਼ੋਰ ਅਜ਼ਮਾਈ ਪਾਈ ਜਾਤੀ ਹੈ। ਆਪ ਕੀ ਤਮਾਮ ਉਮਰ ਹਿੰਦੂ ਪਹਾੜੀ ਰਾਜਾਓਂ ਸੇ ਜੰਗ ਮੇਂ ਸਰਫ਼ ਹੁਈ।"*

*(ਹਿੰਦੂ ਜਾਤੀ ਔਰ ਸਿੱਖ ਗੁਰੂ, ਪੰਨਾ 7-8)*

ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*"ਹਿੰਦੂ ਰਾਜਿਆਂ ਨੇ ਔਰੰਗਜ਼ੇਬ ਕੋਲ ਚੁਗਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਓਹਨਾਂ ਨੇ ਇਸ ਤਰ੍ਹਾਂ ਦੇ ਝੂਠੇ ਪਲੰਦੇ ਸੁਟੇ ਕਿ ਗੁਰੂ ਗੋਬਿੰਦ ਸਿੰਘ ਚੋਹਾਂ ਵਰਨਾਂ ਨੂੰ ਇਕੱਠੇ ਕਰਕੇ ਇੱਕ ਸਾਂਝੀ ਫੌਜ ਤਿਆਰ ਕਰ ਰਿਹਾ ਹੈ ਜਿਸ ਦੀ ਮਦਦ ਨਾਲ ਉਹ ਦਿੱਲੀ ਦੇ ਤਖ਼ਤ ਤੇ ਕਬਜ਼ਾ ਕਰ ਲਵੇਗਾ। ਇਸ ਲਈ ਆਓ ਤੁਸੀਂ ਸਾਡੀ ਸਹਾਇਤਾ ਕਰੋ। ਅਸੀਂ ਇਸ ਮੁਗ਼ਲ ਰਾਜ ਦੇ ਵਿਰੋਧੀ ਦਾ ਡਟ ਕੇ ਮੁਕਾਬਲਾ ਕਰਾਂਗੇ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਜਨਵਰੀ 1985)*

ਇਸੇ ਤਰ੍ਹਾਂ ਇੱਕ ਹੋਰ ਵਿਦਵਾਨ ਸਰਦਾਰ ਹਰਦਿੱਤ ਸਿੰਘ ਜੀ ਢਿੱਲੋਂ ਐਮ. ਏ,. ਪੀ-ਐਚ. ਡੀ. ਲਿਖਦੇ ਹਨ ਕਿ :-

*"ਕਈ ਲੋਕਾਂ ਦਾ ਖ਼ਿਆਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਮੇਂ ਦੀ ਮੁਸਲਮਾਨੀ ਹਕੂਮਤ ਤੇ ਮੁਸਲਮਾਨ ਹੁਕਮਰਾਨਾਂ ਨਾਲ ਝਗੜਾ ਸੀ; ਇਸ ਲਈ ਉਹ ਮੁਸਲਮਾਨ ਸਰਕਾਰੀ ਹਾਕਮਾਂ ਦੇ ਵਿਰੁੱਧ ਬਗਾਵਤ ਦਾ ਝੰਡਾ ਉੱਚਾ ਰਖਦੇ ਸਨ। ਇਹ ਗੱਲ ਉੰਨੀ ਹੀ ਸੱਚੀ ਹੈ, ਜਿੰਨੀ ਕਿ ਇੱਕ ਗਪ।"* *(ਖ਼ਾਲਸਾ ਸੇਵਕ, 9 ਜਨਵਰੀ 1937)*

ਸਰਦਾਰ ਮਹਿੰਦਰ ਸਿੰਘ ਜੀ ਗਿੱਲ ਲਿਖਦੇ ਹਨ :-

*"ਆਖਿਆ ਜਾਂਦਾ ਹੈ ਕਿ ਮਹਾਰਾਜ ਸਮੇਂ ਦੀ ਹਕੂਮਤ ਦੇ ਵਿਰੁੱਧ ਸਨ। ਇਹ ਗਲਤ ਹੈ। ਆਪ ਹਕੂਮਤ ਦੇ ਵਿਰੁੱਧ ਨਹੀਂ ਸਨ।... ਇਹ ਕਹਿਣਾ ਕਿ ਆਪ ਮੁਸਲਮਾਨਾਂ ਨੂੰ ਨ਼ਫਰਤ ਕਰਦੇ ਸਨ, ਪਹਿਲੇ ਝੂਠ ਨਾਲੋਂ ਵੀ ਵੱਡਾ ਝੂਠ ਹੈ।"*

*(ਅਜੀਤ ਜਾਲੰਧਰ, 19 ਜਨਵਰੀ 1975; ਅਕਾਲੀ ਪਤ੍ਰਿਕਾ ਜਾਲੰਧਰ, 19 ਜਨਵਰੀ 1975)*

ਅਰਥਾਤ :-

*"ਜਿਨ੍ਹਾਂ ਲੋਕਾਂ ਦਾ ਇਹ ਵਿਚਾਰ ਹੈ ਕਿ ਆਪ ਮੁਸਲਮਾਨਾਂ ਦੇ ਦੁਸ਼ਮਨ ਸਨ, ਉਹ ਇਹ ਕਦੇ ਨਹੀਂ ਸੋਚਦੇ ਕਿ ਜੇ ਇਹ ਗੱਲ ਹੁੰਦੀ, ਤਾਂ ਪੀਰ ਬੁਧੂ ਸ਼ਾਹ ਆਪਣੇ ਪੁੱਤਰ ਤੇ ਮੁਰੀਦ ਗੁਰੂ ਸਾਹਿਬ ਨਾਲ ਜੰਗ ਵਿੱਚ ਨਾ ਭੇਜਦਾ। ਨਬੀ ਖ਼ਾਨ ਤੇ ਗ਼ਨੀ ਖ਼ਾਨ ਨਾ ਫੇਰ ਆਪ ਦੇ ਸੇਵਾਦਾਰ ਰਹਿੰਦੇ। ਨਵਾਬ ਰਹੀਮ ਬਖਸ਼ ਕਦੀ ਪਟਨਾ ਸਾਹਿਬ ਵਿੱਚ ਇੱਕ ਪਿੰਡ ਤੇ ਬਾਗ਼ ਆਪ ਦੇ ਨਾਂ ਨਾ ਲੁਆਉਂਦਾ।"*

*(ਕੌਮੀ ਦਰਦ, 18 ਜਨਵਰੀ 1967)*

ਸ: ਬਲਜੀਤ ਸਿੰਘ ਜੀ ਬੱਲੀ ਐਮ. ਏ. ਦਾ ਕਥਨ ਹੈ :-

*ਸਿੱਖ ਧਰਮ ਤੇ ਇਸਲਾਮ ਧਰਮ ਦੀ ਕਦੇ ਵੀ ਕਿਸੇ ਪੜਾਉ ਤੇ ਟੱਕਰ ਨਹੀਂ ਹੋਈ।... ਜੇ ਇਥੇ ਸੁਆਲ ਇਸਲਾਮ ਦਾ ਹੁੰਦਾ, ਤਾਂ ਤੁਕਾਂ ਦੇ ਅਰਥ ਹੀ ਨਹੀਂ ਸਨ ਰਹਿ ਜਾਂਦੇ :*

ਅਵਲ ਅਲਹ ਨੂਰ ਉਪਾਇਆ
ਕੁਦਰਤਿ ਕੇ ਸਭ ਬੰਦੇ ॥
ਮੁਸਲਮਾਣ ਕਹਾਵਣ ਮੁਸ਼ਕਲ
ਜਿ ਹੋਵੈ ਤ ਮੁਸਲਮਾਨ ਕਹਾਵੈ ॥

(ਗੁਰਮਤਿ ਪ੍ਰਕਾਸ਼, ਦਸੰਬਰ 1961)

ਪ੍ਰਸਿੱਧ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਜੀ ਲਿਖਦੇ ਹਨ ਕਿ :-

*"ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜੋ ਚਿੱਠੀ ਲਿਖੀ ਸੀ, ਉਸ ਵਿੱਚ ਲਿਖਿਆ ਸੀ ਕਿ ਮੇਰੀ ਕੋਈ ਮੁਸਲਮਾਨਾਂ ਨਾਲ ਦੁਸ਼ਮਣੀ ਨਹੀਂ ਹੈ ਤੇ ਨਾ ਤੇਰੇ ਨਾਲ ਹੈ।" (ਸੰਤ ਸਿਪਾਹੀ, ਅਗਸਤ 1946)*

ਗੁਰੂ ਜੀ ਨੇ ਆਪ ਹੀ ਆਪਣੇ ਜੁੱਧਾਂ ਬਾਰੇ ਇਹ ਫ਼ਰਮਾਇਆ ਹੈ :-

ਮਨਮ ਕੁਸ਼ਤਨਮ ਕੋਹੀਆ ਪੁਰਫ਼ਿਤਨ ।
ਕਿ ਓ ਬੁਤ ਪ੍ਰਸਤੰਦੁ ਮਨ ਬੁਤ ਸ਼ਿਕਨ ।

(ਜ਼ਫ਼ਰਨਾਮਾ)

ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

ਮਨਮ ਕੁਸ਼ਤਨ ਕੋਹੀਆਂ ਬੁਤ ਪ੍ਰਸਤ ।
ਕਿ ਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਸ਼ਤ ।

*ਭਾਵ- ਪੱਥਰ ਪੂਜ ਪਹਾੜੀ ਰਾਜੇ ਮੇਰੇ ਪੁਰ ਮਾਰੂ ਵਾਰ ਕਰਦੇ*

*ਹਨ; ਕਿਉਂਕਿ ਉਹ ਬੁਤਾਂ ਨੂੰ ਪੂਜਦੇ ਹਨ ਤੇ ਮੈਂ ਇਸ ਗੱਲ ਦੇ ਵਿਰੁੱਧ ਹਾਂ।" (ਗੁਰ ਸੰਦੇਸ਼, ਯਮੁਨਾ ਨਗਰ, ਦਸੰਬਰ 1968)*

ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਗੁਰੂ ਜੀ ਦੇ ਉਕਤ ਵਾਕ ਦੀ ਇਹ ਵਿਆਖਿਆ ਕੀਤੀ ਹੈ :-

*"ਮੈਂ ਫ਼ਸਾਦ ਸੇ ਭਰੇ ਹੁਏ ਪਹਾੜੀਓਂ ਕੋ ਮਾਰਨੇ ਵਾਲਾ ਹੂੰ; ਕਿਉਂਕਿ ਵੋਹ ਮੂਰਤੀ ਪੂਜਕ ਹੈਂ ਔਰ ਮੈਂ ਮੂਰਤੀਓਂ ਕਾ ਤੋੜਨੇ ਵਾਲਾ ਹੂੰ। ਭਾਵ ਯਿਹ ਕਿ ਮੈਂ ਮੂਰਤੀ ਪੂਜਾ ਕਾ ਖੰਡਨ ਕਰਤਾ ਹੂੰ। ਇਸ ਕਥਨ ਸੇ ਸਾਫ਼ ਮਾਲੂਮ ਹੋਤਾ ਹੈ ਕਿ ਗੁਰੂ ਸਾਹਿਬ ਕਾ ਪਹਾੜੀ ਰਾਜਾਓਂ ਕੇ ਸਾਥ ਨੀਤਿ ਸੰਬੰਧੀ ਕੋਈ ਵਿਵਾਦ ਨਹੀਂ ਥਾ, ਕੇਵਲ ਧਰਮ ਕੇ ਅਸੂਲ ਪਰ ਵਿਰੋਧ ਹੋ ਕਰ ਜੰਗ ਹੁਆ।" (ਗੁਰਮਤਿ ਸੁਧਾਰਕ, ਪੰਨਾ 153)*

ਅਤੇ ਇਸ ਲੜਾਈ ਦੀ ਪਹਿਲ ਵੀ ਪਹਾੜੀ ਰਾਜਿਆਂ ਨੇ ਹੱਲਾ ਕਰ ਕੇ ਕੀਤੀ ਸੀ; ਗੁਰੂ ਜੀ ਆਪ ਹੀ ਫ਼ਰਮਾਉਂਦੇ ਹਨ :-

ਫਤੇਸ਼ਾਹ ਕੋਪਾ ਤਬ ਰਾਜਾ ।
ਲੋਹ ਪਰਾ ਹਮਸੋ ਬਿਨ ਕਾਜਾ ।
(ਬਚਿਤਰ ਨਾਟਕ)

ਅਰਥਾਤ :-

*"ਫਤੇਹ ਸ਼ਾਹ ਸ੍ਰੀ ਨਗਰ ਦਾ ਰਾਜਾ ਅਕਾਰਣ ਫੌਜ ਲੈ ਕੇ ਗੁਰੂ ਜੀ ਪਰ ਆ ਗਿਆ... ਇਸ ਪ੍ਰਕਾਰ ਪਹਾੜੀ ਰਾਜੇ ਤਾਂ ਸਿੱਖਾਂ ਦੇ ਅਤਿਅੰਤ ਵਿਰੋਧੀ ਹੋ ਗਏ।" (ਜ਼ਫ਼ਰਨਾਮਾ ਸਟੀਕ, ਪੰਨਾ 14)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਤਾਰੀਖ਼ ਸੇ ਵਾਕਫ਼ ਜਾਨਤੇ ਹੈਂ ਕਿ ਗੁਰੂ ਗੋਬਿੰਦ ਸਿੰਘ ਜੀ ਕਾ ਸ਼ਾਹ ਔਰੰਗਜ਼ੇਬ ਸੇ ਕੋਈ ਜ਼ਾਤੀ ਇਨਾਦ ਨਾ ਥਾ। ਯਿਹ ਤਮਾਮ ਸਾਜ਼ਸ਼ ਹਿੰਦੂਓਂ ਕੀ ਹੀ ਥੀ। ਜਬ ਹਿੰਦੂਓਂ ਨੇ ਸੋਚਾ ਕਿ ਗੁਰੂ ਗੋਬਿੰਦ ਸਿੰਘ ਜੀ ਹਿੰਦੂ ਹਕੂਮਤ ਕਾ ਖ਼ਾਤਮਾ ਕਰ ਰਹੇ ਹੈਂ... ਤਬ... ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਔਰ ਔਰੰਗਜ਼ੇਬ ਕੇ ਦਰਮਿਆਨ ਲੜਾਈ ਕੀ ਬੁਨਿਆਦ ਕਾਇਮ ਕੀ। ਗੁਰੂ ਗੋਬਿੰਦ ਸਿੰਘ ਖ਼ੁਦ ਅਪਨੇ ਜ਼ਫ਼ਰਨਾਮੇ ਮੇਂ ਲੜਾਈ ਕਾ ਸਬਬ ਇਸ ਤਰ੍ਹਾਂ ਬਿਆਨ ਕਰਤੇ ਹੈਂ ਕਿ :*

ਮਨਮ ਕੁਸ਼ਤਨਮ ਕੋਹੀਆਂ ਬੁਤ ਪ੍ਰਸਤ ।

ਕਿ ਆਂ ਬੁਤ ਪ੍ਰਸਤੰਦੂ ਮਨ ਸ਼ਿਕਸ਼ਤ ।

(ਸਿੱਖ ਹਿੰਦੂ ਨਹੀਂ, ਪੰਨਾ 20)

ਪ੍ਰੋ: ਕਰਤਾਰ ਸਿੰਘ ਜੀ ਐਮ. ਏ. ਦਾ ਕਥਨ ਹੈ :-

*"ਪਹਾੜੀ ਰਾਜੇ ਮਜ਼ਹਬੀ ਖ਼ਿਆਲਾਂ ਕਰਕੇ ਗੁਰੂ ਜੀ ਦੇ ਮਿਸ਼ਨ ਦੇ ਵਿਰੋਧੀ ਸਨ ।"* *(ਜੀਵਨ ਕਥਾ, ਪੰਨਾ 85)*

ਇੱਕ ਵਿਦਵਾਨ ਜੀ ਨੇ ਇਸ ਬਾਰੇ ਲਿਖਿਆ ਹੈ ਕਿ :-

*"ਉਦਾਸੀ ਜਿਹੜੇ ਗੁਰੂ ਜੀ ਦੇ ਅੰਨ ਪਾਣੀ ਤੇ ਪਲ ਕੇ ਡਾਢੇ ਮੋਟੇ ਹੋਏ ਸਨ, ਲੋੜ ਵੇਲੇ ਗੁਰੂ ਜੀ ਦਾ ਸਾਥ ਛੱਡ ਕੇ ਨੱਸ ਗਏ । ਉਦੋਂ ਪੀਰ ਬੁਧੂ ਸ਼ਾਹ ਆਪਣੇ 2000 ਚੇਲਿਆਂ ਸਣੇ ਗੁਰੂ ਜੀ ਦੀ ਮਦਦ ਨੂੰ ਪੁਜ ਗਿਆ । ਜਿਸ ਕਰ ਕੇ ਸਿੱਟਾ ਗੁਰੂ ਜੀ ਦੇ ਹੱਕ ਵਿੱਚ ਹੀ ਨਿਕਲਿਆ ।"*

*(ਸੰਤ ਸਿਪਾਹੀ, ਮਈ 1952)*

ਗਿਆਨੀ ਗਿਆਨ ਸਿੰਘ ਜੀ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ ਜਦ ਪਹਾੜੀ ਰਾਜਿਆਂ ਤੇ ਗੁਰੂ ਜੀ ਦਾ ਜੁੱਧ ਅਰੰਭ ਹੋਇਆ, ਤਾਂ ਪੰਜ ਸੌ ਉਦਾਸੀ ਸਾਧੂ-ਜੋ ਗੁਰੂ ਜੀ ਦੀਆਂ ਰੋਟੀਆਂ ਤੇ ਪਲਦੇ ਸਨ- ਸਮੇਂ ਸਿਰ ਮੈਦਾਨ ਤੋਂ ਨਸ ਗਏ । ਜਦ ਬੁਧੂ ਸ਼ਾਹ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਦੋ ਹਜ਼ਾਰ ਸਿਪਾਹੀ ਨਾਲ ਲੈ ਕੇ ਮੈਦਾਨ ਵਿੱਚ ਆ ਨਿਤਰਿਆ । ਇਸ ਲੜਾਈ ਵਿੱਚ ਸੱਯਦ ਬੁਧੂ ਸ਼ਾਹ ਦੇ ਦੋ ਸਪੁੱਤਰ ਵੀ ਗੁਰੂ ਜੀ ਵੱਲੋਂ ਲੜਦੇ ਹੋਏ ਮਾਰੇ ਗਏ । (ਵੇਖੋ ਤਵਾਰੀਖ ਗੁਰੂ ਖ਼ਾਲਸਾ ਉਰਦੂ, ਪੰਨਾ 158 ਤੇ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ, ਪੰਨਾ 121)

ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਲਿਖਦੇ ਹਨ ਕਿ :-

*"ਸਿੱਖ ਧਰਮ ਕਿਸੇ ਦੂਸਰੇ ਮਜ਼ਹਮ ਦੇ ਖ਼ਿਲਾਫ਼ ਪੈਦਾ ਨਹੀਂ ਹੋਇਆ । ਇਸਲਾਮ ਨੂੰ ਖੰਡਨ ਕਰਨ ਜਾਂ ਇਸ ਦੀ ਮੁਖ਼ਾਲਫਤ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ । ਸਿੱਖ ਫ਼ਲਸਫੇ ਦੀਆਂ ਕਈ ਵਿਚਾਰ ਤੰਦਾਂ ਇਸਲਾਮੀ ਫ਼ਲਸਫ਼ੇ ਨਾਲ ਮਿਲਦੀਆਂ ਹਨ । ਇਸਲਾਮ ਵਾਂਗ ਸਿੱਖ ਧਰਮ ਵੀ ਰੱਬ ਦੀ ਵਹਿਦਤ ਤੇ ਜ਼ੋਰ ਦਿੰਦਾ ਹੈ । ਯਾਨੀ ਅਨੇਕਾਂ ਦੇਵੀ ਦੇਵਤਿਆਂ ਦੀ ਥਾਂ ਸਿੱਖ ਮਜ਼ਹਬ ਨੇ ਇੱਕ ਈਸ਼ਵਰ ਦੀ ਹੋਂਦ ਦਾ ਪੈਗਾਮ ਸੰਸਾਰ ਨੂੰ ਦਿੱਤਾ ਹੈ ।... ਪਰ ਸਾਡੇ ਇਤਿਹਾਸਕਾਰਾਂ ਨੇ ਸਿੱਖ ਲਹਿਰ ਦੀ ਮੁਗਲ ਸਰਕਾਰ ਨਾਲ ਟੱਕਰ ਨੂੰ ਧਰਮਾਂ ਦੀ ਟੱਕਰ ਕਹਿ ਕੇ ਇਸ ਨੂੰ ਫਿਰਕੂ ਰੰਗ ਦਿੱਤਾ ਹੈ । ਇਹ ਗਲਤ ਧਾਰਨਾ ਹੈ ।*

*ਜੇਕਰ ਸਿੱਖ ਮਜ਼ਹਬ ਜਾਂ ਸਿੱਖ ਲਹਿਰ ਇਸਲਾਮ ਦੇ ਉਲਟ ਹੁੰਦੀ, ਤਾਂ ਫਿਰ ਗੁਰੂ ਗੋਬਿੰਦ ਸਿੰਘ ਦੀ ਫੌਜ ਵਿੱਚ ਪਠਾਨ ਸੂਰਬੀਰ ਕਿਉ ਭਰਤੀ ਹੁੰਦੇ ? ਗੁਰੂ ਗੋਬਿੰਦ ਸਿੰਘ ਦੀਆਂ ਪਹਿਲੀਆਂ ਲੜਾਈਆਂ ਪਹਾੜੀ ਹਿੰਦੂ ਰਾਜਿਆ ਨਾਲ ਹੋਈਆਂ । ਭੰਗਾਣੀ ਦੇ ਯੁਧ ਵਿੱਚ ਮੁਸਲਮਾਨ ਫ਼ਕੀਰ ਪੀਰ ਬੁਧੂ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਦਾ ਜ਼ੋਰਦਾਰ ਸਾਥ ਦਿੱਤਾ ਸੀ । ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਉਸ ਵੇਲੇ ਦੇ ਮਹਾਨ ਸੂਫ਼ੀ ਫ਼ਕੀਰ ਮੀਆਂ ਮੀਰ ਨੇ ਰੱਖਿਆ ਸੀ । ਮੁਸਲਮਾਨ ਰਬਾਬੀ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸਫ਼ਰਾਂ ਵਿੱਚ ਸਾਥੀ ਸੀ ।"* *(ਗੁਰਦੁਆਰਾ ਗਜ਼ਟ, ਦਸੰਬਰ 1978)*

ਇੱਕ ਵਿਦਵਾਨ ਜੀ ਲਿਖਦੇ ਹਨ ਕਿ ਹਿੰਦੂ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਹਕੂਮਤ ਪਾਸ ਸ਼ਿਕਾਇਤ ਕੀਤੀ, ਤਾਂ ਭਾਈ ਨੰਦ ਲਾਲ ਦੇ ਦਖ਼ਲ ਦੇਣ ਤੇ ਮਾਮਲਾ ਠੀਕ ਹੋ ਗਿਆ; ਸਗੋਂ ਗੁਰ-ਦਰੋਹੀਆਂ ਨੂੰ ਦੰਡ ਵੀ ਮਿਲਿਆ, ਜਿਹਾ ਕਿ ਵਰਣਨ ਹੈ :-

*"ਭਾਈ ਨੰਦ ਲਾਲ ਜੀ ਸ਼ਹਿਜ਼ਾਦਾ ਮੁਅੱਜ਼ਮ ਦੇ ਮੁਨਸ਼ੀ ਰਹੇ ਸਨ। ਜਿਉ ਹੀ ਸ਼ਹਿਜ਼ਾਦਾ ਫ਼ੌਜ ਸਮੇਤ ਪੰਜਾਬ ਵਿੱਚ ਪ੍ਰਵੇਸ਼ ਹੋਇਆ । ਭਾਈ ਨੰਦ ਲਾਲ ਉਸ ਨੂੰ ਜਾ ਮਿਲੇ ਤੇ ਹਿੰਦੂ ਰਾਜਿਆਂ ਦੀ ਸ਼ਰਾਰਤ ਦੀ ਹਕੀਕਤ ਦੱਸਦੇ ਹੋਏ ਗੁਰੂ ਗੋਬਿੰਦ ਸਿੰਘ ਦੇ ਵਿਰੁੱਧ ਕੀਤੀਆਂ ਸ਼ਕਾਇਤਾਂ ਦੀ ਪੜਤਾਲ ਕਰਨ ਲਈ ਪ੍ਰੇਰਿਆ । ਸ਼ਾਹਿਜ਼ਾਦਾ ਨੇ... ਆਪਣੇ ਜਰਨੈਲ ਮਿਰਜ਼ਾ ਬੇਗ ਨੂੰ ਪੜਤਾਲ ਲਈ ਭੇਜਿਆ । ਮਿਰਜ਼ਾ ਬੇਗ ਨੇ ਪੜਤਾਲ ਕਰਕੇ ਗੁਰ ਦਰੋਹੀਆਂ ਨੂੰ ਸਖ਼ਤ ਸਜ਼ਾ ਦਿੱਤੀ ।"*

*(ਸੀਸ ਗੰਜ ਦਿੱਲੀ, ਜੂਨ 1967)*

ਸਿੱਖ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਗੁਰੂ ਜੀ ਦੀਆਂ ਪਹਾੜੀ ਰਾਜਿਆਂ ਨਾਲ ਜਿੰਨੀਆਂ ਵੀ ਲੜਾਈਆਂ ਹੋਈਆਂ, ਓਹਨਾਂ ਵਿੱਚ ਕਈ ਹੋਰ ਮੁਸਲਮਾਨ ਵੀ ਗੁਰੂ ਜੀ ਵਲੋਂ ਲੜਦੇ ਰਹੇ । ਸੌ ਸਾਖੀ ਤੋਂ ਪਤਾ ਲਗਦਾ ਹੈ ਕਿ ਇੱਕ ਮੁਗਲ ਸੈਦ ਬੇਗ ਪੰਜ ਹਜ਼ਾਰੀ ਗੁਰੂ ਜੀ ਵਲੋਂ ਲੜਿਆ ਸੀ (ਸਾਖੀ ਨੰ: 20) । ਇਸੇ ਤਰ੍ਹਾਂ ਇੱਕ ਹੋਰ ਮੁਸਲਮਾਨ ਨੇ ਵੀ ਆਪ ਵਲੋਂ ਹੋ ਕੇ ਲੜਾਈ ਵਿੱਚ ਹਿੱਸਾ ਲਿਆ ਸੀ (ਸਾਖ਼ੀ ਨੰ. 27) ਅਤੇ ਸੱਯਦ ਬੇਗ, ਅਲਫ਼ ਖਾਂ ਤੇ ਸੱਯਦ ਖਾਨ ਜਿਹੇ ਨਾਮੀ ਜਰਨੈਲ ਵੀ ਗੁਰੂ ਜੀ ਵਲੋਂ ਲੜਦੇ ਰਹੇ ।

(ਜੀਵਨ ਕਥਾ, ਪੰਨਾ 283 ਤੇ 284) ।

ਇਸ ਤੋਂ ਛੁਟ ਇਹ ਵੀ ਲਿਖਿਆ ਮਿਲਦਾ ਹੈ ਕਿ :-

*"ਕਈ ਹੋਰ ਮੁਸਲਮਾਨ ਸੂਰਮੇ ਭੀ ਅਜੇਹੇ ਹਨ, ਜਿਹੜੇ ਗੁਰੂ ਜੀ ਦੇ ਚਰਨਾਂ ਦੇ ਭੌਰੇ ਬਣੇ ਅਤੇ ਜਿਨ੍ਹਾਂ ਵਿੱਚੋਂ ਕਈ ਗੁਰੂ ਜੀ ਦੀ ਫੌਜ ਵਿੱਚ ਹੋ ਕੇ ਲੜਦੇ ਰਹੇ।" (ਜੀਵਨ ਕਥਾ, ਪੰਨਾ 287)*

ਜਦ ਪਹਾੜੀ ਰਾਜਿਆਂ ਨੂੰ ਇਹ ਨਿਸਚਾ ਹੋ ਗਿਆ ਕਿ ਓਹ ਗੁਰੂ ਜੀ ਤੇ ਜਿੱਤ ਪ੍ਰਾਪਤ ਨਹੀਂ ਕਰ ਸਕਦੇ, ਤਾਂ ਓਹਨਾਂ ਨੇ ਸੂਬਾ ਸਰਹੰਦ ਤੋਂ ਫੌਜੀ ਸਹਾਇਤਾ ਦੀ ਮੰਗ ਕੀਤੀ ਤੇ 20 ਹਜ਼ਾਰ ਰੁਪਈਆ ਖਰਚਾ ਦੇ ਕੇ ਲੁੜੀਂਦੀ ਫੌਜ ਲੈ ਆਂਦੀ। ਇਸ ਤਰ੍ਹਾਂ ਉਸ ਸਮੇਂ ਦੀ ਮੁਸਲਮਾਨ ਹਕੂਮਤ ਇਹਨਾਂ ਜੰਗਾ ਜੁਧਾਂ ਵਿਚ ਰਲ ਗਈ। ਨਹੀਂ ਤਾਂ ਉਸ ਦੀ ਗੁਰੂ ਜੀ ਨਾਲ ਸਿੱਧੀ ਕੋਈ ਲੜਾਈ ਨਹੀਂ ਸੀ। (ਤਵਾਰੀਖ ਗੁਰੂ ਖਾਲਸਾ, ਪੰਨਾ 153 ਤੇ ਜ਼ਫ਼ਰਨਾਮਾ, ਸਟੀਕ, ਪੰਨਾ 6)।

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਹਕੂਮਤ ਦੀ ਫੌਜ ਦੇ ਹਿੱਸਾ ਲੈਣ ਤੇ ਪਹਾੜੀ ਰਾਜਿਆਂ ਦਾ ਪਾਸਾ ਭਾਰਾ ਹੋ ਗਿਆ ਤੇ ਇਸ ਤਰ੍ਹਾਂ ਗੁਰੂ ਜੀ ਤੇ ਇੱਕ ਸਮਾਂ ਅਜਿਹਾ ਵੀ ਆਇਆ ਕਿ ਆਪ ਦੇ ਕਈ ਸਿੱਖ ਵੀ ਬੇਦਾਵਾ ਲਿਖ ਕੇ ਦੇ ਗਏ। ਇਸ ਤਰ੍ਹਾਂ ਗੁਰੂ ਜੀ ਨੂੰ ਅਨੰਦਪੁਰ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿੱਚ ਮੁਸਲਮਾਨ ਹਾਜੀ ਦਾ ਬਾਣਾ ਧਾਰਨ ਕਰ ਕੇ ਵਿਚਰਨਾ ਪਿਆ। ਉਸ ਸਮੇਂ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਗੁਰੂ ਜੀ ਦੀ ਸੇਵਾ ਲਈ ਪੇਸ਼ ਕੀਤਾ, ਓਹ ਗ਼ਨੀ ਖਾਂ ਤੇ ਨਬੀ ਖ਼ਾਂ ਨਾਂ ਦੇ ਦੋ ਮੁਸਲਮਾਨ ਸਨ। ਓਹਨਾਂ ਨੇ ਗੁਰੂ ਜੀ ਨੂੰ ਪਾਲਕੀ ਵਿੱਚ ਬਿਠਾ ਦਿੱਤਾ ਤੇ ਉਹ ਪਾਲਕੀ ਆਪਣੇ ਮੋਢਿਆ ਤੇ ਚੁਕ ਕੇ ਗੁਰੂ ਜੀ ਨੂੰ ਸੁਰੱਖਿਅਤ ਥਾਂ ਤੇ ਪਹੁੰਚਾ ਦਿੱਤਾ। (ਗੁਰ ਪ੍ਰਤਾਪ ਸੂਰਜ, ਰੁਤ 6, ਅੰਸੂ 48 ਤੇ ਜ਼ਫ਼ਰਨਾਮਾ ਸਟੀਕ, ਪੰਨਾ 3, ਅਤੇ ਜੀਵਨ ਕਥਾ ਪੰਨਾ 35 ਆਦਿ)

ਗੁਰੂ ਜੀ ਨੇ ਨਬੀ ਖ਼ਾਨ ਤੇ ਗ਼ਨੀ ਦੀ ਇਸ ਸੇਵਾ ਤੇ ਪਸੀਜ ਕੇ ਓਹਨਾਂ ਨੂੰ ਇਕ ਹੁਕਮਨਾਮਾਂ ਭੀ ਦਿੱਤਾ, ਜਿਸ ਵਿੱਚ ਇਹ ਲਿਖਿਆ ਸੀ ਕਿ ਸਾਨੂੰ ਨਬੀ ਖ਼ਾਂ ਤੇ ਗ਼ਨੀ ਖਾਂ ਪੁੱਤਰ ਨਾਲੋਂ ਵਧ ਪਿਆਰੇ ਹਨ। (ਸਿੱਖ ਇਤਿਹਾਸ, ਪੰਨਾ 426)

ਇੱਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ :-

*"ਸ੍ਰੀ ਦਸਮੇਸ਼ ਜੀ ਨੇ ਇਸ ਸੇਵਾ ਤੇ ਪ੍ਰਸੰਨ ਹੋ ਕੇ ਭਾਈ ਨਬੀ ਖ਼ਾਂ ਤੇ ਗ਼ਨੀ ਖਾਂ ਨੂੰ ਇਕ ਹੁਕਮਨਾਮਾ (ਪ੍ਰਸੰਸਾ ਪਤ੍ਰ) ਬਖਸ਼ਿਆ ਅਤੇ ਲਿਖਿਆ ਕਿ ਸਾਡਾ ਸਿੱਖ ਖ਼ਾਲੀ ਹੱਥ ਦਰਸ਼ਨ ਨਾ ਦੇਵੇ।"*

*(ਮਾਲਵਾ ਇਤਿਹਾਸ, ਭਾਗ 1, ਪੰਨਾ 110)*

ਇੱਕ ਸਿੱਖ ਵਿਦਵਾਨ ਨੇ ਇਹ ਲਿਖਿਆ ਹੈ ਕਿ :-

*"ਸੱਯਦ ਪੀਰ ਮੁਹੰਮਦ ਨੇ ਗੁਰੂ ਸਾਹਿਬ ਨੂੰ ਅਰਬੀ, ਫ਼ਾਰਸੀ ਤੇ ਉਰਦੂ ਜ਼ਬਾਨਾਂ ਪੜ੍ਹਾਈਆਂ ਸਨ। ਗੁਰੂ ਸਾਹਿਬ ਹਮੇਸ਼ਾ ਸੱਯਦ ਪੀਰ ਮੁਹੰਮਦ ਦੀ ਹੱਦ ਤੋਂ ਜ਼ਿਆਦਾ ਇੱਜ਼ਤ ਕਰਦੇ ਰਹੇ ਤੇ ਉਹ ਓਹਨਾਂ ਨੂੰ ਹਮੇਸ਼ਾ ਉਸਤਾਦ ਸਮਝਦੇ ਰਹੇ।"*

*(ਅਕਾਲੀ ਪਤ੍ਰਿਕਾ, 12 ਜਨਵਰੀ 1967)*

ਕਈ ਵਿਦਵਾਨ ਇਹ ਵਿਚਾਰ ਰਖਦੇ ਹਨ ਕਿ ਗੁਰੂ ਜੀ ਦਾ ਮੁਸਲਮਾਨਾਂ ਨਾਲ ਵਿਰੋਧ ਸੀ। ਓਹ ਇਸ ਗੱਲ ਨੂੰ ਨਹੀਂ ਸੋਚਦੇ ਕਿ ਜੇ ਸੱਚਮੁੱਚ ਹੀ ਗੁਰੂ ਜੀ ਸਾਰੇ ਮੁਸਲਮਾਨਾਂ ਦੇ ਵੈਰੀ ਸਨ, ਤਾਂ ਗ਼ਨੀ ਖਾਂ ਤੇ ਨਬੀ ਖਾਂ ਜੇਹੇ ਮੁਸਲਮਾਨ ਤੇ ਬੁਧੂ ਸ਼ਾਹ ਜੇਹੇ ਬਜ਼ੁਰਗ ਆਪ ਤੋਂ ਕਿਉ ਨਿਛਾਵਰ ਹੁੰਦੇ ਸਨ ? ਇਹ ਤਾਂ ਪਿਆਰ ਦਾ ਸਿੱਟਾ ਹੀ ਕਿਹਾ ਜਾ ਸਕਦਾ ਹੈ। ਤਾਂ ਹੀ ਇੱਕ ਸਿੱਖ ਵਿਦਵਾਨ ਨੇ ਇਸ ਬਾਰੇ ਇਹ ਕਿਹਾ ਹੈ :-

*"ਇਸੇ ਸੱਚੇ ਪਿਆਰ ਦੀ ਬਦੌਲਤ ਪੀਰ ਬੁਧੂ ਸ਼ਾਹ ਜੇਹੇ ਮੁਸਲਮਾਨ ਆਪਣੇ ਜਿਗਰ ਦੇ ਟੁਕੜਿਆਂ ਤੇ ਸੈਂਕੜੇ ਮੁਰੀਦਾਂ ਨੂੰ ਗੁਰੂ ਸਾਹਿਬ ਜੀ ਦੇ ਬਦਲੇ ਕੁਰਬਾਨ ਕਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਸਨ ਅਤੇ ਭਾਈ ਨਬੀ ਖਾਂ, ਗਨੀ ਖਾਂ ਜੇਹੇ ਸ਼ਰਧੀ ਸੱਚੇ ਪਾਤਸ਼ਾਹ ਤੋਂ ਘੋਲੀ ਜਾਂਦੇ ਸਨ।"*

*(ਸਿੱਖ ਸੇਵਕ, 3 ਜਨਵਰੀ 1933)*

ਇੱਕ ਸਿੱਖ ਵਿਦਵਾਨ ਦਾ ਕਥਨ ਹੈ ਕਿ :-

*"ਗੁਰੂ ਜੀ ਨੇ ਰਾਇ ਕੱਲੇ ਨੂੰ ਇਕ ਖੰਡਾ, ਗੰਗਾ ਸਾਗਰ ਤੇ ਇਕ ਰਹੇਲ ਬਖਸ਼ੀਸ਼ ਕੀਤੀ।" (ਮਾਲਵਾ ਇਤਿਹਾਸ, ਭਾਗ ਕ, ਪੰਨਾ)*

ਰਾਇ ਸ਼ਾਹਬਾਜ਼ ਖਾਨ ਨੇ ਵੀ ਗੁਰੂ ਜੀ ਨੂੰ ਵੱਡੇ ਸਤਿਕਾਰ ਨਾਲ ਆਪਣੇ ਕੋਲ ਠਹਿਰਾਇਆ ਸੀ ਤੇ ਇੱਕ ਘੋੜਾ, ਇੱਕ ਤਲਵਾਰ ਤੇ ਸੌ ਅਸ਼ਰਫ਼ੀ ਭੇਟ ਕੀਤੀ ਸੀ।

(ਸਿੱਖੀ ਤੇ ਸਿੱਖ ਇਤਿਹਾਸ, ਪੰਨਾ 149 ਤੇ 151)।

ਗੁਰੂ ਜੀ ਨੇ ਰਾਇ ਨੂੰ ਤਲਵਾਰ ਦਿੱਤੀ ਤੇ ਨਾਲ ਹੀ ਇਹ ਵਰ ਦਿੱਤਾ ਸੀ ਕਿ :-

*"ਪਰਵਰਦਗਾਰ ਤੁਮ ਕੋ ਸਲਾਮਤ ਬਾਸੇਹਤ ਰੱਖੇ ਔਰ ਰਿਆਸਤ ਪਰ ਮੁਕੀਮ ਫ਼ਰਮਾਵੇ ਔਰ ਇਸ ਸ਼ਮਸ਼ੀਰ ਕੋ ਮੁਤਬਰਕ ਸਮਝ ਕਰ ਬਜਾ ਅਪਨੇ ਪਾਸ ਰੱਖਣਾ।"*

*(ਸਿੱਖੀ ਤੇ ਸਿੱਖ ਇਤਿਹਾਸ, ਪੰਨਾ 150)*

ਕੋਟਲਾ ਨਿਹੰਗ ਖਾਂ ਦੇ ਪਠਾਣ ਬਲਵੰਤ ਖਾਂ ਨੇ ਗੁਰੂ ਜੀ ਨੂੰ ਆਪਣੇ ਪਾਸ ਠਹਿਰਾਇਆ ਸੀ ਤੇ ਫੌਜ ਨੂੰ ਆਪ ਦੀ ਗ੍ਰਿਫ਼ਤਾਰੀ ਕਰਨ ਤੋਂ ਰੋਕ ਦਿੱਤਾ ਸੀ। (ਗੁਰਧਾਮ ਦੀਦਾਰ, ਪੰਨਾ 217 ਤੇ 228)। ਗੁਰੂ ਜੀ ਨੇ ਪਸੀਜ ਕੇ ਉਸ ਨੂੰ ਇੱਕ ਕਟਾਰ ਤੇ ਇੱਕ ਢਾਲ ਬਖਸ਼ੀ ਸੀ। (ਗੁਰਧਾਮ ਸੰਗ੍ਰਹਿ, ਪੰਨਾ 218)।

ਇੱਕ ਹੋਰ ਵਿਦਵਾਨ ਜੀ ਨੇ ਲਿਖਿਆ ਹੈ ਕਿ :-

*"ਪੀਰ ਬੁਧੂ ਸ਼ਾਹ ਪੱਕਾ ਮੁਸਲਮਾਨ ਸੀ।... ਇਹ ਪੰਜ ਨਮਾਜ਼ਾਂ ਰੋਜ਼ ਪੜ੍ਹਦਾ ਸੀ।... ਭੰਗਾਣੀ ਦੇ ਯੁਧ ਸਮੇਂ ਪਹਾੜੀ ਰਾਜਿਆਂ ਵਿਰੁੱਧ ਪੀਰ ਬੁਧੂ ਸ਼ਾਹ ਨੇ ਪੂਰੀ ਤਰ੍ਹਾਂ ਡਟ ਕੇ ਮੁਕਾਬਲਾ ਕੀਤਾ। ਇਸ ਘੋਰ ਸੰਗਰਾਮ ਵਿੱਚ ਇਸ ਦੇ ਦੋਨੋਂ ਲੜਕੇ... ਮਾਰੇ ਗਏ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਜਨਵਰੀ 1958)*

ਪ੍ਰੋ: ਕਰਤਾਰ ਸਿੰਘ ਜੀ ਐਮ.ਏ. ਲਿਖਦੇ ਹਨ ਕਿ :-

*"ਗੁਰੂ ਜੀ ਦੇ ਸੈਂਕੜੇ ਸ਼ਰਧਾਲੂ ਮੁਸਲਮਾਨਾਂ ਵਿੱਚ ਵੀ ਹੈ ਹੀ ਸਨ ਨਾ। ਫਿਰ ਉਹ ਹਰ ਇੱਕ ਮੁਸਲਮਾਨ ਦੇ ਕੱਟੜ ਵੈਰੀ ਕੀਕੁਰ ਹੋਏ?"*

*(ਜੀਵਨ ਕਥਾ, ਪੰਨਾ 87)*

ਇਸੇ ਤਰ੍ਹਾਂ ਰਾਇ ਕੱਲਾ ਨਾਂ ਦੇ ਇੱਕ ਮੁਸਲਮਾਨ ਰਈਸ ਨੇ ਵੀ ਆਪ ਦੀ ਸੇਵਾ ਕੀਤੀ ਸੀ ਤੇ ਇੱਕ ਬਹੁਮੁੱਲਾ ਘੋੜਾ ਤੇ ਤਲਵਾਰ ਆਪ ਦੀ ਭੇਟ ਕੀਤੀ ਸੀ।

(ਤਵਾਰੀਖ ਗੁਰੂ ਖਾਲਸਾ ਉਰਦੂ, ਪੰਨਾ 180)

ਇਸ ਰਾਇ ਕੱਲਾ ਨੇ ਜਦ ਗੁਰੂ ਜੀ ਤੋਂ ਉਹਨਾਂ ਦੀ ਮੁਸੀਬਤ ਦਾ ਹਾਲ ਸੁਣਿਆ ਸੀ ਤਾਂ ਉਸ ਨੇ ਹੰਝੂਆਂ ਦੇ ਹਾਰ ਪ੍ਰੋਏ ਸਨ। (ਜੀਵਨ ਕਥਾ, ਪੰਨਾ 327)

ਭੀਖਣ ਸ਼ਾਹ ਤੇ ਆਰਫ਼ ਦੀਨ ਵੀ ਆਪ ਦੇ ਪ੍ਰੇਮੀਆਂ ਵਿੱਚੋਂ ਸਨ।

(ਜੀਵਨ ਕਥਾ, ਪੰਨਾ 35 ਤੇ 40)।

ਚੌਧਰੀ ਫਤੂ ਤੇ ਸਮੂ ਨੇ ਵੀ ਇਸ ਸਮੇਂ ਆਪ ਦੀ ਵੱਡੀ ਸੇਵਾ ਕੀਤੀ ਸੀ ਤੇ ਇੱਕ ਲੁੰਗੀ ਤੇ ਇੱਕ ਖੇਸ ਆਪ ਦੀ ਭੇਟ ਕੀਤਾ ਸੀ।

(ਗੁਰਧਾਮ ਸੰਗ੍ਰਹਿ, ਪੰਨਾ 254)

ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :-

*"ਗੁਰੂ ਜੀ ਨੂੰ ਬਹੁਤੀ ਖੇਚਲ ਹਿੰਦੂ ਪਹਾੜੀ ਰਾਜਿਆਂ ਨੇ ਦਿੱਤੀ ਸੀ। ਸ਼ਾਹੀ ਤਾਕਤ ਨੂੰ ਗੁਰੂ ਜੀ ਦੇ ਵਿਰੁੱਧ ਮੈਦਾਨ ਵਿੱਚ ਆ ਡਟਣ ਲਈ ਪ੍ਰੇਰਣਾ ਵੀ ਬਹੁਤੀ ਵੇਰ ਪਹਾੜੀ ਰਾਜੇ ਹੀ ਕਰਦੇ ਰਹੇ।"*

*(ਸਿੱਖ ਇਤਿਹਾਸ, ਭਾਗ ਪਹਿਲਾ ਪੰਨਾ 312)*

ਗੁਰੂ ਜੀ ਸਮਾਣੇ ਤੋਂ ਨੌਂਹ ਕੋਹ ਗੜ੍ਹੀ ਪਿੰਡ ਗਏ, ਤਾਂ ਉਥੇ ਜਮਾਲ ਖ਼ਾਂ ਨਾਂ ਦੇ ਪਠਾਣ ਨੇ ਆਪ ਦੀ ਵੱਡੀ ਟਹਿਲ ਸੇਵਾ ਕੀਤੀ । (ਗੁਰਧਾਮ ਸੰਗ੍ਰਹਿ, ਪੰਨਾ 194)। ਇਸੇ ਤਰ੍ਹਾਂ ਕੋਟਲਾ ਨਿਹੰਗ ਖਾਂ ਦਾ ਬਲਵੰਤ ਖਾਂ ਵੀ ਗੁਰੂ ਜੀ ਦਾ ਵੱਡਾ ਪ੍ਰੇਮੀ ਸੀ । (ਗੁਰਧਾਮ ਸੰਗ੍ਰਹਿ, ਪੰਨਾ 218) ਤੇ ਮਾਛੀਵਾੜੇ ਦੇ ਸੱਯਦ ਗਾਮੇ ਸ਼ਾਹ ਤੇ ਹਸਨ ਸ਼ਾਹ ਨੇ ਵੀ ਆਪ ਨਾਲ ਵੱਡਾ ਪ੍ਰੇਮ ਭਰਿਆ ਤੇ ਸਤਿਕਾਰ ਭਰਿਆ ਵਰਤਾਉ ਕੀਤਾ ਸੀ । (ਗੁਰਧਾਮ ਸੰਗ੍ਰਹਿ, ਪੰਨਾ 270) ।

ਇਤਿਹਾਸਕਾਰ ਦੱਸਦੇ ਹਨ ਕਿ ਇੱਕ ਸਮਾਂ ਗੁਰੂ ਜੀ ਤੇ ਅਜਿਹਾ ਵੀ ਆਇਆ ਸੀ, ਜਦ ਕਿ ਉਹਨਾਂ ਨਾਲ ਪਿਆਰ ਤੇ ਸ਼ਰਧਾ ਦੇ ਦੰਮ ਭਰਨ ਵਾਲੇ ਸਿੱਖ ਵੀ ਉਹਨਾਂ ਨੂੰ ਆਪਣੇ ਕੋਲ ਠਹਿਰਾਉਣ ਲਈ ਤਿਆਰ ਨਹੀਂ ਸਨ ।

(ਤਵਾਰੀਖ ਗੁਰੂ ਖ਼ਾਲਸਾ ਉਦਰੂ, ਪੰਨਾ 180) ।

ਪ੍ਰੋ: ਕਰਤਾਰ ਸਿੰਘ ਜੀ ਐਮ. ਏ. ਦਾ ਕਥਨ ਹੈ :-

*"ਜਿਸ ਗੁਰੂ ਜੀ ਨੇ ਜ਼ੁਲਮ ਦੀ ਅੱਡੀ ਹੇਠ ਲਤਾੜੇ ਜਾ ਰਹੇ ਦੇਸ ਭਰਾਵਾਂ ਦੀ ਹਾਲਤ ਸੁਧਾਰਨ ਦੀ ਖਾਤਰ ਆਪਣਾ... ਸਭ ਕੁਝ ਕੁਰਬਾਨ ਕਰ ਛੱਡਿਆ ਸੀ ।... ਅੱਜ ਉਸ ਗੁਰੂ ਨੂੰ ਉਹਨਾਂ ਨਾਲ ਪਿਆਰ ਰੱਖਣ ਵਾਲੇ ਸਿੱਖ ਵੀ ਆਪਣੇ ਘਰ ਥਾਂ ਦੇਣੋਂ ਨਾਂਹ ਕਰ ਰਹੇ ਸਨ ।" (ਜੀਵਨ ਕਥਾ, ਪੰਨਾ 325)*

ਸਗੋਂ ਇਹ ਵੀ ਪਤਾ ਲਗਦਾ ਹੈ ਕਿ ਇਸ ਭੀੜ ਸਮੇਂ ਗੁਰੂ ਜੀ ਦੇ ਤਨਖਾਹਦਾਰ ਸਿੱਖਾਂ ਨੇ ਆਪ ਨੂੰ ਆਪਣੀਆਂ ਤਨਖਾਹਾਂ ਬਦਲੇ ਘੇਰ ਲਿਆ ਸੀ; ਜਿਹਾ ਕਿ ਲਿਖਿਆ ਹੈ ਕਿ ਓਹਨਾਂ ਨੇ ਗੁਰੂ ਜੀ ਨੂੰ ਇਹ ਕਿਹਾ ਸੀ ਕਿ :-

*"ਜੀ ਅਸਾਂ ਬਥੇਰਾ ਜੇਰਾ ਕੀਤਾ ਹੈ । ਸਾਥੋਂ ਹੋਰ ਮਿੰਟ ਭਰ ਵੀ ਜੇਰਾ ਨਹੀਂ ਜੇ ਹੁੰਦਾ । ਅਸੀਂ ਇੱਥੋਂ ਨਹੀਂ ਹਿਲਣਾ ਤੇ ਨਾ ਹੀ ਤੁਹਾਨੂੰ ਹਿਲਣ ਦੇਣਾ ਹੈ, ਜਦ ਤੀਕ ਸਾਡੀਆਂ ਪਿਛਲੀਆਂ ਤਨਖਾਵਾਂ ਨਾ ਦੇ ਲਵੋ ।" (ਜੀਵਨ-ਕਥਾ, ਪੰਨਾ 365)*

ਮੁਸਲਮਾਨਾਂ ਦਾ ਅਜਿਹੇ ਸਮੇਂ-ਜਦ ਕਿ ਗੁਰੂ ਜੀ ਦੇ ਆਪਣੇ ਪਿਆਰੇ ਤੇ ਸ਼ਰਧਾਲੂ ਸਿੱਖ ਤੇ ਤਨਖਾਹਦਾਰ ਸਿਪਾਹੀ ਵੀ ਉਹਨਾਂ ਤੋਂ ਮੂੰਹ ਮੋੜ ਰਹੇ ਸਨ- ਆਪਣੇ ਆਪ ਨੂੰ ਉਹਨਾਂ ਦੀ ਸੇਵਾ ਲਈ ਪੇਸ਼ ਕਰਨਾ ਤੇ ਉਹਨਾਂ ਦੇ ਦੁਖ ਨੂੰ ਆਪਣਾ ਦੁਖ ਸਮਝ ਕੇ ਹੰਝੂ ਕੇਰਨਾ ਵੱਡੀ ਸ਼ਾਨਦਾਰ ਘਟਨਾ ਹੈ । ਅਸੀਂ ਧੌਣ ਚੁਕ ਕੇ ਵੱਡੇ ਮਾਣ ਨਾਲ ਆਖਦੇ ਹਾਂ ਕਿ ਸਾਰੇ ਮੁਸਲਮਾਨਾਂ ਨੇ ਗੁਰੂ ਜੀ ਨਾਲ ਵੈਰ ਨਹੀਂ ਕਮਾਇਆ ਸੀ । ਮੁਸਲਮਾਨਾਂ ਵਿੱਚ ਕਈ ਉਹਨਾਂ ਨਾਲ ਪਿਆਰ ਰੱਖਣ ਵਾਲੇ

ਵੀ ਮੌਜੂਦ ਸਨ, ਜੋ ਉਹਨਾਂ ਦੀ ਹਰ ਭੀੜ ਸਮੇਂ ਉਹਨਾਂ ਦੇ ਕੰਮ ਆਏ ਤੇ ਜਿਨ੍ਹਾਂ ਨੇ ਆਪਣੀਆਂ ਜਾਨਾਂ ਹੂਲ ਕੇ ਗੁਰੂ ਜੀ ਨੂੰ ਸੁਖ ਪਹੁੰਚਾਇਆ। ਇਹ ਠੀਕ ਹੈ ਕਿ ਰੱਬੀ-ਬੰਦਿਆਂ ਦਾ ਰੱਬ ਆਪ ਰਖਵਾਲਾ ਹੁੰਦਾ ਹੈ; ਪਰ ਓਹ ਲੋਕ ਵੀ ਧੰਨਤਾ ਦੇ ਯੋਗ ਹੁੰਦੇ ਹਨ, ਜੋ ਰੱਬੀ-ਬੰਦਿਆਂ ਦੀ ਭੀੜ ਸਮੇਂ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕਰਨ।

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*"ਜਦੋਂ ਆਪ ਪੰਥ ਦੇ ਹੁਕਮ ਅਨੁਸਾਰ ਗੜ੍ਹੀ ਤੋਂ ਨਿਕਲ ਕੇ ਮਾਛੀਵਾੜੇ ਦੇ ਜੰਗਲ ਨੂੰ ਚਲੇ ਗਏ ਸਨ, ਤਾਂ ਉਸ ਵੇਲੇ ਕੌਣ ਨਹੀਂ ਜਾਣਦਾ ਸੀ ਕਿ ਆਪ ਦੀ ਮਦਦ ਕਰਨਾ ਮੌਤ ਨੂੰ ਵਾਜਾਂ ਮਾਰਨ ਦੇ ਬਰਾਬਰ ਹੈ। ਉਦੋਂ ਗਨੀ ਖਾਂ ਤੇ ਨਬੀ ਖਾਂ ਆਪ ਜੀ ਨੂੰ ਉਚ ਦਾ ਪੀਰ ਬਣਾ ਕੇ ਪਾਲਕੀ ਵਿੱਚ ਬਿਠਾ ਬੜੇ ਆਦਰ ਨਾਲ ਮੋਢਿਆਂ ਤੇ ਚੁਕ ਕੇ ਫ਼ੌਜੀ ਨਿਗਰਾਨਾਂ ਦੀ ਅੱਖੀਂ ਘੱਟਾ ਪਾ ਕੇ ਉਸ ਥਾਂ ਤੋਂ ਦੂਰ ਲੈ ਜਾਂਦੇ ਹਨ।"*

*(ਗੁਰਮਤਿ ਅੰਮ੍ਰਿਤਸਰ ਜਨਵਰੀ 1963; ਅਜੀਤ ਜਲੰਧਰ 23 ਦਸੰਬਰ 1963)*

ਲਾਲਾ ਦੌਲਤ ਰਾਇ ਜੀ ਲਿਖਦੇ ਹਨ ਕਿ ਭਿਆਨਕ ਖਤਰੇ ਸਮੇਂ ਗੁਰੂ ਜੀ ਦਾ ਪਠਾਣ ਭਾਈਆਂ ਕੋਲ ਪਨਾਹ ਲੈਣਾ ਇੱਕ ਅਜੀਬ ਜਿਹੀ ਗਲ ਭਾਸਦੀ ਹੈ, ਪਰ ਇਹ ਵੀ ਸੱਚ ਹੈ ਕਿ ਜੇ ਗੁਰੂ ਜੀ ਉਸ ਔਕੜ ਸਮੇਂ ਕਿਸੇ ਖਤਰੀ ਜਾਂ ਬ੍ਰਾਹਮਣ ਦੇ ਘਰ ਪਨਾਹ ਲੈਂਦੇ, ਜ਼ਰੂਰ ਮਾਰੇ ਜਾਂਦੇ ਸੀ। ਉਹਨਾਂ ਦੇ ਬਚਾਉ ਦਾ ਕਾਰਨ ਮੁਸਲਮਾਨਾਂ ਦੇ ਪਾਸ ਪਨਾਹ ਲੈਣਾ ਹੀ ਸੀ। ਜਨਮ ਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰਮੁਖੀ; ਰਚਿਤ ਲਾਲਾ ਦੌਲਤ ਰਾਇ ਜੀ, ਪੰਨਾ 367)

ਇਤਿਹਾਸਕਾਰ ਇਹ ਦੱਸਦੇ ਹਨ ਕਿ ਨਾਭੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਇਤਹਾਸਿਕ ਗੁਰਦੁਆਰਾ ਹੈ ਇਸ ਥਾਂ ਪਹਿਲਾਂ ਗੁਰੂ ਜੀ ਦੀ ਇੱਕ ਮੁਸਲਮਾਨ ਫ਼ਕੀਰ ਨੇ ਵੱਡੀ ਸੇਵਾ ਕੀਤੀ ਸ਼ੀ। (ਗੁਰਧਾਮ ਦੀਦਾਰ; ਪੰਨਾ 305)।

ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਜਦ ਔਰੰਗਜ਼ੇਬ ਬਾਦਸ਼ਾਹ ਨੂੰ ਇਸ ਦਾ ਪਤਾ ਲੱਗਾ ਕਿ ਗੁਰੂ ਜੀ ਦਾ ਬਹੁਤ ਸਾਰਾ ਨੁਕਸਾਨ ਹੋ ਗਿਆ ਹੈ ਤਾਂ ਉਸ ਨੂੰ ਵੱਡਾ ਸ਼ੋਕ ਹੋਇਆ। ਉਸ ਨੇ ਇੱਕ ਪਾਸੇ ਤਾਂ ਗੁਰੂ ਜੀ ਨੂੰ ਇਹ ਲਿਖਿਆ ਕਿ :-

*"ਮੈਂ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਤੁਸੀਂ ਉਸੇ ਸੱਚੇ ਸਤਿਗੁਰੂ ਨਾਨਕ ਦੀ ਗੱਦੀ ਦੇ ਵਾਰਸ ਸੱਚੇ ਖੁਦਾ ਪ੍ਰਸਤ ਹੋ। ਮੇਰੇ ਅਮਲੇ ਨੇ ਬੁਤ-ਪ੍ਰਸਤ ਪਹਾੜੀ ਰਾਜਿਆਂ ਦੇ ਆਖੇ ਲਗ ਕੇ ਤੁਹਾਡੇ ਪਰ ਜ਼ੋਰ*

*ਜ਼ੁਲਮ ਦਾ ਵਰਤਾਉ ਕੀਤਾ ਹੈ, ਜਿਸ ਦਾ ਮੈਂ ਖੁਦ ਦਿੱਲੀ ਆ ਕੇ ਓਹਨਾਂ ਨੂੰ ਦੰਡ ਦਿਆਂਗਾ। ਔਰ ਆਪ ਬਹੁਤ ਜਲਦ ਮੇਰੇ ਪਾਸ ਆਓ।''*

*(ਤਵਾਰੀਖ ਗੁਰੂ ਖ਼ਾਲਸਾ ਉਰਦੂ, ਪੰਨਾ 1366)*

ਇਸੇ ਤਰ੍ਹਾਂ ਉਸ ਨੇ ਇਹ ਵੀ ਲਿਖਿਆ ਹੈ ਕਿ :-

*''ਮੈਂ ਨੇ ਕੁਲ ਹਾਕਮਾਨਿ ਪੰਜਾਬ ਕੇ ਨਾਮ ਫ਼ਰਮਾਨ ਜਾਰੀ ਕਰ ਦੀਏ ਹੈਂ। ਉਮੀਦ ਹੈ ਕਿ ਆਇੰਦਾ ਆਪ ਸੇ ਕੋਈ ਮੁਕਾਬਲਾ ਨਹੀਂ ਕਰੇਗਾ; ਚੁਨਾਂਚਿ ਐਸਾ ਹੀ ਹੁਆ।''*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 187)*

ਇਸ ਦੇ ਨਾਲ ਹੀ ਉਸ ਨੇ ਇਹ ਫ਼ਰਮਾਨ ਵੀ ਜਾਰੀ ਕਰਾ ਦਿੱਤਾ ਸੀ ਕਿ :-

*''ਹਿੰਦ ਦੇ ਪੀਰ ਜਿੱਥੇ ਚਾਹੁਣ ਵਿਚਰ ਸਕਦੇ ਹਨ; ਕਿਉਂਕਿ ਸ਼ਾਹਿ ਦੇਹਲੀ ਨੂੰ ਉਹਨਾਂ ਦੇ ਮਾਸੂਮ ਬੱਚਿਆਂ, ਉਮੱਤ ਤੇ ਬੇਸ਼ੁਮਾਰ ਦੌਲਤ ਦੇ ਬਰਬਾਦ ਹੋਣ ਦਾ ਅਫ਼ਸੋਸ ਹੈ।''*

*(ਰਸਾਲਾ ਉਪਦੇਸ਼ਕ, ਜਨਵਰੀ 1934)*

ਇਸ ਤੋਂ ਛੁੱਟ ਉਸ ਨੇ ਸੂਬਾ ਸਰਹੰਦ ਨੂੰ ਇੱਕ ਚਿੱਠੀ ਲਿਖੀ, ਜਿਸ ਵਿੱਚ ਉਸ ਨੂੰ ਗੁਰੂ ਜੀ ਦੇ ਵਿਰੁੱਧ ਲੜਨ ਤੇ ਵੱਡੀ ਤਾੜਨਾ ਕੀਤੀ; ਜਿਹਾ ਕਿ ਇੱਕ ਵਿਦਵਾਨ ਜੀ ਲਿਖਦੇ ਹਨ ਕਿ :-

*''ਉਸ ਨੇ ਸਰਹੰਦ ਦੇ ਨਵਾਬ ਨੂੰ ਇੱਕ ਚਿੱਠੀ ਲਿਖੀ, ਜਿਸ ਵਿੱਚ ਉਸ ਦੇ ਕੀਤੇ ਹੋਏ ਜ਼ੁਲਮਾਂ ਬਾਬਤ ਨਾਰਾਜ਼ਗੀ ਜ਼ਾਹਿਰ ਕੀਤੀ, ਉਸ ਦੀਆਂ ਵਧੀਕੀਆਂ ਬਾਬਤ ਉਸ ਨੂੰ ਤਾੜਨਾ ਕੀਤੀ ਅਤੇ ਅੱਗੇ ਨੂੰ ਗੁਰੂ ਜੀ ਨੂੰ ਤੰਗ ਨਾ ਕਰਨ ਦੀ ਪੱਕੀ ਕੀਤੀ।'' (ਜੀਵਨ ਕਥਾ, ਪੰਨਾ 353)*

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਔਰੰਗਜ਼ੇਬ ਨੇ ਸੂਬਾ ਸਰਹੰਦ ਦੀ ਜਵਾਬ-ਤਲਬੀ ਵੀ ਕੀਤੀ ਸੀ ਜਿਹਾ ਕਿ ਲਿਖਿਆ ਹੈ ਕਿ :-

*''ਤੁਸਾਂ ਨਾਨਕ ਸ਼ਾਹ ਖੁਦਾ ਪ੍ਰਸਤ ਪੀਰ ਦੇ ਗੱਦੀ ਨਸ਼ੀਨ ਪਰ ਪਹਾੜੀ ਬੁਤਪ੍ਰਸਤ ਰਾਜਿਆਂ ਦੇ ਆਖੇ ਲਗ ਕੇ ਧੋਖੇ ਨਾਲ ਮੈਥੋਂ ਹੁਕਮ ਲੈ ਕੇ ਲਸ਼ਕਰ ਨਹੀਂ ਮੰਗਵਾਣਾ ਸੀ; ਕਿਉਂਕਿ ਜਦ ਉਸ ਨੇ ਸ਼ਾਹੀ ਨੁਕਸਾਨ ਕੋਈ ਨਹੀਂ ਕੀਤਾ ਸੀ, ਤਾਂ ਤੁਸਾਂ ਨਾਹੱਕ ਕਰੋੜਾਂ ਰੁਪਈਏ ਤੇ ਹਜ਼ਾਰਾਂ ਸ਼ਾਹੀ ਆਦਮੀ ਕਿਉ ਮਰਵਾ ਸਿੱਟੇ। ਇਹ ਬਹੁਤ ਬੁਰਾ ਕੰਮ ਕੀਤਾ ਅਰ ਤੁਸਾਂ ਕਿਹੜਾ ਦੇਸ ਤੇ ਖਜ਼ਾਨਾ ਲੈਣਾ ਸੀ ਜੋ ਐਡੀ ਲੜਾਈ ਚੁੱਕੀ ਇਸ ਦਾ ਜਵਾਬ ਧਰਮ ਨਾਲ ਦਿਓ, ਅਰ ਅੱਗੇ ਨੂੰ ਇਸ ਪੀਰ*

*ਵਲ ਕਦੇ ਮੈਲੀ ਅੱਖ ਕਰ ਕੇ ਨਹੀਂ ਤਕਣਾ, ਜਿੱਥੇ ਉਸ ਦਾ ਮਨ ਚਾਹੇ ਉੱਥੇ ਰਹੇ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1366)*

ਔਰੰਗਜ਼ੇਬ ਦੀ ਇਹ ਜਵਾਬ-ਤਲਬੀ ਦੱਸਦੀ ਹੈ ਕਿ ਪਹਾੜੀ ਰਾਜਿਆਂ ਨਾਲ ਗੁਰੂ ਜੀ ਦਾ ਧਾਰਮਿਕ ਮਹਿਭੇਦ ਸੀ ਤੇ ਇਹੋ ਹੀ ਜੁਧਾਂ ਦਾ ਕਾਰਨ ਸੀ, ਪਰ ਪਹਾੜੀ ਰਾਜਿਆਂ ਨੇ ਉਸ ਧਾਰਮਿਕ ਲੜਾਈ ਨੂੰ ਨੀਤੀ ਦਾ ਵਿਰੋਧ ਦਸ ਕੇ ਹਕੂਮਤ ਨੂੰ ਧੋਖਾ ਦਿੱਤਾ ਸੀ ਤੇ ਫ਼ੌਜੀ ਸਹਾਇਤਾ ਪ੍ਰਾਪਤ ਕੀਤੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੇਂ ਜ਼ਫ਼ਰਨਾਮਾ ਲਿਖ ਕੇ ਆਪਣੀ ਪੋਜ਼ੀਸ਼ਨ ਹੋਰ ਵੀ ਸਾਫ਼ ਕਰ ਦਿੱਤੀ ਸੀ। ਇਸ ਜ਼ਫ਼ਰਨਾਮੇ ਦੇ ਉੱਤਰ ਵਿੱਚ ਬਾਦਸ਼ਾਹ ਨੇ ਇਹ ਲਿਖਿਆ ਸੀ ਕਿ ਤੁਸੀਂ ਮੈਨੂੰ ਦਰਸ਼ਨ ਦਿਓ। ਆਪ ਨਾਲ ਜੋ ਜੋ ਵਧੀਕੀਆਂ ਕੀਤੀਆਂ ਗਈਆਂ ਹਨ, ਓਹਨਾਂ ਦੇ ਬਦਲੇ ਵਿੱਚ ਅਪਰਾਧੀਆਂ ਲਈ ਯੋਗ ਦੰਡ ਤਜਵੀਜ ਕਰੋ।

(ਦਸ ਗੁਰੂਆਂ ਦਾ ਸੰਖੇਪ ਜੀਵਨ ਚਰਿਤ੍ਰ, ਪੰਨਾ 56)

ਇੱਕ ਹੋਰ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ ਜ਼ਫ਼ਰਨਾਮੇ ਦੇ ਉੱਤਰ ਵਿੱਚ ਬਾਦਸ਼ਾਹ ਨੇ ਦਿੱਲੀ ਦੇ ਵਜ਼ੀਰ ਦੇ ਨਾਂ ਇਹ ਫ਼ਰਮਾਨ ਜਾਰੀ ਕੀਤਾ ਸੀ ਕਿ :-

*"ਗੁਰੂ ਜੀ ਨੂੰ ਤੰਗ ਨਾ ਕੀਤਾ ਜਾਏ ਅਤੇ ਉਹਨਾਂ ਨੂੰ ਦੱਖਣ ਆਉਣ ਲਈ ਕਿਹਾ ਜਾਏ।" (ਗੁਰਮਤਿ ਲੈਕਚਰ, ਪੰਨਾ 406)*

ਬਾਬੂ ਤੇਜਾ ਸਿੰਘ ਜੀ ਸੇਵਕ ਪੰਚ ਖਾਲਸਾ ਦੀਵਾਨ ਵਲੋਂ ਪ੍ਰਕਾਸ਼ਤ ਜ਼ਫ਼ਰਨਾਮਾ ਸਟੀਕ ਵਿੱਚ ਇਹ ਲਿਖਿਆ ਹੈ ਕਿ :-

*"ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਇਸ ਜ਼ਫ਼ਰਨਾਮੇ ਦੇ ਪੜ੍ਹਣ ਪਿੱਛੋਂ ਬਾਦਸ਼ਾਹ ਨੇ... ਪੰਜਾਬ ਦੇ ਸਾਰੇ ਹਾਕਮਾਂ ਵਲ ਸ਼ਾਹੀ ਫ਼ਰਮਾਨ ਜਾਰੀ ਕੀਤੇ ਕਿ ਅੱਗੇ ਨੂੰ ਕੋਈ ਚੜ੍ਹਾਈ ਗੁਰੂ ਗੋਬਿੰਦ ਜੀ ਪਰ ਨਾ ਕੀਤੀ ਜਾਵੇ ਤੇ ਗੁਰੂ ਜੀ ਪਾਸ ਵੀ ਇੱਕ ਰਾਜ਼ਦਾਰ ਦੀ ਹੱਥੀਂ ਸ਼ਾਹੀ ਮਰਾਸਲਾ ਭੇਜਿਆ, ਜਿਸ ਵਿੱਚ ਲਿਖਿਆ ਕਿ ਆਪ ਜਿੱਥੇ ਚਾਹੋ ਰਹੋ ਤੇ ਉਹਨਾਂ ਹਾਕਮਾਂ ਨੂੰ ਯੋਗ ਦੰਡ ਦਿੱਤਾ ਜਾਵੇਗਾ, ਜਿਨ੍ਹਾਂ ਨੇ ਮੇਰੇ ਅਹਿਦਮਾਨੇ ਨੂੰ ਤੋੜ ਕੇ ਆਪ ਪਰ ਹੱਲਾ ਕੀਤਾ ਹੈ।"*

*(ਜ਼ਫ਼ਰਮਾਮਾ ਸਟੀਕ ਪੰਨਾ 120)*

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜਦ ਇਹ ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਆਰੇ ਭਾਈ ਦਯਾ ਸਿੰਘ ਦੇ ਹੱਥ ਔਰੰਗਜ਼ੇਬ ਵਲ ਭੇਜਿਆ ਸੀ, ਤਾਂ ਉਸ ਨੇ ਇਸ ਨੂੰ ਹੱਥ ਵਿੱਚ ਲੈ ਕੇ ਇਹ ਕਿਹਾ ਸੀ ਕਿ :-

ਬਹੁਰ ਨੁਰੰਗੇ ਬਾਕ ਅਲਾਵਾ ।
ਮੇਰੇ ਲਖੇ ਬਰਾਦਰੀ ਕਾਵਾ ॥

(ਗੁਰ ਪ੍ਰਤਾਪ ਸੂਰਜ, ਐਨ 1, ਅੰਸੂ 31)

ਅਰਥਾਤ – ਔਰੰਗਜ਼ੇਬ ਨੇ ਇਹ ਕਿਹਾ ਕਿ ਮੇਰਾ ਗੁਰੂ ਜੀ ਨਾਲ ਬਰਾਦਰੀ ਦਾ ਸੰਬੰਧ ਹੈ। ਇਹ ਬਰਾਦਰੀ ਦਾ ਸੰਬੰਧ ਏਹੋ ਸੀ ਕਿ ਗੁਰੂ ਜੀ ਵੀ ਬੁਤ ਸ਼ਿਕਨ ਸਨ ਤੇ ਔਰੰਗਜ਼ੇਬ ਵੀ ਬੁਤ ਸ਼ਿਕਨ ਸੀ, ਅਰਥਾਤ ਬੁਤ ਪ੍ਰਸਤੀ ਦੀ ਵਿਰੋਧਤਾ ਦੇ ਲਿਹਾਜ਼ ਨਾਲ ਦੋਹਾਂ ਦੀ ਇਕੋ ਹੀ ਬਰਾਦਰੀ ਸੀ।

ਭਾਈ ਰਾਮ ਕ੍ਰਿਸ਼ਨ ਸਿੰਘ ਜੀ ਹਿਸਟੋਰੀਅਨ ਲਿਖਦੇ ਹਨ ਕਿ :–

*''ਆਗਰੇ ਵਿੱਚ ਇੱਕ ਖ਼ਤ੍ਰਾਣੀ ਸਿੱਖਣੀ ਉਥੋਂ ਦੀ 'ਸਾਹਿਬ ਵਲੈਤੀ' ਹੋਈ ਹੈ, ਜਿਸ ਦਾ ਘਰ ਅਣੀ ਖਾਨ ਨਾਮੇ ਗੁਰਦੁਆਰਾ ਆਗਰੇ ਵਿੱਚ ਹੁਣ ਤਕ ਮੌਜੂਦ ਹੈ। ਸ਼ਾਹ ਜਹਾਨ ਬਾਦਸ਼ਾਹ ਤੇ ਔਰੰਗਜ਼ੇਬ ਵੀ ਉਸ ਬੀਬੀ ਦੇ ਦਰਸ਼ਨ ਕਰਨ ਵਾਸਤੇ ਜਾਂਦੇ ਹੁੰਦੇ ਸਨ। ਜਦ ਉਹ ਅਨੰਦਪੁਰ ਜਾਂਦੀ ਹੋਈ ਦਿੱਲੀ ਵਿੱਚ ਆਉਂਦੀ ਸੀ, ਤਾਂ ਬਾਦਸ਼ਾਹ ਵਲੋਂ ਉਸ ਦੀ ਉਸ ਦੇ ਨਾਲ ਦੀ ਸਾਰੀ ਸੰਗਤ ਦੀ ਸੇਵਾ ਕੀਤੀ ਜਾਂਦੀ ਸੀ।''*

*(ਸਿੰਘ ਸਭਾ ਪ੍ਰਤ੍ਰਿਕਾ, ਅੰਮ੍ਰਿਤਸਰ, ਅਪ੍ਰੈਲ 1977)*

## ਬਹਾਦੁਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ

ਔਰੰਗਜ਼ੇਬ ਦੇ ਦੇਹਾਂਤ ਮਗਰੋਂ ਬਹਾਦੁਰਸ਼ਾਹ ਦਿੱਲੀ ਦੇ ਤਖ਼ਤ ਤੇ ਬੈਠਾ ਸੀ, ਪਰ ਇਸ ਨੂੰ ਦਿੱਲੀ ਦਾ ਤਖ਼ਤ ਪ੍ਰਾਪਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਲੈਣੀ ਪਈ ਸੀ। ਉਹ ਲੋਕ ਜੋ ਗੁਰੂ ਜੀ ਨੂੰ ਮੁਸਲਮਾਨ ਹਕੂਮਤ ਦਾ ਵੈਰੀ ਸਮਝਦੇ ਹਨ, ਵਿਚਾਰ ਕਰਨ ਕਿ ਜੇ ਸੱਚਮੁਚ ਹੀ ਗੁਰੂ ਜੀ ਮੁਸਲਮਾਨਾਂ ਦੇ ਰਾਜ ਦੇ ਵੈਰੀ ਸਨ, ਤਾਂ ਉਹ ਫੇਰ ਬਹਾਦੁਰ ਸ਼ਾਹ ਦੀ ਸਹਾਇਤਾ ਕਰ ਕੇ ਉਸ ਨੂੰ ਕਦੇ ਵੀ ਦਿੱਲੀ ਦਾ ਤਖ਼ਤ ਨਾ ਦੁਆਉਂਦੇ। ਗਿਆਨੀ ਗਿਆਨ ਸਿੰਘ ਜੀ ਤਾਂ ਇਹ ਵੀ ਲਿਖਦੇ ਹਨ ਕਿ ਬਹਾਦੁਰ ਸ਼ਾਹ ਨੂੰ ਬਹਾਦੁਰ ਸ਼ਾਹ ਦਾ ਖ਼ਿਤਾਬ ਗੁਰੂ ਜੀ ਨੇ ਹੀ ਦਿੱਤਾ ਸੀ। (ਗੁਰਧਾਮ ਸੰਗ੍ਰਹਿ, ਪੰਨਾ 268)

ਗਿਆਨੀ ਗਿਆਨ ਸਿੰਘ ਜੀ ਨੇ ਇਸ ਬਾਰੇ ਇਹ ਵੀ ਲਿਖਿਆ ਹੈ ਕਿ ਜਦ ਗੁਰੂ ਜੀ ਨੂੰ ਇਸ ਦਾ ਪਤਾ ਲੱਗਾ ਕਿ ਔਰੰਗਜ਼ੇਬ ਦਾ ਛੋਟਾ ਪੁੱਤਰ ਦਿੱਲੀ ਦਾ ਤਖ਼ਤ ਸੰਭਾਲਣ ਲਈ ਵਾਹੋ–ਦਾਹੀ ਆ ਰਿਹਾ ਹੈ, ਤਾਂ ਆਪ ਨੇ ਇਹ ਕਿਹਾ ਕਿ :–

*"ਤਖ਼ਤ ਤੇ ਔਰੰਗਜ਼ੇਬ ਦੇ ਵੱਡੇ ਪੁੱਤਰ ਦਾ ਹੱਕ ਹੈ, ਆਜ਼ਮ ਸ਼ਾਹ ਨੂੰ ਤਾਂ ਉਸ ਦੀ ਮੌਤ ਲਈ ਆਉਂਦੀ ਹੈ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1382)*

ਸਿੱਖ ਇਤਿਹਾਸਕਾਰ ਦੱਸਦੇ ਹਨ ਕਿ ਔਰੰਗਜ਼ੇਬ ਦੇ ਵੱਡੇ ਪੁਤੱਰ ਮੁਅੱਜ਼ਮ ਨੇ ਜਦ ਇਹ ਵੇਖਿਆ ਕਿ ਆਜ਼ਮ ਦਿੱਲੀ ਦਾ ਤਖ਼ਤ ਸਾਂਭਣ ਦੇ ਜਤਨ ਕਰ ਰਿਹਾ ਹੈ, ਤਾਂ ਉਸ ਨੇ ਵੀ ਉਸ ਦਾ ਟਾਕਰਾ ਕਰਨ ਦੀ ਤਿਆਰੀ ਆਰੰਭ ਦਿਤੀ। ਉਸ ਨੇ ਆਪਣੇ ਬਲ ਦੀ ਘਾਟ ਵੇਖ ਕੇ ਸਿੱਖਾਂ ਨੂੰ ਆਪਣੇ ਨਾਲ ਰਲਾਉਣ ਲਈ ਮੁਨਸ਼ੀ ਨੰਦ ਲਾਲ ਤੇ ਹਾਕਮ ਰਾਇ ਨੂੰ ਗੁਰੂ ਜੀ ਵਲ ਭੇਜਿਆ। ਗੁਰੂ ਜੀ ਨੇ ਸਹਾਇਤਾ ਕਰਨਾ ਪ੍ਰਵਾਨ ਕਰ ਲਿਆ ਤੇ 25 ਸਿੰਘ ਉਸੇ ਵੇਲੇ ਓਹਨਾਂ ਦੇ ਨਾਲ ਘਲ ਕੇ ਆਪ ਹੋਰ ਬਹਾਦਰਾਂ ਨੂੰ ਨਾਲ ਲੈ ਕੇ ਛੇਤੀ ਆਉਣ ਦਾ ਬਚਨ ਕੀਤਾ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਬਹਾਦੁਰ ਸ਼ਾਹ ਨੇ ਇਹਨਾਂ 25 ਸਿੱਖਾਂ ਦਾ ਰੋਜ਼ੀਨਾ ਨੀਅਤ ਕਰ ਦਿਤਾ, ਜਿਹਾ ਕਿ :-

*"ਸਿੰਘਾਂ ਨੂੰ ਵੇਖ ਕੇ ਬਹਾਦੁਰ ਸ਼ਾਹ ਬਹੁਤ ਖੁਸ਼ ਹੋਇਆ ਤੇ ਦੋ ਰੁਪਈਏ ਰੋਜ਼ ਸਵਾਰ ਦੇ ਤੇ ਪੰਜ ਰੁਪਈਏ ਸਰਦਾਰ ਦੇ ਰੋਜ਼ੀਨਾ ਬੰਨ੍ਹ ਕੇ ਆਪਣੇ ਪਾਸ ਰਹਿਣ ਦਾ ਹੁਕਮ ਦਿੱਤਾ।"*

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1386)*

ਇੱਕ ਸਿੱਖ ਵਿਦਵਾਨ ਡਾਕਟਰ ਗੋਪਾਲ ਸਿੰਘ ਜੀ ਸਾਬਕ ਮੈਂਬਰ ਹਿੰਦ ਪਾਰਲੀਮੈਂਟ ਲਿਖਦੇ ਹਨ ਕਿ :-

*"ਬਹਾਦੁਰ ਸ਼ਾਹ ਦੀ ਸਹਾਇਤਾ ਸਤਿਗੁਰਾਂ ਨੇ ਕੀਤੀ। ਇਸ ਦਾ ਕਾਰਨ... ਇਹੀ ਹੋ ਸਕਦਾ ਹੈ ਕਿ ਬਹਾਦੁਰ ਸ਼ਾਹ ਔਰੰਗਜ਼ੇਬ ਦੀਆਂ ਕੱਟੜ ਨੀਤੀਆਂ ਦਾ ਵਿਰੋਧੀ ਸੀ। ਜਿਥੇ ਉਸ ਦਾ ਬਾਪ ਸੁੰਨੀ ਮੁਸਲਮਾਨ ਸੀ, ਇਹ ਆਪ ਸ਼ੀਆਂ ਸੀ। ਸ਼ੀਆਂ ਤੇ ਸੂਫ਼ੀਆਂ ਦਾ ਗੁਰੂ ਘਰ ਨਾਲ ਨਿੱਘਾ ਸੰਬੰਧ ਰਿਹਾ ਹੈ; ਜਿਵੇਂ ਕਿ ਸਾਈਂ ਮੀਆਂ ਮੀਰ ਤੇ ਦਾਰਾ ਸ਼ਿਕੋਹ ਦਾ।"* *(ਗੁਰੂ ਗੋਬਿੰਦ ਸਿੰਘ ਟ੍ਰਕ, ਪੰਨਾ 40)*

ਇਸ ਦੇ ਮਗਰੋਂ ਵੀ ਜਿੰਨੇ ਸਿੱਖ ਬਹਾਦੁਰ ਸ਼ਾਹ ਕੋਲ ਆਉਂਦੇ ਰਹੇ, ਉਹ ਓਹਨਾਂ ਦਾ ਰੋਜ਼ੀਨਾ ਨੀਅਤ ਕਰਦਾ ਰਿਹਾ। ਜਦ ਬਹਾਦੁਰ ਸ਼ਾਹ ਨੇ ਜਿੱਤ ਪ੍ਰਾਪਤ ਕੀਤੀ, ਤਾਂ ਉਸ ਨੇ ਆਪਣੀ ਤਾਜਪੋਸ਼ੀ ਦੀ ਰਸਮ ਅਦਾ ਕਰਨ ਸਮੇਂ ਭਾਈ ਨੰਦ ਲਾਲ ਤੇ ਆਪਣੇ ਮਾਮਾ ਈਮਾਨ ਬੇਗ ਨੂੰ ਗੁਰੂ ਜੀ ਦੀ ਸੇਵਾ ਵਿੱਚ ਭੇਜਿਆ ਤੇ ਸਿੱਖਾਂ ਦੀ ਫ਼ੌਜੀ ਸਹਾਇਤਾ ਦਾ ਧੰਨਵਾਦ ਕੀਤਾ ਤੇ ਰੋਜ਼ੀਨਾ ਆਦਿ ਵੀ ਦਿੱਤਾ। ਇਸ

ਤੋਂ ਮਗਰੋਂ :-

*"ਗੁਰੂ ਜੀ ਤੋਂ ਬਚਨ ਲੈ ਕੇ ਬਹਾਦੁਰ ਸ਼ਾਹ ਨੇ ਡੇਰੇ ਆ ਕੇ ਸਵਾ ਲੱਖ ਰੁਪਈਏ ਦੀਆਂ ਮੁਹਰਾਂ ਖ਼ਾਲਸੇ ਜੀ ਨੂੰ ਖਰਚ ਇਨਾਮ ਤੇ ਇਕ ਪਾਲਕੀ ਹਾਥੀ ਗੁਰੂ ਜੀ ਵਾਸਤੇ ਭੇਜ ਕੇ ਦਿੱਲੀ ਵਲ ਚੜ੍ਹਾਈ ਕਰ ਦਿੱਤੀ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1392)*

ਇਸ ਤੋਂ ਮਗਰੋਂ ਵੀ ਬਹਾਦੁਰ ਸ਼ਾਹ ਸਮੇਂ ਸਮੇਂ ਗੁਰੂ ਜੀ ਦੀ ਸੇਵਾ ਕਰਦਾ ਰਿਹਾ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਬਹਾਦੁਰ ਸ਼ਾਹ ਨੇ ਪੰਜ ਲੱਖ ਰੁਪਈਆ ਨਕਦ ਤੇ ਕੁਝ ਮੋਹਰਾਂ ਓਹਨਾਂ ਸਿੱਖਾਂ ਦੇ ਇਨਾਮ ਆਦਿ ਲਈ ਅਰਪਣ ਕੀਤੀਆਂ, ਜੋ ਜੰਗ ਵਿੱਚ ਲੜਨ ਲਈ ਗੁਰੂ ਜੀ ਨੇ ਮਾਝੇ ਤੇ ਮਾਲਵੇ ਤੋਂ ਬੁਲਾਏ ਸਨ। ਇਸ ਤੋਂ ਛੁਟ ਇੱਕ ਲੱਖ ਦੇ ਗਹਿਣੇ, ਸੋਨੇ ਤੇ ਚਾਂਦੀ ਦੇ ਭਾਂਡੇ, ਤੇ ਰੇਸ਼ਮੀ ਕਪੜੇ ਮਾਤਾ ਸੁੰਦਰੀ ਜੀ ਲਈ ਵੀ ਭਿਜਵਾਏ ਸਨ। ਇਸ ਦੇ ਨਾਲ ਹੀ ਲੰਗਰ ਲਈ ਸਵਾ ਸੋ ਰਸਦ ਤੇ ਪੰਜਾਹ ਘੋੜਿਆਂ ਲਈ ਰੋਜ਼ਾਨਾ ਦਾਣਾ ਤੇ ਬਾਰ੍ਹਾਂ ਹਜ਼ਾਰ ਰੁਪਈਆ ਸਲਾਨਾ ਨੀਅਤ ਕਰ ਦਿੱਤਾ ਸੀ।

(ਤਵਾਰੀਖ ਗੁਰੂ ਖਾਲਸਾ, ਪੰਨਾ 1399)

ਇਸ ਦੇ ਮਗਰੋਂ ਵੀ ਬਹਾਦੁਰ ਸ਼ਾਹ ਵੱਲੋਂ ਰੋਜ਼ੀਨਾ ਮਿਲਦਾ ਰਿਹਾ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1402)

ਇੱਕ ਵਾਰ ਫੇਰ ਬਹਾਦੁਰ ਸ਼ਾਹ ਨੇ ਬਹੁਮੁੱਲੀਆਂ ਚੀਜ਼ਾਂ ਗੁਰੂ ਜੀ ਦੀ ਭੇਟ ਕੀਤੀਆਂ ਸਨ; ਜਿਹਾ ਕਿ ਲਿਖਿਆ ਹੈ :-

*"ਬਹਾਦੁਰ ਸ਼ਾਹ ਨੇ ਜਿਗਾ, ਕਲਗੀ ਸਰਪੰਚ ਮੋਤੀਆਂ ਮਾਲਾ, ਤਲਵਾਰ, ਢਾਲ, ਕਮਾਣ, ਖਿੱਲਤ, ਕੱਤੀ ਪਾਰਚੇ ਦਾ ਜੋ ਸਭ ਸਾਮਾਨ ਸਵਾ ਲੱਖ ਦਾ ਗੁਰੂ ਆਗੇ ਰਖਵਾ ਕੇ ਬੇਨਤੀ ਕੀਤੀ ਆਪ ਨੇ ਮੇਰੇ ਉੱਤੇ ਹਮੇਸ਼ਾ ਮਿਹਰ ਰਖਣੀ।" (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1403)*

ਇੱਕ ਸਿੱਖ ਵਿਦਵਾਨ ਜੀ ਬਹਾਦੁਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿੱਤਰਤਾ ਬਾਰੇ ਇਹ ਲਿਖਦੇ ਹਨ ਕਿ :-

*"ਭਾਈ ਸਾਹਿਬ, ਸਤਿਗੁਰਾਂ ਦੀ ਸਫ਼ਾਰਸ਼ ਨਾਲ ਬਾਦਸ਼ਾਹਜ਼ਾਦਾ ਮੁਅੱਜ਼ਮ ਦੀ ਸਰਕਾਰ ਵਿੱਚ ਪੇਸ਼ਕਾਰ ਲਗ ਗਏ। ਭਾਈ ਸਾਹਿਬ ਦੀ ਮਾਰਫ਼ਤ ਸਿਆਸੀ ਔਕੜਾਂ ਹਲ ਹੁੰਦੀਆਂ ਰਹੀਆਂ... ਔਰੰਗਜ਼ੇਬ ਦੀ ਮੌਤ ਤੋਂ ਬਾਦ, ਭਾਈ ਸਾਹਿਬ ਦੇ ਆਖਣ ਤੇ ਹਜ਼ੂਰ ਨੇ ਸ਼ਹਿਜ਼ਾਦੇ ਦੀ ਮਦਦ ਲਈ ਆਪਣਾ ਲਸ਼ਕਰ ਅਤੇ ਅਸੀਸ ਭੇਜੀ। ਸ਼ਹਿਜ਼ਾਦਾ ਜਿੱਤ*

*ਗਿਆ।"* *(ਗੁਰਮਤਿ ਪ੍ਰਕਾਸ਼, ਜੂਨ 1960)*

ਅਰਥਾਤ :-

*"ਬਾਦਸ਼ਾਹ ਨੇ ਜੰਗ ਜਿੱਤਣ ਪਿਛੋਂ ਗੁਰੂ ਜੀ ਨੂੰ ਖ਼ੁਸ਼ ਹੋ ਕੇ ਸਠ ਹਜ਼ਾਰ ਰੁਪਈਏ ਦੀ ਧੁਖਧੁਖੀ ਇਨਾਮ ਵਜੋਂ ਦਿੱਤੀ।"*

*(ਗੁਰਮਤਿ ਪ੍ਰਕਾਸ਼, ਮਾਰਚ 1980)*

ਇੱਕ ਸਿੱਖ ਇਤਿਹਾਸਕਾਰ ਤਾਂ ਇਹ ਵੀ ਦਸਦਾ ਹੈ ਕਿ ਕਈ ਲੋਕਾਂ ਨੇ ਫਰਜ਼ੀ ਤੌਰ ਤੇ ਗੁਰੂ ਜੀ ਦੇ ਨਾਂ ਤੋਂ ਲਾਭ ਉਠਾ ਕੇ ਜਾਗੀਰਾਂ ਪ੍ਰਾਪਤ ਕਰ ਲਈਆਂ ਸਨ, ਜਿਹਾ ਕਿ ਸੋਢੀ ਅਭੈ ਸਿੰਘ ਨੇ-ਜੋ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਨਸ ਗਿਆ ਸੀ। ਇਹ ਵੇਖ ਕੇ ਕਿ ਬਹਾਦੁਰਸ਼ਾਹ ਨਾਲ ਗੁਰੂ ਜੀ ਦੇ ਪ੍ਰੇਮ ਭਰੇ ਸੰਬੰਧ ਹਨ, ਦਿੱਲੀ ਜਾ ਕੇ ਆਪਣੇ ਆਪ ਨੂੰ ਗੁਰੂ ਜੀ ਦੀ ਸੰਤਾਨ ਪ੍ਰਗਟ ਕਰ ਕੇ ਜਾਗੀਰ ਪ੍ਰਾਪਤ ਕਰ ਲਈ ਸੀ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1396)

ਸਿੱਖ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਜਦ ਬਹਾਦੁਰ ਸ਼ਾਹ ਗੁਰੂ ਜੀ ਨੂੰ ਨਾਲ ਲੈ ਕੇ ਹੈਦਰਾਬਾਦ ਵਲ ਜਾ ਰਿਹਾ ਸੀ, ਤਾਂ ਰਾਹ ਵਿੱਚ ਮੁਸਲਮਾਨ ਸਿਪਾਹੀਆਂ ਨਾਲ ਝਗੜਾ ਹੋ ਗਿਆ। ਦੋਹਾਂ ਪਾਸਿਆਂ ਤੋਂ ਕਈ ਬੰਦੇ ਮਾਰੇ ਗਏ। ਗੁਰੂ ਜੀ ਦਾ ਇੱਕ ਖ਼ਾਸ ਸਿੱਖ ਭਾਈ ਮਾਨ ਸਿੰਘ ਵੀ ਮਾਰਿਆ ਗਿਆ। ਬਹਾਦੁਰ ਸ਼ਾਹ ਨੂੰ ਪਤਾ ਲੱਗਾ, ਤਾਂ ਉਸ ਨੇ ਭਾਈ ਮਾਨ ਸਿੰਘ ਦਾ ਕਾਤਲ ਤੇ ਦੋ ਸੌ ਦੇ ਲਗ ਭਗ ਸਿਪਾਹੀ ਫੜ ਕੇ ਗੁਰੂ ਜੀ ਦੇ ਹਵਾਲੇ ਕਰ ਦਿਤੇ।

(ਦੇਗ ਤੇਗ ਦਾ ਮਾਲਕ, ਪੰਨਾ 589 ਤੇ ਧਰਮ ਦਾ ਛਤ੍ਰ)

ਇੱਕ ਵਾਰ ਫੇਰ ਮੁਸਲਮਾਨ ਸਿਪਾਹੀ ਤੇ ਸਿੱਖ ਸਿਪਾਹੀ ਝਗੜ ਪਏ। ਇਸ ਤੇ ਵੀ ਬਹਾਦੁਰ ਸ਼ਾਹ ਨੇ ਮੁਸਲਮਾਨ ਸਿਪਾਹੀਆਂ ਨੂੰ ਸਜ਼ਾ ਦੇ ਕੇ ਮਾਮਲਾ ਨਿਪਟਾ ਦਿੱਤਾ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1217)

ਸਿੱਖ ਇਤਿਹਾਸ ਦੱਸਦਾ ਹੈ ਕਿ ਜਦ ਗੁਰੂ ਜੀ ਬਹਾਦੁਰ ਸ਼ਾਹ ਨਾਲ ਦੱਖਣ ਵਲ ਜਾ ਰਹੇ ਸਨ, ਤਾਂ ਰਾਹ ਵਿੱਚ ਬੁਹਰਾਨ ਪੁਰ ਦੀ ਸੰਗਤ ਨੇ ਆਪ ਨੂੰ ਕੁਝ ਦਿਨਾਂ ਲਈ ਰੋਕ ਲਿਆ। ਬਾਦਸ਼ਾਹ ਨੇ ਆਦਮੀ ਭੇਜ ਕੇ ਆਪ ਨੂੰ ਬੁਲਾ ਲਿਆ ਤੇ ਮੁਹਰਾਂ ਦੀ ਇੱਕ ਥੈਲੀ ਆਪ ਦੀ ਭੇਟ ਕੀਤੀ। ਗੁਰੂ ਜੀ ਨੇ ਕਿਹਾ ਕਿ ਸਾਨੂੰ ਬੁਰਹਾਨਪੁਰ ਦੀ ਸੰਗਤ ਨੇ ਰੋਕ ਲਿਆ ਸੀ। ਹੁਣ ਆਪ ਦਾ ਪ੍ਰੇਮ ਖਿੱਚ ਲਿਆਇਆ ਹੈ। (ਤਵਾਰੀਖ ਗੁਰੂ ਖਾਲਸਾ, ਪੰਨਾ 1420)

ਸਰਦਾਰ ਗੰਡਾ ਸਿੰਘ ਜੀ ਲਿਖਦੇ ਹਨ ਕਿ ਬਹਾਦੁਰਸ਼ਾਹ ਨੇ ਆਪਣੀ ਹਕੂਮਤ ਦੇ ਅਰੰਭਕ ਦਿਨਾਂ ਵਿੱਚ ਵਜ਼ੀਰ ਖਾਂ ਦੇ ਨਾਂ ਇਹ ਫ਼ਰਮਾਨ ਜਾਰੀ ਕੀਤਾ ਸੀ ਕਿ

ਗੁਰੂ ਜੀ ਨੂੰ ਤਿੰਨ ਸੌ ਰੁਪਈਆ ਰੋਜ਼ੀਨਾ ਦਿੱਤਾ ਜਾਵੇ।

(ਸਿੱਖ ਇਤਿਹਾਸ ਬਾਰੇ, ਪੰਨਾ 50)

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਵਾਰ ਬਹਾਦੁਰ ਸ਼ਾਹ ਅਹਿਮਦ ਨਗਰ ਤੋਂ ਗੋਲਕੰਢੇ ਵਲ ਜਾਂਦਾ ਹੋਇਆ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਤੇ ਇੱਕ ਬਹੁਮੁੱਲਾ ਹੀਰਾ ਗੁਰੂ ਜੀ ਦੀ ਭੇਟ ਕੀਤਾ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1430)

ਇਸੇ ਤਰ੍ਹਾਂ ਇਹ ਲਿਖਿਆ ਵੀ ਮਿਲਦਾ ਹੈ ਕਿ ਬਹਾਦੁਰਸ਼ਾਹ ਨੇ ਇੱਕ ਬਹੁਮੁੱਲਾ ਹੀਰਾ ਗੁਰੂ ਜੀ ਦੀ ਭੇਟ ਕੀਤਾ, ਪਰ ਆਪ ਨੇ ਉਸ ਨੂੰ ਦਰਯਾ ਵਿਚ ਸੁੱਟ ਦਿੱਤਾ। ਬਹਾਦੁਰ ਸ਼ਾਹ ਨੂੰ ਇਹ ਗੱਲ ਚੰਗੀ ਨਾ ਲੱਗੀ। ਗੁਰੂ ਜੀ ਨੇ ਬਹਾਦੁਰ ਸ਼ਾਹ ਨੂੰ ਇਹ ਕਿਹਾ ਕਿ ਅਸੀਂ ਇਸ ਹੀਰੇ ਨੂੰ ਆਪਣੇ ਖਜ਼ਾਨੇ ਵਿੱਚ ਵੀ ਰੱਖ ਸਕਦੇ ਸਾਂ, ਪਰ ਇਸ ਥਾਂ ਸੁੱਟ ਦੇਣ ਨਾਲ ਇਸ ਦਾ ਨਾਂ ਹੀਰਾ ਘਾਟ ਸਦਾ ਵਾਸਤੇ ਪ੍ਰਸਿੱਧ ਹੋ ਜਾਵੇਗਾ। ਸੋ ਉਸ ਦਾ ਨਾਂ ਹੁਣ ਤਕ ਹੀਰਾ ਘਾਟ ਹੀ ਹੈ।

(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 196)

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ :-

*"ਬਹਾਦੁਰ ਸ਼ਾਹ ਨੇ... ਗੁਰੂ ਗੋਬਿੰਦ ਸਿੰਘ ਜੀ ਨੂੰ ਚਾਰ ਚੀਜ਼ਾਂ, ਅਲਮ, ਨਗਾਰਾ, ਖ਼ੈਮਾ ਤੇ ਸ਼ਾਹੀ ਪਰਦਾ ਵੀ ਦਿੱਤੀਆਂ।"*

*(ਸਾਡਾ ਇਤਿਹਾਸ ਭਾਗ 1, ਪੰਨਾ 210*

ਬਹਾਦੁਰ ਸ਼ਾਹ ਨੇ ਗੁਰੂ ਜੀ ਦੀ ਇੱਕ ਤਸਵੀਰ ਵੀ ਤਿਆਰ ਕਰਵਾਈ ਸੀ।

(ਜੀਵਨ ਸੰਦੇਸ਼, ਇਤਿਹਾਸ ਅੰਕ 1951, ਪੰਨਾ 131)

ਸਿੱਖ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਬਹਾਦੁਰ ਸ਼ਾਹ ਨੇ ਇੱਕ ਤਲਵਾਰ ਵੀ ਗੁਰੂ ਜੀ ਦੀ ਭੇਟ ਕੀਤੀ ਸੀ। ਇਹ ਤਲਵਾਰ ਹਜ਼ਰਤ ਇਮਾਮ ਹੁਸੈਨ ਜੀ ਦੀ ਯਾਦਗਾਰ ਸੀ। ਇਹ ਤਲਵਾਰ ਹੁਣ ਤਕ ਸ੍ਰੀ ਕੇਸਗੜ੍ਹ ਅਨੰਦਪੁਰ ਵਿੱਚ ਵਿਦਮਾਨ ਹੈ। (ਵੇਖੋ ਗੁਰਦਵਾਰੇ ਦਰਸ਼ਨ, ਪੰਨਾ 601)

ਸ: ਬ: ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਇਸ ਦੇ ਇੱਕ ਪਾਸੇ ਇਹ ਇਬਾਰਤ ਹੈ ਕਿ :-

*"ਨਸਰੁੱਮਿੱਨਲਾਹਿ ਵ.ਫਤਹੁਨ ਕਰੀਬ ਲਾਇਲਾਹਾ ਇੱਲਲਾੱਹ ਮੁਹੰਮਦੁਰਸੂਲੁੱਲਾਹਿ ਮੁਹੀਤ ਇਲਮ ਰਾਇਮੀਰ ਕੁਨਦ ਅਮੀਰੁਲ ਮੋਮਿਨੀਨ ਹੈਦਰ।*

*ਇਮਾਮਉਲਜਿਨ ਵਲਇਨਸ ਵ ਵਸੀਉਲਮੁਸਤਫ਼ਾ ਹਕਨ।"*

ਅਤੇ ਦੂਜੇ ਬੰਨੇ ਇਹ ਹੈ :-

*''ਬਿਸਮਿੱਲਾ ਹਿਰੱਹਿਮਾਨਿਰਹੀਮ ਤੋਹਫ਼ਾ ਅਸਤਅਲੀ ਫ਼ਾਤਮਾ ਹੁਸੈਨੋ ਹਸਨ ਲਾਫ਼ਤਾ ਇੱਲਾਅਲੀ ਲਾ ਸੈਫ਼ਾ ਇੱਲਾ ਜ਼ੁਲਫ਼ਿਕਾਰ।''*

*(ਮਹਾਨ ਕੋਸ਼, ਪੰਨਾ 301)*

ਇੱਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :-

*''ਬਹਾਦੁਰ ਸ਼ਾਹ ਨੇ ਦਸ਼ਮ ਪਾਤਸ਼ਾਹ ਨੂੰ ਹਜ਼ਰਤ ਅਲੀ ਦੀ ਉਹ ਸੈਫ਼ ਬਤੌਰ ਤੁਹਫ਼ਾ ਭੇਟ ਕੀਤੀ, ਜੋ ਉਹ ਜੰਗਾਂ ਵਿੱਚ ਵਰਤਦੇ ਰਹੇ, ਜੋ ਅੱਜ ਕਲ ਅਨੰਦ ਪੁਰ ਸਾਹਿਬ ਮੌਜੂਦ ਹੈ।''*

*(ਸੰਤ ਸਿਪਾਹੀ, ਅਗਸਤ 1951)*

ਇੱਕ ਸੱਚੇ ਮੁਸਲਮਾਨ ਦੇ ਨਜ਼ਦੀਕ ਹਜ਼ਰਤ ਅਲੀ ਜਾਂ ਹਜ਼ਰਤ ਇਮਾਮ ਹੁਸੈਨ ਦੀ ਤਲਵਾਰ ਤੋਂ ਵਧ ਕੇ ਹੋਰ ਕਿਹੜੀ ਚੀਜ਼ ਪਿਆਰੀ ਹੋ ਸਕਦੀ ਹੈ, ਪਰ ਸਿੱਖ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਬਹਾਦੁਰ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਇੰਨਾ ਪ੍ਰੇਮ ਸੀ ਕਿ ਉਸ ਨੇ ਇਹ ਤਲਵਾਰ ਗੁਰੂ ਜੀ ਦੀ ਭੇਟ ਕਰਨ ਤੋਂ ਸੰਕੋਚ ਨਾ ਕੀਤਾ।

ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਇੱਕ ਵਾਰ ਬਹਾਦੁਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਮੇਲ ਆਗਰੇ ਦੇ ਲਾਗੇ ਹੋਇਆ ਸੀ। ਗੁਰੂ ਜੀ ਬਹਾਦੁਰ ਸ਼ਾਹ ਦੀ ਰਜ਼ਾਮੰਦੀ ਨਾਲ ਸ਼ਸਤਰ ਧਾਰਨ ਕੀਤੇ ਹੀ ਬਾਦਸ਼ਾਹ ਨੂੰ ਮਿਲੇ ਸਨ ਤੇ ਇਕ ਸੌ ਮੁਹਰਾਂ ਬਾਦਸ਼ਾਹ ਨੂੰ ਦਿੱਤੀਆਂ ਸਨ। ਬਾਦਸ਼ਾਹ ਨੇ ਸੱਠ ਹਜ਼ਾਰ ਰੁਪਈਏ ਦੇ ਮੁੱਲ ਦਾ ਇੱਕ ਖ਼ਿਲਅਤ ਤੇ ਹੋਰ ਕੀਮਤੀ ਚੀਜ਼ਾਂ ਗੁਰੂ ਜੀ ਦੀ ਭੇਟ ਕੀਤੀਆਂ ਸਨ। ਇਸ ਦੀ ਪੁਸ਼ਟੀ ਗੁਰੂ ਜੀ ਦੇ ਇੱਕ ਹੁਕਮਨਾਮੇਂ ਤੋਂ ਵੀ ਹੋ ਜਾਂਦੀ ਹੈ।

(ਅਖ਼ਬਾਰ ਸ਼ੇਰਿ ਪੰਜਾਬ, 13 ਅਪ੍ਰੈਲ 1954)

ਇੱਕ ਹੋਰ ਵਿਦਵਾਨ ਜੀ ਦੇ ਕਥਨ ਅਨੁਸਾਰ ਬਹਾਦੁਰ ਸ਼ਾਹ ਤੇ ਗੁਰੂ ਦੀ ਇਹ ਮਿਲਣੀ ਹਮਾਯੂੰ ਦੇ ਮਕਬਰੇ ਦਿੱਲੀ ਹੋਈ ਸੀ ਤੇ ਬਹਾਦੁਰ ਸ਼ਾਹ ਨੇ ਗੁਰੂ ਜੀ ਦਾ ਵੱਡਾ ਆਦਰ ਕੀਤਾ ਸੀ; ਜਿਹਾ ਕਿ ਵਰਣਨ ਹੈ ਕਿ :-

*''ਹਮਾਯੂੰ ਦੇ ਮਕਬਰੇ ਨਾਲ ਸ਼ਾਹੀ ਸ਼ਾਮਿਆਨੇ ਲੱਗੇ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਉਤਾਰਾ ਹੋਇਆ, ਜਰਨੈਲਾਂ ਸਮੇਤ ਹਮਾਯੂੰ ਦੇ ਮਕਬਰੇ ਵਿੱਚ ਆ ਕੇ ਠਹਿਰਿਆ। ਫਿਰ ਇਥੋਂ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਮਿਆਨੇ ਵਲ ਕੂਚ ਕੀਤਾ ਤੇ ਗੁਰੂ ਸਾਹਿਬ ਨੇ ਤੰਬੂ ਤੋਂ ਬਾਹਰ ਨਿਕਲ ਕੇ ਬਾਦਸ਼ਾਹ ਨੂੰ ਜੀਉ ਆਇਆਂ ਕਿਹਾ। ਇਸ*

*ਮੁਲਾਕਾਤ ਵਾਲੀ ਥਾਂ ਹੀ ਗੁਰਦੁਆਰਾ ਦਮਦਮਾ ਸਾਹਿਬ ਸਥਾਪਿਤ ਕੀਤਾ ਗਿਆ ਹੈ।''*

*(ਸਪਤਾਹਕ ਫ਼ਤਹਿ ਦਿੱਲੀ, ਆਜ਼ਾਦੀ ਨੰਬਰ 1970)*

ਇਤਿਹਾਸ ਤੋਂ ਇਸ ਦਾ ਵੀ ਪਤਾ ਲਗਦਾ ਹੈ ਕਿ ਬਹਾਦੁਰ ਸ਼ਾਹ ਨੇ ਆਪਣੀ ਹਕੂਮਤ ਦੇ ਆਰੰਭ ਵਿਚ ਵਜ਼ੀਰ ਖ਼ਾਨ ਦੇ ਨਾਂ ਇਹ ਫ਼ਰਮਾਨ ਜਾਰੀ ਕੀਤਾ ਸੀ ਕਿ ਉਹ ਗੁਰੂ ਜੀ ਨੂੰ ਤਿੰਨ ਸੌ ਰੁਪਈਆ ਰੋਜ਼ ਦਿਆ ਕਰੇ।

(ਸਿੱਖ ਇਤਿਹਾਸ ਬਾਰੇ, ਪੰਨਾ 50)

ਪਟਨੇ ਦੇ ਨਵਾਬ ਕਰੀਮ ਬਖ਼ਸ਼ ਤੇ ਰਹੀਮ ਦੇ ਭੇਟ ਕੀਤੇ ਦੋ ਬਾਗ਼ ਤੇ ਇੱਕ ਪਿੰਡ ਅੱਜ ਤੀਕ ਉੱਥੋਂ ਦੇ ਗੁਰਦੁਆਰੇ ਨਾਲ ਲੱਗੇ ਚਲੇ ਆ ਰਹੇ ਹਨ।

(ਜੀਵਨ ਕਥਾ, ਪੰਨਾ 35)

ਇਸ ਤੋਂ ਛੁੱਟ ਲਿਟਰੇਚਰ ਵਿਚ ਇਹ ਵੀ ਲਿਖਿਆ ਹੈ ਕਿ ਬਹਾਦੁਰ ਸ਼ਾਹ ਨੇ ਨਾ ਕੇਵਲ ਇਹ ਕਿ ਆਪਣੇ ਕੋਲੋਂ ਹੀ ਗੁਰੂ ਜੀ ਨੂੰ ਨਜ਼ਰਾਨੇ ਭੇਟ ਕੀਤੇ; ਸਗੋਂ ਜਦ ਬਹਾਦੁਰ ਸ਼ਾਹ ਗੁਰੂ ਜੀ ਨੂੰ ਆਪਣੇ ਨਾਲ ਲੈ ਕੇ ਦੱਖਣ ਵਲ ਜਾ ਰਿਹਾ ਸੀ, ਤਾਂ ਰਾਹ ਵਿਚ ਰਾਜਪੂਤਾਨੇ ਦੇ ਰਾਜਾ, ਬਾਦਸ਼ਾਹ ਲਈ ਨਜ਼ਰਾਨੇ ਲੈ ਕੇ ਆਉਂਦੇ ਰਹੇ; ਜਿਉਂ ਜਿਉਂ ਕੋਈ ਰਾਜਾ ਬਾਦਸ਼ਾਹ ਨੂੰ ਆ ਕੇ ਮਿਲਦਾ ਰਿਹਾ, ਉਹ ਸਾਰਿਆਂ ਤੋਂ ਹੀ ਗੁਰੂ ਜੀ ਨੂੰ ਵੀ ਭੇਟਾ ਦੁਆਉਂਦਾ ਰਿਹਾ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 145)

ਸਗੋਂ ਗਿਆਨੀ ਜੀ ਨੇ ਤਾਂ ਇਹ ਵੀ ਲਿਖਿਆ ਹੈ ਕਿ ਬਹਾਦੁਰ ਸ਼ਾਹ ਗੁਰੂ ਜੀ ਨੂੰ ਪਹਿਲਾਂ ਨਜ਼ਰਾਨੇ ਦੁਆਉਂਦਾ ਸੀ ਤੇ ਆਪ ਮਗਰੋਂ ਲੈਂਦਾ ਸੀ।

(ਗੁਰਧਾਮ ਸੰਗ੍ਰਹਿ, ਪੰਨਾ 269)

ਇਸੇ ਤਰ੍ਹਾਂ ਇੱਕ ਹੋਰ ਥਾਂ ਇਹ ਲਿਖਿਆ ਹੈ ਕਿ ਬਹਾਦੁਰ ਸ਼ਾਹ ਨੇ ਅਜਮੇਰ ਪੁਜ ਕੇ ਇੱਕ ਬਹੁਤ ਵੱਡਾ ਦਰਬਾਰ ਲਾਇਆ ਤੇ ਉਸ ਵਿੱਚ ਵੀ ਉਸ ਨੇ ਗੁਰੂ ਜੀ ਨੂੰ ਰਾਜਿਆਂ ਮਹਾਰਾਜਿਆਂ ਤੋਂ ਭੇਟਾ ਦੁਆਈ।

(ਤਵਾਰੀਖ਼ ਗੁਰੂ ਖ਼ਾਲਸਾ; ਪੰਨਾ 416)

ਮਥਰਾ ਦੇ ਨਵਾਬ ਨੇ ਵੀ ਇੱਕ ਬਾਗ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਕੀਤਾ ਸੀ। ਇਹ ਬਾਗ਼ ਅੱਜ ਕਲ ਨਜ਼ਰ ਬਾਗ਼ ਦੇ ਨਾਂ ਨਾਲ ਪ੍ਰਸਿੱਧ ਹੈ।

(ਗੁਰਧਾਮ ਸੰਗ੍ਰਹਿ, ਪੰਨਾ 210)

ਇਤਿਹਾਸ ਇਹ ਵੀ ਦੱਸਦਾ ਹੈ ਕਿ ਜਿੱਥੇ ਮੁਸਲਮਾਨ ਹਾਕਮਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਵੀ ਭੇਟਾ ਕੀਤੀਆਂ ਤੇ ਦੂਜਿਆਂ ਤੋਂ ਵੀ ਕਰਵਾਈਆਂ, ਉਥੇ ਗੁਰੂ ਜੀ ਵੀ ਸਮੇਂ ਸਮੇਂ ਮੁਸਲਮਾਨਾਂ ਨੂੰ ਤੋਹਫ਼ੇ ਦਿੰਦੇ ਰਹੇ।

ਸ: ਗੰਡਾ ਸਿੰਘ ਜੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਤਲਵਾਰ ਮਾਲੇਰ ਕੋਟਲਾ ਦੇ ਨਵਾਬ ਸ਼ੇਰ ਖਾਂ ਨੂੰ ਪ੍ਰੇਮ-ਸੰਦੇਸ਼ੇ ਵਜੋਂ ਦਿੱਤੀ ਸੀ। ਇਹ ਤਲਵਾਰ ਅੱਜ ਤਕ ਨਵਾਬ ਸਾਹਿਬ ਦੇ ਘਰਾਣੇ ਵਿੱਚ ਚਲੀ ਆ ਰਹੀ ਹੈ। ਇਸ ਦੇ ਇੱਕ ਪਾਸੇ ਇਹ ਉਕਰਿਆ ਹੈ :-

*ੴ*

*"ਸ਼੍ਰੀ ਗੁਰੂ ਗੋਬਿੰਦ ਸਿੰਘ ਵਲੋਂ ਨੁਵਾਬ ਸ਼ੇਰ ਖਾਂ ਮਾਲੇਰੀ ਨੂੰ ਪ੍ਰੇਮ ਦਾ ਸੰਦੇਸ਼ਾਂ ਰਾਇ ਕੋਟ।"*

*(ਇਤਿਹਾਸਕ ਯਾਦਗਾਰਾਂ, ਪੰਨਾ 38 ਅਤੇ ਜੀਵਨ ਸੰਦੇਸ਼, ਇਤਿਹਾਸ ਅੰਕ 1951, ਪੰਨਾ 55)*

ਅਤੇ ਦੂਸਰੇ ਬੰਨੇ :-

*"ਸੰਮਤ 1762 ਲਿਖਿਆ ਹੈ।"*

*(ਇਤਿਹਾਸਕ ਯਾਦਗਾਰਾਂ, ਪੰਨਾ 38 ਅਤੇ ਜੀਵਨ ਸੰਦੇਸ਼, ਇਤਿਹਾਸ ਅੰਕ 1951, ਪੰਨਾ 55)*

ਸ: ਬ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਸੱਯਦ ਬੁਧੂ ਸ਼ਾਹ* ਨੂੰ, ਜਿਨ੍ਹਾਂ ਦਾ ਅਸਲ ਨਾਂ ਬਦਰੁੱਦੀਨ ਸੀ, ਭਗਾਣੀ ਦੇ ਯੁੱਧ ਵਿੱਚ ਗੁਰੂ ਜੀ ਵਲੋਂ ਲੜਨ ਤੇ ਆਪਣੀ ਦਸਤਾਰ ਕੰਘੇ ਸਮੇਤ, ਜਿਸ ਵਿੱਚ ਵਾਹੇ ਹੋਏ ਕੇਸ ਸਨ ਤੇ ਛੋਟੀ ਕਿਰਪਾਨ ਤੇ ਇੱਕ ਹੁਕਮਨਾਮਾ ਦਿੱਤਾ ਸੀ। (ਮਹਾਨ ਕੋਸ਼, ਪੰਨਾ 2641)

ਗ਼ਨੀ ਖ਼ਾਨ ਤੇ ਨਬੀ ਖ਼ਾਂ, ਜਿਨ੍ਹਾਂ ਨੇ ਮਾਛੀਵਾੜੇ ਦੇ ਜੰਗਲ ਵਿੱਚ ਵਿਚਰਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕੀਤੀ ਸੀ, ਗੁਰੂ ਜੀ ਤੋਂ ਹੁਕਮਨਾਮੇ ਦੁਆਰਾ ਵਰੋਸਾਏ ਗਏ ਸਨ; ਜਿਹਾ ਕਿ ਲਿਖਿਆ ਹੈ ਕਿ :-

*"ਗਨੀ ਖਾਂ... ਜੋ ਨਬੀ ਖਾਂ ਦਾ ਭਾਈ ਸੀ। ਇਹ ਦੋਵੇਂ ਭਾਈ ਦਸਮੇਸ਼ ਪਾਸ ਕੁਝ ਕਾਲ ਨੌਕਰ ਰਹੇ ਸਨ। ਚਮਕੌਰ ਤੋਂ ਚਲ ਕੇ ਜਦ ਕਲਗੀਧਰ ਮਾਛੀਵਾੜੇ ਆਏ, ਤਦ ਇਹ ਸਤਿਗੁਰੂ ਦਾ ਪਲੰਘ ਉਠਾ ਕੇ ਕੇਹਰ ਪਿੰਡ ਤੀਕ ਸਾਥ ਰਹੇ। ਗੁਰੂ ਜੀ ਨੇ ਇਸ ਥਾਂ ਤੇ ਏਹਨਾਂ ਨੂੰ ਵਿਦਾ ਕਰਨ ਵੇਲੇ ਹੁਕਮਨਾਮਾ ਬਖਸ਼ਿਆ, ਜਿਸ ਵਿੱਚ ਲਿਖਿਆ ਹੈ ਕਿ*

---

** ਇਤਿਹਾਸ ਦੱਸਦਾ ਹੈ ਕਿ ਬੁਧੂਸ਼ਾਹ ਨੂੰ ਸਰਦਾਰ ਉਸਮਾਨ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਦਦ ਦੇਣ ਦੇ ਦੋਸ਼ ਵਿੱਚ ਕਤਲ ਕਰਵਾ ਦਿੱਤਾ ਸੀ। ਬਹਾਦੁਰ ਸ਼ਾਹ ਨੇ ਉਸਮਾਨ ਖ਼ਾਨ ਨੂੰ ਸੰ: 1766 ਵਿੱਚ ਬੁਧੂ ਸ਼ਾਹ ਨੂੰ ਮਰਵਾਉਣ ਬਦਲੇ ਫ਼ਾਂਸੀ ਦੇ ਦਿੱਤੀ ਸੀ।*

*(ਮਹਾਨ ਕੋਸ਼ ਪੰਨਾ 2641)*

*ਗਨੀ ਖਾਂ ਤੇ ਨਬੀ ਖਾਂ ਸਾਨੂੰ ਪੁੱਤਰਾਂ ਤੋਂ ਵਧ ਕੇ ਪਿਆਰੇ ਹਨ।*

*ਸਿੱਖ ਰਿਆਸਤਾਂ ਤੋਂ ਏਹਨਾਂ ਦੀ ਔਲਾਦ ਨੂੰ ਸਾਲਾਨਾ ਬੰਧਾਨ ਮਿਲਦੇ ਹਨ ਅਤੇ ਗੁਰਸਿੱਖ ਭੀ ਹਰ ਤਰ੍ਹਾਂ ਸਨਮਾਨ ਕਰਦੇ ਹਨ।''*

*(ਮਹਾਨ ਕੋਸ਼, ਪੰਨਾ 1184)*

ਗੁਰੂ ਗੋਬਿੰਦ ਸਿੰਘ ਜੀ ਆਪਣੇ ਕੋਲ ਸਦਾ ਇੱਕ ਬਾਜ਼ ਰਖਿਆ ਕਰਦੇ ਸਨ। ਇਸੇ ਕਰਕੇ ਆਪ ਨੂੰ ਬਾਜ਼ਾਂ ਵਾਲਾ ਗੁਰੂ ਕਹਿੰਦੇ ਹਨ। ਇਹ ਬਾਜ਼ ਆਪ ਨੂੰ ਨਵਾਬ ਕਰੀਮ ਬਖ਼ਸ਼ ਤੇ ਰਹੀਮ ਬਖਸ਼ ਨੇ ਭੇਟ ਕੀਤਾ ਸੀ।

(ਗੁਰਧਾਮ ਸੰਗ੍ਰਹਿ, ਪੰਨਾ 207)

ਸ: ਕਰਮ ਸਿੰਘ ਜੀ ਹਿਸਟੋਰੀਅਨ ਦਾ ਕਥਨ ਹੈ ਕਿ :-

*''ਉਹ ਆਦਮੀ ਜੋ ਕਦੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਤਰਸਿਆ ਕਰਦੇ ਸਨ, ਹੁਣ ਜਦ ਗੁਰੂ ਜੀ ਓਹਨਾਂ ਦੇ ਘਰ ਆਪ ਚਲ ਕੇ ਗਏ, ਤਾਂ ਉਨ੍ਹਾਂ ਨੇ ਬਾਤ ਤੱਕ ਨਾ ਪੁੱਛੀ, ਸਤਿਗੁਰੂ ਜੀ ਨੇ ਘੋੜੀ ਮੰਗੀ, ਤਾਂ ਉਸ ਮਸੰਦ ਨੇ ਕਿਹਾ ਕਿ ਮੈਂ ਆਪ ਨੂੰ ਘੋੜੀ ਦੇ ਕੇ ਫਾਹੇ ਚੜ੍ਹਨਾ ਹੈ, ਪਰ ਰਾਇ ਕੋਟੀਏ ਨੇ ਆਪ ਦੀ ਚੰਗੀ ਖਾਤਰ ਕੀਤੀ। ਸੀ, ਤਾਂ ਮੁਸਲਮਾਨ, ਪਰ ਸੀ ਸੂਰਮਾ... ਉਸ ਨੇ ਸਤਿਗੁਰੂ ਜੀ ਦੀ ਚੰਗੀ ਸੇਵਾ ਕੀਤੀ ਤੇ ਇੱਜ਼ਤ ਨਾਲ ਸਤਿਗੁਰੂ ਜੀ ਨੂੰ ਵਿਦਾ ਕੀਤਾ।''*

*(ਸ: ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਪੰ; 100)*

ਗੁਰੂ ਸਾਹਿਬ ਨੇ ਰਾਇ ਕੱਲਾ ਨਾਂ ਦੇ ਇੱਕ ਮੁਸਲਮਾਨ ਰਈਸ ਨੂੰ ਸ੍ਰੀ ਸਾਹਿਬ ਦਿੱਤੀ ਸੀ। (ਗੁਰੂ ਬੰਸਾਵਲੀ, ਪੰਨਾ 137)

ਇੱਕ ਹੋਰ ਸੱਜਣ ਲਿਖਦੇ ਹਨ ਕਿ ਗੁਰੂ ਜੀ ਨੇ ਰਾਇ ਕੱਲੇ ਨੂੰ ਖੜਗ ਤੋਂ ਛੁੱਟ ਇੱਕ ਗੰਗਾ ਸਾਗਰ ਤੇ ਇੱਕ ਰੇਲ ਲੱਕੜ ਦੀ ਵੀ ਦਿੱਤੀ ਸੀ।

(ਗੁਰਧਾਮ ਦੀਦਾਰ, ਪੰਨਾ 283)

ਇਸੇ ਤਰ੍ਹਾਂ ਗੁਰੂ ਜੀ ਨੇ ਬਲਵੰਤ ਖਾਂ ਨੂੰ ਇੱਕ ਕਟਾਰ ਤੇ ਇੱਕ ਢਾਲ ਬਖਸ਼ੀ ਸੀ (ਗੁਰਧਾਮ ਸੰਗ੍ਰਹਿ, ਪੰਨਾ 218) ਅਤੇ ਇੱਕ ਹੁਕਮਨਾਮਾ ਵੀ ਦਿੱਤਾ ਸੀ।

(ਗੁਰਧਾਮ ਸੰਗ੍ਰਹਿ, ਪੰਨਾ 230)

ਸ: ਕਰਮ ਸਿੰਘ ਜੀ ਹਿਸਟੋਰੀਅਨ ਦਾ ਕਥਨ ਹੈ ਕਿ :-

*ਰੋਪੜ ਨਾਲੋਂ ਹਟ ਕੇ ਸ੍ਰੀ ਦਸਮੇਸ਼ ਜੀ ਕੋਟਲੇ ਵਲ ਗਏ, ਤਾਂ ਏਹਨਾਂ ਪਠਾਣਾ ਨੇ ਆਪ ਜੀ ਦੀ ਅਗਵਾਈ ਕੀਤੀ, ਇੱਜ਼ਤ ਕੀਤੀ, ਅਤੇ ਕਿਹਾ ਕਿ ਹਵੇਲੀ ਹਾਜ਼ਰ ਹੈ ਪਰ ਹਵੇਲੀ ਲੜਾਈ ਦੇ ਢੰਗ ਦੀ ਨਹੀਂ*

*ਸੀ, ਇਸ ਲਈ ਸ੍ਰੀ ਦਸਮੇਸ਼ ਜੀ ਕੋਟਲੇ ਤੋਂ ਹਟ ਕੇ ਚਮਕੌਰ ਵਲ ਚਲੇ ਗਏ। ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਜੋ ਫੱਟੜ ਸਿੰਘ ਕੋਟਲੇ ਆਉਂਦਾ ਰਿਹਾ, ਓਹਨਾਂ ਦੀ ਏਹਨਾਂ ਪਠਾਣਾਂ ਨੇ ਚੰਗੀ ਖਾਤਰ ਕੀਤੀ ਤੇ ਦਵਾ ਦਾਰੂ ਕੀਤਾ। ਜਦ ਫੱਟੜ ਹੋਇਆ ਬਚਿੱਤਰ ਸਿੰਘ ਇੱਥੇ ਪੁੱਜਾ, ਤਾਂ ਇਸ ਨੂੰ ਵੀ ਏਹਨਾਂ ਨੇ ਆਪਣੀ ਹਵੇਲੀ ਵਿੱਚ ਪਨਾਹ ਦਿੱਤੀ।''*

*(ਸ: ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਪੰਨਾ 99)*

ਇਤਿਹਾਸ ਇਹ ਵੀ ਦੱਸਦਾ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਦਾ ਦੇਹਾਂਤ ਹੋਇਆ ਸੀ, ਤਾਂ ਬਹਾਦੁਰ ਸ਼ਾਹ ਪਾਸ ਗੁਰੂ ਜੀ ਦੀ ਜਾਇਦਾਦ ਬਾਰੇ ਫੈਸਲਾ ਕਰਨ ਲਈ ਰੀਪੋਰਟ ਕੀਤੀ ਗਈ ਸੀ। ਉਸ ਸਮੇਂ ਦੇ ਰਿਵਾਜ ਅਨੁਸਾਰ ਆਪ ਦੀ ਸਾਰੀ ਜਾਇਦਾਦ ਹਕੂਮਤ ਦੇ ਖਜ਼ਾਨੇ ਵਿੱਚ ਜਾਣੀ ਚਾਹੀਦੀ ਸੀ, ਪਰ ਬਹਾਦੁਰ ਸ਼ਾਹ ਨੇ ਇਸ ਦਾ ਜੋ ਫ਼ੈਸਲਾ ਕੀਤਾ, ਉਹ ਅਤਿ ਪ੍ਰੇਮ ਭਰਪੂਰ ਸੀ; ਜਿਹਾ ਕਿ ਲਿਖਿਆ ਹੈ :-

*''ਰਮਜ਼ਾਨ ਸੰਨ 2 (11 ਦਸੰਬਰ 1708) ਬਅਰਜ਼ ਰਸੀਦ ਕਿ ਅਮਵਾਲ ਗੁਰੂ ਗੋਬਿੰਦ ਸਿੰਘ ਮੁਤਵਫ਼ੀ ਬਿਸੀਆਰ ਅਸਤ ਦਰ ਬਾਬ ਜ਼ਬਤ ਆਨ ਹਰ ਚਿ ਅਮਰ।''*

*ਹੁਕਮ ਸ਼ੁਦ ਕਿ ਅਜ਼ੀਂ ਅਮਵਾਲ ਖ਼ਾਨਾਇ ਬਾਦਸ਼ਾਹਾਂ ਮਾਮੂਰ ਨਮੀ ਸ਼ਵਦ। ਮਾਲਿ ਦਰਵੇਸ਼ਾਨ ਅਸਤ ਅਜ਼ਾਹਮ ਨ ਸ਼ਵੰਦ।''*

*(ਜੀਵਨ ਪ੍ਰੀਤੀ, ਮਈ 1977; ਗੁਰਮਤਿ ਮਾਰਗ ਬੰਬਈ, ਫਰਵਰੀ-ਮਾਰਚ 1967; ਮਾਖਜ਼ਿ ਤਾਰੀਖ ਸਿੱਖਾਂ, ਪੰਨਾ 83)*

ਅਰਥਾਤ - 11 ਨਵੰਬਰ 1708 ਨੂੰ ਬਹਾਦੁਰ ਸ਼ਾਹ ਦੀ ਸੇਵਾ ਵਿੱਚ ਇਹ ਰੀਪੋਰਟ ਪੇਸ਼ ਕੀਤੀ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਦੇਹਾਂਤ ਹੋ ਗਿਆ ਹੈ ਤੇ ਉਹਨਾਂ ਦੀ ਬਹੁਤ ਸਾਰੀ ਜਾਇਦਾਦ ਤੇ ਸਮਾਨ ਹੈ, ਉਸ ਬਾਰੇ ਹੁਕਮ ਦਿੱਤਾ ਜਾਵੇ ਕਿ ਉਸ ਨੂੰ ਜ਼ਬਤ ਕਰਕੇ ਸ਼ਾਹੀ ਖਜ਼ਾਨੇ ਵਿੱਚ ਜਮ੍ਹਾਂ ਕਰ ਲਿਆ ਜਾਵੇ, ਪਰ ਬਾਦਸ਼ਾਹ ਨੇ ਇਹ ਹੁਕਮ ਦਿੱਤਾ ਕਿ ਸਾਨੂੰ ਦਰਵੇਸ਼ ਦੇ ਧਨ ਦੀ ਲੋੜ ਨਹੀਂ। ਅਸੀਂ ਇਸ ਵਿੱਚ ਕੋਈ ਦਖਲ ਨਹੀਂ ਦੇਣਾ ਚਾਹੁੰਦੇ।

ਇੱਕ ਸਿੱਖ ਦਿਵਾਨ ਦਾ ਕਥਨ ਹੈ :-

*''11 ਮੱਘਰ (13 ਨਵੰਬਰ) ਵੀਰਵਾਰ ਬਾਦਸ਼ਾਹ ਪਾਸ ਅਰਜ਼ ਕੀਤੀ ਗਈ ਕਿ ਗੁਰੂ ਗੋਬਿੰਦ ਸਿੰਘ ਦਾ ਮਾਲ ਅਸਬਾਬ ਬਹੁਤ ਹੈ। ਉਸ ਦੀ ਜ਼ਬਤੀ ਸੰਬੰਧੀ ਕੀ ਹੁਕਮ ਹੈ ? ਬਾਦਸ਼ਾਹ ਨੇ ਫ਼ਰਮਾਇਆ, ਇਸ ਮਾਲ ਨਾਲ ਬਾਦਸ਼ਾਹ ਦਾ ਖਜ਼ਾਨਾ ਨਹੀਂ ਭਰਦਾ। ਦਰਵੇਸ਼ ਦਾ*

*ਮਾਲ ਏ ਕਿਸੇ ਤਰ੍ਹਾਂ ਦਾ ਦਖਲ ਨਾ ਦਿੱਤਾ ਜਾਏ।"*

*(ਸੰਤ ਸਿਪਾਹੀ, ਜਨਵਰੀ 1954)*

ਪ੍ਰੋ: ਸਤਿਬੀਰ ਸਿੰਘ ਜੀ ਲਿਖਦੇ ਹਨ ਕਿ :-

*"ਬਹਾਦਰਸ਼ਾਹ ਜੋ ਸਤਿਕਾਰ ਦੇ ਸਨਮਾਨ ਗੁਰੂ ਗੋਬਿੰਦ ਸਿੰਘ ਜੀ ਨੂੰ ਦਿੰਦਾ ਸੀ, ਉਸ ਦੀ ਪੁਸ਼ਟੀ ਉਸ ਹੁਕਮ ਵਿਚੋਂ ਦੇਖੀ ਜਾ ਸਕਦੀ ਹੈ, ਜੋ ਬਹਾਦਰਸ਼ਾਹ ਨੇ 12 ਨਵੰਬਰ 1704 ਨੂੰ ਦਿੱਤਾ -*

*"ਬਾਦਸ਼ਾਹ ਪਾਸ ਇਸ ਕਿਸਮ ਦੀ ਰੀਪੋਰਟ ਪੁੱਜੀ ਕਿ ਗੁਰੂ ਗੋਬਿੰਦ ਸਿੰਘ ਦੀ ਮਨਕੂਲਾ ਜਾਇਦਾਦ ਬਾਰੇ ਕੀ ਹੁਕਮ ਕੀਤਾ ਜਾਏ। ਰਵਾਜ ਅਨੁਸਾਰ, ਜੋ ਉਸ ਸਮੇਂ ਸ਼ਾਹੀ ਨੌਕਰਾਂ, ਅਫ਼ਸਰਾਂ ਤੇ ਜਾਗੀਰਦਾਰਾਂ ਲਈ ਵਰਤਿਆ ਜਾਂਦਾ ਸੀ, ਜਾਇਦਾਦ ਜ਼ਬਤ ਹੋ ਜਾਣੀ ਚਾਹੀਦੀ ਸੀ। ਬਾਦਸ਼ਾਹ ਨੇ ਇਹ ਆਖ ਕੇ ਕਿ ਉਸ ਨੂੰ ਇੱਕ ਦਰਵੇਸ਼ ਦੀਆਂ ਚੀਜ਼ਾਂ ਦੀ ਲੋੜ ਨਹੀਂ, ਹੁਕਮ ਦਿੱਤਾ ਕਿ ਉਸ ਨੂੰ ਹੱਥ ਨਾ ਲਾਇਆ ਜਾਏ।"* *(ਗੁਰਮਤ ਮਾਰਗ ਬੰਬਈ 1967)*

ਬਹਾਦੁਰ ਸ਼ਾਹ ਦਾ ਇਹ ਵਿਚਾਰ ਕਿੰਨਾ ਪ੍ਰੇਮ ਤੇ ਸਤਿਕਾਰ ਭਰਿਆ ਹੈ।

ਇਸੇ ਤਰ੍ਹਾਂ ਇਹ ਲਿਖਿਆ ਵੀ ਮਿਲਦਾ ਹੈ ਕਿ ਬਹਾਦੁਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸਾਂ ਨੂੰ ਮਾਤਮੀ ਖਿਲਅਤ ਵੀ ਦਿੱਤਾ ਸੀ, ਜਿਹਾ ਕਿ ਇੱਕ ਸਿੱਖ ਵਿਦਵਾਨ ਦਾ ਕਥਨ ਹੈ :-

*"16 ਸ਼ਾਬਾਨ ਸੰਨ 2 ਬਹਾਦੁਰ ਸ਼ਾਹੀ ਮੁਤਾਬਕ 30 ਅਕਤੂਬਰ ਸੰਨ 1708 ਦੀ ਸ਼ਾਹੀ ਦਰਬਾਰ ਦੀ ਖਬਰ ਵਿੱਚ ਲਿਖਿਆ ਹੈ ਕਿ ਬਾਦਸ਼ਾਹ ਵਲੋਂ ਹੁਕਮ ਹੋਇਆ ਕਿ ਗੁਰੂ ਗੋਬਿੰਦ ਰਾਓ ਨਾਨਕ ਪੰਥੀ ਦੇ ਪੁੱਤਰ ਨੂੰ ਪਿਤਾ ਦੀ ਮੌਤ ਦੇ ਸੋਗ ਦੀ ਖਿਲਅਤ ਦਿੱਤੀ ਜਾਏ।"*

*(ਅਮਰ ਨਾਮਾ, ਪੰਨਾ 11)*

ਜਿਸ ਸ਼ਾਹੀ ਦਰਬਾਰ ਦੀ ਖਬਰ ਦਾ ਉਕਤ ਕਥਨ ਵਿੱਚ ਹਵਾਲਾ ਦਿੱਤਾ ਗਿਆ ਹੈ, ਉਹ ਇਹ ਹੈ :-

*"26 ਸ਼ਾਬਾਨ ਸੰਨ 2 (30 ਅਕਤੂਬਰ 1708) ਹੁਕਮ ਸ਼ੁਦ ਕਿ ਪਿਸਰ ਗੁਰੂ ਗੋਬਿੰਦ ਰਾਓ ਨਾਨਕ ਪੰਥੀ ਖਿਲਅਤ ਮਾਤਮੀ ਪਿਦਰ ਬਦਹੰਦ।'* *(ਮਾਖਜ਼ਿ ਤਾਰੀਖ ਸਿੱਖਾਂ, ਪੰਨਾ 83)*

ਇਹ ਖਿਲਅਤ ਗੁਰੂ ਜੀ ਦੇ ਲੈ-ਪਾਲਕ ਪੁੱਤਰ ਨੂੰ ਦਿੱਤਾ ਗਿਆ ਸੀ। ਗੁਰੂ ਜੀ ਦੇ ਆਪਣੇ ਪੁੱਤਰ ਤਾਂ ਸਿੱਖ ਇਤਿਹਾਸਕਾਰਾਂ ਦੇ ਕਥਨ ਮੁਜਬ ਪਹਿਲਾਂ ਹੀ ਚੜ੍ਹਾਈ

ਕਰ ਚੁਕੇ ਸਨ; ਜਿਹਾ ਕਿ ਇੱਕ ਵਿਦਵਾਨ ਦਾ ਕਥਨ ਹੈ :-

*"ਇਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਨੂੰ ਸਿਰਫ਼ 24 ਦਿਨ ਹੀ ਹੋਏ ਸਨ ਅਤੇ ਇਹ ਗੱਲ ਆਮ ਸੀ ਕਿ ਗੁਰੂ ਜੀ ਦੇ ਚਾਰੇ ਪੁੱਤਰ ਸ਼ਹੀਦ ਹੋ ਚੁਕੇ ਹਨ, ਪਰ ਫੇਰ ਭੀ ਮਾਤਾ ਸੁੰਦਰੀ ਦੇ ਲੈ-ਪਾਲਕ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਦੀ ਹੈਸੀਅਤ ਵਿੱਚ ਖਿਲਅਤ ਦੇ ਦਿੱਤੀ ਜਾਂਦੀ ਹੈ।"*

*(ਅਮਰ ਨਾਮਾ, ਪੰਨਾ 11; ਜੀਵਨ ਪ੍ਰੀਤੀ, ਚੰਡੀਗੜ੍ਹ ਜਨਵਰੀ 1977)*

ਇਸ ਤੋਂ ਛੁੱਟ ਗੁਰੂ ਜੀ ਤੋਂ ਮਗਰੋਂ ਉਹਨਾਂ ਦੇ ਨਾਂ ਤੇ ਸਥਾਪਨ ਕੀਤੇ ਗਏ ਗੁਰਦੁਆਰਿਆਂ ਦੇ ਨਾਲ ਵੀ ਮੁਸਲਮਾਨਾਂ ਨੇ ਜਾਗੀਰਾਂ ਲਾਈਆਂ ਸਨ; ਜਿਹਾ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਨਵਾਬ ਸਾਹਿਬ ਰਾਨੀਆਂ ਨੇ ਅੱਠ ਪਿੰਡਾ ਦੀ ਜਾਗੀਰ ਤਲਵੰਡੀ ਸਾਬੋ ਕੀ ਦੇ ਗੁਰਦੁਆਰੇ ਨਾਲ ਲਾਈ ਸੀ।

(ਗੁਰਧਾਮ ਸੰਗ੍ਰਹਿ, 260)

ਇਕ ਵਿਦਵਾਨ ਜੀ ਦਾ ਕਥਨ ਹੈ :-

*"ਬਾਦਸ਼ਾਹ ਨੇ ਬੜੇ ਕੀਮਤੀ ਹੀਰੇ, ਜਵਾਹਰਾਤ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੋਵਾਂ ਲਈ ਭੇਜੇ, ਅਤੇ ਮਾਤਾ ਜੀ ਦੀ ਪੱਕੀ ਰਿਹਾਇਸ਼ ਦਾ ਦਿੱਲੀ ਵਿੱਚ ਪ੍ਰਬੰਧ ਕੀਤਾ। ਗੁਰਦੁਆਰਾ ਦਮਦਮਾ ਸਾਹਿਬ ਦੇ ਨਾਂ ਕਾਫ਼ੀ ਜ਼ਮੀਨ ਪੁਰਾਣੇ ਸਮੇਂ ਤੋਂ ਲੱਗੀ ਹੋਈ ਹੈ।"*

*(ਰਸਾਲਾ ਸੀਸ ਗੰਜ ਦਿੱਲੀ, ਜੂਨ 1967 ਅਗਸਤ 1976)*

ਅਰਥਾਤ :-

*"ਗੁਰਦੁਆਰਾ ਦਮਦਮਾ ਸਾਹਿਬ ਵਾਲੀ ਬਹਾਦਰਸ਼ਾਹ ਨੇ ਬੜੇ ਕੀਮਤੀ ਹੀਰੇ ਤੇ ਜਵਾਹਰਾਤ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਲਈ ਭੇਜੇ ਅਤੇ ਮਾਤਾ ਜੀ ਦੀ ਪੱਕੀ ਰਿਹਾਇਸ਼ ਦਾ ਪ੍ਰਬੰਧ ਕੀਤਾ।"*

*(ਫਤਹ ਦਿੱਲੀ, ਆਜ਼ਾਦੀ ਨੰਬਰ 1970)*

(ਅ) ਲਖਨਊ ਵਿੱਚ ਸਬਜ਼ ਮੰਡੀ ਦੇ ਲਾਗੇ ਭਗਤ ਭਗਵਾਨ ਦੀ ਸੰਗਤ ਵਿੱਚ ਗੁਰੂ ਜੀ ਨੇ ਨਿਵਾਸ ਕੀਤਾ ਸੀ। ਨਵਾਬ ਸਾਹਿਬ ਅੰਬ ਵਲੋਂ ਪੰਜ ਰੁਪਈਆਂ ਦੀ ਜਾਗੀਰ ਹੈ। (ਗੁਰਧਾਮ ਦੀਦਾਰ, ਪੰਨਾ 210)

(ੲ) ਨਵਾਬ ਸਾਹਿਬ ਨੇ ਬਾਬਾ ਹਜ਼ਾਰੀ ਜੀ ਨੂੰ ਤਿੰਨ ਲੱਖ ਦੀ ਜਾਗੀਰ ਦੂਜੀ ਸੰਗਤ ਦੇ ਗੁਰਦਵਾਰੇ ਨਾਲ ਲਾਈ ਸੀ। ਹੁਣ ਇੱਕ ਲੱਖ ਪੈਤੀ ਹਜ਼ਾਰ ਦੀ ਹੈ।

(ਗੁਰਧਾਮ ਸੰਗ੍ਰਹਿ, ਪੰਨਾ 210)

(ਸ) ਨਿਜ਼ਾਮ ਹੈਦਰਾਬਾਦ ਵਲੋਂ ਅਬਚਲ ਨਗਰ ਹਜ਼ੂਰ ਸਾਹਿਬ (ਨਾਂਦੇੜ) ਦੇ ਗੁਰਦਵਾਰੇ ਨਾਲ ਪੰਜਾਂ ਪਿੰਡਾ ਦੀ ਜਾਗੀਰ ਹੈ। ਇਸ ਦੀ ਆਮਦਨ ਅਠਾਰਾ ਹਜ਼ਾਰ ਰੁਪਈਏ ਸਾਲਾਨਾ ਹੈ। (ਗੁਰਧਾਮ ਪ੍ਰਤਾਪ ਸੂਰਜ, ਐਨ 2, ਅੰਸੂ 25)

ਕਈਆਂ ਨੇ ਇਸ ਜਾਗੀਰ ਦੀ ਆਮਦਨ ਬਾਰਾਂ ਚੌਦਾਂ ਹਜ਼ਾਰ ਵਰਨਣ ਕੀਤੀ ਹੈ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 145)

ਪਰ ਕਈ ਇਸ ਦੀ ਆਮਦਨ ਵੀਹ ਹਜ਼ਾਰ ਸਾਲਾਨਾ ਦੱਸਦੇ ਹਨ।

(ਅੰਮ੍ਰਿਤ, ਜੁਲਾਈ 1915)

ਗਿਆਨੀ ਠਾਕਰ ਸਿੰਘ ਜੀ ਨੇ ਇਸ ਜਾਗੀਰ ਦੀ ਆਮਦਨ 22 ਹਜ਼ਾਰ ਦੱਸੀ ਹੈ। (ਗੁਰਦਵਾਰੇ ਦਰਸ਼ਨ, ਪੰਨਾ 79)

ਇੱਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ ਜਦ ਇਹ ਜਾਗੀਰ ਹਜ਼ੂਰ ਸਾਹਿਬ ਵਿੱਚ ਨਾਂਦੇੜ ਦੇ ਗੁਰਦੁਆਰਿਆਂ ਨਾਲ ਲਾਈ ਗਈ ਸੀ, ਤਾਂ ਇਹ ਵੀ ਲਿੱਖ ਦਿੱਤਾ ਗਿਆ ਸੀ ਕਿ ਜਦ ਤਕ ਇਹ ਰਿਆਸਤ ਸਲਾਮਤ ਰਹੇਗੀ, ਇਸ ਜਾਗੀਰ ਨੂੰ ਕੋਈ ਜ਼ਬਤ ਜਾਂ ਮਨਸੂਖ ਕਰਨ ਦਾ ਅਧਿਕਾਰੀ ਨਹੀਂ ਹੋਵੇਗਾ। ਨਾ ਇਸ ਵਿਚ ਕੋਈ ਘਾਟ ਹੀ ਕਰ ਸਕੇਗਾ। (ਵੇਖੋ ਗੁਰਧਾਮ ਸੰਗ੍ਰਹਿ, ਪੰਨਾ 276)

ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇੱਕ ਮੁਸਲਮਾਨ ਫ਼ਕੀਰ ਸੱਤ ਸਾਲ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਅਸਥਾਨ ਦੀ ਰਾਖੀ ਕਰਦਾ ਰਿਹਾ। ਉਹ ਆਮ ਤੌਰ ਤੇ ਇਹ ਕਿਹਾ ਕਰਦਾ ਸੀ ਕਿ :-

*"ਐ ਖੁਦਾਵੰਦ ਕਰੀਮ ਰੱਬੁਲ ਆਲਮੀਨ ਰਖ ਅਪਨੀ ਪਨਾਹ ਮੇਂ।" (ਗੁਰਧਾਮ ਸੰਗਤਿ ਪੰਨਾ 286)*

ਇਹ ਵੀ ਦੱਸਿਆ ਜਾਂਦਾ ਹੈ ਕਿ ਗੁਰੂ ਜੀ ਨਾਂਦੇੜ ਵਿੱਚ ਜਿਸ ਪਲੰਘ ਤੇ ਸੌਂਵਿਆਂ ਕਰਦੇ ਸਨ, ਉਹ ਇੱਕ ਮੁਸਲਮਾਨ ਅਖਤਰ ਸਿੱਦੀਕੀ ਕੋਲ, ਜੋ ਕਿ ਜੋਧਪੁਰ ਮਿਉਸਪੈਲਟੀ ਦਾ ਸਾਬਕ ਮੈਂਬਰ ਹੈ। ਇਸ ਪਲੰਘ ਤੇ ਇਹ ਦਰਜ ਹੈ :-

"ਈਂ ਮਸਹਿਰੀ ਅਦ ਜਨਾਬ ਸੱਯਦਾ ਵਦੂਦ ਸ਼ਾਹ ਸਾਹਿਬ ਫ਼ਕੀਰ ਦਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੇਸ਼ ਕਰਦ ਮੀ ਸ਼ਵਦ।"

(ਕੌਮੀ ਏਕਤਾ, 21 ਜੁਲਾਈ 1969)

(ਹ) ਤਖ਼ਤ ਸ੍ਰੀ ਪਟਨਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਹੋਣ ਦੇ ਕਾਰਨ ਸਿੱਖਾਂ ਵਿੱਚ ਪੂਜਯ ਹੈ। ਸੰਨ 1935 ਵਿੱਚ ਇਸ ਦੀ ਮੁੜ ਸੇਵਾ ਕੀਤੀ ਗਈ। ਸਾਡੀ ਜਮਾਤ ਅਹਿਮਦੀਆ ਨੇ ਇਸ ਗੁਰਦਵਾਰੇ ਦੀ ਸੇਵਾ ਵਾਸਤੇ

ਪੰਜ ਸੌ ਰੁਪਈਏ ਭੇਟ ਕੀਤੇ ਸਨ। ਇਹ ਰੁਪਈਏ ਕਰਨਲ ਰਘਬੀਰ ਸਿੰਘ ਜੀ ਸਕੱਤਰ ਗੁਰਦਵਾਰਾ ਕਮੇਟੀ ਤਖਤ ਸ੍ਰੀ ਪਟਨਾ ਸਾਹਿਬ ਨਾਲ ਮੁਲਾਕਾਤ ਕਰਕੇ ਭੇਟ ਕੀਤੇ ਗਏ ਸਨ। ਉਸ ਸਮੇਂ ਸਾਰੇ ਭਾਰਤੀ ਅਖ਼ਬਾਰਾਂ ਨੇ ਸਾਡੀ ਇਸ ਸੇਵਾ ਨੂੰ ਵੱਡਾ ਸਲਾਹਿਆ ਸੀ ਤੇ ਮੁਸਲਿਮ-ਏਕਤਾ ਦੀ ਇੱਕ ਸੋਹਣੀ ਮਿਸਾਲ ਕਰਾਰ ਦਿੱਤਾ ਸੀ।

(ਅਖ਼ਬਾਰ ਸ਼ੇਰਿ ਪੰਜਾਬ, 3 ਮਾਰਚ 1935)

ਇਹ ਦੱਸਿਆ ਜਾ ਚੁੱਕਾ ਹੈ ਕਿ ਇਸ ਤੋਂ ਪਹਿਲਾਂ ਸਾਡੀ ਜਮਾਤ ਨੇ ਗੁਰਦਵਾਰਾ ਸ੍ਰੀ ਪੰਜਾ ਸਾਹਿਬ - ਹਸਨ ਅਬਦਾਲ - ਦੀ ਸੇਵਾ ਲਈ ਵੀ ਪੰਜ ਸੌ ਰੁਪਈਏ ਭੇਟ ਕੀਤੇ ਸਨ। (ਵੇਖੋ ਸ਼ੇਰਿ ਪੰਜਾਬ, 3 ਮਾਰਚ 1935)

ਗੱਲ ਕੀ, ਇਹ ਜਾਗੀਰਾਂ ਦੱਸਦੀਆਂ ਹਨ ਕਿ ਮੁਸਲਮਾਨ ਪਾਤਸ਼ਾਹਾਂ ਤੇ ਹੁਕਮਰਾਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਥਾਪਨ ਹੋਏ ਗੁਰਦੁਆਰਿਆਂ ਨਾਲ ਵੀ ਪ੍ਰੇਮ ਕੀਤਾ ਸੀ।

ਸਿੱਖ ਲਿਟਰੇਚਰ ਇਸ ਗੱਲ ਦੀ ਵੀ ਹਾਮੀ ਭਰਦਾ ਹੈ ਕਿ ਜਿਥੇ ਮੁਸਲਮਾਨਾਂ ਨੇ ਸਿੱਖ ਧਰਮ ਅਸਥਾਨਾਂ ਨਾਲ ਸਮੇਂ ਸਮੇਂ ਪ੍ਰੇਮ ਪ੍ਰਗਟ ਕੀਤਾ ਤੇ ਓਹਨਾਂ ਦੀ ਸੇਵਾ ਆਦਿ ਵਾਸਤੇ ਜਾਗੀਰਾਂ ਤੇ ਰਕਮਾਂ ਭੇਟਾ ਕੀਤੀਆਂ, ਉਥੇ ਸਿੱਖ ਜਨਤਾ ਨੇ ਵੀ ਮੁਸਲਮਾਨਾਂ ਦੇ ਧਰਮ ਅਸਥਾਨਾਂ ਦੀ ਤਨੋਂ ਮਨੋਂ ਸੇਵਾ ਕੀਤੀ। ਇਹ ਅਸੀਂ ਦੱਸ ਚੁਕੇ ਹਾਂ ਕਿ ਗੁਰੂ ਹਰਿਗੋਬਿੰਦ ਜੀ ਨੇ ਕਰਤਾਰਪੁਰ, ਹਰਿਗੋਬਿੰਦਪੁਰ ਤੇ ਅੰਮ੍ਰਿਤਸਰ ਆਦਿ ਥਾਵਾਂ ਤੇ ਆਪਣੇ ਖਰਚ ਤੇ ਮੁਸਲਮਾਨਾਂ ਲਈ ਮਸੀਤਾਂ ਬਣਵਾ ਦਿਤੀਆਂ ਸਨ। ਇਸ ਤੋਂ ਬਿਨਾ ਹੋਰ ਵੀ ਕਈ ਸਿੱਖ ਬਜ਼ੁਰਗਾਂ ਨੇ ਸਮੇਂ ਸਮੇਂ ਮਸੀਤਾਂ ਬਣਵਾਈਆਂ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਦਾ ਮੁਸਲਮਾਨਾਂ ਲਈ ਕਈ ਥਾਈਂ ਮਸੀਤਾਂ ਬਣਵਾਉਣਾ ਇੱਕ ਇਤਿਹਾਸਿਕ ਘਟਨਾ ਹੈ।

(ਗੁਰਦੁਆਰਾ ਸ਼ਹੀਦ ਗੰਜ ਦਾ ਇਤਿਹਾਸ, ਪੰਨਾ 93)

ਇੱਕ ਵਿਦਵਾਨ ਦਾ ਕਥਨ ਹੈ :-

*"ਸ: ਨਾਰਾਇਣ ਸਿੰਘ ਭੰਗੀ ਈਦ ਵਾਲੇ ਦਿਨ ਲਾਹੌਰ ਦੇ ਮੁਫ਼ਤੀਆਂ, ਮੌਲਾਣਿਆਂ ਨੂੰ ਪਗੜੀਆਂ ਭੇਟ ਕਰਦਾ ਸੀ।"*

ਅਰਥਾਤ :-

*"ਸ: ਲਹਿਣਾ ਸਿੰਘ ਭੰਗੀ ਈਦ ਦੇ ਮੌਕੇ ਤੇ ਮੁਸਲਮਾਨਾਂ ਨੂੰ ਖਿਲਤਾਂ ਤੇ ਤੋਹਫ਼ੇ ਦਿਆ ਕਰਦਾ ਸੀ।"*

*(ਗੁਰਮਤਿ ਪ੍ਰਕਾਸ਼, ਮਈ 1967)*

ਇਸੇ ਤਰ੍ਹਾਂ ਭਾਈ ਬਹਾਦੁਰ ਸਿੰਘ ਜੀ ਨੇ ਰਾਜੇ ਦੀ ਢੋਕ (ਰਾਵਲਪਿੰਡੀ) ਵਿੱਚ ਆਪਣੀ ਪਿੱਠ ਤੇ ਪੱਥਰ ਢੋ ਢੋ ਕੇ ਮਸੀਤ ਬਣਾਈ ਸੀ।

(ਫੁਲਵਾੜੀ ਦਾ ਇਤਿਹਾਸ ਨੰਬਰ, ਪੰਨਾ 345)

ਸ: ਬ: ਮੋਹਨ ਸਿੰਘ ਤੇ ਸ: ਬ: ਬੂਟਾ ਸਿੰਘ ਜੀ ਨੇ ਵੀ ਮੁਸਲਮਾਨਾਂ ਨੂੰ ਇੱਕ ਮਸੀਤ ਬਣਵਾ ਦਿੱਤੀ ਸੀ।

(ਇਤਿਹਾਸ ਗੁਰਦੁਆਰਾ ਸ਼ਹੀਦ ਗੰਜ, ਪੰਨਾ 947)

ਕਪੂਰਥਲੇ ਵਿੱਚ ਰਿਆਸਤ ਕਪੂਰਥਲਾ ਵਲੋਂ ਲੱਖਾਂ ਰੁਪਈਏ ਖਰਚ ਕਰ ਕੇ ਇੱਕ ਵੱਡੀ ਸੁੰਦਰ ਮਸੀਤ ਬਣਾਈ ਗਈ ਸੀ।

(ਇਤਿਹਾਸ ਗੁਰਦੁਆਰਾ ਸ਼ਹੀਦ ਗੰਜ, ਪੰਨਾ 937)

ਅੰਮ੍ਰਿਤਸਰ ਦੇ ਕਟੜਾ ਰਾਮਗੜ੍ਹੀਆਂ ਵਿੱਚ ਇੱਕ ਮਸੀਤ ਧੰਨਾ ਸਿੰਘ ਦੀ ਮਸੀਤ ਦੇ ਨਾਂ ਤੇ ਪ੍ਰਸਿੱਧ ਸੀ। ਇਹ ਸਰਦਾਰ ਧੰਨਾ ਸਿੰਘ ਨੇ ਬਣਵਾਈ ਸੀ। ਇਸ ਤੋਂ ਬਿਨਾਂ ਹੋਰ ਵੀ ਕਈ ਥਾਈਂ ਸਿੱਖਾਂ ਨੇ ਮਸੀਤਾਂ ਦੀ ਸੇਵਾ ਕੀਤੀ ਸੀ ਤੇ ਮਸੀਤਾਂ ਲਈ ਜ਼ਮੀਨਾਂ ਦਿੱਤੀਆਂ ਸਨ।

(ਇਤਿਹਾਸ ਗੁਰਦੁਆਰਾ ਸ਼ਹੀਦ ਗੰਜ, ਪੰਨਾ 93 ਤੇ 94)

ਕਈ ਮੁਸਲਮਾਨ ਰਈਸ ਸਮੇਂ ਸਮੇਂ ਸਿੱਖ ਵਿਦਵਾਨਾਂ ਦਾ ਵੀ ਸਤਿਕਾਰ ਕਰਦੇ ਰਹੇ ਤੇ ਓਹਨਾਂ ਨੂੰ ਇਨਾਮ ਦਿੰਦੇ ਰਹ, ਜਿਹਾ ਕਿ ਵਰਣਨ ਹੈ :-

*"ਆਪ (ਗਿਆਨੀ ਗਿਆਨ ਸਿੰਘ) ਨੂੰ ਜਾਲੰਧਰ ਵਿੱਚ ਅਮੀਰ ਸ਼ੇਰ ਅਲੀ ਦੇ ਦਰਬਾਰ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਮਿਲਿਆ ਆਪ ਨੂੰ ਇਸ ਸਮੇਂ ਸਿੱਖ ਕੌਮ ਦਾ ਪ੍ਰਸਿੱਧ ਵਿਦਵਾਨ ਹੋਣ ਦੇ ਸਨਮਾਨ ਵਜੋਂ ਅਮੀਰ ਸਾਹਿਬ ਨੇ 25 ਅਸ਼ਰਫ਼ੀਆਂ ਭੇਟ ਕੀਤੀਆਂ।"*

*(ਖ਼ਾਲਸਾ ਪਾਰਲੀਮੈਂਟ ਗਜ਼ਟ, ਅਕਤੂਬਰ 1977)*

ਨਵਾਬ ਬਹਾਵਲਪੁਰ ਨੇ ਵੀ ਗਿਆਨੀ ਜੀ ਨੂੰ 51 ਰੁਪਈਏ ਭੇਟ ਕੀਤੇ ਸਨ; ਜਿਹਾ ਕਿ ਵਰਣਨ ਹੈ :-

*"ਘੁੰਮਦੇ ਘੁਮਾਂਦੇ ਗਿਆਨੀ ਗਿਆਨ ਸਿੰਘ ਜੀ, ਬਹਾਵਲਪੁਰ ਵਿਚੀਂ ਹੁੰਦੇ ਹੋਏ, ਕਰਾਚੀ ਚਲੇ ਗਏ। ਨਵਾਬ ਨੇ ਬਹਾਵਲਪੁਰ ਗਿਆਨੀ ਗਿਆਨ ਸਿੰਘ ਜੀ ਨੂੰ ਆਪਣੇ ਦਰਬਾਰ ਵਿੱਚ ਸੱਦਿਆ ਤੇ 51 ਰੁਪਈਏ ਭੇਟ ਕੀਤੇ।" (ਖ਼ਾਲਸਾ ਪਾਰਲੀਮੈਂਟ ਗਜ਼ਟ, ਅਕਤੂਬਰ 1977)*

ਅੰਤ ਵਿੱਚ ਅਸੀਂ ਫੇਰ ਇਹ ਬੇਨਤੀ ਕਰ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਸਾਡੇ ਵਿਚਾਰ ਅਨੁਸਾਰ ਸਾਡੇ ਦੇਸ਼ ਦੀ ਉੱਨਤੀ ਸਾਰੇ ਭਾਰਤੀ ਹਿੰਦੂਆਂ, ਮੁਸਲਮਾਨਾਂ ਤੇ

ਸਿੱਖਾਂ ਆਦਿ ਦੇ ਪ੍ਰੇਮ-ਪਿਆਰ ਨਾਲ ਜੀਵਨ ਬਤੀਤ ਕਰਨ ਤੇ ਨਿਰਭਰ ਹੈ। ਇਸ ਤਰ੍ਹਾਂ ਭਾਰਤ ਦੀ ਜਨਤਾ ਤੇ ਸਰਕਾਰ ਦੋਵੇਂ ਹੀ ਦੇਸ਼ ਨੂੰ ਉੱਨਤ ਕਰਨ ਤੇ ਸਮਰਥ ਹੋ ਸਕਦੇ ਹਨ। ਇਸੇ ਹੀ ਵਿਚਾਰ ਨੂੰ ਮੁਖ ਰੱਖ ਕੇ ਅਸੀਂ ਸਿੱਖ ਇਤਿਹਾਸ ਦੇ ਏਹ "ਚੋਣਵੇਂ ਫੁੱਲ" ਆਪਣੇ ਪ੍ਰੇਮੀ ਪਾਠਕਾਂ ਦੀ ਸੇਵਾ ਵਿੱਚ ਪੇਸ਼ ਕਰ ਰਹੇ ਹਾਂ। ਅਸੀਂ ਉਹ ਦਿਨ ਛੇਤੀ ਵੇਖਣ ਦੇ ਚਾਹਵਾਨ ਹਾਂ, ਜਦ ਕਿ ਅਸੀਂ ਸਾਰੇ ਭਾਰਤੀ ਆਪਣੇ ਮਨਾਂ ਦੇ ਸਾਰੇ ਵੈਰ ਵਿਰੋਧ ਭੁਲਾ ਕੇ ਆਪਣੇ ਦੇਸ਼ ਨੂੰ ਉੱਨਤ ਕਰਨ ਵਿੱਚ ਜੁਟ ਜਾਈਏ ਤੇ ਆਪਣੀ ਕੌਮੀ ਸਰਕਾਰ ਦੀ ਹਰੇਕ ਉਸ ਸਕੀਮ ਤੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਪੂਰਾ ਪੂਰਾ ਮਿਲਵਰਤਨ ਦੇਈਏ, ਜੋ ਉਹ ਸਾਡੇ ਦੇਸ਼ ਦੇ ਭਲੇ ਲਈ ਤਿਆਰ ਕਰੇ ਅਤੇ ਅਸੀਂ ਸਾਰੇ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਆਦਿ ਮਿਲ ਕੇ ਪ੍ਰੇਮ ਤੇ ਏਕਤਾ ਦੇ ਗੀਤ ਗਾਈਏ।

ਦਾਸ :-

ਨਾਜ਼ਿਰ ਨਸ਼ਰੋ ਇਸ਼ਾਅਤ, ਕਾਦੀਆਨ

# ਜ਼ਰੂਰੀ ਸੂਚਨਾ

ਉਨ੍ਹਾਂ ਸਭ ਸੱਜਣਾਂ ਦੀ ਸੇਵਾ ਵਿੱਚ, ਜਿਨ੍ਹਾਂ ਨੂੰ ਇਸ ਪੁਸਤਕ ਦੇ ਪੜ੍ਹਨ ਦਾ ਸਮਾਂ ਮਿਲੇ, ਇਹ ਬੇਨਤੀ ਹੈ ਕਿ ਜੇ ਉਹ ਜਮਾਤ ਅਹਿਮਦੀਆ ਤੇ ਇਸਲਾਮ ਬਾਰੇ ਜ਼ਰੂਰੀ ਗੱਲਾਂ ਜਾਨਣ ਲਈ ਹੋਰ ਲਿਟਰੇਚਰ ਪੜ੍ਹਨਾਂ ਜਾਂ ਕੋਈ ਹੋਰ ਪੁੱਛ ਗਿੱਛ ਕਰਨੀ ਚਾਹੁੰਦੇ ਹੋਣ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਲਿਖਣ ਦੀ ਖੇਚਲ ਕਰਨ।

ਨਾਜ਼ਿਰ ਨਸ਼ਰੋ ਇਸ਼ਾਅਤ
ਸਦਰ ਅੰਜੁਮਨ ਅਹਿਮਦੀਆ
ਕਾਦੀਆਨ - 143516
ਪੰਜਾਬ।